# ਸ੍ਰੀ ਗੁਰੂ ਗ੍ਰੰਥ ਸਾਹਿਬ : ਹਾਸ਼ੀਆਗਤ ਵਰਗ ਦੇ ਪ੍ਰਵਚਨ ਵਜੋਂ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦੀ

ਫ਼ੈਕਲਟੀ ਆਫ ਸੋਸ਼ਲ ਸਾਇੰਸਿਜ਼

ਅਧੀਨ

ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

2018


ਨਿਗਰਾਨ:

(ਡਾ.) ਸਰਬਜਿੰਦਰ ਸਿੰਘ

ਪ੍ਰੋਫ਼ੈਸਰ ਅਤੇ ਮੁਖੀ

ਖੋਜਾਰਥਣ:

ਕਿਰਨਜੀਤ ਕੌਰ

ਕਿਰਨਜੀਤ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜ ਵਿਦਿਆਰਥੀ ਕਿਰਨਜੀਤ ਕੌਰ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ : ਹਾਸ਼ੀਆਗਤ ਵਰਗ ਦੇ ਪ੍ਰਵਚਨ ਵਜੋਂ** ਵਿਸ਼ੇ ਉਤੇ ਪੀਐਚ.ਡੀ. ਦੀ ਡਿਗਰੀ ਲਈ ਖੋਜ-ਪ੍ਰਬੰਧ ਮੇਰੀ ਨਿਗਰਾਨੀ ਅਧੀਨ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਅਤੇ ਉਸਦੀ ਮਿਹਨਤ ਦਾ ਫਲ ਹੈ। ਇਸ ਨੂੰ ਪਹਿਲਾਂ ਕਿਸੇ ਹੋਰ ਡਿਪਲੋਮੇ ਜਾਂ ਡਿਗਰੀ ਲਈ ਇਸ ਜਾਂ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਇਆ ਮੁਲੰਕਣ ਲਈ ਪੇਸ਼ ਕਰਨ ਦੀ ਸਿਫਾਰਿਸ਼ ਕਰਦਾ ਹਾਂ।

ਨਿਗਰਾਨ

ਮਿਤੀ: 08/5/2019

(ਸਰਬਜਿੰਦਰ ਸਿੰਘ, ਡਾ.)

# ਪਹਿਲਾ ਅਧਿਆਇ

## ਪ੍ਰਾਪਤ ਸਾਹਿਤ ਦਾ ਸਰਵੇਖਣ ਤੇ ਮੁਲੰਕਣ

ਹਿੰਦੋਸਤਾਨ ਦੀ ਧਰਤੀ ਤੇ ਸਿੱਖ ਧਰਮ ਦਾ ਆਗਾਜ ਦੱਬੀ ਕੁਚਲੀ ਲੋਕਾਈ ਦੇ ਭਾਗਾਂ ਵਿਚ ਕਿਸੇ ਨਵੇਂ ਇਤਿਹਾਸਕ ਅਧਿਆਇ ਦੀ ਸ਼ੁਰੂਆਤ ਸੀ। ਸਰਬੱਤ ਦਾ ਭਲਾ, ਕਿਰਤ ਕਰੋ ਅਤੇ ਵੰਡ ਛਕੋ, ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ ਦੇ ਸਿਧਾਂਤ ਜਿਹੜੇ ਸਿਧਾਂਤ ਅਤੇ ਵਿਵਹਾਰਿਕ ਤੌਰ ਤੇ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਸਨ। ਇਸ ਧਰਤਿ ਦੇ ਲੋਕਾਂ ਲਈ ਅਚੰਭੇ ਜਨਕ ਵਰਤਾਰਾ ਸੀ। ਇਸ ਧਰਮ ਦੇ ਬਾਨੀ ਕਿਰਤ ਦੇ ਨਾਲ ਨਾਲ ਵੰਡ ਛਕਣ ਦੀ ਸਿੱਧੇ ਤੌਰ ਤੇ ਬ੍ਰਾਹਮਣਵਾਦੀ ਆਰਥਿਕ ਤੇ ਸਮਾਜਿਕ ਵਿਵਸਥਾ ਨੂੰ ਖੁੱਲੇ ਤੌਰ ਤੇ ਲਲਕਾਰ ਸੀ। ਨਤੀਜੇ ਵਜੋਂ ਹਜ਼ਾਰਾਂ ਸਾਲਾਂ ਤੋਂ ਦੱਬੀ-ਕੁਚਲੀ ਲੋਕਾਈ ਨੇ ਗੁਰੂ ਨਾਨਕ ਪਾਤਸ਼ਾਹ ਦੇ ਝੰਡੇ ਥੱਲੇ ਇਕੱਤਰ ਹੋਣਾ ਸ਼ੁਰੂ ਕਰ ਦਿੱਤਾ। ਹੁਣ ਗੁਰੂ ਨਾਨਕ ਪਾਤਸ਼ਾਹ ਉਨ੍ਹਾਂ ਦਾ ਰਹਿਬਰ ਸੀ ਤੇ ਉਹ ਉਸਦੇ ਸਿੱਖ, ਚਾਰ ਵਰਣ ਅਤੇ ਜਾਤ ਪਾਤੀ ਪ੍ਰਬੰਧ ਨੂੰ ਮੁੱਢ ਤੋਂ ਨਕਾਰਦੇ ਹੋਏ ਉਨ੍ਹਾਂ ਨੇ ਆਉਣ ਵਾਲੇ ਨਵੇਂ ਕੱਲ੍ਹ ਵੱਲ ਇਸ਼ਾਰਾ ਕਰ ਦਿੱਤਾ ਸੀ, ਜਿਸਨੇ ਹਿੰਦੋਸਤਾਨ ਤੇ ਹਿੰਦੋਸਤਾਨ ਦੇ ਜਨ-ਸਮੂਹ ਦੇ ਭਾਗ ਬਦਲ ਦਿੱਤੇ ਸਨ। ਇੱਕ ਜਾਤੀ ਇੱਕ ਮਨੁੱਖਤਾ ਦਾ ਨਾਦ ਇਸ ਧਰਤਿ ਤੇ ਗਾਇਆ ਜਾਣਾ ਸੀ ਜਿਸਨੇ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਉਣਾ ਸੀ। ਮੇਰੇ ਖੋਜ ਪ੍ਰਬੰਧ ਦਾ ਵਿਸ਼ਾ "ਸ੍ਰੀ ਗੁਰੂ ਗ੍ਰੰਥ ਸਾਹਿਬ : ਹਾਸ਼ੀਆਗਤ ਵਰਗ ਦੇ ਪ੍ਰਵਚਨ ਵਜੋਂ" ਹੈ। ਆਪਣੇ ਵਿਸ਼ੇ ਤੇ ਵਿਸਥਾਰ ਪੂਰਵਕ ਗੱਲ ਕਰਨ ਤੋਂ ਪਹਿਲਾਂ ਮੈਂ ਪ੍ਰਾਪਤ ਸਾਹਿਤ ਦਾ ਸਰਵੇਖਣ ਤੇ ਮੁਲੰਕਣ ਕਰਨ ਦੀ ਕੋਸ਼ਿਸ਼ ਕਰਨ ਦਾ ਯਤਨ ਕਰ ਰਹੀ ਹਾਂ ਤਾਂ ਜੋ ਸਬੰਧਤ ਵਿਸ਼ੇ ਬਾਰੇ ਸਿੱਖ ਇਤਿਹਾਸਕ ਸੋਮਿਆਂ ਵਿਚ ਕੀਤੇ ਇਸ਼ਾਰਿਆਂ ਨੂੰ ਟੂਕ ਮਾਤਰ ਵੇਖਦੇ ਹੋਏ, ਆਧੁਨਿਕ ਵਿਦਵਾਨਾਂ ਦੇ ਕਾਰਜ ਉਤੇ ਵੀ ਨਜ਼ਰਸ਼ਾਨੀ ਕਰ ਲਈ ਜਾਵੇ:

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇੱਕ ਸੱਚ ਦੇ ਦੀਦਾਰੇ ਇਸ ਤਰ੍ਹਾਂ ਰੂਪਮਾਨ ਹੁੰਦੇ ਹਨ:

ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।

ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।1

ਇਸ ਤੁਕ ਵਿਚ (ਸਮੇਂ ਦੇ ਪ੍ਰਸੰਗ ਅਨੁਸਾਰ) ਗੁਰੂ ਨਾਨਕ ਜੀ ਦੀ ਮੁੱਖ ਸਮਾਜੀ ਪ੍ਰਾਪਤੀ ਦਾ ਸਪੱਸ਼ਟ ਵੇਰਵਾ ਮਿਲਦਾ ਹੈ। ਗੁਰੂ ਨਾਨਕ ਜੀ ਨੇ ਨਾ ਸਿਰਫ਼ ਜਾਤ-ਪਾਤੀ ਰੁਤਬੇ ਦੀ ਚੇਤੰਨਤਾ ਦੀ ਹੀ ਨਿਖੇਧੀ ਕੀਤੀ, ਸਗੋਂ ਅਮੀਰ ਤੇ ਗਰੀਬ ਵਿਚਕਾਰ ਪੈਦਾ ਹੋਣ ਵਾਲੇ ਰੁਤਬੇ ਦੇ ਪਾੜੇ ਦੀ ਵੀ ਨਿਖੇਧੀ ਕੀਤੀ, ਕਿਉਂਕਿ ਛੂਤ-ਛਾਤ ਨੂੰ ਮੰਨਣਾ ਤਾਂ ਕਿਤੇ ਰਿਹਾ, ਹਰ ਇਕ (ਸਿੱਖ) ਜਦੋਂ ਵੀ ਦੂਜੇ ਨੂੰ ਮਿਲਦਾ ਸੀ ਤਾਂ ਉਸ ਦੇ ਪੈਰ ਛੂੰਹਦਾ ਸੀ। ਭਾਈ ਗੁਰਦਾਸ ਜੀ ਨੇ ਜੋ ਭਾਸ਼ਾ ਵਰਤੀ ਹੈ, ਉਸ ਦੀ ਵਿਆਕਰਣਕ (Grammatical) ਬਣਤਰ ਵੇਖਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਗੁਰਦਾਸ ਨੇ ਆਪਣੀ ਕਵਿਤਾ ਵਿੱਚ ਪਹਿਲੇ ਗੁਰੂਆਂ ਵਲੋਂ ਦਿੱਤੇ ਗਏ ਸਿਧਾਂਤ ਨੂੰ ਕੇਵਲ ਦੁਹਰਾਇਆ ਹੀ ਨਹੀਂ, ਬਲਕਿ ਉਸ ਸਿਧਾਂਤ ਦੀ ਜਿਵੇਂ ਅਮਲੀ ਵਰਤੋਂ ਹੋ ਰਹੀ ਸੀ, ਉਸ ਨੂੰ ਜ਼ਾਹਰ ਕੀਤਾ। ਉਨ੍ਹਾਂ ਇਹ ਨਹੀਂ ਲਿਖਿਆ ਕਿ 'ਚਾਰ ਵਰਨ ਇਕ ਵਰਨ ਕਰੋ', ਬਲਕਿ ਇਹ ਲਿਖਿਆ ਹੈ ਕਿ 'ਚਾਰਿ ਵਰਨਿ ਇਕੁ ਵਰਨੁ ਕਰਾਇਆ' ਤੇ 'ਪੈਰੀ ਪਵਣਾ ਜਗ ਵਰਤਾਇਆ।' ਇਕ ਹੋਰ ਥਾਂ ਭਾਈ ਗੁਰਦਾਸ ਲਿਖਦੇ ਹਨ,

ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧਸੰਗ ਜਾਪੈ।…

ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ।2

ਇਸ ਤੁਕ ਵਿਚ ਜਾਤ-ਪਾਤ ਅਤੇ ਫ਼ਿਰਕਿਆਂ ਦੇ ਤੋੜਨ ਨੂੰ ਗੁਰਮਤਿ ਪੰਥ (ਸਿੱਖ ਪੰਥ) ਦੀ ਸਥਾਪਤੀ ਨਾਲ ਜੋੜਿਆ ਗਿਆ ਹੈ। ਇਹ ਇਕੱਲੀ-ਦੁਕੱਲੀ ਤੁਕ ਨਹੀਂ। ਭਾਈ ਗੁਰਦਾਸ ਨੇ ਇਸ ਪ੍ਰਾਪਤੀ ਨੂੰ ਉਘੇੜਨ ਲਈ ਇਸ ਦਾ ਬਾਰ-ਬਾਰ ਜ਼ਿਕਰ ਕੀਤਾ ਹੈ। ਇਸ ਪ੍ਰਾਪਤੀ ਦਾ ਉਸ ਵੇਲੇ ਦੀ ਸਮਾਜੀ ਅਮਲੀ ਵਰਤੋਂ ਨਾਲ ਟਾਕਰਾ ਕਰ ਕੇ ਭਾਈ ਗੁਰਦਾਸ ਇਸ ਦੀ ਅਹਿਮੀਅਤ ਨੂੰ ਹੋਰ ਵੀ ਚਮਕਾ ਦੇਂਦੇ ਹਨ:

ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।[3]

---

1 ਵਾਰਾਂ ਭਾਈ ਗੁਰਦਾਸ, ਵਾਰ 1 ਪਉੜੀ 23/4

2 ਵਾਰਾਂ ਭਾਈ ਗੁਰਦਾਸ, ਵਾਰ 23 ਪਉੜੀ 19/1

3 ਵਾਰਾਂ ਭਾਈ ਗੁਰਦਾਸ, ਵਾਰ 1 ਪਉੜੀ 19/1

ਅਰਥਾਤ ਚਾਰ ਵਰਨ ਬਣਨ ਕਰ ਕੇ ਜਗਤ ਵਿਚ ਗਿਲਾਨ ਪੈਦਾ ਹੋ ਗਈ ਸੀ। ਇਸ ਤੋ ਪਤਾ ਲੱਗਦਾ ਹੈ ਕਿ ਸ਼ੁਰੂ ਤੋਂ ਹੀ ਗੁਰੂ ਨਾਨਕ ਸਾਹਿਬ ਦਾ ਸਮਾਜੀ ਮਨੋਰਥ ਬਰਾਬਰੀ ਵਾਲਾ ਸਮਾਜ ਪੈਦਾ ਕਰਨ ਖ਼ਾਤਰ ਸਿੱਖ ਪੰਥ ਕਾਇਮ ਕਰਨਾ ਸੀ।[4]

ਜਨਮ ਸਾਖੀਆਂ ਵੀ ਇਸ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ। ਗੁਰੂ ਨਾਨਕ ਸਾਹਿਬ ਦੀਆਂ ਸਾਰੀਆਂ ਪ੍ਰਚਾਰ ਉਦਾਸੀਆਂ ਵਿੱਚ ਭਾਈ ਮਰਦਾਨਾ ਸਭ ਤੋਂ ਪਹਿਲਾਂ ਦਾ ਤੇ ਹਮੇਸ਼ਾਂ ਨਾਲ ਰਹਿਣ ਵਾਲਾ ਸਾਥੀ ਰਿਹਾ। ਭਾਈ ਮਰਦਾਨਾ ਮੁਸਲਮਾਨ ਵੀ ਸੀ ਤੇ ਨੀਵੀਂ ਜਾਤ ਦਾ ਵੀ। ਇਸ ਕਾਰਨ ਉਹ ਜਾਤ-ਪਾਤੀ ਸਮਾਜ ਨੂੰ ਕਤੱਈ ਪ੍ਰਵਾਨ ਨਹੀਂ ਸੀ। ਮਰਦਾਨੇ ਨੇ ਗੁਰੂ ਜੀ ਨੂੰ ਦਸਿਆਂ ਕਿ ਉਨ੍ਹਾਂ ਦੀ (ਗੁਰੂ ਦੀ) ਕ੍ਰਿਪਾ ਨਾਲ ਉਸ ਦੀ (ਮਰਦਾਨੇ ਦੀ) ਹਉਮੈਂ ਖ਼ਤਮ ਹੋ ਗਈ ਸੀ ਅਤੇ ਹਉਮੈਂ ਹੀ ਚਾਰ ਜਾਤਾਂ ਨੂੰ ਪੈਦਾ ਕਰਨ ਵਾਲਾ ਕਾਰਨ ਸੀ। ਉੱਤਰੀ ਦਿਸ਼ਾ ਵੱਲ ਗੁਰੂ ਨਾਨਕ ਦੇਵ ਜੀ ਦੀ ਉਦਾਸੀ ਵੇਲੇ ਉਨ੍ਹਾਂ ਦਾ ਇਕ ਸਾਥੀ ਛੀਂਬਾ ਤੇ ਦੂਜਾ ਲੁਹਾਰ ਸੀ। ਇਨ੍ਹਾਂ ਦੋਹਾਂ ਜਾਤਾਂ ਨੂੰ ਉਸ ਸਮਾਜ ਵਿੱਚ ਨੀਵਾਂ ਗਿਣਿਆ ਜਾਂਦਾ ਸੀ। ਗੁਰੂ ਨਾਨਕ ਜੀ ਨੇ ਨੀਵੀਂ ਜਾਤ ਦੇ ਗਰੀਬ ਭਾਈ ਲਾਲੋ ਦੇ ਭੋਜਨ ਦਾ ਸੱਦਾ ਪ੍ਰਵਾਨ ਕਰ ਲਿਆ ਤੇ ਅਮੀਰ ਜਗੀਰਦਾਰ ਮਲਕ ਭਾਗੋ ਦੇ ਸੱਦੇ ਨੂੰ ਠੁਕਰਾ ਦਿੱਤਾ। ਉਨ੍ਹਾਂ ਦੇ ਸਾਰੇ ਜੀਵਨ ਵਿੱਚ ਸਾਰੀਆਂ ਜਾਤਾਂ ਦੇ ਲੋਕ, ਸ਼ੂਦਰਾਂ ਤੇ ਮੁਸਲਮਾਨਾਂ ਸਮੇਤ, ਗੁਰੂ ਜੀ ਕੋਲੋਂ ਸ਼ਾਂਤੀ ਤੇ ਧੀਰਜ ਲੈਣ ਆਉਂਦੇ। ਜਦੋਂ ਗੁਰੂ ਜੀ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਦੀ ਜਾਤ ਕੀ ਹੈ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ 'ਅਜਾਤੀ' ਹਨ ਜਾਂ ਉਨ੍ਹਾਂ ਦੀ ਜਾਤ 'ਨਿਰੰਕਾਰੀ' ਹੈ।

ਗੁਰੂ ਅੰਗਦ ਦੇਵ ਜੀ ਉਚੀਆਂ ਤੇ ਨੀਵੀਆਂ ਜਾਤਾਂ ਦਾ ਭੁਲੇਖਾ ਪਾਉਣ ਵਾਸਤੇ ਵੇਦਾਂ ਨੂੰ ਸਿੱਧੇ ਤੌਰ ਤੇ ਜ਼ਿੰਮੇਵਾਰ ਮੰਨਦੇ ਹਨ:

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰ।।...

ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ।।[5]

---

4 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 135

5 ਸ੍ਰੀ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1243

ਜਾਤ-ਪਾਤ ਨੂੰ ਮੰਨਣ ਵਾਲੇ ਕਿਸੇ ਵੀ ਬੰਦੇ ਨੂੰ ਗੁਰੂ ਜੀ ਦੀ ਸੰਗਤ ਵਿੱਚ ਥਾਂ ਨਹੀਂ ਸੀ।[6] ਸਾਰੀਆਂ ਜਾਤਾਂ ਨੂੰ ਬਰਾਬਰੀ ਦਾ ਦਰਜਾ ਦਿੱਤਾ ਜਾਂਦਾ ਸੀ।[7] ਜਿਹੜੇ ਵੇਦਾਂ ਦੀਆਂ ਅਤੇ ਜਾਤ-ਪਾਤ ਦੀਆਂ ਪਾਈਆਂ ਰੋਕਾਂ ਤੋਂ ਨਹੀਂ ਡਰਦੇ ਸਨ, ਉਹ ਹੀ ਸੰਗਤ ਵਿਚ ਆਉਂਦੇ ਸਨ।[8] ਜੋ ਡਰਦੇ ਸਨ ਉਹ ਨਹੀਂ ਆਉਂਦੇ ਸਨ। ਲੰਗਰ ਵਿੱਚ ਸਾਰੇ ਇਕ ਥਾਂ ਬੈਠ ਕੇ ਇਕੋ ਭੋਜਨ ਖਾਂਦੇ ਸਨ। ਤੀਜੇ ਗੁਰੂ ਅਮਰਦਾਸ ਜੀ ਇਸ ਤੋਂ ਵੀ ਇਕ ਕਦਮ ਅਗੇਰੇ ਗਏ। ਜੋ ਲੰਗਰ ਵਿਚ ਭੋਜਨ ਕਰ ਕੇ ਨਹੀਂ ਸੀ ਆਉਂਦਾ, ਉਹ ਉਨ੍ਹਾਂ ਦੇ ਦਰਸ਼ਨ ਨਹੀਂ ਸੀ ਕਰ ਸਕਦਾ। ਉਨ੍ਹਾਂ ਦੇ ਲੰਗਰ ਵਿੱਚ, ਕੋਈ ਭੇਦ-ਭਾਵ ਨਹੀਂ ਸੀ:

ਤਹਾਂ ਬਰਨ ਆਸ਼ਰਮ ਕਾ ਨਾਹ ਬਿਬਾਦ।
ਗੁਰ ਭਾਈ ਹੰਸਨ ਕੀ ਪਾਤ।
ਇਕ ਆਸਨ ਬੈਠ ਖਾਇ ਸੁਖਸਾਤ।....
ਜੋ ਬਰਨ ਬਿਭੇਦ ਪ੍ਰਸਾਦਿ ਨ ਖਾਇ।
ਸਤਗੁਰ ਕੋ ਦਰਸ਼ਨ ਨਹੀਂ ਪਾਇ।[9]

ਹਿੰਦੂਆਂ ਨੇ ਬਾਦਸ਼ਾਹ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਜੀ ਨੇ ਚਾਰੇ ਜਾਤਾਂ ਦਾ ਭੇਦ-ਭਾਵ ਮਿਟਾ ਦਿੱਤਾ ਹੈ। ਕਸੂਰ ਦੇ ਹਿੰਦੂ ਗਵਰਨਰ ਨੇ ਆਪਣੇ ਬਾਗ ਵਿੱਚ ਗੁਰੂ ਅਮਰਦਾਸ ਜੀ ਨੂੰ ਤੰਬੂ ਲਾਉਣ ਦੀ ਸਹੂਲਤ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ: "ਉਸ (ਗੁਰੂ ਜੀ) ਨੇ ਉੱਚੀਆਂ ਤੇ ਨੀਵੀਆਂ ਸਭ ਜਾਤਾਂ ਦੇ ਬੰਦੇ ਆਪਣੇ ਨਾਲ ਰਲਾ ਲਏ ਹਨ। ਇਹ ਬੰਦੇ ਇਕੇ ਪੰਗਤ ਵਿੱਚ ਬੈਠ ਕੇ ਉਸ (ਗੁਰੂ ਜੀ) ਨਾਲ ਤੇ ਹੋਰਨਾ ਨਾਲ ਭੋਜਨ ਖਾਂਦੇ ਹਨ। ਜੇ ਉਸ (ਗੁਰੂ ਜੀ) ਨੇ ਅਛੂਤਾਂ ਦਾ ਗੁਰੂ ਹੋਣਾ ਪ੍ਰਵਾਨ ਕਰ ਲਿਆ ਹੇ ਤਾਂ ਉਸ ਦੀ ਮਰਜ਼ੀ ਪਰ ਮੈਂ ਆਪਣੇ ਨਿਵਾਸ ਥਾਂ ਦੇ ਲਾਗੇ

---

6 ਮਹਿਮਾ ਪ੍ਰਕਾਸ਼ ii, ਪੰਨਾ 37

7 ਉਹੀ,

8 ਉਹੀ ਪੰਨਾ 15

9 ਉਹੀ ਪੰਨਾ 102

ਉਸ (ਗੁਰੂ ਜੀ) ਨੂੰ ਨਹੀਂ ਆਉਣ ਦੇਵਾਂਗਾ।"[10] ਗੁਰੂ ਅਰਜਨ ਦੇਵ ਜੀ ਨੇ ਸਦੂ (ਬੁਧੂ) ਘੁਮਾਰ ਨੂੰ ਦੱਸਿਆ ਕਿ ਗੁਰੂ ਨਾਨਕ ਜੀ ਨੇ ਚਾਰੇ ਜਾਤਾਂ ਦੇ ਇਕ ਸਾਂਝੀ ਥਾਂ ਰੋਟੀ ਖਾਣ ਦੀ ਰੀਤ ਸ਼ੁਰੂ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਚਾਰੇ ਜਾਤਾਂ ਨੂੰ ਇਕ ਥਾਂ ਮਿਲਾ ਦਿੱਤਾ।[11] ਏਸੇ ਗੁਰੂ ਜੀ ਨੇ ਭਾਈ ਬਿਧੀਆ ਨੂੰ ਦੱਸਿਆ ਕਿ ਰੂਪਚੰਦ (ਜੋ ਤਖਾਣ ਸੀ) ਉਨ੍ਹਾਂ ਨੂੰ ਬਹੁਤ ਪਿਆਰਾ ਲਗਦਾ ਹੈ:

"ਰੂਪ ਚੰਦ ਮਤ ਅਧਿਕ ਪਿਆਰਾ। ਤਾ ਤੇ ਦੇਉਂ ਸਿੰਘਾਸਨ ਭਾਰੀ। ਕਰੈਂ ਪੂਜ ਸਭ ਜਗ ਨਰ ਨਾਰੀ॥218॥...ਸਿੰਘਾਸਨ ਊਚ ਬਨਾਇ ਕੈ ਸ੍ਰੀ ਮੁਖਿ ਬਚਨ ਬਖਾਨੁ॥219॥....ਇਹ ਗੱਦੀ ਪਰਿ ਚਰਨ ਟਿਕਾਵੋ॥220॥...ਰੂਪ ਚੰਦ ਤਬ ਬਚਨ ਬਖਾਨਾ॥221॥ ਹੇ ਪ੍ਰਭ ਜਾਤਿ ਤਖਾਨ ਮਮ ਨੀਚ ਨਵਾਦੀ ਜਾਨੁ।...ਨੀਚਹ ਊਚ ਕਰੈ ਗੋਵਿੰਦਾ। ਤੀਨਿ ਬੇਰ ਗੁਰ ਕਹਾ ਸੁਨਾਇ। ਪੁਨਾ ਭੁਜਾ ਗਹਿ ਦੀਯੋ ਬਹਾਇ॥223॥"[12]

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਲਈ ਕੁਰਬਾਨੀ ਦਿੱਤੀ ਤਾਂ ਕਿ ਉਹਨਾਂ ਦਾ ਧਰਮ ਬਚ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਨੇਤਾਵਾਂ ਵਜੋਂ ਪੰਜ ਪਿਆਰੇ ਚੁਣੇ। ਉਨ੍ਹਾਂ ਵਿੱਚੋਂ ਇਕ ਜੱਟ, ਇਕ ਨਾਈ, ਇਕ ਛੀਂਬਾ ਤੇ ਇਕ ਝੀਊਰ ਸੀ। ਜੱਟ, ਨਾਈ, ਛੀਂਬਾ ਤੇ ਝੀਊਰ ਉਸ ਸਮੇ ਨੀਵੀਂ ਜਾਤ ਵਿਚ ਗਿਣੇ ਜਾਂਦੇ ਸਨ। ਜੱਟ, ਵੈਸ਼ਯ ਤੇ ਸ਼ੂਦਰਾਂ ਨੂੰ ਨਿਖੇੜਨ ਵਾਲੀ ਹੱਦ ਉੱਤੇ ਹੁੰਦਾ ਹੈ। ਅੰਮ੍ਰਿਤ ਛਕਾਉਣ ਦੀ ਰਸਮ ਵੇਲੇ ਗੁਰੂ ਸਾਹਿਬ ਨੇ ਹਦਾਇਤ ਕੀਤੀ ਕਿ ਜਿਨ੍ਹਾਂ ਨੂੰ ਉਨ੍ਹਾਂ ਨੇ ਖਾਲਸਾ ਸਜਾਇਆ ਹੈ, "ਉਹ ਆਪਣੀਆਂ ਪਿਛਲੀਆਂ ਜਾਤਾਂ ਭੁੱਲ ਜਾਣ ਤੇ ਸਾਰੇ ਇਕ ਦੂਜੇ ਨੂੰ ਭਰਾ ਸਮਝਣ, ਅਰਥਾਤ ਇੱਕ ਟੱਬਰ ਦੇ ਜੀਅ।" ਉਸ ਮੌਕੇ ਤੇ ਬਾਦਸ਼ਾਹ ਦੇ ਸੂਹੀਏ ਨੇ ਗੁਰੂ ਸਾਹਿਬ ਵਲੋਂ ਸਿੱਖਾਂ ਨੂੰ ਦਿੱਤੇ ਭਾਸ਼ਨ ਦੀ ਇਕ ਰਿਪੋਰਟ ਬਾਦਸ਼ਾਹ ਨੂੰ ਭੇਜੀ। ਇਸ ਰਿਪੋਰਟ ਉੱਤੇ 1756 (1699 ਈ.) ਦੀ ਵੈਸਾਖ ਦੀ ਪਹਿਲੀ ਤਾਰੀਖ ਪਈ ਹੋਈ ਹੈ। ਇਸ ਰਿਪੋਰਟ ਵਿੱਚ ਗੁਰੂ ਸਾਹਿਬ ਦੀਆਂ ਦਿੱਤੀਆਂ ਹਦਾਇਤਾਂ ਦਾ ਸਾਰ-ਅੰਸ਼ ਇਹ ਹੈ:

---

10 ਉਹੀ, ਪੰਨਾ 75

11 ਮਹਿਮਾ ਪ੍ਰਕਾਸ਼, ਪੰਨਾ 33

12 ਉਹੀ, ਪੰਨਾ 436

"ਸਾਰੇ ਇਕ ਮੱਤ ਧਾਰਨ ਕਰੋ ਅਤੇ (ਪੁਰਾਣੇ) ਧਰਮਾਂ ਦੇ ਭੇਦਾਂ ਨੂੰ ਖ਼ਤਮ ਕਰੋ। ਹਿੰਦੂਆਂ ਦੀਆਂ ਚਾਰੇ ਜਾਤਾਂ ਆਪਣੇ ਵੱਖਰੇ-ਵੱਖਰੇ ਨੇਮ ਛੱਡ ਦੇਣ। ਪੂਜਾ ਦਾ ਇਕੋ ਰੂਪ ਅਖ਼ਤਿਆਰ ਕਰੋ, ਤੇ ਇਕ ਦੂਜੇ ਦੇ ਭਰਾ ਬਣੋ। ਕੋਈ ਵੀ ਆਪਣੇ ਆਪ ਨੂੰ ਦੂਜਿਆਂ ਤੋਂ (ਰੁਤਬੇ ਵਿੱਚ) ਉੱਚਾ ਨਾ ਸਮਝੇ।...ਚਾਰੇ ਜਾਤਾਂ ਦੇ ਇਨਸਾਨ ਮੇਰੇ ਕੋਲੋਂ ਅੰਮ੍ਰਿਤ ਛਕਣ। ਇਕ ਥਾਂ ਭੋਜਨ ਛਕਣ ਤੇ ਇਕ ਦੂਜੇ ਵਾਸਤੇ ਘਿਰਣਾ ਜਾਂ ਨਿਰਾਦਰੀ ਦੀ ਭਾਵਨਾ ਨਾ ਰੱਖਣ।"[13]

ਹੋ ਸਕਦਾ ਹੈ ਇਹ ਗੁਰੂ ਸਾਹਿਬ ਦੇ ਭਾਸ਼ਨ ਦੇ ਇਨਬਿਨ ਸ਼ਬਦ ਨਾ ਹੋਣ ਪਰ ਇਸ ਭਾਸ਼ਾ ਦੇ ਤੱਤ ਦੇ ਨੇੜੇ ਦਾ ਸਮਕਾਲੀ, ਕੁਇਰ ਸਿੰਘ ਆਪਣੀ ਲਿਖਤ ਵਿੱਚ ਤਸਦੀਕ ਕਰਦਾ ਹੈ। ਉਸ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਕਿਹਾ:

ਬੈਸ ਸੂਦ੍ਰ ਏ ਜਾਟ ਆਪਾਰਾ। ਤਾ ਕੋ ਪੰਥ ਮਾਹ ਮੈਂ ਧਾਰਾ।[14]

ਪਿੱਛੋਂ ਦੇ ਸਾਹਿਤ ਵਿੱਚ ਵੀ ਇਸ ਗੱਲ ਦਾ ਵੇਰਵਾ ਮਿਲਦਾ ਹੈ ਕਿ ਗੁਰੂ ਜੀ ਦਾ ਮਿਸ਼ਨ ਚਾਰੇ ਜਾਤਾਂ ਨੂੰ ਇਕ ਕਰਨਾ ਸੀ "ਚਾਰਨ ਬਰਨ ਇਕ ਬਰਨ ਕਰਾਊਂ" ਅਤੇ "ਚਤੁਰ ਬਰਨ ਮੈਂ ਕੋਊ ਅੰਮ੍ਰਿਤ ਛਕੈ, ਉਹ ਮੇਰਾ ਸਰੂਪ ਹੈ।"[15]

ਗੁਰੂਆਂ ਦੇ ਧਰਮ ਦੀ ਨੀਂਹ ਬਰਾਬਰੀ ਦੇ ਸਿਧਾਂਤ ਉੱਤੇ ਰੱਖੀ ਗਈ ਸੀ ਅਤੇ ਇਹ ਸਿਧਾਂਤ ਨੂੰ ਅਮਲੀ ਤੌਰ ਉੱਤੇ ਲਾਗੂ ਕੀਤਾ। ਸਮੂਹ ਸੰਗਤ ਦੀ ਗੁਰੂ ਨਾਲੋਂ ਵੱਡੀ ਪਦਵੀ ਸਮਝੀ ਗਈ (ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ) ਭਾਈ ਗੁਰਦਾਸ ਨੇ ਬਾਰ-ਬਾਰ ਇਸ ਗੱਲ ਨੂੰ ਸਪੱਸ਼ਟ ਕੀਤਾ ਹੈ ਕਿ ਗੁਰੂ ਤੇ ਸਿੱਖ ਵਿਚਕਾਰ ਕੋਈ ਪਾੜਾ ਨਹੀਂ। "ਗੁਰੂ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ।" "ਸੋ ਗੁਰੁ ਸੋਈ ਸਿਖੁ ਹੈ ਜੋਤੀ ਜੋਤਿ ਸਮਾਣੈ।"[16] ਗੁਰੂ ਅੰਗਦ ਸਾਹਿਬ ਰਬਾਬੀਆਂ ਨਾਲ ਇਸ ਕਰ ਕੇ ਨਾਰਾਜ਼ ਹੋ ਗਏ ਕਿਉਂਕਿ ਉਨ੍ਹਾਂ ਨੇ ਭਾਈ ਬੁੱਢਾ ਜੀ ਦੀ ਬੇਨਤੀ ਨੂੰ ਮੰਨਿਆ ਨਹੀਂ ਸੀ। ਗੁਰੂ ਸਾਹਿਬ ਨੇ ਕਿਹਾ "ਗੁਰੂ

---

13 ਮੈਕਾਲਿਫ, Vol. V ਪੰਨਾ 91-94

14 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ਦੱਸਵੀ, ਪੰਨਾ 131

15 ਪਿਆਰਾ ਸਿੰਘ ਪਦਮ, ਰਹਿਤਨਾਮਾ, ਪੰਨੇ 47,60

16 ਭਾਈ ਗੁਰਦਾਸ ਜੀ ਵਾਰ 3 ਪਾਉੜੀ ।

ਦੇ ਸਿੱਖ ਨੂੰ ਮੇਰਾ ਸਰੂਪ ਜਾਣੋ, ਇਸ ਗੱਲ ਵਿਚ ਰਤਾ ਸੰਸਾ ਨਾ ਕਰੋ।"[17] ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਬੁੱਢਾ ਜੀ ਦੇ ਪੈਰਾਂ ਨੂੰ ਸਤਿਕਾਰ ਵਜੋਂ ਛੋਹਿਆ। ਭਾਈ ਬਿਧੀ ਚੰਦ ਨੂੰ ਉਨ੍ਹਾਂ ਦੱਸਿਆ ਸੀ ਕਿ ਗੁਰੂ ਅਤੇ ਉਸ ਵਿਚ ਕੋਈ ਫਰਕ ਨਹੀਂ। ਛੇਵੇਂ ਗੁਰੂ ਜੀ ਨੇ ਹੀ ਆਪਣੇ ਪਰਵਾਰ ਨੂੰ ਇਸ ਕਰਕੇ ਤਾੜਿਆ ਕਿ ਉਨ੍ਹਾਂ ਸਿੱਖਾਂ ਨੂੰ ਮਠਿਆਈ ਨਹੀਂ ਦਿੱਤੀ ਸੀ, ਕਿਉਂਕਿ "ਸਿੱਖ ਮੋ ਕੌ ਪ੍ਰਾਨਨ ਤੇ ਪਿਆਰੇ।"[18] ਸਿੱਖ ਇਕ ਦੂਜੇ ਨੂੰ ਭਾਈ ਕਹਿ ਕੇ ਬੁਲਾਉਂਦੇ ਸਨ, ਜਿਸ ਤੋਂ ਉਨ੍ਹਾਂ ਵਿਚਕਾਰ ਬਰਾਬਰੀ ਦਾ ਪੱਧਰ ਜ਼ਾਹਿਰ ਹੁੰਦਾ ਹੈ। ਗੁਰੂਆਂ ਦੇ ਸਿੱਖਾਂ ਵੱਲ ਲਿਖੇ ਜਿੰਨੇ ਵੀ ਪੱਤਰ ਮਿਲਦੇ ਹਨ, ਉਨ੍ਹਾਂ ਵਿੱਚ ਗੁਰੂਆਂ ਨੇ ਆਪਣੇ ਸਿੱਖਾਂ ਨੂੰ ਭਾਈ ਸ਼ਬਦ ਨਾਲ ਮੁਖਾਤਿਬ ਕੀਤਾ ਹੈ। ਇਸ ਪਰੰਪਰਾ ਨੂੰ ਜਾਰੀ ਰੱਖਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਗੁਰੂ ਜੀ ਨੂੰ ਅੰਮ੍ਰਿਤ ਛਕਾਉਣ।[19] ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਹ ਨਾ ਸਿਰਫ਼ ਉਨ੍ਹਾਂ ਨੂੰ ਆਪਣੇ ਬਰਾਬਰ ਸਮਝਦੇ ਸਨ, ਸਗੋਂ ਉਨ੍ਹਾਂ ਨੂੰ ਇਕ ਤਰ੍ਹਾਂ ਆਪਣਾ ਗੁਰੂ ਵੀ ਬਣਾਇਆ। ਇਹ ਆਖਰੀ ਹੱਦ ਹੈ ਜਿਥੋਂ ਤੱਕ ਕੋਈ ਧਾਰਮਕ ਆਗੂ ਆਪਣੇ ਪੈਰੋਕਾਰਾਂ ਨਾਲ ਮਾਨਵੀ ਬਰਾਬਰੀ ਨੂੰ ਅਮਲ ਵਿੱਚ ਲਿਆ ਸਕਦਾ ਹੈ ਜਾਂ ਉਸ ਬਾਰੇ ਸੋਚ ਸਕਦਾ ਹੈ।

ਬਰਾਬਰੀ ਦੀ ਭਾਵਨਾ ਨਾਲੋਂ ਭਰਾਤਰੀ ਭਾਵ ਦੀ ਭਾਵਨਾ ਨੂੰ ਅਪਨਾਉਣਾ ਹੋਰ ਵੀ ਮੁਸ਼ਕਲ ਹੈ। ਇਹ ਨਵੀਂ ਭਾਵਨਾ ਸਿੱਖ ਸਿਧਾਂਤਾਂ ਅਤੇ ਪਹੁੰਚ ਦੀ ਇਕ ਕੁਦਰਤੀ ਲੜੀ ਸੀ। ਸਿੱਖ ਸਾਹਿਤ ਵਿੱਚ ਭਰਾਤਰੀ ਭਾਵ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਜਿਸ ਹੱਦ ਤੱਕ ਇਸ ਭਾਵਨਾ ਨੂੰ ਅਮਲ ਵਿੱਚ ਲਿਆਂਦਾ ਗਿਆ, ਉਹ ਸਿੱਖ ਭਾਈਚਾਰੇ ਦਾ ਹੋਰ ਵੀ ਵਿਸ਼ੇਸ਼ ਅੰਗ ਹੈ। ਕਿਉਂਕਿ ਗੁਰੂ ਅਤੇ ਸਿੱਖ ਵਿੱਚ ਕੋਈ ਭੇਦ ਨਹੀਂ ਸੀ, ਇਸ ਕਰਕੇ ਗੁਰੂ ਦੀ ਸੇਵਾ ਨੇ ਸਹਿਜੇ ਹੀ ਸਿੱਖਾਂ ਦੀ ਸੇਵਾ ਦੀ ਸ਼ਕਲ ਫੜ ਲਈ।

**ਪੁਸਤਕ ਸਮੀਖਿਆ:**

ਪੁਸਤਕ '**ਗੁਰਮਤਿ ਅਤੇ ਨਾਰੀ**' **ਡਾ. ਮਹਿੰਦਰ ਕੌਰ** ਗਿੱਲ ਦੁਆਰਾ ਲਿਖੀ ਗਈ ਇਕ

17 ਮਹਿਮਾ ਪ੍ਰਕਾਸ਼, ਪੰਨਾ 35

18 ਗੁਰੂ ਬਿਲਾਸ ਛੇਵੀਂ ਪਾਤਸ਼ਾਹੀ, ਪੰਨਾ 505

19 ਕੌਰ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਪੰਨਾ 131

ਅਹਿਮ ਰਚਨਾ ਹੈ। ਇਹ ਕਿਤਾਬ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਦਾ ਬੀਜ-ਬਿੰਦੂ ਨਾਰੀ-ਬਿੰਬ ਹੈ। ਇਤਿਹਾਸ ਦੀ ਦ੍ਰਿਸ਼ਟੀ ਤੋਂ ਪੁਰਸ਼ ਪ੍ਰਧਾਨ ਸਮਾਜ ਵਿਚ ਨਾਰੀ ਦਾ ਸਥਾਨ ਸਦਾ ਦੂਸਰਾ ਰਿਹਾ ਹੈ। ਧਰਮ ਦੀ ਦ੍ਰਿਸ਼ਟੀ ਤੋਂ ਨਾਰੀ ਹੋਂਦ ਧਰਮ ਦੇ ਧੁਰ ਡੂੰਘ ਵਿਚ ਸਥਾਪਿਤ ਹੈ। ਅਜੀਬ ਦਵੰਦ ਹੈ, ਵਾਸਤਵਿਕਤਾ, ਇਤਿਹਾਸਕਤਾ ਅਤੇ ਧਰਮ-ਸੰਸਾਰ ਦੀ ਸਿਰਜਣਾਤਮਿਕਤਾ ਵਿਚਕਾਰ। ਦਰਅਸਲ, ਨਾਰੀ ਜਾਤ ਨੂੰ ਅਨੇਕ ਦ੍ਰਿਸ਼ਟ-ਬਿੰਦੂਆਂ ਤੋਂ ਸਮਝਿਆ ਵਿਚਾਰਿਆ ਜਾ ਸਕਦਾ ਹੈ। ਇਸਤ੍ਰੀ ਸਮਾਜ ਬਾਰੇ ਵਧੇਰੀ ਰਾਇ ਦਾ ਆਧਾਰ ਇਤਿਹਾਸਕ ਤੱਥ ਹਨ। ਦੁਨੀਆਂ ਭਰ ਦੇ ਇਤਿਹਾਸ ਵਿਚ ਅਜੇਹੇ ਤੱਥ ਮੌਜੂਦ ਹਨ ਜੋ ਨਾਰੀ ਜਾਤ ਨਾਲ ਹੋਈ ਬੇ-ਇਨਸਾਫ਼ੀ, ਅਤਿਆਚਾਰ ਤੇ ਤ੍ਰਿਸਕਾਰ ਨੂੰ ਸਾਹਮਣੇ ਲਿਆਉਂਦੇ ਹਨ। ਦੂਜੇ ਪਾਸੇ, ਗੁਰਬਾਣੀ ਸੰਸਾਰ ਵਿਚ ਨਾਰੀ ਹੋਂਦ ਦਾ ਦੈਵੀਕਰਣ ਕਰ ਦਿੱਤਾ ਗਿਆ ਹੈ। ਅੰਤਾਂ ਦੇ ਤ੍ਰਿਸਕਾਰ ਤੇ ਆਹਲਾ ਦਰਜੇ ਦੇ ਸਤਿਕਾਰ ਦੇ ਦਰਮਿਆਨ ਕੁਝ ਅਜੇਹਾ ਵੀ ਮੌਜੂਦ ਹੈ ਜੋ ਨਾਰੀ ਜਾਤ ਦਾ ਸੰਤੁਲਿਤ ਰੂਪ ਸਿਰਜਦਾ ਹੈ ਜਦੋਂ ਉਹ ਆਪ ਜੀਂਦੀ ਥੀਂਦੀ ਹੈ। ਨਾਰੀ ਜਾਂ ਤਾਂ ਹੀਣ-ਭਾਵਨਾ ਦੀ ਸ਼ਿਕਾਰ ਰਹੀ ਹੈ ਜਾਂ ਫਿਰ ਪ੍ਰਸੰਸਾ ਦੀ ਪਾਤਰ (ਭਾਵੇਂ ਰੂਪ ਪੱਖੋਂ ਹੀ ਸਹੀ) ਪਰ ਉਸਦਾ ਵਡੇਰਾ ਭਾਗ ਅਣਗੌਲਿਆ ਹੀ ਰਿਹਾ ਹੈ। ਉਸਨੂੰ ਉਸਦੇ ਸਹੀ ਪਰਿਪੇਖ ਵਿਚ ਰਖਕੇ ਖੋਜਿਆ ਵਿਚਾਰਿਆ ਨਹੀਂ ਗਿਆ। ਬਹੁਤਾ ਕਰਕੇ ਉਸਦੇ ਹਿੱਸੇ ਉਲਾਰ ਵਿਆਖਿਆ ਹੀ ਆਈ ਸੀ। ਫ਼ਲ ਸਰੂਪ, ਉਸਦਾ ਸਹੀ ਮੁਲੰਕਣ ਹੋਣਾ ਅਜੇ ਬਾਕੀ ਹੈ। ਉਹ ਸਾਹਿਤ-ਸੰਸਾਰ ਦੀ ਪ੍ਰੇਰਣਾ ਸ੍ਰੋਤ ਵੀ ਰਹੀ ਹੈ, ਉਸ ਦੀ ਪਾਤਰ ਵੀ, ਉਸਦੀ ਅਮਲੀ ਕਿਰਦਾਰ ਵੀ, ਉਸਦੀ ਮੂਕ ਸ੍ਰੋਤਾਂ ਵੀ, ਖਾਮੋਸ਼ ਦਰਸ਼ਕ ਵੀ ਤੇ ਚੁਪ ਚੁਪੀਤੀ ਭੋਗਣਹਾਰ ਵੀ। ਇਹ ਪੁਸਤਕ ਨਾਰੀ ਜਾਤੀ ਦੇ ਸਹੀ ਪਰਿਪੇਖ ਨੂੰ ਉਸਾਰਣ ਵਲ ਰੁਚਿਤ ਹੈ।

**ਪੁਸਤਕ, ਦਲਿਤ ਪਛਾਣ : ਮੁਕਤੀ ਅਤੇ ਸ਼ਕਤੀਕਰਨ** ਨੂੰ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ 2012 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਰਾਜਨੀਤੀ ਵਿਗਿਆਨ ਦੇ ਖੇਤਰ ਵਿਚ ਉੱਘੇ ਵਿਦਵਾਨ ਅਤੇ ਚਿੰਤਕ **ਡਾ. ਰੌਣਕੀ ਰਾਮ**, ਜੋ ਸ਼ਹੀਦ ਭਗਤ ਸਿੰਘ ਪ੍ਰੋਫ਼ੈਸਰ ਆਫ਼ ਪੋਲੀਟੀਕਲ ਸਾਇੰਸ ਚੇਅਰ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਤੇ ਕਾਰਜਸ਼ੀਲ ਹਨ, ਦੁਆਰਾ ਲਿਖੀ ਗਈ ਹੈ। ਇਸ ਪੁਸਤਕ ਵਿਚ ਲੇਖਕ ਨੇ ਸਮਾਜਿਕ ਵਿਗਿਆਨਾਂ ਦੇ ਵਿਸ਼ਿਆਂ ਵਿਚ ਪੰਜਾਬੀ

ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਨੂੰ ਅਤੇ ਅਜੋਕੇ ਯੁੱਗ ਦੇ ਗਿਆਨ ਨੂੰ ਆਪਣੀ ਮਾਂ-ਬੋਲੀ ਪੰਜਾਬੀ ਵਿਚ ਸਮੋ ਸਕਣ ਦੀ ਅਥਾਹ ਸਮਰੱਥਾ ਅਤੇ ਸੰਭਾਵਨਾ ਨੂੰ ਦ੍ਰਿੜ ਕਰਾਇਆ ਹੈ। ਡਾ. ਰੌਣਕੀ ਰਾਮ ਨੇ ਸਮਕਾਲੀ ਭਾਰਤੀ ਸਮਾਜ ਵਿਚ ਦਲਿਤ ਚੇਤਨਾ ਵਰਗੇ ਨਾਜ਼ਕ ਮੁੱਦੇ ਨੂੰ ਆਪਣੇ ਖੋਜ-ਅਧਿਐਨ ਦਾ ਆਧਾਰ ਬਣਾਇਆ ਹੈ। ਦਲਿਤ ਲੋਕਾਈ ਵਿਚ ਆਪਣੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਪ੍ਰਤਿ ਆਈ ਜਾਗਰੂਕਤਾ ਨੂੰ ਅਤੇ ਪੰਜਾਬ ਵਿਚ ਗੁਰੂ ਸਾਹਿਬਾਨ ਵਲੋਂ ਮਨੁੱਖਤਾ ਦੀ ਬਰਾਬਰੀ ਦੇ ਸੰਕਲਪ ਦੀ ਭੂਮਿਕਾ ਨੂੰ ਅਹਿਮ ਦਰਸਾਇਆ ਹੈ। ਇਸ ਪੁਸਤਕ ਵਿਚ ਦਲਿਤ ਸਵਾਲ ਨਾਲ ਸੰਬੰਧਿਤ ਵੱਖ-ਵੱਖ ਸਿਧਾਂਤਿਕ ਵਿਚਾਰਧਾਰਾਵਾਂ ਅਤੇ ਵਿਧੀਆਂ ਦੀ ਚਰਚਾ ਕਰਦਿਆਂ ਦਲਿਤ ਵਰਗ ਦਾ ਸ਼ਕਤੀਕਰਨ ਅਤੇ ਦਲਿਤ ਪਛਾਣ ਦੇ ਬਦਲਦੇ ਆਧਾਰਾਂ ਨੂੰ ਇਤਿਹਾਸਿਕ ਦ੍ਰਿਸ਼ਟੀਕਣ ਤੋਂ ਉਜਾਗਰ ਕੀਤਾ ਹੈ। ਪੰਜਾਬੀ ਸਮਾਜ ਵਿਚਲੇ ਜਾਤੀ ਅਤੇ ਜਮਾਤੀ ਮਸਲਿਆਂ ਬਾਰੇ ਆਲੋਚਨਾਤਮਿਕ ਚਰਚਾ ਕੀਤੀ ਗਈ ਹੈ। ਮੱਧ-ਕਾਲੀ ਭਗਤੀ ਲਹਿਰ ਦੇ ਸ਼ਿਰੋਮਣੀ ਦਲਿਤ ਸੰਤਾਂ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੀ ਅਦੁੱਤੀ ਬਾਣੀ ਨੂੰ ਦਲਿਤ ਪਛਾਣ ਅਤੇ ਮੁਕਤੀ ਦੇ ਸੰਕਲਪ ਦਾ ਆਧਾਰ ਮੰਨਿਆ ਹੈ। ਇਸ ਤੋਂ ਇਲਾਵਾ ਲੇਖਕ ਨੇ ਇਸ ਪੁਸਤਕ ਵਿਚ ਡਾ. ਅੰਬੇਡਕਰ ਦੇ ਜੀਵਨ ਅਤੇ ਸੰਘਰਸ਼ ਨੂੰ ਕੇਂਦਰ ਵਿਚ ਰੱਖ ਕੇ ਦਲਿਤ ਮੁਕਤੀ ਅੰਦੋਲਨ ਦੇ ਵੱਖ-ਵੱਖ ਪਹਿਲੂਆਂ, ਸ਼ਹੀਦ ਭਗਤ ਸਿੰਘ ਵਲੋਂ ਲਿਖੇ ਗਏ 'ਅਛੂਤ ਦਾ ਸਵਾਲ' ਲੇਖ ਨੂੰ ਸਾਂਝੇ ਪੰਜਾਬ ਸਮੇਂ ਬਣ ਰਹੀ ਦਲਿਤ ਪਛਾਣ ਤੇ ਦਲਿਤ ਮੁਕਤੀ ਅੰਦੋਲਨ ਅਤੇ ਅੰਬੇਡਕਰ ਲਹਿਰ ਦੌਰਾਨ ਰਚਿਤ ਦਲਿਤ ਕਾਵਿ ਨੂੰ ਸਮਕਾਲੀ ਦਲਿਤ ਕਾਵਿ ਦੇ ਸੰਦਰਭ ਵਿਚ ਸਮੁੱਚੇ ਦਲਿਤ ਕਾਵਿ ਦੀ ਪਛਾਣ ਤੇ ਮੁਕਤੀ ਬਾਰੇ ਬਹੁਤ ਵਿਸਤਾਰਪੂਰਵਕ ਚਰਚਾ ਕੀਤੀ ਹੈ।

**ਡਾ. ਚਰਨਦੀਪ ਸਿੰਘ** ਇੱਕ ਹੋਰ ਬਹੁਤ ਗੰਭੀਰ-ਚਿੱਤ ਖੋਜੀ ਅਤੇ ਵਿਦਵਾਨ ਹਨ ਜਿਸ ਦਾ ਪ੍ਰਗਟਾਵਾ "**ਦਲਿਤ ਸਰੋਕਾਰ ਅਤੇ ਸਾਹਿਤ**" ਉਸਦੀ ਪਲੇਠੀ ਪੁਸਤਕ ਰਾਹੀਂ ਹੁੰਦਾ ਹੈ। ਇਸ ਪੁਸਤਕ ਨੂੰ ਟਵਿੰਟੀ ਫਸਟ ਸੈਂਚਰੀ ਪਬਲੀਕੇਸ਼ਨ, ਪਟਿਆਲਾ ਵੱਲੋਂ 2012 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਉਸਨੇ ਭਾਰਤੀ ਸਮਾਜ ਨੂੰ ਦਰਪੇਸ਼ ਇੱਕ ਗੰਭੀਰ ਸਮਾਜਿਕ ਮਸਲੇ ਨੂੰ ਹੱਥ ਪਾਇਆ ਹੈ। ਦਲਿਤ ਪਛਾਣ ਅਤੇ ਮੁਕਤੀ ਦਾ ਮਸਲਾ ਸਾਡੇ ਅਜੋਕੇ ਸਾਹਿਤ ਅਤੇ ਸਿਆਸਤ ਵਿੱਚ ਬਹੁਤ ਹੀ ਤਿੱਖੇ ਸੰਵਾਦ ਦੇ ਰੂਪ ਵਿੱਚ ਸਾਹਮਣੇ ਹੈ। ਡਾ. ਚਰਨਦੀਪ ਸਿੰਘ ਦਲਿਤ ਪਛਾਣ ਦੇ ਮਸਲੇ ਨੂੰ ਇਤਿਹਾਸਕ

ਅਤੇ ਸਮਾਜਿਕ ਸੰਦਰਭ ਵਿੱਚ ਰੱਖ ਕੇ ਵਿਚਾਰਦਾ ਹੋਇਆ ਦਲਿਤ ਮਨੁੱਖ ਦੀ ਮੁਕਤੀ ਦੇ ਪ੍ਰਸ਼ਨ ਨੂੰ ਮੁਖਾਤਿਬ ਹੁੰਦਾ ਹੈ। ਉਸ ਅਨੁਸਾਰ ਦਲਿਤ ਵਰਗ ਦੀ ਵਰਤਮਾਨ ਤ੍ਰਾਸਦਿਕ ਸਥਿਤੀ ਦੇ ਕਾਰਣ ਕੇਵਲ ਆਰਥਿਕ ਨਹੀਂ ਹਨ, ਸਗੋਂ ਇਸ ਦੇ ਪਿੱਛੇ ਬ੍ਰਾਹਮਣਵਾਦੀ ਚਿੰਤਨ ਦੀ ਇੱਕ ਲੰਬੀ ਇਤਿਹਾਸਕ ਪਰੰਪਰਾ ਹੈ। ਇਤਿਹਾਸ ਗਵਾਹ ਹੈ ਕਿ ਦਲਿਤ ਦੀ ਸਥਿਤੀ ਸਦਾ ਇੱਕੋ ਜਿਹੀ ਨਹੀਂ ਰਹੀ। ਭਾਰਤੀ ਵਰਣ-ਵਿਵਸਥਾ ਅਤੇ ਮਨੂੰਵਾਦੀ ਚਿੰਤਨ ਦੇ ਅਨੁਯਾਈ ਨੇ ਦਲਿਤ ਵਰਗ ਨੂੰ ਮਨੁੱਖੀ ਹੱਕਾਂ ਅਤੇ ਸਮਾਜਿਕ ਨਿਆਂ ਤੋਂ ਵੰਚਿਤ ਕਰਨ ਲਈ ਨਿਰੰਤਰ ਸਾਜ਼ਸੀ ਰਣਨੀਤੀ ਅਪਣਾਈ ਹੈ। ਸਮਾਜਿਕ ਵਿਕਾਸ ਦੇ ਵੱਖ-ਵੱਖ ਪੜਾਵਾਂ ਉੱਤੇ ਦਲਿਤ ਮਨੁੱਖ ਦੀ ਸਥਿਤੀ ਬਦਲਦੀ ਰਹੀ ਹੈ। ਹਥਲੀ ਪੁਸਤਕ ਵਿੱਚ ਡਾ. ਚਰਨਦੀਪ ਦਲਿਤ ਉਤਪੀੜਨ ਦੀ ਪ੍ਰਕਿਰਿਆ ਦੇ ਵਿਭਿੰਨ ਇਤਿਹਾਸਕ ਪੜਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ।

**ਡਾ. ਸੰਤੋਖ ਸਿੰਘ**, ਦੁਆਰਾ ਰਚਿਤ ਪੁਸਤਕ '**ਭਾਰਤ ਵਿਚ ਜਾਤ ਤੇ ਜਮਾਤ**' ਇਕ ਉੱਚ ਪਾਏ ਦੀ ਰਚਨਾ ਹੈ। ਇਸ ਕਿਤਾਬ ਨੂੰ 2013 ਵਿੱਚ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤਾ ਹੈ। ਇਸ ਪੁਸਤਕ ਵਿੱਚ ਲੇਖਕ ਨੇ ਦੱਸਿਆ ਹੈ ਕਿ ਭਾਰਤ ਦੀ ਮਿਸ਼ਰਤ ਅਰਥ ਵਿਵਸਥਾ ਨੇ ਵਿਭਿੰਨ ਸਮਾਜਿਕ ਦ੍ਰਿਸ਼ਾਂ ਅਤੇ ਵਰਤਾਰਿਆਂ ਨੂੰ ਪੈਦਾ ਕੀਤਾ ਹੈ। ਇਹਨਾਂ ਵਰਤਾਰਿਆਂ ਵਿਚ ਵਿਚਰ ਰਿਹਾ ਆਦਮੀ ਵੀ ਆਪਣੀ ਸਮਾਜਿਕ ਸੰਰਚਨਾ, ਰਾਜਨੀਤੀ, ਇਤਿਹਾਸ ਅਤੇ ਧਰਮ ਆਦਿ ਵਿੱਚੋਂ ਆਪਣੀ ਪਛਾਣ ਤੇ ਹੋਂਦ ਦੇ ਮੁੱਦਿਆਂ ਨੂੰ ਤਲਾਸ਼ਦਾ ਬਹੁ-ਸੰਵਾਦੀ ਹੋ ਗਿਆ ਹੈ। ਇਸ ਕਾਰਨ ਭਾਰਤੀ ਸਮਾਜ ਨੂੰ ਸਮਝਣ ਲਈ ਕੋਈ ਇਕਹਿਰੀ ਜਾਂ ਲਕੀਰੀ ਵਿਧੀ ਕਾਰਗਰ ਨਹੀਂ ਹੋ ਸਕਦੀ। ਇਸ ਮਨੋਰਥ ਹਿਤ ਵਿਭਿੰਨ ਸਮਾਜਿਕ ਵਿਚਾਰਧਾਰਾਵਾਂ ਦੇ ਸਿਧਾਂਤ ਤੇ ਵਿਹਾਰ ਵਿੱਚ ਅੰਤਰ-ਸੰਵਾਦੀ ਵਿਧੀ ਦੀ ਜ਼ਰੂਰਤ ਬਣੀ ਰਹੇਗੀ। ਇਸ ਸੰਵਾਦ ਵਿਚ ਸਮਾਜਿਕ ਸਮੂਹਾਂ ਅੰਦਰਲੇ ਟਕਰਾਓ, ਤਣਾਓ, ਰਲੇਵੇਂ ਤੇ ਸਮਨਵੈ ਸਿਧਾਂਤ ਤੇ ਵਿਵਹਾਰਕ ਵਿਧੀਆਂ ਦੇ ਵਿਗਿਆਨਕ ਵਿਸ਼ਲੇਸ਼ਣ ਉਪਰੰਤ ਹੀ ਕੁਝ ਮਹੱਤਵਪੂਰਨ ਸਿੱਟੇ ਸਾਹਮਣੇ ਆ ਸਕਦੇ ਹਨ ਕਿਉਂਕਿ ਆਰਥਿਕ ਆਧਾਰ ਤੇ ਪਰ-ਉਸਾਰਾਂ ਅੰਦਰਲੇ ਸੰਬੰਧਾਂ ਦੀ ਪ੍ਰਸਪਰਤਾ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਦੇਖਦਿਆਂ ਇਹ ਗੱਲ ਸਾਬਤ ਹੁੰਦੀ ਹੈ ਕਿ ਕੇਵਲ ਆਧਾਰ ਬਦਲਣ ਨਾਲ ਪਰ-ਉਸਾਰ ਪੂਰਵ ਨਿਸ਼ਚਿਤ ਅਨੁਪਾਤ ਅਨੁਸਾਰ ਪੂਰੀ ਤਰ੍ਹਾਂ ਨਹੀਂ ਬਦਲਦੇ

ਸਗੋਂ ਇਹ ਆਪਣੇ ਵਿਰੋਧਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ। ਜਿਵੇਂ ਭਾਰਤ ਵਿਚ ਜਗੀਰੂ ਅਰਥ ਵਿਵਸਥਾ ਦੇ ਟੁੱਟਣ ਤੋਂ ਬਾਅਦ ਸਰਮਾਇਦਾਰਾਨਾ ਵਿਵਸਥਾ ਵਿਚ ਤਬਦੀਲ ਹੋਣ ਨਾਲ ਜਮਾਤੀ ਖਾਸਾ ਇਸ ਢੰਗ ਨਾਲ ਬਦਲਿਆ ਹੈ ਕਿ ਸਮਾਜਿਕ ਇਕਾਈਆਂ ਅੰਤਰਗਤ ਹੀ ਜਾਤਾਂ ਅੰਦਰ ਹੀ ਜਮਾਤਾਂ ਦੀ ਹੋਂਦ ਬਣਦੀ ਗਈ, ਪਰੰਤੂ ਜਮਾਤਾਂ ਕਦੇ ਵੀ ਜਾਤਹੀਣ ਨਹੀਂ ਹੋ ਸਕੀਆਂ। ਭਾਵ, ਭਾਰਤ ਵਿਚ ਸਰਮਾਇਦਾਰੀ ਦੇ ਵਿਕਾਸ ਨਾਲ ਉਲਟਾ ਜਾਂ ਨਾਕਾਰਾਤਮਕ ਸਮਾਜਿਕ ਵਿਕਾਸ ਹੋਇਆ ਹੈ ਜਿਸ ਨਾਲ ਭਾਰਤੀ ਸਮਾਜ ਬਾਹਰੋਂ ਤਾਂ ਬਦਿਲਆ ਦਿਖਾਈ ਦਿੰਦਾ ਹੈ ਪਰੰਤੂ ਇਸ ਦੀ ਆਂਤ੍ਰਿਕ ਸਮਾਜਿਕ ਸੰਰਚਨਾ ਵਿੱਚ ਤਬਦੀਲੀ ਵਾਪਰਨੀ ਬਾਕੀ ਹੈ।

"**ਸ੍ਰੀ ਗੁਰੂ ਗ੍ਰੰਥ ਸਾਹਿਬ: ਮਾਨਵ ਮੁਕਤੀ ਦਾ ਸੰਕਲਪ" ਡਾ. ਜਤਿੰਦਰ ਪਾਲ ਕੌਰ** ਦੁਆਰਾ ਰਚਿਤ ਪੁਸਤਕ ਨੂੰ 2014 ਵਿੱਚ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਿਤਾਬ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਨਵ-ਮੁਕਤੀ ਦਾ ਸੰਕਲਪ ਗੁਰਬਾਣੀ ਦੇ ਬਹੁਤ ਸਾਰੇ ਰਹੱਸਾਂ ਨੂੰ ਸਮਝਣ ਦਾ ਯਤਨ ਹੈ। ਸ਼ੁਰੂ ਵਿਚ ਦੇਹ, ਮਨ ਅਤੇ ਆਤਮਾ, ਇਨ੍ਹਾਂ ਤਿੰਨਾਂ ਦਾ ਪ੍ਰਸਪਰ ਸਬੰਧ ਨਿਸ਼ਚਿਤ ਕੀਤਾ ਗਿਆ ਹੈ। ਪੂਰਵ ਇਤਿਹਾਸਕ ਕਾਲ ਵਿਚ ਕੀ ਧਾਰਨਾਵਾਂ ਸਨ, ਧਰਮ ਨਾਲ ਇਨ੍ਹਾਂ ਦਾ ਸੰਬੰਧ ਅਤੇ ਵਿਗਿਆਨ ਨੇ ਇਨ੍ਹਾਂ ਨੂੰ ਕਿਵੇਂ ਸਮਝਿਆ, ਵਿਸਤ੍ਰਿਤ ਵੇਰਵਾ ਹੈ। ਪੂਰਬੀ ਅਤੇ ਪੱਛਮੀ ਵਿਦਵਾਨਾਂ ਦੇ ਹਵਾਲਿਆਂ ਨਾਲ ਆਪਣੇ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ। ਸੁਕਰਾਤ ਤੋਂ ਲੈ ਕੇ ਫਰਾਇਡ ਤਕ ਦਾਰਸ਼ਨਿਕਾਂ ਦਾ ਸਰਵੇਖਣ ਕੀਤਾ ਹੈ। ਬ੍ਰਹਮ ਦਾ ਸਰੂਪ, ਜੀਵਾਤਮਾ, ਪ੍ਰਕਿਰਤੀ, ਹੁਕਮ, ਨਾਮ, ਸਿਮਰਨ ਜਿਹੇ ਸੰਕਲਪਾਂ ਨੂੰ ਉਘਾੜਿਆ ਹੈ। ਭਾਰਤੀ ਦਰਸ਼ਨ ਵਿਚੋਂ ਸਮੱਗਰੀ ਲੈਣ ਉਪਰੰਤ ਬਹੁਤ ਹੀ ਲਾਹੇਵੰਦ ਨਤੀਜੇ ਕੱਢੇ ਹਨ, ਜਿੰਨਾਂ ਵਿਚ ਪ੍ਰਧਾਨਤਾ ਦਬੀ ਕੁਚਲੀ ਲੋਕਾਈ ਨੂੰ ਉਨ੍ਹਾਂ ਦੇ ਹਕੂਕ ਤੋਂ ਜਾਣੂ ਕਰਵਾਉਣਾ ਹੈ। ਸਿੱਖ ਧਰਮ ਨੇ ਦੱਬੇ ਕੁਚਲਿਆਂ ਦੇ ਸੰਗ ਸਾਥ ਦੀ ਗੱਲ ਬਹੁਤ ਹੀ ਉਭਰਵੇਂ ਰੂਪ ਵਿਚ ਰੂਪਮਾਨ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।

**ਡਾ. ਸਰਬਜਿੰਦਰ ਸਿੰਘ ਦੁਆਰਾ ਰਚਿਤ ਪੁਸਤਕ '**ਧੁਰ ਕੀ ਬਾਣੀ**'** ਇਕ ਅਹਿਮ ਰਚਨਾ ਹੈ ਜਿਸ ਨੂੰ ਸਿੱਖ ਫਾਊਂਡੇਸ਼ਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਹ ਰਚਨਾ ਗੁਰਬਾਣੀ ਦੇ ਮੂਲ ਤੱਤਾਂ ਉੱਤੇ ਰੌਸ਼ਨੀ ਪਾਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੂਖਮ ਤੋਂ ਸੂਖਮ ਪੱਖਾਂ ਬਾਰੇ ਅੱਜ ਤਕ ਕਈ

ਗਹਿਰ-ਗੰਭੀਰ ਕਿਤਾਬਾਂ ਸਾਹਮਣੇ ਆ ਚੁੱਕੀਆਂ ਹਨ। ਪਰ ਬਾਕੀ ਧਰਮ ਗ੍ਰੰਥਾਂ ਦੇ ਸੰਪਾਦਨ ਪ੍ਰਬੰਧ ਨੂੰ ਸਾਹਮਣੇ ਰੱਖਦਿਆਂ ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਪੱਖ ਨੂੰ ਇਸ ਪੁਸਤਕ ਵਿੱਚ ਪੇਸ਼ ਕੀਤਾ ਗਿਆ ਹੈ, ਇਹ ਨਵਾਂ ਵੀ ਹੈ ਅਤੇ ਨਿਵੇਕਲਾ ਵੀ। ਪਰ ਨਾਲ ਦੇ ਨਾਲ ਇਹ ਗੱਲ ਹੈਰਾਨੀ ਵਾਲੀ ਵੀ ਹੈ ਕਿ ਵਿਦਵਾਨਾਂ ਨੇ ਆਮ ਕਰਕੇ ਅਤੇ ਸਿੱਖ ਵਿਦਵਾਨਾਂ ਨੇ ਖ਼ਾਸ ਕਰਕੇ ਇਸ ਸੰਬੰਧੀ ਅਜੇ ਤੱਕ ਕਿਉਂ ਚੁਪ ਧਾਰਨ ਕੀਤੀ ਹੋਈ ਸੀ? ਜਿੱਥੇ ਸੁਖੈਨ ਤਰੀਕੇ ਨਾਲ ਇਸ ਰਚਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨਾ ਦੇ ਕਾਰਣਾਂ, ਇਸ ਦੀ ਪਵਿਤਰ ਤਰਤੀਬ ਅਤੇ ਯੋਗਦਾਨੀਆਂ ਬਾਰੇ ਗੱਲ ਕੀਤੀ ਗਈ ਹੈ, ਉੱਥੇ ਉਹ ਤੱਥ ਵੀ ਸਾਹਮਣੇ ਲਿਆਉਣ ਦੇ ਯਤਨ ਕੀਤੇ ਗਏ ਹਨ ਜਿਨ੍ਹਾਂ ਉਪਰ ਗੰਭੀਰ ਸੰਵਾਦ ਛੇੜਿਆ ਜਾ ਸਕਦਾ ਹੈ।

ਵਿਦਵਾਨ ਲੇਖਕਾਂ ਨੇ ਬਹੁਤ ਹੀ ਖੁਬਸੂਰਤ ਢੰਗ ਨਾਲ ਸਾਹਮਣੇ ਲਿਆਦਾਂ ਹੈ ਕਿ ਸਾਮੀ ਧਰਮਾਂ ਦੇ ਪਵਿੱਤਰ ਧਰਮ ਗ੍ਰੰਥ ਨਿਰਸੰਦੇਹ ਇਲਹਾਮੀ ਬਾਣੀ ਹਨ ਜੋ ਬੇਹੱਦ ਸਤਿਕਾਰ ਅਤੇ ਸ਼ਰਧਾ ਯੋਗ ਹਨ। ਪ੍ਰੰਤੂ ਇਹ ਵੀ ਇਤਿਹਾਸਕ ਸੱਚ ਹੈ ਕਿ ਇਨ੍ਹਾਂ ਧਰਮ ਗ੍ਰੰਥਾਂ ਦਾ ਸੰਪਾਦਨ ਕਾਰਜ ਸਬੰਧਤ ਧਰਮਾਂ ਦੀ ਬੌਧਿਕ ਜਾਂ ਅਕਾਦਮਿਕ ਉੱਤਮਤਾ ਨੇ ਸਾਹਮਣੇ ਲਿਆਂਦਾ ਹੈ। ਇਸ ਤਰ੍ਹਾਂ ਇਨ੍ਹਾਂ ਲਿਖਤਾਂ ਨੂੰ ਆਮ ਲਿਖਤਾਂ ਵਾਂਗ ਵੇਖਣ ਦੀ ਰੁਚੀ ਨੂੰ ਮਾਨਤਾ ਪ੍ਰਾਪਤ ਰਹੀ ਹੈ। ਬਿਲਕੁਲ ਇਸੇ ਤਰ੍ਹਾਂ ਦਾ ਵਰਤਾਰਾ ਭਾਰਤੀ ਧਰਮ ਗ੍ਰੰਥਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ ਕਿਉਂਕਿ ਸਿਮਰਤੀ ਤੋਂ ਲਿਖਤ ਦਾ ਸਫ਼ਰ ਬਹੁਤ ਹੀ ਜ਼ਿਆਦਾ ਲੰਮਾ ਸੀ। ਉਹ ਭਾਵੇਂ ਹਿੰਦੂ ਧਰਮ, ਜੈਨ ਧਰਮ ਜਾਂ ਬੁਧ ਧਰਮ ਦੇ ਪਵਿੱਤਰ ਧਰਮ ਗ੍ਰੰਥ ਸਨ ਪਰ ਇਸ ਸਾਰੇ ਕੁਝ ਤੋਂ ਜ਼ਾਹਰਾ-ਜ਼ਹੂਰ ਹਾਜ਼ਰਾ-ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ ਧਰਮ ਦੇ ਬਾਨੀਆਂ ਨੇ ਸੁਰੱਖਿਅਤ ਕਰ ਲਿਆ ਅਤੇ ਗੁਰੂ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਖ਼ੁਦ ਆਪਣੇ ਹੱਥੀਂ ਸੰਪੂਰਨ ਕਰਕੇ ਹਮੇਸ਼ਾ-ਹਮੇਸ਼ਾ ਲਈ ਇਸ ਪਵਿੱਤਰ ਧਰਮ ਗ੍ਰੰਥ ਨੂੰ ਕਿੰਤੂਆਂ-ਪ੍ਰੰਤੂਆਂ ਅਤੇ ਸ਼ੰਕਿਆਂ ਤੋਂ ਮੁਕਤ ਕਰ ਦਿੱਤਾ। ਇਸ ਪੁਸਤਕ ਵਿਚ ਸੰਪਾਦਨ ਪ੍ਰਬੰਧ ਦੇ ਉਨ੍ਹਾਂ ਆਧਾਰਾਂ ਨੂੰ ਬਾਖ਼ੂਬੀ ਰੂਪਮਾਨ ਕੀਤਾ ਹੈ ਜਿੰਨਾ ਰਾਹੀਂ ਸਿੱਖ ਸਿਧਾਂਤ ਜਨ ਸਮੂਹ ਨੂੰ ਮਾਨਵ ਮੁਕਤੀ ਦੇ ਸੰਘਰਸ ਨਾਲ ਜੋੜਦਾ ਹੈ।

'**ਦਲਿਤ ਆਜ਼ਾਦੀ ਦਾ ਇੱਕੋ ਇਕ ਰਾਹ: ਗੁਰਮਤਿ ਇਨਕਲਾਬ**' ਦਲਿਤ ਕ੍ਰਾਂਤੀ ਨਾਲ ਸਬੰਧਤ ਪੁਸਤਕ ਹੈ। **ਮਨਮੋਹਨ ਸਿੰਘ ਜੰਮੂ** ਦੁਆਰਾ ਲਿਖਿਤ ਪੁਸਤਕ ਨੂੰ ਆਜ਼ਾਦ ਬੁੱਕ ਡਿਪੂ,

ਅੰਮ੍ਰਿਤਸਰ ਵਲੋਂ 2015 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਅਨੁਸਾਰ ਆਜ਼ਾਦੀ ਤੋਂ ਬਾਅਦ ਅਛੂਤ ਵੀ ਸਮਾਜਿਕ ਨਾ ਬਰਾਬਰੀ ਅਤੇ ਬੇਇਨਸਾਫੀ ਤੋਂ ਤੰਗ ਆ ਚੁਕੇ ਹਨ ਤੇ ਉਨ੍ਹਾਂ ਨੇ ਹਿੰਦੂ ਧਰਮ ਨੂੰ ਤਿਆਗਣ ਦਾ ਫੈਸਲਾ ਕਰ ਲਿਆ ਸੀ। ਉਹ ਆਪਣੇ ਭਵਿੱਖ ਬਾਰੇ ਬੇਸ਼ੱਕ ਸਪਸ਼ਟ ਨਹੀ ਸਨ ਪ੍ਰੰਤੂ ਉਹ ਸਿੱਖ ਧਰਮ ਨੂੰ ਚਾਹੁੰਦੇ ਸਨ। ਡਾ. ਅੰਬੇਦਕਰ ਸਾਹਿਬ ਨੇ ਅਛੂਤਾਂ ਨੂੰ ਸਲਾਹ ਦਿੱਤੀ ਕਿ ਜੇਕਰ ਉਨ੍ਹਾਂ ਧਰਮ ਬਦਲਣਾ ਹੀ ਹੈ ਤਾਂ ਉਹ ਸਿੱਖ ਧਰਮ ਕਬੂਲ ਕਰ ਲੈਣ। ਬਾਬਾ ਸਾਹਿਬ ਦੇ ਅਨੁਸਾਰ, ਹਿੰਦੂਆਂ ਦੇ ਪੱਖ ਤੋਂ ਵਿਚਾਰਦੇ ਹੋਏ ਦੂਜਾ ਸੁਆਲ ਇਹ ਹੈ ਕਿ ਇਸਲਾਮ, ਇਸਾਈ ਮੱਤ ਅਤੇ ਸਿੱਖ ਧਰਮ 'ਚ ਕਿਹੜਾ ਚੰਗਾ ਹੈ? ਪ੍ਰਤੱਖ ਹੈ ਕਿ ਸਿੱਖ ਧਰਮ। ਜੇਕਰ ਉਹ ਮੁਸਲਮਾਨ ਬਣ ਜਾਣ ਤਾਂ ਮੁਸਲਮਾਨਾਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ ਅਤੇ ਮੁਸਲਿਮ ਗਲਬੇ ਦਾ ਖਤਰਾ ਪੈਦਾ ਹੋ ਜਾਵੇਗਾ। ਜੇ ਉਹ ਈਸਾਈ ਹੋ ਜਾਣ ਤੇ ਇਸਾਈਆਂ ਦੀ ਗਿਣਤੀ ਪੰਜ ਛੇ ਕਰੋੜ ਹੋ ਜਾਵੇਗੀ। ਇਸ ਨਾਲ ਅੰਗਰੇਜ਼ਾਂ ਦੀ ਮੁਲਕ 'ਤੇ ਜਕੜ ਵੱਧ ਜਾਵੇਗੀ। ਦੂਜੇ ਪਾਸੇ ਉਹ ਸਿੱਖ ਧਰਮ ਕਬੂਲ ਕਰ ਲੈਣ ਤਾਂ ਇਸ ਨਾਲ ਦੇਸ਼ ਦੇ ਭਵਿੱਖ ਨੂੰ ਕੋਈ ਹਾਨੀ ਨਹੀਂ ਪੁੱਜੇਗੀ, ਸਗੋਂ ਇਸ ਨਾਲ ਭਾਰਤ ਦੇ ਭਵਿੱਖ ਨੂੰ ਉਜੱਲ ਬਣਾਉਣ ਵਿਚ ਉਹ ਸਹਾਈ ਹੋ ਸਕਣਗੇ। ਦੇਸ਼ ਦੀ ਰਾਜਸੀ ਉਨਤੀ ਵਿਚ ਸਹਾਈ ਹੋ ਸਕਣਗੇ। ਇਸ ਲਈ ਦੇਸ਼ ਦੇ ਹਿਤ ਵਿਚ ਹੈ ਕਿ ਜੇਕਰ ਅਛੂਤਾਂ ਨੇ ਧਰਮ ਪਰਿਵਰਤਨ ਕਰਨਾ ਹੀ ਹੈ ਤਾਂ ਉਹ ਸਿੱਖ ਧਰਮ ਕਬੂਲ ਕਰ ਲੈਣ। ਬੀ ਐਸ ਪੀ ਦੇ ਦੋ ਬਾਰ ਸੰਸਦੀ ਮੈਂਬਰ ਰਹੇ ਹਰਭਜਨ ਸਿੰਘ ਲਾਖਾ ਨੇ ਇਸੇ ਵਿਚਾਰ ਤਹਿਤ ਡਾ. ਭੀਮ ਰਾਓ ਜੀ ਦੀ ਗੱਲ ਦੋਹਰਾਂਦੇ ਹੋਏ ਕਿਹਾ 'ਮੈਂ ਹਿੰਦੂ ਪੈਦਾ ਹੋਇਆ ਮੇਰੇ ਵਸ 'ਚ ਨਹੀਂ ਸੀ, ਪਰ ਮੈਂ ਹਿੰਦੂ ਮਰਾਂਗਾ ਨਹੀਂ' ਅਤੇ ਲਾਖਾ ਜੀ ਖੰਡੇ ਕੀ ਪਾਹੁਲ ਲੈ ਕੇ 2014 'ਚ ਸਿੰਘ ਸੱਜ ਗਏ ਅਤੇ ਉਨ੍ਹਾਂ ਜਾਤੀਵਾਦ ਦੇ ਖਿਲਾਫ ਸੰਘਰਸ਼ ਤੇਜ ਕਰਨ ਅਤੇ ਜਲਦੀ ਹੀ ਦੋ ਲੱਖ ਦਲਿਤ ਕਹੇ ਜਾਂਦੇ ਵੀਰਾਂ-ਭੈਣਾਂ ਨੂੰ ਕੇਸਗੜ੍ਹ ਸਾਹਿਬ ਲਿਜਾਕੇ ਸਿੰਘ ਸਿੰਘਣੀਆਂ ਸਜਾਉਣ ਦਾ ਫੈਸਲਾ ਲਿਆ ਅਤੇ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

**ਡਾ. ਜਗਬੀਰ ਸਿੰਘ ਦੁਆਰਾ ਰਚਿਤ ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ** ਗੁਰੂ ਨਾਨਕ ਦੇਵ ਯੂਨੀਵਰਸਿਟੀ, ਵੱਲੋਂ ਗੰਭੀਰ ਵਿਸ਼ੇ ਦੀ ਬਹੁਤ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਨੂੰ ਪ੍ਰੈਸ ਅਤੇ ਪ੍ਰਕਾਸ਼ਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ 2006

ਵਿੱਚ ਪ੍ਰਕਾਸ਼ਿਤ ਕੀਤਾ ਹੈ।ਉਨ੍ਹਾਂ ਇਹ ਸਾਹਮਣੇ ਲਿਆਂਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਵਿਰਸੇ ਦਾ ਪਾਵਨ ਗ੍ਰੰਥ ਹੋਣ ਦੇ ਨਾਲ ਨਾਲ, ਮੱਧਕਾਲੀਨ ਭਾਰਤ ਦੀ ਮਹੱਤਵਯੋਗ ਧਾਰਮਿਕ ਅਤੇ ਸਭਿਆਚਾਰਕ ਟੈਕਸਟ ਵੀ ਹੈ। ਗੁਰੂ ਅਰਜਨ ਦੇਵ ਦੁਆਰਾ, ਅੱਜ ਤੋਂ ਚਾਰ ਸੌ ਸਾਲ ਪਹਿਲਾਂ, 1604 ਈਸਵੀ ਵਿਚ, ਰਚੇ ਗਏ ਇਸ ਮਹਾਂ-ਗ੍ਰੰਥ ਦੀ ਮੂਲ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਸੰਕਲਿਤ ਅਤੇ ਸੰਪਾਦਿਤ ਰਚਨਾ ਹੈ। ਇਸ ਵਿਚ ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਅਤੇ ਹੋਰਨਾਂ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਭਾਰਤ ਦੀਆਂ ਭਿੰਨ-ਭਿੰਨ ਭਾਸ਼ਾਵਾਂ, ਭੂਗੋਲਿਕ ਖਿੱਤਿਆਂ, ਖੇਤਰੀ ਸੱਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸੰਬੰਧਿਤ ਪ੍ਰਮੁੱਖ ਸੰਤਾਂ ਅਤੇ ਭਗਤਾਂ ਦੀ ਬਾਣੀ ਦੇ ਨਾਲ ਨਾਲ ਪ੍ਰਸਿੱਧ ਸੂਫ਼ੀ ਸੰਤ ਸ਼ੇਖ਼ ਫ਼ਰੀਦ ਦੀ ਰਚਨਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸਿੱਖ ਸੰਸਥਾ ਦੇ ਅੰਤਰਗਤ ਸ਼ਬਦ-ਗੁਰ ਦਾ ਦਰਜਾ ਰੱਖਣ ਵਾਲੇ ਇਸ ਪਾਵਨ ਗ੍ਰੰਥ ਵਿਚ ਸ਼ਾਮਿਲ ਸਮੁੱਚੀ ਬਾਣੀ ਨੂੰ ਗੁਰਬਾਣੀ ਵਜੋਂ ਮਾਨਤਾ ਪ੍ਰਾਪਤ ਹੈ। ਮਹੱਤਵਪੂਰਣ ਗੱਲ ਇਹ ਹੈ ਕਿ 12ਵੀਂ ਸਦੀ ਈਸਵੀ ਤੋਂ ਲੈ ਕੇ 17ਵੀਂ ਸਦੀ ਈਸਵੀ ਤਕ ਦੇ ਲੰਮੇ ਵਿਸਤਾਰ ਵਿਚ ਪ੍ਰਵਾਹਿਤ ਹੋਣ ਵਾਲੀ ਇਹ ਰਚਨਾ ਸਿਰਫ਼ ਪੰਜਾਬ ਨਾਲ ਹੀ ਨਹੀਂ ਸਗੋਂ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਨਾਲ ਵੀ ਸੰਬੰਧਿਤ ਹੈ। ਅਗਲਾ ਮਹੱਤਵਪੂਰਨ ਪੱਖ ਇਹ ਹੈ ਕਿ ਦੱਬੀਆਂ ਕੁਚਲੀਆਂ ਜਮਾਤਾਂ ਦੇ ਦੈਵੀ ਪੁਰਸ਼ਾਂ ਦੀ ਬਾਣੀ ਨੂੰ ਸ੍ਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦੇ ਹਿੰਦੂ ਧਰਮ ਦੀ ਵਰਣ ਵੰਡ ਦੀਆਂ ਜੜ੍ਹਾਂ ਹਿਲਾ ਦਿੱਤੀਆਂ।

"**ਸਿੱਖ ਧਰਮ ਵਿੱਚ ਸੰਗਤ ਦਾ ਪਰਤ ਪ੍ਰਸੰਗ ਡਾ. ਬਲਕਾਰ ਸਿੰਘ** ਦੁਆਰਾ ਲਿਖੀ ਗਈ ਮਹੱਤਵਪੂਰਨ ਕਿਤਾਬ ਹੈ। ਇਸ ਪੁਸਤਕ ਨੂੰ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੁਆਰਾ 1998 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਅਨੁਸਾਰ, ਧਰਮ ਚਿੰਤਨ ਦਾ ਇਤਿਹਾਸ ਬਹੁਤ ਪੁਰਾਣਾ ਅਤੇ ਲੰਬਾ ਹੈ। ਇਸ ਦਾ ਧੁਰਾ ਇਕ ਹੋਣ ਦੇ ਬਾਵਜੂਦ, ਇਸ ਦੇ ਸੰਦਰਭ ਵੱਖ ਵੱਖ ਪ੍ਰਾਪਤ ਹਨ। ਇਹ ਕੇਵਲ ਮਾਤਰ ਸਚਾਈ ਨੂੰ ਹਨ। ਦੇਣ ਵਾਲਾ ਅਤੇ ਮੰਗਣ ਵਾਲਾ ਦੋ ਸੁਤੰਤਰ ਇਕਾਈਆਂ ਮੰਨ ਕੇ ਇਨ੍ਹਾਂ ਦੇ ਪਰਸਪਰ ਰਿਸ਼ਤੇ ਨੂੰ ਸਮਾਨਾਂਤਰ ਸੰਦਰਭ ਵਿਚੋਂ ਕਢਣ ਦਾ ਯਤਨ ਨਹੀਂ ਕੀਤਾ ਗਿਆ ਜਾਪਦਾ। ਦੋਵੇਂ ਧਿਰਾਂ ਕਦੇ ਇਕੱਠੀਆਂ ਨਹੀਂ ਹੁੰਦੀਆਂ ਅਤੇ ਜਦੋਂ ਕਿਤੇ ਇਕੱਠੇ

ਹੋਣ ਦੀ ਕਲਪਨਾ ਕੀਤੀ ਗਈ ਹੈ, ਉਸ ਨੂੰ ਮਾਨਵੀ-ਕੀਮਤਾਂ ਨਾਲੋਂ ਬਿਲਕੁਲ ਤੋੜ ਦਿੱਤਾ ਗਿਆ ਹੈ। ਸਿਟੇ ਵਜੋਂ ਧਰਮ ਦਾ ਸਹੀ ਸੰਦਰਭ ਗੁਆਚਦਾ ਆਇਆ ਹੈ, ਕਿਉਂਕਿ ਧਰਮ ਨੂੰ ਅੰਦਰੋਂ ਉਗਮੇਂ ਅਨੁਭਵ ਦੀ ਥਾਂ, ਬਾਹਰੋਂ ਪ੍ਰਾਪਤ ਹੋਈ ਵਕਤੀ ਅਤੇ ਕਰਾਮਾਤੀ ਸ਼ਕਤੀ ਸਮਝਣ ਦੀ ਗ਼ਲਤੀ ਕੀਤੀ ਜਾਂਦੀ ਰਹੀ ਹੈ। ਇਸੇ ਗਲਤੀ ਨੂੰ ਜਦ ਲੋਕਾਂ ਸੱਚ ਮੰਨ ਲਿਆ ਤਾਂ ਉਹ ਧਾਰਕ ਦੀ ਥਾਂ ਪੂਜਕ ਹੋ ਗਏ, ਜਿੱਥੇ ਗੁਲਾਮੀ ਦੀਆਂ ਜ਼ੰਜੀਰਾਂ ਨੇ ਉਨ੍ਹਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ।

**ਡਾ. ਤ੍ਰਿਪਤ ਕੌਰ** ਦੁਆਰਾ ਰਚਿਤ **ਆਦਿ ਗ੍ਰੰਥ ਵਿੱਚ ਇਸਤਰੀ ਦਾ ਸੰਕਲਪ**, ਭਾਸ਼ਾ ਵਿਭਾਗ ਪੰਜਾਬ ਦੁਆਰਾ 2004 ਵਿੱਚ ਪ੍ਰਕਾਸ਼ਿਤ ਇਕ ਅਹਿਮ ਪੁਸਤਕ ਹੈ। ਲੇਖਕ ਨੇ ਇਸ ਪੁਸਤਕ ਵਿਚ ਬਾਖ਼ੂਬੀ ਰੂਪਮਾਨ ਕੀਤਾ ਹੈ ਕਿ ਭਾਰਤੀ ਸਮਾਜ ਵਿਚ ਇਸਤਰੀ ਦਾ ਗੌਰਵਪੂਰਨ ਸਥਾਨ ਸੀ ਪਰ ਸਮੇਂ ਨਾਲ ਪਰਿਸਥਿਤੀਆਂ ਬਦਲਦੀਆਂ ਗਈਆਂ ਅਤੇ ਔਰਤ ਦਾ ਸਮਾਜਕ ਤੇ ਧਾਰਮਕ ਰੁਤਬਾ ਨੀਵਾਂ ਹੁੰਦਾ ਗਿਆ। ਔਰਤ ਨੂੰ ਬਹੁਤ ਨਿਗੁਣਾ ਮੰਨਿਆ ਜਾਣ ਲੱਗਾ। ਜਿਸ ਨੂੰ ਕੇਵਲ ਘਰ ਵਿਚ ਰਹਿ ਕੇ ਪਰਿਵਾਰ ਦੀ ਸੇਵਾ ਕਰਨ ਵਾਲੀ ਸੇਵਿਕਾ ਤੋਂ ਵੱਧ ਨਹੀਂ ਸਮਝਿਆ ਜਾਂਦਾ ਸੀ। ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਅੰਤ ਤੱਕ ਉਹ ਕਦੀ ਪੁੱਤਰ ਅਤੇ ਕਦੀ ਪਤੀ ਦੀ ਗ਼ੁਲਾਮ ਰਹਿੰਦੀ ਹੈ। ਹਰ ਕੋਈ ਉਸ ਦੀ ਨਿੰਦਾ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝਦਾ ਸੀ। ਗੁਰੂ ਨਾਨਕ ਦੇਵ ਜੀ ਨੇ ਇਹ ਅਨੁਭਵ ਕੀਤਾ ਕਿ ਜਿੰਨਾ ਚਿਰ ਔਰਤ ਦਾ ਰੁਤਬਾ ਬੁਲੰਦ ਨਹੀਂ ਹੁੰਦਾ ਉਨਾਂ ਚਿਰ ਭਾਰਤੀ ਸਮਾਜ ਕਿਸੇ ਤਰ੍ਹਾਂ ਵੀ ਤਰੱਕੀ ਨਹੀਂ ਕਰ ਸਕਦਾ। ਉਨ੍ਹਾਂ ਨੇ ਇਸਤਰੀ ਨੂੰ ਉੱਚਾ ਦਰਜਾ ਦਿੰਦਿਆਂ ਆਖਿਆ: ਸੋ ਕਿਉਂ ਮੰਦਾ ਆਖੀਏ ਜਿਤ ਜੰਮੈ ਰਾਜਾਨ।

**ਦਲਿਤ ਦ੍ਰਿਸ਼ਟੀ, ਡਾ. ਸਰਬਜੀਤ ਸਿੰਘ** ਦੁਆਰਾ ਰਚਿਤ ਇੱਕ ਹੋਰ ਬਹੁਤ ਹੀ ਮਹੱਤਵਪੂਰਨ ਰਚਨਾ ਹੈ। ਇਸ ਪੁਸਤਕ ਨੂੰ ਚੇਤਨਾ ਪ੍ਰਕਾਸ਼ਨ, ਲੁਧਿਆਣਾ ਦੁਆਰਾ 2015 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਅਨੁਸਾਰ ਭਾਰਤੀ ਸਮਾਜਕ ਸੰਰਚਨਾ ਅਨੁਸਾਰ ਇਥੋਂ ਦੇ ਦਲਿਤ ਦੀ ਪਛਾਣ, ਪਰਿਭਾਸ਼ਾ ਅਤੇ ਸਰੂਪ ਨੂੰ ਸਮਝਣਾ ਨਿਹਾਇਤ ਜ਼ਰੂਰੀ ਹੈ। ਜੇਕਰ ਮਾਰਕਸੀ ਸਮਾਜ-ਸ਼ਾਸਤਰੀ ਦ੍ਰਿਸ਼ਟੀ ਤੋਂ ਬਾਹਰਮੁਖੀ ਰੂਪ ਵਿਚ ਦਲਿਤ ਦੀ ਪਛਾਣ, ਪਰਿਭਾਸ਼ਾ ਅਤੇ ਸਰੂਪ ਦੀ ਚਰਚਾ ਕਰਨੀ ਹੈ ਤਾਂ ਇਸ ਗੱਲ ਨੂੰ ਦ੍ਰਿਸ਼ਟੀ ਦਾ ਅੰਗ ਬਣਾਉਣਾ ਪਵੇਗਾ ਕਿ ਇਹ ਉਹ ਵਰਗ ਹੈ ਜਿਹੜਾ

ਸਦੀਆਂ ਤੋਂ ਪੈਦਾਵਾਰੀ ਸਾਧਨਾਂ, ਸਮਾਜਕ ਰੁਤਬੇ, ਸਭਿਆਚਾਰਕ ਗੌਰਵ, ਧਾਰਮਿਕ ਆਧਾਰਾਂ, ਰਾਜਨੀਤਕ ਅਧਿਕਾਰਾਂ ਅਤੇ ਕਲਾਵਾਂ ਤੋਂ ਵਿਛੁੰਨਿਆਂ ਵਰਗ ਹੈ। ਭਾਰਤੀ ਦਲਿਤ ਦੀ ਵਿਭਿੰਨ ਸਭਿਆਚਾਰਾਂ ਅਤੇ ਸਮਾਜੀ-ਆਰਥਕ ਬਣਤਰਾਂ ਤੋਂ ਇਹ ਗੁਣਾਤਮਕ ਰੂਪ ਵਿਚ ਭਿੰਨਤਾ ਹੈ ਕਿ ਇਸ ਕੋਲ ਤਾਂ ਸਦੀਆਂ ਭਰ ਮਨੁੱਖ ਹੋਣ ਦਾ ਰੁਤਬਾ ਵੀ ਨਹੀਂ ਰਿਹਾ। ਇਹ ਵਰਗ ਅਧਿਕਾਰਾਂ ਤੋਂ ਵਿਛੁੰਨਿਆਂ ਹੋਇਆ ਹਮੇਸ਼ਾਂ ਹਾਸ਼ੀਕ੍ਰਿਤ ਰਿਹਾ ਹੈ। ਇਸ ਲਈ ਇਹ ਉਹ ਸ਼ਕਤੀ, ਧਿਰ ਅਤੇ ਤਾਕਤ ਹੋ ਸਕਦਾ ਹੈ ਜਿਹੜਾ ਭਾਰਤ ਅੰਦਰ ਕਿਸੇ ਵੀ ਕ੍ਰਾਂਤੀਕਾਰੀ ਬਦਲ ਵਿਚ ਨਿਰਣਾਇਕ ਰੋਲ ਅਦਾ ਕਰਨ ਦੇ ਸਮਰਥ ਹੋਵੇਗਾ। ਪੁਸਤਕ ਵਿਚ ਦੱਸਣ ਦਾ ਯਤਨ ਕੀਤਾ ਹੈ ਕਿ ਅੱਜ ਪ੍ਰਗਤੀਵਾਦੀ ਖਿਆਲਾਂ ਦੀਆਂ ਰਾਜਨੀਤਕ ਪਾਰਟੀਆਂ ਇਸ ਮਨ ਪ੍ਰਤੀ ਸੁਚੇਤ ਹੋਣ ਲੱਗੀਆਂ ਹਨ। ਇਸ ਸੁਚੇਤਤਾ ਨਾਲ ਜਿਥੇ ਮੌਖਿਕੀ ਅਤੇ ਵਿਕਾਸ ਮਾਰਕਸਵਾਦ ਤੋਂ ਮੁਕਤੀ ਹੋਵੇਗੀ ਉਥੇ ਭਾਰਤੀ ਸਮਾਜਕ-ਆਰਥਕ ਬਣਤਰ ਨੂੰ ਸਮਝਣ ਲਈ ਇਕ ਰਚਨਾਤਮਕ  ਮਾਰਕਸਵਾਦ ਦੀ ਨੀਂਹ ਰੱਖੀ ਜਾਵੇਗੀ ਜਿਸ ਨਾਲ ਵਿਚਾਰਧਾਰਕ ਦ੍ਰਿਸ਼ਟੀ ਵਧੇਰੇ ਬਾਹਰਮੁਖੀ ਅਤੇ ਵਿਵੇਕਮਈ ਬਣੇਗੀ। ਐਸ.ਐਮ. ਜੋ ਸੋਸ਼ਲਿਸਟ ਫਾਊਡੇਸ਼ਨ ਸਮਾਜਵਾਦੀ ਸੰਮੇਲਨ, ਪੂਨਾ ਵਿਖੇ 1-2 ਅਤੇ 3 ਜੂਨ 2002 ਵਿਚ ਜਿਹੜਾ ਮੌਜੂਦ ਕੌਮੀ ਅਤੇ ਕੌਮਾਂਤਰੀ ਸਥਿਤੀ ਉੱਪਰ ਵਿਚਾਰਧਾਰਕ ਲੇਖ ਪੇਸ਼ ਕੀਤਾ ਗਿਆ ਉਸ ਵਿਚ ਦਲਿਤਾਂ ਪ੍ਰਤੀ ਇਹ ਦ੍ਰਿਸ਼ਟੀ ਬਣਾਈ ਗਈ ਹੈ।

**ਡਾ. ਗਿਆਨ ਚੰਦ ਜੈਨ** ਨੇ ਆਪਣੀ ਪੁਸਤਕ "**ਭਗਤ ਬਾਣੀ ਦਾ ਸਮਾਜਿਕ ਅਧਿਐਨ**" ਮੱਧਕਾਲੀ ਪੰਜਾਬੀ-ਕਾਵਿ ਦੇ ਮੁਕਤੀ ਸੰਕਲਪ ਦੀ ਸਮਾਜਕ, ਰਾਜਨੀਤਕ, ਆਰਥਿਕ ਸੁਤੰਤਰਤਾ ਦੀ ਨਿਰੰਤਰ ਵਿਕਾਸ ਧੁਨੀ ਨੂੰ ਸਮਝਣ ਦਾ ਯਤਨ ਕੀਤਾ ਹੈ। ਇਸ ਪੁਸਤਕ ਨੂੰ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦੁਆਰਾ 2015 ਵਿੱਚ ਪ੍ਰਕਾਸ਼ਿਤ ਕੀਤਾ। ਡਾ. ਜੈਨ ਨੇ ਬੜੀ ਪ੍ਰਮਾਣਿਕ ਖੋਜ ਨਾਲ, ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਭਗਤ-ਬਾਣੀ ਦਾ ਜੀਵਨ ਲਕਸ਼ 'ਜੀਵਨ ਮੁਕਤੀ' ਅਵਸਥਾ ਪ੍ਰਾਪਤ ਕਰਨਾ ਹੈ। ਇਹ ਲਕਸ਼ ਆਪਣੀ ਨਿਰੰਤਰ ਗਤੀ ਦੇ ਗੁਣ ਕਾਰਨ ਅਜੋਕੇ ਰੁਪਾਂਤਰਨ ਹੋ ਜਾਣ ਦੀਆਂ ਸੰਭਾਵਨਾਵਾਂ ਰੱਖਦਾ ਹੈ।

**ਡਾ. ਜੈਨ** ਨੇ ਪ੍ਰਸਿੱਧ ਸਮਾਲੋਚਕ ਪਲੈਖਾਨੋਵ ਦੇ ਵਿਚਾਰ ਕਿ "ਕਿਸੇ ਯੁੱਗ ਦਾ ਸਮਾਜਿਕ ਖਾਸਾ

ਉਸ ਯੁਗ ਦੇ ਸਮਾਜਿਕ ਸੰਬੰਧਾਂ ਦੁਆਰਾ ਨਿਰਧਾਰਿਤ ਹੁੰਦਾ ਹੈ" ਦੀ ਪੁਸ਼ਟੀ ਕਰਦਿਆਂ ਮਧ-ਕਾਲੀ ਭਗਤੀ-ਕਾਵਿ ਵਿੱਚ ਰੂਪਾਂਤਰਿਤ ਸਮਾਜਿਕ ਸੰਬੰਧਾਂ ਦਾ ਵਿਸਤਰਿਤ ਅਧਿਐਨ ਕੀਤਾ ਹੈ। ਖੋਜਕਾਰ ਨੇ ਇਸ ਬਾਰੇ ਸ਼ੋਧ-ਪ੍ਰਬੰਧ ਵਿਚ ਸਮਾਜਿਕ ਮਨੁੱਖ ਦੇ ਸੂਰਤੀ ਅਤੇ ਸੀਰਤੀ ਸਰੂਪ ਨੂੰ ਸਮਾਜ ਸ਼ਾਸਤਰੀ ਵਿਧੀ ਅਨੁਸਾਰ ਰੂਪਮਾਨ ਕਰਦਿਆਂ ਸਿੱਟਾ ਕੱਢਿਆ ਹੈ ਕਿ ਮੱਧ ਯੁਗ ਦੇ ਇਹ ਚਿੰਤਕ (ਬਾਣੀਕਾਰ) ਮੁਹਾਵਰੇ ਵਿਚ ਅਧਿਆਤਮਕ ਸ਼ੈਲੀ ਦੇ ਮਾਲਕ ਸਨ ਪਰ ਵਸਤੂਗਤ ਰੂਪ ਵਿੱਚ ਉਹ ਪੂਰੀ ਤਰ੍ਹਾਂ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਰੋਕਾਰਾਂ ਨਾਲ ਜੁੜੇ ਹੋਏ ਸਨ। ਭਗਤੀ ਲਹਿਰ ਦੇ ਤੱਤ ਰੂਪ ਦਬੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਸਥਾਪਿਤ ਤਾਕਤਵਰ ਪ੍ਰੋਹਿਤ ਰਾਜਾ ਸ਼੍ਰੇਣੀ ਦੇ ਵਿਰੁਧ ਵਿਦ੍ਰੋਹ ਹੀ ਸੀ। ਸਮਾਜਿਕ, ਆਰਥਿਕ ਅਤੇ ਰਾਜਨੀਤਕ ਸੁਤੰਤਰਤਾ ਦੀ ਅਮਲ ਵਿਚ ਤਾਂਘ ਜਾਂ ਕਲਪਨਾ ਭਗਤ-ਬਾਣੀ ਦਾ ਕੇਂਦਰ ਬਿੰਦੂ ਹੈ। ਇਸ ਤਰ੍ਹਾਂ ਮਧ-ਕਾਲੀ ਭਾਰਤੀ ਵਿਵਸਥਾ ਵਿਚ ਭਗਤ ਕੇਵਲ 'ਗਿਆਨ ਦਾਤੇ' ਹੀ ਨਹੀਂ ਸਗੋਂ 'ਮੁਕਤੀ ਦਾਤੇ' ਵੀ ਹਨ। ਇਹ ਮੁਕਤੀ ਕੇਵਲ ਆਤਮਿਕ ਸੁਤੰਤਰਤਾ ਹੀ ਨਹੀਂ ਸਗੋਂ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸੁਤੰਤਰਤਾ ਵੀ ਹੈ।

"**ਭਗਤ ਬਾਣੀ**" **ਇਕ ਅਧਿਐਨ ਡਾ. ਜਸਬੀਰ ਸਿੰਘ** ਦੁਆਰਾ ਰਚਿਤ ਇਕ ਮਹੱਤਵਪੂਰਨ ਰਚਨਾ ਹੈ। ਇਸ ਪੁਸਤਕ ਨੂੰ ਵੀ ਟਵਿੰਟੀ ਫਸਟ ਸੈਂਚਰੀ ਪਬਲੀਕੇਸ਼ਨ, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪੁਸਤਕ ਵਿਚ ਭਗਤ ਬਾਣੀ ਤੋਂ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤ ਬਾਣੀ ਤੋਂ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਕੁਲ ਪੰਦਰਾਂ ਭਗਤਾਂ ਦੀ ਬਾਣੀ ਦਰਜ ਹੈ ਜਿਹਨਾਂ ਵਿਚ ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਤ੍ਰਿਲੋਚਨ, ਭਗਤ ਜੈਦੇਵ, ਭਗਤ ਬੈਣੀ, ਭਗਤ ਭੀਖਣ, ਭਗਤ ਸੂਰਦਾਸ, ਭਗਤ ਪਰਮਾਨੰਦ, ਭਗਤ ਸੈਣਾ, ਭਗਤ ਪੀਪਾ, ਭਗਤ ਸਧਨਾ, ਭਗਤ ਰਾਮਾਨੰਦ, ਭਗਤ ਧੰਨਾ ਅਤੇ ਸੂਫ਼ੀ ਫਕੀਰ ਬਾਬਾ ਫਰੀਦ ਜੀ ਸ਼ਾਮਿਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਆਕਾਰ ਦੇ ਲਿਹਾਜ ਨਾਲ ਭਗਤ ਕਬੀਰ ਜੀ ਸਭ ਤੋਂ ਅੱਗੇ ਹਨ। ਉਹਨਾਂ ਦੇ 219 ਸ਼ਬਦ, 243 ਸ਼ਲੋਕ (ਜਿਹਨਾਂ ਵਿਚੋਂ 6 ਸਲੋਕ ਗੁਰੂ ਸਾਹਿਬਾਨ ਦੇ ਹਨ), ਇਕ ਬਾਵਨ ਅੱਖਰੀ, ਇਕ ਪੰਦ੍ਹਹ ਥਿਤੀ ਅਤੇ ਇਕ ਸਤਵਾਰਾ ਦਰਜ ਹਨ। ਨਾਮਦੇਵ ਜੀ ਦਾ ਬਾਣੀ ਦੇ ਆਕਾਰ ਪੱਖੋਂ ਦੂਜਾ ਅਤੇ ਰਵਿਦਾਸ ਜੀ ਦਾ ਤੀਸਰਾ ਸਥਾਨ ਹੈ। ਭਗਤ ਨਾਮਦੇਵ ਜੀ ਦੇ 61 ਸ਼ਬਦ ਅਤੇ ਭਗਤ

ਰਵਿਦਾਸ ਜੀ ਦੇ 40 ਸ਼ਬਦ ਦਰਜ ਕੀਤੇ ਗਏ ਹਨ। ਭਗਤ ਧੰਨਾ ਅਤੇ ਭਗਤ ਤ੍ਰਿਲੋਚਨ ਜੀ ਦੇ ਚਾਰ-ਚਾਰ ਸ਼ਬਦ, ਭਗਤ ਬੈਣੀ ਦੇ ਤਿੰਨ, ਭਗਤ ਜੈਦੇਵ ਤੇ ਭਗਤ ਭੀਖਣ ਦੇ ਦੋ-ਦੋ ਅਤੇ ਸੂਰਦਾਸ, ਪਰਮਾਨੰਦ, ਸਧਨਾ, ਸੈਣ, ਰਾਮਾਨੰਦ ਅਤੇ ਭਗਤ ਪੀਪਾ ਜੀ ਦਾ ਇਕ-ਇਕ ਸ਼ਬਦ ਦਰਜ ਹੋਇਆ ਹੈ। ਬਾਬਾ ਸੇਖ ਫਰੀਦ ਜੀ ਦੇ ਚਾਰ ਸ਼ਬਦ ਅਤੇ 130 ਸਲੋਕ (ਜਿਹਨਾਂ ਵਿਚੋਂ 18 ਸਲੋਕ ਗੁਰੂ ਸਾਹਿਬਾਨ ਦੇ ਹਨ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਏ ਹਨ।

"**ਸੰਤ ਨਾਮਦੇਵ**" **ਧਰਮਪਾਲ ਸਿੰਗਲ** ਦੁਆਰਾ ਲਿਖੀ ਗਈ ਹੈ। ਇਸ ਪੁਸਤਕ ਨੂੰ ਦੀਪਕ ਪਬਲੀਕੇਸ਼ਨ, ਜਲੰਧਰ ਦੁਆਰਾ 2011 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪੁਸਤਕ ਵਿਚ ਸੰਤ ਸ੍ਰੀ ਨਾਮਦੇਵ ਜੀ ਮਹਾਰਾਜ ਦੇ ਜੀਵਨ ਬਾਰੇ ਚੰਗੀ ਭਰਵੀਂ ਬਹਿਸ ਕੀਤੀ ਗਈ ਹੈ ਅਤੇ ਨਾਮਦੇਵ ਜੀ ਦੇ ਜੀਵਨ ਬਾਰੇ ਮਿਲਦੇ ਸਭ ਮਹੱਤਵਪੂਰਨ ਸਰੋਤਾਂ ਦੀ ਪੁਣਛਾਣ ਕਰਕੇ ਪਹਿਲੀ ਵਾਰੀ ਠੋਸ, ਪ੍ਰਮਾਣਿਕ ਅਤੇ ਵਰਣਨ ਯੋਗ ਸਿੱਟੇ ਕੱਢੇ ਗਏ ਹਨ। ਇਸ ਤੋਂ ਛੁੱਟ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਨਾਮਦੇਵ ਬਾਣੀ ਤਾਂ ਰਖੀ ਹੀ ਗਈ ਹੈ, ਇਸ ਤੋਂ ਛੁੱਟ ਹੋਰ ਬਾਣੀ ਵੀ ਇਕੱਤਰ ਕਰਕੇ ਪਹਿਲੀ ਵਾਰੀ ਪੰਜਾਬੀ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਮਹਾਰਾਸ਼ਟਰ ਸਰਕਾਰ ਨੇ ਆਪਣੇ ਇਸ ਪੁਰਾਤਨ ਤੇ ਰੱਬ ਰੂਪ ਸੰਤ ਦੀ ਸਮੁਚੀ ਹਿੰਦੀ ਤੇ ਮਰਾਠੀ ਬਾਣੀ 'ਨਾਮਦੇਵ ਗਾਥਾ' ਨਾਂ ਦੇ ਇਕ ਵਡ-ਆਕਾਰੀ ਗ੍ਰੰਥ ਵਿਚ ਪ੍ਰਕਾਸ਼ਿਤ ਕੀਤੀ ਹੈ। ਉਸੇ ਪੁਸਤਕ ਵਿਚ ਸੰਤ ਨਾਮਦੇਵ ਜੀ ਦੀ 'ਹਿੰਦੀ ਪਦਾਵਲੀ' ਵੀ ਦਰਜ ਹੈ। ਇਸ ਵਿਚ ਦਰਜ ਸ਼ਬਦਾਂ (ਅਭੰਗਾਂ) ਦੀ ਗਿਣਤੀ 227 ਹੈ। ਇਸ ਤੋਂ ਛੁੱਟ 13 ਸਾਖੀਆਂ ਵੀ ਦਰਜ ਕੀਤੀਆਂ ਗਈਆਂ ਹਨ। ਪੰਜਾਬੀ ਲਈ ਇਹ ਸਭ ਨਵੀਂ ਸਮੱਗਰੀ ਹੈ।

'**ਕਬੀਰ ਬਾਣੀ: ਬਹੁਪੱਖੀ ਅਧਿਐਨ**' **ਡਾ. ਸੁਰਿੰਦਰ ਬੰਗੜ**' ਦੁਆਰਾ ਰਚਿਤ ਪੁਸਤਕ ਮਹੱਤਵਪੂਰਨ ਕਿਤਾਬ ਹੈ। ਇਸ ਪੁਸਤਕ ਨੂੰ ਦੀਪਕ ਪਬਲਿਸ਼ਰ, ਜਲੰਧਰ ਦੁਆਰਾ 2011 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਡਾ. ਸੁਰਿੰਦਰ ਬੰਗੜ ਦੀ ਅਹਿਮ ਰਚਨਾ ਹੈ। ਭਗਤ ਕਬੀਰ ਜੀ ਦਾ ਮੱਧਕਾਲੀਨ ਮਹਾਂਪੁਰਸ਼ਾਂ ਦੇ ਭਗਤੀ-ਖੇਤਰ ਵਿਚ ਅਤਿ ਮਹੱਤਵਪੂਰਨ, ਫ਼ਖ਼ਰਯੋਗ ਸਥਾਨ ਪ੍ਰਵਾਨ ਕੀਤਾ ਜਾਂਦਾ ਹੈ। ਧਰਮ-ਚਿੰਤਨ ਖੇਤਰ ਵਿਚ ਉਹ, ਆਪਣੇ ਸਮੇਂ ਦੇ ਹਰਮਨ ਪਿਆਰੇ, ਲੋਕ ਹਿਤਕਾਰੇ, ਰਾਣਾ ਤੇ ਰੰਕ ਦੋਵਾਂ ਧਿਰਾਂ ਵਲੋਂ ਸਤਿਕਾਰੇ ਜਾਣ ਵਾਲੇ ਤੇਜਸਵੀ ਸਿਤਾਰੇ ਸਨ। ਇਸ ਮਾਣ-ਸਨਮਾਨ

ਦਾ ਮੂਲ ਕਾਰਨ ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਉਨ੍ਹਾਂ ਦੀ ਬਾਣੀ ਵਿਚਲੇ ਉਹ ਸਿਧਾਂਤ ਜਿਨ੍ਹਾਂ ਦਾ ਪ੍ਰਮੁੱਖ ਸਰੋਕਾਰ ਸੀ ਮਾਨਵ-ਸਰੀਰ, ਮਾਨਵ ਸੋਚ, ਮਾਨਵ-ਆਤਮਾ ਅਤੇ ਮਾਨਵ ਦੁੱਖ-ਦਰਦ ਸੀ। ਮਾਨਵ-ਸਮਾਜ ਦੇ ਹਰ ਖੇਤਰ ਵਿਚ ਜੋ ਕੀਰਤੀਮਾਨ ਉਨ੍ਹਾਂ ਨੇ ਆਪਣੇ ਸਮੇਂ ਵਿਚ ਸਥਾਪਤ ਕੀਤੇ ਸਨ ਉਹ ਅੱਜ ਵੀ ਮਨੁੱਖ ਨੂੰ ਧਰਵਾਸ (Satisfaction) ਅਤੇ ਸਾਹਸ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਤੇ ਸਾਰਥਿਕ ਦਿਸਦੇ ਹਨ। ਸ਼ਾਇਦ ਏਹੋ ਪਰਖ ਕਸਵੱਟੀ ਸ੍ਰੀਗੁਰੂ ਅਰਜਨ ਦੇਵ ਜੀ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹੀ ਜਿਸ ਦੇ ਆਧਾਰ ਤੇ ਉਨ੍ਹਾਂ ਨੇ ਭਗਤ ਕਬੀਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰਯੋਗ ਸਥਾਨ ਦਿੱਤਾ। ਸਿੱਟਾ ਇਹ ਹੈ ਕਿ ਸਿੱਖ ਧਰਮ ਵਿਚ ਅੱਜ ਭਗਤ ਕਬੀਰ-ਬਾਣੀ ਵੀ 'ਸ਼ਬਦ ਗੁਰੂ' ਦੇ ਰੂਪ ਵਿਚ ਇਕ ਸਮਾਨ ਸਤਿਕਾਰੀ, ਪਿਆਰੀ ਅਤੇ ਪੂਜੀ ਜਾਂਦੀ ਹੈ।

ਪੁਸਤਕ '**ਗੁਰੂ ਰਵਿਦਾਸ ਬਾਣੀ**', **ਡਾ. ਸੁਰਿੰਦਰ ਬੰਗੜ** ਦੁਆਰਾ ਲਿਖੀ ਗਈ ਹੈ। ਇਸ ਪੁਸਤਕ ਨੂੰ ਦੀਪਕ ਪਬਲਿਸ਼ਰ ਜਲੰਧਰ ਦੁਆਰਾ 2011 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਅਨੁਸਾਰ ਆਪਾ-ਧਾਪੀ ਤੇ ਹਨੇਰ ਗਰਦੀ ਦੇ ਜੁੱਗ ਵਿਚ ਸੰਤ-ਸਤਿਗੁਰੂ ਰਵਿਦਾਸ ਜੀ ਨੇ ਸਦੀਆਂ ਤੋਂ ਪੀੜਤ ਦਲਿਤਾਂ ਦੀ ਬਾਂਹ ਫੜੀ, ਉਨ੍ਹਾਂ ਦਾ ਸਹਾਰਾ ਬਣੇ, ਉਨ੍ਹਾਂ ਵਿਚ ਸੁੱਤੀ ਆਤਮਿਕ ਸ਼ਕਤੀ ਨੂੰ ਜਗਾ ਕੇ ਉਨ੍ਹਾਂ ਦੇ ਦਿਲਾਂ ਅੰਦਰ ਸਵੈ-ਮਾਣ, ਸਵੈ-ਭਰੋਸਾ ਤੇ ਸਵੈ-ਸ਼ਕਤੀ ਦਾ ਸੰਚਾਰ ਕਰਕੇ ਸਮੁੱਚੇ ਭਾਰਤੀ ਸਮਾਜ ਵਿਚ ਸੁੱਚੀਆਂ ਸਦਾਚਾਰਕ ਕੀਮਤਾਂ ਨੂੰ ਪੁਨਰ-ਸੁਰਜੀਤ ਕੀਤਾ। ਆਧੁਨਿਕ ਯੁੱਗ ਵਿਚ ਭਗਤ ਰਵਿਦਾਸ ਜੀ ਦੇ ਵਿਅਕਤਿਤਵ, ਜੀਵਨ-ਦਰਸ਼ਨ ਅਤੇ ਬਾਣੀ ਉਪਰ ਗੰਭੀਰ ਖੋਜ ਹੋ ਰਹੀ ਹੈ। ਇਸ ਪੁਸਤਕ ਦੇ ਲੇਖਕ ਡਾ. ਸੁਰਿੰਦਰ ਬੰਗੜ ਸੰਤ-ਸਾਹਿਤ ਦੇ ਸੰਜੀਦਾ ਖੋਜੀ ਹਨ। ਮੱਧਕਾਲ ਦੇ ਮਹਾਨ ਸੰਤ-ਸਤਿਗੁਰੂ ਕਬੀਰ ਜੀ ਦੇ ਚਿੰਤਨ ਉਪਰ ਸ਼ੋਧ-ਪ੍ਰਬੰਧ ਪ੍ਰਸਤੁਤ ਕਰਕੇ ਡਾ. ਬੰਗੜ ਨੇ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਇਸ ਪੁਸਤਕ ਵਿਚ ਸ਼ਾਮਲ ਲੇਖਕ ਦੇ ਪੰਜੇ ਖੋਜ-ਨਿਬੰਧ ਗੁਰੂ ਰਵਿਦਾਸ ਜੀ ਦੀ ਮਾਨਵਤਾਵਾਦੀ ਵਿਚਾਰਧਾਰਾ ਨੂੰ ਅਭੀਵਿਅਕਤ ਕਰਦੇ ਹਨ। ਮੱਧਕਾਲ ਦੇ ਦੋਨੋਂ ਮਹਾਨ ਸੰਤ-ਭਗਤ ਕਬੀਰ ਜੀ ਅਤੇ ਭਗਤ ਸ੍ਰੀ ਰਵਿਦਾਸ ਜੀ ਸਦੀਆਂ ਉਪਰੰਤ ਭਾਰਤ ਦੇ ਪੀੜਤ, ਪਦ-ਦਲਿਤ ਅਤੇ ਪਿਛੜੇ ਹੋਏ ਲੋਕਾਂ ਨੂੰ ਆਪਣੇ ਰਹਿਨੁਮਾਂ ਵਲੋਂ ਮਿਲੇ, ਜੋ ਨਾ ਕੇਵਲ ਉਨ੍ਹਾਂ ਦੇ ਦੁਖਾਂ, ਦਰਦਾਂ ਅਤੇ ਪੀੜਾਂ ਦੇ ਯਥਾਰਥ ਨੂੰ ਸਮਝਦੇ ਹੀ ਸਨ, ਬਲਕਿ ਇਨ੍ਹਾਂ ਮਹਾਨ ਸੰਤਾਂ ਨੇ ਖ਼ੁਦ ਆਪਣੇ

ਪਿੰਡੇ 'ਤੇ ਇਨ੍ਹਾਂ ਦਰਦਾਂ ਨੂੰ ਹੰਢਾਇਆ ਸੀ।

ਪੁਸਤਕ "**ਭਗਤ ਸਿਧਾਂਤ ਅਤੇ ਮੱਧਕਾਲੀਨ ਭਗਤੀ ਕਾਵਿ" ਡਾ. ਲੱਕੀ ਸ਼ਰਮਾ** ਦੁਆਰਾ ਲਿਖੀ ਗਈ ਹੈ। ਇਸ ਕਿਤਾਬ ਨੂੰ ਸੁੰਦਰ ਬੁੱਕ ਡੀਪੋ, ਜਲੰਧਰ, ਦੁਆਰਾ 2015 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਸਗੁਣ ਅਤੇ ਨਿਰਗੁਣ ਦੇ ਫੇਰ ਵਿਚ ਫਸਿਆ ਮਨੁੱਖ ਬਹੁਤੀ ਵਾਰ ਭਗਤੀ ਦੇ ਮੂਲ ਆਸ਼ੇ ਨੂੰ ਸਮਝਣ ਤੋਂ ਵਾਂਝਿਆ ਰਹਿ ਜਾਂਦਾ ਹੈ। 'ਭਗਤੀ' ਭਾਵ ਦੀ ਮਾਂ ਹੈ ਅਤੇ 'ਭਾਵ' ਚਾਹੇ ਸਗੁਣ ਰੂਪ ਨਾਲ ਜੁੜਿਆ ਹੋਵੇ ਜਾਂ ਨਿਰਗੁਣ ਨਾਲ, ਸ਼ਰਧਾ ਤੇ ਪ੍ਰੇਮ ਨਾਲ ਇੱਕ ਰੂਪ ਹੋਣਾ ਚਾਹੀਦਾ ਅਤੇ ਹਰ ਭਾਵ ਪ੍ਰਭੂ ਦੇ ਦਰ 'ਤੇ ਭਗਤੀ ਦੇ ਰੂਪ ਵਿਚ ਸਿਰ ਮੱਥੇ 'ਤੇ ਸਵੀਕਾਰਿਆ ਜਾਂਦਾ ਹੈ ਕਿਉਂਕਿ ਪ੍ਰਭੂ ਪਦਾਰਥਾਂ ਦਾ ਨਹੀਂ, ਭਾਵ ਦਾ ਭੁੱਖਾ ਹੈ। ਉਹ ਮਿੱਠੇ ਦਾ ਨਹੀਂ, ਮਿਠਾਸ ਭਰੇ ਭਾਵਾਂ ਦੀ ਤਾਂਘ ਰੱਖਦਾ ਹੈ। ਬੇਸ਼ੱਕ ਭਗਤੀ ਦੇ ਬੀਜ ਭਾਰਤ ਦੇ ਅਧਿਆਤਮਕ ਗ੍ਰੰਥਾਂ ਵੇਦਾਂ, ਉਪਨਿਸ਼ਦਾਂ, ਭਾਗਵਤ ਪੁਰਾਣ, ਗੀਤਾ ਵਿਚ ਪਏ ਹਨ ਅਤੇ ਸ਼ਾਂਡਿਲਯ ਤੇ ਨਾਰਦ ਮੁਨੀ ਦੇ ਭਗਤੀ ਸੂਤਰ ਇਨ੍ਹਾਂ ਨੂੰ ਸਿਧਾਂਤ ਰੂਪ ਵਿਚ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ, ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਦੱਖਣ ਦੇ ਵੈਸ਼ਣਵ ਅਲਵਾਰ ਤੇ ਸ਼ੈਵ ਆਡਿਆਰ ਅਤੇ ਭਗਤੀ ਦੇ ਹੋਰ ਆਚਾਰੀਆ ਅਤੇ ਸਭ ਤੋਂ ਵੱਧ ਰੂਪ ਗੋਸੁਆਮੀ ਵੱਲੋਂ ਰਚਿਆ ਗ੍ਰੰਥ 'ਹਰਿ ਰਸਾਮ੍ਰਿਤ ਸਿੰਧੂ' ਭਗਤੀ ਦੇ ਸ਼ਾਸਤ੍ਰੀ ਵਿਵੇਚਨ ਦਾ ਆਧਾਰ ਬਣਦੇ ਹਨ।

"**ਧਰਮ ਅਧਿਐਨ ਅਤੇ ਸਿੱਖ ਅਧਿਐਨ" ਡਾ. ਦਰਸ਼ਨ ਸਿੰਘ** ਦੁਆਰਾ ਲਿਖੀ ਗਈ ਹੈ। ਇਸ ਪੁਸਤਕ ਨੂੰ 2008 ਵਿਚ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਪੁਸਤਕ ਦਾ ਪਹਿਲਾ ਭਾਗ "ਧਰਮ ਅਧਿਐਨ" ਵਿਸ਼ੇ ਨਾਲ ਸੰਬੰਧਿਤ 12 ਲੇਖਕਾਂ ਵਿਚ ਧਰਮ ਦੀ ਪਰਿਭਾਸ਼ਾ, ਰਹੱਸਵਾਦ, ਧਰਮ ਅਧਿਐਨ ਦੀਆਂ ਵੱਖ-ਵੱਖ ਪਹੁੰਚ-ਵਿਧੀਆਂ ਅਤੇ ਧਰਮ ਤੇ ਆਧੁਨਿਕਤਾ ਸੰਬੰਧੀ ਸਮੱਸਿਆਵਾਂ ਨੂੰ ਸਮਰਪਿਤ ਹੈ ਅਤੇ ਐਮ.ਏ. ਧਰਮ ਅਧਿਐਨ ਦੇ ਪਹਿਲੇ ਪਰਚੇ ਦਾ ਤਿੰਨ ਚੌਥਾਈ ਭਾਗ ਇਸ ਦੇ ਕਲਾਵੇ ਵਿਚ ਆ ਜਾਂਦਾ ਹੈ। ਇਸ ਵਿਸ਼ੇ ਸਬੰਧੀ ਪੰਜਾਬੀ ਭਾਸ਼ਾ ਵਿਚ ਤਿਆਰ ਕੀਤਾ ਇਹ ਪਹਿਲਾ ਕੰਮ ਹੈ ਅਤੇ ਐਮ.ਏ. ਧਰਮ ਅਧਿਐਨ ਦੇ ਵਿਦਿਆਰਥੀਆਂ ਲਈ ਇਕੋ ਇਕ ਪੰਜਾਬੀ ਭਾਸ਼ਾ ਵਿਚ ਉਪਲਬਧ ਪੁਸਤਕ ਹੋਵੇਗੀ। ਇਸ ਵਿਚ ਸ਼ਾਮਲ ਸਮੱਗਰੀ ਨੂੰ ਹਰ ਤਰ੍ਹਾਂ ਪ੍ਰਮਾਣਿਕ ਸਰੋਤਾਂ ਉਤੇ ਆਧਾਰਿਤ ਰੱਖ ਕੇ ਇਹ ਕਾਰਜ

ਵਿਦਿਆਰਥੀਆਂ ਲਈ ਅੱਗੋਂ ਤੋਂ ਅੰਗਰੇਜ਼ੀ ਭਾਸ਼ਾ ਵਿਚ ਪ੍ਰਾਪਤ ਪੁਸਤਕਾਂ ਦੇ ਸੁਤੰਤਰ ਅਧਿਐਨ ਲਈ ਰਾਹ ਖੋਲ੍ਹਦਾ ਹੈ। ਇਹਨਾਂ ਸਭ ਲੇਖਕਾਂ ਦੇ ਇਕ ਪੁਸਤਕ ਰੂਪ ਵਿਚ ਛਪ ਜਾਣ ਨਾਲ ਐਮ.ਏ. ਧਰਮ ਅਧਿਐਨ ਦੇ ਵਿਦਿਆਰਥੀਆਂ ਦੀ ਇਕ ਜਾਇਜ਼ ਸ਼ਿਕਾਇਤ-ਕਿ ਉਹਨਾਂ ਨੂੰ ਧਰਮ ਅਧਿਐਨ ਦੇ ਸਿਧਾਂਤ ਪੱਖ ਨਾਲ ਸਬੰਧਿਤ ਪੰਜਾਬੀ ਵਿਚ ਕੋਈ ਪੁਸਤਕ ਨਹੀਂ ਮਿਲਦੀ ਦੂਰ ਹੋ ਜਾਵੇਗੀ। ਅਗਾਂਹ ਤੋਂ ਇਸ ਖੇਤਰ ਵਿਚ ਪੰਜਾਬੀ ਭਾਸ਼ਾ ਵਿਚ ਲਿਖੀਆਂ ਜਾਣ ਵਾਲੀਆਂ ਅਨੇਕਾਂ ਪੁਸਤਕਾਂ ਲਈ ਇਹ ਦਿਸ਼ਾ ਨਿਰਦੇਸ਼ ਦਾ ਕੰਮ ਵੀ ਕਰੇਗੀ। ਧਰਮ ਸਬੰਧੀ ਅਨੇਕਾਂ ਸੁਤੰਤਰ ਖੇਤਰਾਂ ਨਾਲ ਸਬੰਧਿਤ ਸਮੱਗਰੀ ਦੀ ਸ਼ਬਦਾਵਲੀ ਅਤੇ ਵਿਚਾਰਾਂ ਨੂੰ ਜਿਸ ਤਰ੍ਹਾਂ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ, ਵਿਚਾਰਾਂ ਤੇ ਅਨੁਭਵ ਨਾਲ ਜੋੜਨ ਲਈ ਜੋ ਸਾਧਨਾ ਤੇ ਜਦੋ ਜ਼ਹਿਦ ਇਥੇ ਕਰਨਾ ਪਿਆ ਹੈ ਉਹ ਪੁਸਤਕ ਦੇ ਇਸ ਭਾਗ ਨੂੰ ਸਾਰਥਕਤਾ ਦੇ ਮੁੱਲ ਪ੍ਰਦਾਨ ਕਰਦਾ ਹੈ।

"**ਦਲਿਤ ਸਾਹਿਤ ਦਾ ਸੁਹਜ ਸ਼ਾਸਤਰ**" **ਡਾ. ਗਿਆਨ ਬੱਲ** ਦੁਆਰਾ ਰਚਿਤ ਪੁਸਤਕ ਹੈ। ਇਸ ਪੁਸਤਕ ਨੂੰ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦੁਆਰਾ 2014 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਪੁਸਤਕ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਹਿੱਸੇ ਵਿਚ ਉਹਨਾਂ ਸਮਾਜਿਕ ਤੇ ਸੱਭਿਆਚਾਰਕ ਲਹਿਰਾਂ ਅਤੇ ਇਹਨਾਂ ਦੇ ਸਿਰਜਕਾਂ ਦਾ ਵਰਨਣ ਕੀਤਾ ਹੈ ਤਾਂ ਕਿ ਦਲਿਤ ਸਾਹਿਤ ਤੇ ਚਿੰਤਨ ਦੀ ਪਿੱਠ ਭੂਮੀ ਦੀ ਸਮਝ ਆ ਸਕੇ। ਦੂਜੇ ਹਿੱਸੇ ਵਿਚ ਦਲਿਤ ਸਾਹਿਤ ਬਾਰੇ ਕੁੱਝ ਲੇਖ ਸ਼ਾਮਿਲ ਕੀਤੇ ਗਏ ਜਿਹੜੇ ਸਮੇਂ ਸਮੇਂ ਲਿਖੇ ਗਏ। ਤੀਜੇ ਹਿੱਸੇ ਵਿਚ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੇ ਲੇਖਕਾਂ, ਵਿਦਵਾਨਾਂ ਦੀਆਂ ਦਲਿਤ, ਵਿਚਾਰਕ ਮੁੱਦਿਆਂ ਨਾਲ ਸੰਬੰਧਤ ਮੁਲਾਕਾਤਾਂ ਦਿੱਤੀਆਂ ਗਈਆ ਹਨ। ਦਲਿਤ ਸਵਾਲਾਂ ਬਾਰੇ ਦਲਿਤ ਸਾਹਿਤ ਦੀ ਸਿਰਜਣਾ ਕਰਨ ਵਾਲੇ ਲੇਖਕ ਕਿਵੇਂ ਸੋਚਦੇ ਹਨ। ਇਸ ਉਦੇਸ਼ ਲਈ ਵੱਖ ਵੱਖ ਭਾਸ਼ਾਵਾਂ ਵਿਚ ਦਲਿਤ ਸਾਹਿਤ ਦੀ ਸਿਰਜਣਾ ਕਰਨ ਵਾਲੇ ਲੇਖਕਾਂ ਰਾਹੀਂ ਹੀ ਸਪੱਸ਼ਟ ਕੀਤੇ ਜਾਣ ਤਾਂ ਜਵਾਬਾਂ ਵਿਚ ਪ੍ਰਮਾਣਿਕਤਾ ਵਧੇਰੇ ਹੋਵੇਗੀ। ਇਹ ਸਵਾਲ ਹਨ-ਦਲਿਤ ਕੌਣ ਹੁੰਦਾ ਹੈ? ਦਲਿਤ ਸਾਹਿਤ ਕੌਣ ਲਿਖ ਸਕਦਾ ਹੈ? ਭਾਵ ਕੀ ਗੈਰ ਦਲਿਤ ਪਿਛੋਕੜ ਵਾਲਾ ਲੇਖਕ ਵੀ ਇਸਦੀ ਰਚਨਾ ਕਰ ਸਕਦਾ ਹੈ? ਦਲਿਤ ਸਾਹਿਤ ਦਾ ਖੇਤਰ ਕੀ ਹੈ? ਦਲਿਤ ਸਾਹਿਤ ਦਾ ਸੌਂਦਰਯਾ ਕੀ ਹੈ? ਦਲਿਤ ਸਾਹਿਤ ਦਾ ਮਾਰਕਸਵਾਦੀ ਵਿਚਾਰਧਾਰਾ ਨਾਲ ਕੀ ਸੰਬੰਧ ਹੈ? ਦਲਿਤ ਸਾਹਿਤ ਦੇ

ਚਿੰਤਕਾਂ ਨੇ ਇਹਨਾਂ ਸਵਾਲਾਂ ਦੇ ਉੱਤਰ ਆਪਣੇ ਅਨੁਭਵਾਂ ਦੇ ਆਧਾਰ ਤੇ ਬਿਨਾਂ ਕਿਸੇ ਝਿਜਕ ਤੋਂ ਦਿੱਤੇ ਹਨ। ਭਾਵੇਂ ਕਿ ਦਲਿਤ ਸਾਹਿਤ ਦੇ ਸੁਹਜ ਸ਼ਾਸਤਰ ਬਾਰੇ ਹਿੰਦੀ ਭਾਸ਼ਾ ਵਿੱਚ ਹੁਣ ਤੱਕ ਅਨੇਕਾਂ ਪੁਸਤਕਾਂ ਛਪ ਚੁੱਕੀਆਂ ਹਨ ਪ੍ਰੰਤੂ ਪੰਜਾਬੀ ਭਾਸ਼ਾ ਵਿਚ ਇਸ ਵਿਸ਼ੇ ਉੱਤੇ ਬਹੁਤ ਘੱਟ ਕੰਮ ਹੋਇਆ ਹੈ। ਹਿੰਦੀ ਭਾਸ਼ਾ ਵਿਚ ਓਮ ਪ੍ਰਕਾਸ਼ ਵਾਲਮੀਕੀ ਤੇ ਮਰਾਠੀ ਭਾਸ਼ਾ ਵਿਚ ਸ਼ਰਣ ਕੁਮਾਰ ਲਿੰਬਾਲੇ ਨੇ ਇਹ ਕਾਰਜ ਕੀਤੇ ਹਨ।

ਪੁਸਤਕ '**ਸੰਤ ਕਬੀਰ**', **ਪ੍ਰੋ. ਬ੍ਰਹਮ ਜਗਦੀਸ਼ ਸਿੰਘ** ਦੁਆਰਾ ਰਚਿਤ ਹੈ। ਇਸ ਪੁਸਤਕ ਨੂੰ ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ ਦੁਆਰਾ 2006 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਹਿੰਦੁਸਤਾਨ ਦੀ ਭਗਤੀ ਕਾਵਿ ਪਰੰਪਰਾ ਵਿਚ ਸੰਤ ਕਬੀਰ ਜੀ ਇਕ ਅਤਿਅੰਤ ਗੌਰਵਮਈ ਮਹੱਤਵਪੂਰਨ ਸਥਾਨ ਰੱਖਦੇ ਹਨ। ਆਪ ਦੀ ਗਣਨਾ ਮਹਿਜ਼ ਸੁਧਾਰਵਾਦੀ ਜਾਂ ਅਧਿਆਤਮਵਾਦੀ ਕਵੀਆਂ ਵਿਚ ਹੀ ਨਹੀਂ ਕੀਤੀ ਜਾ ਸਕਦੀ ਬਲਕਿ ਆਪ ਸਹੀ ਅਰਥਾਂ ਵਿਚ ਇਕ ਕ੍ਰਾਂਤੀਕਾਰੀ ਮਹਾਂਪੁਰਖ ਸਨ। ਜਿੰਨੀ ਦ੍ਰਿੜਤਾ ਅਤੇ ਦਲੇਰੀ ਨਾਲ ਆਪ ਨੇ ਧਾਰਮਿਕ ਆਡੰਬਰਵਾਦ ਉਪਰ ਹੱਲਾ ਬੋਲਿਆ, ਉਸ ਦੀ ਮਿਸਾਲ ਭਗਤੀ ਕਾਵਿ ਪਰੰਪਰਾ ਵਿਚ ਬੜੀ ਘੱਟ ਮਿਲਦੀ ਹੈ। ਇਸ ਦ੍ਰਿਸ਼ਟੀ ਤੋਂ ਦੇਖਿਆ ਆਪ ਨੇ ਭਗਤੀ ਕਾਵਿ ਨੂੰ ਨਵੇਂ ਅਰਥ ਅਤੇ ਸ਼ਨਾਖ਼ਤ ਪ੍ਰਦਾਨ ਕੀਤੀ ਪ੍ਰਤੀਤ ਹੁੰਦੀ ਹੈ।

ਸੰਤ ਕਬੀਰ ਜੀ ਦੀ ਮਹਿਮਾ ਦਾ ਇਕ ਵੱਡਾ ਆਧਾਰ ਇਹ ਵੀ ਹੈ ਕਿ ਆਪ ਵਿਅਕਤੀ ਨੂੰ ਕਿਸੇ ਧਰਮ ਵਿਸ਼ੇਸ਼ ਨਾਲ ਜੋੜ ਕੇ ਜਾਂ ਉਸ ਨੂੰ ਕਿਸੇ ਸੰਪਰਦਾਇ ਦੇ ਵਰਗੀਕਰਨ ਵਿਚ ਬੰਨ੍ਹ ਕੇ ਨਹੀਂ ਸਨ ਵੇਖਦੇ। ਆਪ ਲਈ ਤੁਰਕ ਅਤੇ ਹਿੰਦੂ ਵਿਚ ਕੋਈ ਭਿੰਨ-ਭੇਦ ਨਹੀਂ ਸੀ। ਆਪ ਨੇ ਸੱਚੇ ਅਰਥਾਂ ਵਿਚ ਇਕ ਅਜਿਹੇ ਆਜ਼ਾਦ ਮਨੁੱਖ ਦੀ ਕਲਪਨਾ ਕੀਤੀ ਜੋ ਧਾਰਮਿਕ ਅਥਵਾ ਸੰਪਰਦਾਇਕ ਦੀਵਾਰਾਂ ਤੋਂ ਮੁਕਤ ਹੋਵੇ। ਆਪ ਕਿਸੇ ਵਿਸ਼ੇਸ਼ ਧਰਮ ਜਾਂ ਫ਼ਿਰਕੇ ਦੇ ਕਵੀ ਨਹੀਂ ਸਨ, ਬਲਕਿ ਇਨਸਾਨੀਅਤ ਦੇ ਸੱਚੇ-ਸੁੱਚੇ ਪੈਗ਼ੰਬਰ ਸਨ।

ਪੁਸਤਕ "**ਸਿੱਖ ਇਨਕਲਾਬ**" **ਜਗਜੀਤ ਸਿੰਘ** ਦੁਆਰਾ ਲਿਖੀ ਗਈ ਅਹਿਮ ਰਚਨਾ ਹੈ। ਇਸ ਪੁਸਤਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ 2000 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਯਾਦਗਾਰੀ ਕਿਰਤ ਰਾਹੀਂ ਸਿੱਖ ਇਨਕਲਾਬ ਦੀ ਗਾਥਾ ਨੂੰ ਸ਼ਬਦਾਂ ਵਿਚ

ਬੰਨ੍ਹਿਆ, ਜਿਸ ਤੋਂ ਇਨ੍ਹਾਂ ਨੂੰ ਪ੍ਰਸਿੱਧੀ ਅਤੇ ਨਾਲ ਹੀ ਪਛਾਣ-ਨਾਂ ਵੀ ਮਿਲਿਆ। ਇਸ ਪੁਸਤਕ ਵਿਚ ਉਨ੍ਹਾਂ ਇਨਕਲਾਬ ਦੇ ਪਰਖ-ਸੰਕਲਪ ਨੂੰ ਦੱਸਦੇ ਹੋਏ ਮੰਨਣਯੋਗ ਢੰਗ ਨਾਲ ਸਿੱਧ ਕੀਤਾ ਹੈ ਕਿ ਦੁਨੀਆਂ ਦੇ ਇਤਿਹਾਸ ਵਿਚ ਹੋਰ ਕੋਈ ਇਨਕਲਾਬ ਵਿਚਾਰਕ-ਧਰਾਤਲ 'ਤੇ ਏਨਾ ਮੂਲਕ ਤੇ ਬੁਨਿਆਦੀ ਨਹੀਂ, ਅਮਲ ਵਿਚ ਇੰਨਾ ਵਧੀਆ ਵਿਉਂਤਬੱਧ ਅਤੇ ਬਾਰੀਕਬੀਨ ਨਹੀਂ ਅਤੇ ਬੇਹੱਦ ਜਟਿਲ ਤੇ ਚੁਣੌਤੀਪੂਰਨ ਮਾਹੌਲ ਦੇ ਬਾਵਜੂਦ ਪ੍ਰਭਾਵ ਵਿਚ ਇੰਨਾ ਸਥਾਈ ਨਹੀਂ, ਜਿਹਾ ਕਿ ਗੁਰੂ ਨਾਨਕ ਸਾਹਿਬ ਵੱਲੋਂ ਲਿਆਂਦਾ ਗਿਆ ਇਨਕਲਾਬ ਹੈ। ਸ. ਜਗਜੀਤ ਸਿੰਘ ਦੀ ਦਲੀਲ ਹੈ ਕਿ ਇਨਕਲਾਬ ਕੋਈ ਬਗਾਵਤ ਨਹੀਂ ਅਤੇ ਨਾ ਹੀ ਇਕ ਜਾਬਰ ਬਦਲੇ ਦੂਜੇ ਜਾਬਰ ਦੀ ਕਾਇਮੀ ਹੈ। ਇਨਕਲਾਬ ਤਾਂ ਵਿਚਾਰਾਂ ਦਾ ਅਜਿਹਾ ਪਰਿਵਰਤਨ ਹੈ, ਜਿਹੜਾ ਸਰਵ-ਸੱਤਾਵਾਦੀ, ਅੱਤਿਆਚਾਰੀ, ਲੋਟੂ ਤੇ ਨਿਰਦਈ ਵਿਵਸਥਾ ਦੇ ਬਦਲ ਵਜੋਂ ਲੁੱਟ ਤੋਂ ਮੁਕਤ ਅਤੇ ਲੋਕਾਂ ਦੀਆਂ ਭਾਵਨਾਵਾਂ ਤੇ ਜ਼ਰੂਰਤਾਂ ਪ੍ਰਤੀ ਸੰਵੇਦਨਸ਼ੀਲ ਇਕ ਅਜਿਹੀ ਸਮਾਨਤਾਵਾਦੀ ਵਿਵਸਥਾ ਦਾ ਸੰਕਲਪ ਪੇਸ਼ ਕਰਦਾ ਹੈ, ਜਿਸ ਵਿਚ ਲੋਕ ਆਜ਼ਾਦੀ ਨਾਲ ਵਿਚਰ ਸਕਣ, ਬਗੈਰ ਕਿਸੇ ਵਿਤਕਰੇ ਤੋਂ। ਇਹੋ ਕੁਝ ਹੀ ਤਾਂ ਗੁਰੂ ਸਾਹਿਬ ਅਤੇ ਉਨ੍ਹਾਂ ਵੱਲੋਂ ਚਲਾਈ ਗਈ ਲਹਿਰ ਨੇ ਇਕ ਸਮੇਂ ਦੌਰਾਨ ਟਿਕਾਊ ਅਤੇ ਸਥਾਈ ਤੌਰ 'ਤੇ ਹਾਸਲ ਕੀਤਾ ਸੀ। ਸੋ ਇਹ ਸੱਚੇ ਅਰਥਾਂ ਵਿਚ ਇਕ ਅਸਲੀ ਇਨਕਲਾਬ ਸੀ।

"**ਗੁਰਮਤਿ ਦਰਪਨ**", **ਡਾ. ਰਘਵੀਰ ਸਿੰਘ ਭਰਤ** ਦੁਆਰਾ ਰਚਿਤ ਪੁਸਤਕ ਹੈ। ਇਸ ਪੁਸਤਕ ਨੂੰ ਤਰੁਣ ਆਰਟ ਪ੍ਰੈੱਸ, ਜਲੰਧਰ ਦੁਆਰਾ 2007 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਮੱਧ ਕਾਲੀਨ ਪੰਜਾਬੀ ਸਾਹਿਤ ਵਿੱਚ 'ਗੁਰਮਤਿ ਕਾਵਿ ਧਾਰਾ' ਜਾਂ 'ਗੁਰਮਤਿ ਕਾਵਿ ਪਰੰਪਰਾ' ਇਕ ਮਹੱਤਵਪੂਰਨ ਕਾਵਿ ਪਰੰਪਰਾ ਹੈ। ਇਹ ਵਿਲੱਖਣ ਤੇ ਉਤਕ੍ਰਿਸ਼ਟ ਕਾਵਿ, ਅਮਰ ਤੇ ਅਬਿਨਾਸ਼ੀ ਸਾਹਿਤ ਹੈ। ਡਾ. ਜੀਤ ਸਿੰਘ ਸੀਤਲ ਅਨੁਸਾਰ, "ਗੁਰਮਤਿ ਸਾਹਿਤ ਕੇਸਰ ਦਾ ਹੌਜ ਹੈ, ਜਿਸ 'ਚੋਂ ਸਰੋਤੇ ਤੇ ਪਾਠਕ ਆਬ-ਇ-ਹਯਾਤ ਪੀ ਪੀ ਅਮਰ ਹੁੰਦੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਜਨਮ ਮਰਨ ਤੋਂ ਨਵਿਰਤ ਤੇ ਮੁਕਤ ਹੋ ਜਾਂਦੇ ਹਨ।" ਗੁਰਮਤਿ ਸਾਹਿਤ ਦਾ ਇਹ ਅੰਮ੍ਰਿਤ, ਗੁਰਬਾਣੀ ਹੈ, ਗੁਰੂ ਕਾਵਿ ਹੈ। ਇਹ ਕਾਵਿ ਸੱਚੇ ਸੁੱਚੇ ਅਨੁਭਵ ਦਾ ਪ੍ਰਕਾਸ਼ ਹੈ। ਇਹ ਪ੍ਰਕਾਸ਼ ਸੱਚ ਦੀ ਪਛਾਣ ਕਰਕੇ ਆਤਮਿਕ ਅਨੰਦ ਦਿੰਦਾ ਹੈ। ਇਹ 'ਖਸਮ ਕੀ ਬਾਣੀ' ਹੈ, ਗਿਆਨ ਦਾ ਭੰਡਾਰ ਹੈ। ਇਹ ਕਾਵਿ 'ਧੁਰ ਕੀ ਬਾਣੀ ਹੈ।' ਪ੍ਰੋ.

ਪਿਆਰਾ ਸਿੰਘ ਪਦਮ ਅਨੁਸਾਰ, "ਅਸਲੀਅਤ ਇਹ ਹੈ ਕਿ ਗੁਰੂਆਂ ਦੀ ਆਤਮਾ ਉਸ ਪਰਮ ਸੱਚ ਨਾਲ ਇਕਮਿਕ ਹੋ ਕੇ ਹੀ ਇਸ 'ਧੁਰ ਦੀ ਬਾਣੀ' ਨੂੰ ਸ਼ਬਦ ਰੂਪ ਵਿੱਚ ਲਿਆਉਂਦੀ ਹੈ। ਉਹੋ ਰੱਬੀ ਹੁਕਮ ਹੀ ਸ਼ਬਦ ਰੂਪ ਵਿੱਚ ਆ ਕੇ ਗੁਰਬਾਣੀ ਦੇ ਨਾਮ ਨਾਲ ਯਾਦ ਕੀਤਾ ਗਿਆ।" ਇਹ ਗੁਰਬਾਣੀ ਸਤਿਗੁਰਾਂ ਦੇ ਬਚਨ ਹਨ ਤੇ ਇਹ ਬਚਨ ਗਹਿਰ ਗੰਭੀਰ ਵੀ ਹਨ।

ਪੁਸਤਕ "**ਔਰਤ ਤੇ ਦਲਿਤ**", **ਡਾ. ਰਵਿੰਦਰ ਕੁਮਾਰ** ਦੁਆਰਾ ਰਚਿਤ ਹੈ। ਇਸ ਪੁਸਤਕ ਨੂੰ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦੁਆਰਾ 2005 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਅਨੁਸਾਰ ਪਿਛਲੇ ਕੁਝ ਦਹਾਕਿਆਂ ਦੇ ਬਿਜਲਈ ਬਦਲਾਵ ਸਾਨੂੰ ਨਵੀਆਂ ਸਥਿਤੀਆਂ/ਵੰਗਾਰਾਂ ਦੇ ਸਨਮੁਖ ਖੜ੍ਹਾ ਕਰਦੇ ਹਨ। ਨਵਾਂ ਗਿਆਨ ਨਵੀਂ ਚੇਤਨਾ ਦਾ ਵਾਹਕ ਬਣਦਾ ਹੈ। ਹੁਣ ਤੱਕ ਹਾਸ਼ੀਏ 'ਤੇ ਰਹੀਆਂ ਧਿਰਾਂ ਕੇਂਦਰ ਵੱਲ ਵਧਣ ਲਈ ਅਗਰਸਰ ਹੁੰਦੀਆਂ ਹਨ। ਉੱਤਰ-ਬਸਤੀਵਾਦੀ ਦੌਰ ਦੀਆਂ ਹਾਸ਼ੀਆਗਤ ਸ਼੍ਰੇਣੀਆਂ (ਔਰਤ ਅਤੇ ਦਲਿਤ) ਨਾਰੀ ਚੇਤਨਾ ਅਤੇ ਦਲਿਤ ਚੇਤਨਾ ਤੋਂ ਅੰਤਰ ਦ੍ਰਿਸ਼ਟੀਆਂ ਪ੍ਰਾਪਤ ਕਰਕੇ ਹੁਣ ਤੱਕ ਹਾਵੀ ਸ਼ਕਤੀਸ਼ਾਲੀ ਵਿਸ਼ਿਸ਼ਟ ਵਰਗਾਂ ਦੇ ਪ੍ਰਵਚਨ ਅੱਗੇ ਚੁਣੌਤੀ ਪੇਸ਼ ਕਰਦੀਆਂ ਹਨ। ਇਸ ਦੌਰ ਵਿਚ ਹੀ ਨਵ-ਇਤਿਹਾਸਵਾਦ ਅਤੇ ਹਾਸ਼ੀਆਗਤ ਅਧਿਐਨ ਵਰਗੀਆਂ ਅੰਤਰਦ੍ਰਿਸ਼ਟੀਆਂ ਜਨਮ ਲੈਂਦੀਆਂ ਹਨ ਜੋ ਸਾਹਿਤ ਵਿਚ ਬਦਲ ਰਹੇ ਸਮੀਕਰਣਾਂ ਦੀ ਵਿਆਖਿਆ ਲਈ ਸਹਾਇਕ ਸਿੱਧ ਹੁੰਦੀਆਂ ਹਨ। ਪੰਜਾਬੀ ਸਾਹਿਤ ਹਾਸ਼ੀਆਗਤ ਸ਼੍ਰੇਣੀਆਂ ਦੀ ਪੇਸ਼ਕਾਰੀ ਕਿਵੇਂ ਕਰਦਾ ਹੈ ਅਤੇ ਇਹ ਨਵ-ਇਤਿਹਾਸਵਾਦੀ ਵਿਧੀ ਕਿਵੇਂ ਇਸ ਪੇਸ਼ਕਾਰੀ ਨੂੰ ਵਿਆਖਿਆਉਂਦੀ ਹੈ, ਇਸ ਪ੍ਰਸੰਗ ਵਿਚ ਪੰਜਾਬੀ ਕਹਾਣੀ (1980-2000) ਵਿਚ ਨਿਰੂਪਤ ਹਾਸ਼ੀਆਗਤ ਸ਼੍ਰੇਣੀਆਂ ਦਾ ਨਵ-ਇਤਿਹਾਸਵਾਦੀ ਪਰਿਪੇਖ ਔਰਤ ਅਤੇ ਦਲਿਤਾਂ ਦੇ ਵਿਸ਼ੇਸ਼ ਸੰਦਰਭ ਵਿਚ ਸਿਰਜਣਾ ਇਕ ਮਹੱਤਵਪੂਰਨ ਅਤੇ ਸਾਰਥਕ ਕਾਰਜ ਬਧ ਹੋ ਜਾਂਦਾ ਹੈ।

**'ਗੁਰੂ ਨਾਰੀ ਜੀਵਨ ਵਿਹਾਰ' ਡਾ. ਮਹਿੰਦਰ ਕੌਰ ਗਿੱਲ** ਦੁਆਰਾ ਲਿਖੀ ਬਹੁਤ ਮਹੱਤਵਪੂਰਨ ਰਚਨਾ ਹੈ। ਇਸ ਪੁਸਤਕ ਨੂੰ ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ ਦੁਆਰਾ 2016 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਗੁਰੂ ਘਰ ਨਾਲ ਸੰਬੰਧਿਤ ਬੀਬੀਆਂ ਆਪੋ ਆਪਣੇ ਸਮੇਂ ਵਿਚ ਅਜਿਹੀਆਂ ਕਦਰਾਂ-ਕੀਮਤਾਂ ਦੇ ਪੂਰਨੇ ਪਾ ਗਈਆਂ ਜਿਹਨਾਂ ਨਾਲ ਤਤਕਾਲੀਨ ਸਿੱਖ-ਸੰਗਤ ਨੂੰ ਤਾਂ ਲਾਭ ਹੋਇਆ

ਹੀ ਸੀ ਪਰ ਆਉਣ ਵਾਲੀਆਂ ਨਸਲਾਂ ਵੀ ਸਦਾ ਇਹਨਾਂ ਤੋਂ ਲਾਭਵੰਤ ਹੁੰਦੀਆਂ ਰਹਿਣਗੀਆਂ। ਗੁਰੂ ਪਰਿਵਾਰ ਨਾਲ ਸੰਬੰਧਿਤ ਬੀਬੀਆਂ ਨੇ ਵੰਨ-ਸੁਵੰਨੇ ਉਚੇਰੇ ਆਦਰਸ਼ਾਂ ਦੀ ਪ੍ਰਤੀਨਿਧਤਾ ਕੀਤੀ ਹੈ। ਇਹਨਾਂ ਆਦਰਸ਼ਾਂ ਦਾ ਸੰਬੰਧ ਘਰੇਗੀ ਜੀਵਨ ਨਾਲ ਵੀ ਹੈ ਤੇ ਸਮਾਜਿਕ, ਰਾਜਨੀਤਕ ਅਤੇ ਅਧਿਆਤਮਿਕ ਖੇਤਰ ਨਾਲ ਵੀ। ਗੁਰੂ ਪਰਿਵਾਰ ਦੀਆਂ ਬੀਬੀਆਂ ਦਾ ਸਾਹਿਤਕ ਯੋਗਦਾਨ ਵੀ ਮਹੱਤਵਪੂਰਣ ਹੈ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਨੇ ਦਸਮ ਬਾਣੀ ਦੇ ਸੰਪਾਦਨ ਕਰਨ ਵਿਚ ਨਿਗਰ ਯੋਗਦਾਨ ਤਾਂ ਦਿੱਤਾ ਹੀ ਹੈ ਪਰ ਇਨ੍ਹਾਂ ਤੋਂ ਇਲਾਵਾ ਬੀਬੀ ਰੂਪ ਕੌਰ ਜੋ ਗੁਰੂ ਹਰਿ ਰਾਇ ਜੀ ਦੀ ਸਪੁੱਤਰੀ ਸੀ, ਨੇ ਜਨਮ ਸਾਖੀਆਂ ਵਿਚੋਂ 32 ਸਾਖੀਆਂ ਇਕ ਥਾਂ ਸੰਗ੍ਰਹਿ ਕਰਕੇ ਗੁਰੂ ਘਰ ਵਿਚ ਪਹਿਲੀ ਸੰਪਾਦਿਕਾ ਬੀਬੀ ਦੇ ਤੌਰ 'ਤੇ ਸਾਹਮਣੇ ਆਈ। ਅੱਜ ਕੱਲ ਇਹ ਸੰਗ੍ਰਹਿ "ਬੀਬੀ ਰੂਪ ਕੌਰ ਦੀਆਂ ਸਾਖੀਆਂ" ਦੇ ਨਾਮ ਨਾਲ ਪ੍ਰਸਿੱਧ ਹੈ। ਬੀਬੀ ਰੂਪ ਕੌਰ ਨਾ ਕੇਵਲ ਗੁਰੂ ਸਾਹਿਤ ਦੀ ਹੀ ਪ੍ਰਥਮ ਸੰਪਾਦਿਕਾ ਹੈ, ਸਗੋਂ ਪੰਜਾਬੀ ਸਾਹਿਤ ਵਿਚ ਉਹ ਸਰਬ ਪ੍ਰਥਮ ਸੰਪਾਦਿਕਾ ਹੈ।

"**ਸਿੱਖ ਧਰਮ: ਮਾਨਵਵਾਦੀ ਪਰਿਪੇਖ**", **ਡਾ. ਰਜਿੰਦਰ ਸਿੰਘ ਭੱਟੀ** ਦੁਆਰਾ ਸੰਪਾਦਿਤ ਅਹਿਮ ਕਿਤਾਬ ਹੈ। ਇਸ ਪੁਸਤਕ ਨੂੰ ਗਰੇਸ਼ੀਅਸ ਬੁਕਸ, ਪਟਿਆਲਾ ਦੁਆਰਾ 2014 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪੁਸਤਕ ਸਿੱਖ ਧਰਮ: ਮਾਨਵਵਾਦੀ ਪਰਿਪੇਖ ਵਿਚ ਉਨ੍ਹਾਂ ਖੋਜ ਪੱਤਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜੋ ਕਿ 17 ਅਗਸਤ 2012 ਨੂੰ ਗੁਰੂ ਗੋਬਿੰਦ ਸਿੰਘ ਚੇਅਰ ਵੱਲੋਂ 'ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ' ਦੇ ਸਹਿਯੋਗ ਨਾਲ ਕਰਵਾਏ ਗਏ ਸੈਮੀਨਾਰ ਵਿਚ ਪੇਸ਼ ਕੀਤੇ ਗਏ ਸਨ। ਇਹ ਪੁਸਤਕ ਪੰਜਾਬੀ ਸਾਹਿਤ ਵਿਚ ਸ਼ਲਾਘਾਯੋਗ ਕਦਮ ਹੈ ਕਿਉਂਕਿ ਅੱਜ ਦੇ ਤਜ਼ਾਰਤੀ ਯੁੱਗ ਵਿਚ ਕਿਤਾਬ ਛਪਾਉਣਾ ਕੋਈ ਸੌਖਾ ਕੰਮ ਨਹੀਂ ਹੈ, ਪਰ ਵਿਡੰਬਨਾ ਇਹ ਹੈ ਕਿ ਕਿਤਾਬ ਹੀ ਅਜੇ ਤੱਕ ਗਿਆਨ ਦਾ ਸਭ ਤੋਂ ਵੱਡਾ ਸੋਮਾ ਹੈ। ਇਸ ਪੁਸਤਕ ਵਿਚ ਕੁੱਲ 20 ਖੋਜ ਪੱਤਰ ਸ਼ਾਮਿਲ ਕੀਤੇ ਗਏ ਹਨ ਅਤੇ ਇਨ੍ਹਾਂ ਸਾਰੇ ਖੋਜ ਪੱਤਰਾਂ ਵਿਚ ਸਿੱਖ ਧਰਮ, ਸਾਹਿਤ ਅਤੇ ਇਤਿਹਾਸ ਵਿਚੋਂ ਪ੍ਰਾਪਤ ਹੁੰਦੇ ਮਾਨਵਵਾਦ ਦੇ ਪ੍ਰਮਾਣਿਕ ਸਰੂਪ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਅਤੇ ਇਹ ਅਧਿਐਨ ਵਿਭਿੰਨ ਅੰਤਰ-ਦ੍ਰਿਸ਼ਟੀਆਂ ਤੋਂ ਕੀਤਾ ਗਿਆ ਦੇਖਿਆ ਜਾ ਸਕਦਾ ਹੈ। ਅੱਜ ਦੇ ਸਮੇਂ ਵਿਚ ਅਜਿਹਾ ਅਧਿਐਨ ਬੜਾ ਸਾਰਥਕ ਅਤੇ ਪ੍ਰਸੰਗਿਕ ਹੈ ਕਿਉਂਕਿ ਇਸ ਵਿਚ ਵਿਰਾਸਤ ਦੀ ਅਮੀਰੀ

ਨੂੰ ਵਿਚਾਰਿਆ ਗਿਆ ਹੈ। ਨਿਸ਼ਚਿਤ ਰੂਪ ਵਿਚ ਇਸ ਪੁਸਤਕ ਨੇ ਪੰਜਾਬੀ ਜਗਤ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਬਣਾਇਆ।

"**ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗਤ ਤੇ ਪਾਸਾਰ" ਡਾ. ਬਲਦੇਵ ਸਿੰਘ ਚੀਮਾ** ਦੁਆਰਾ ਲਿਖੀ ਖੋਜ ਭਰਪੂਰ ਪੁਸਤਕ ਹੈ। ਇਸ ਪੁਸਤਕ ਨੂੰ ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ ਦੁਆਰਾ 2008 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ: ਜੁਗਤ ਅਤੇ ਪਾਸਾਰ' ਦਾ ਆਸ਼ਾ ਸਮੂਹ ਪੰਜਾਬੀ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੁਗਤ ਤੋਂ ਜਾਣੂੰ ਕਰਵਾਉਣਾ ਅਤੇ ਜੁਗਤ ਦੀਆਂ ਸੂਖਮ ਦ੍ਰਿਸ਼ਟੀਆਂ ਨੂੰ ਸਮਝਣ ਲਈ ਜਾਗਰੂਕ ਕਰਨਾ ਹੈ, ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ, ਸੰਪਾਦਨ ਕਲਾ ਦੀ ਦ੍ਰਿਸ਼ਟੀ ਤੋਂ ਬੇ-ਮਿਸਾਲ ਹੈ। ਅੱਜ ਤੱਕ ਇਸ ਭਾਂਤ ਦਾ ਕੋਈ ਗ੍ਰੰਥ ਜਾਂ ਪੁਸਤਕ ਹੋਂਦ ਵਿਚ ਨਹੀਂ ਆਏ। ਬੜੀ ਨੀਝ ਨਾਲ ਹੀ ਇਸ ਗ੍ਰੰਥ ਦੀ ਜੁਗਤ ਦੇ ਅੰਦਰ ਕੰਮ ਕਰਦੇ ਨੇਮਾਂ ਨੂੰ ਲੱਭਣ ਦਾ ਯਤਨ ਕੀਤਾ ਜਾ ਸਕਦਾ ਹੈ। ਆਕਾਰ ਅਤੇ ਆਸ਼ੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਇਸ ਵਿਚਲੇ ਵੇਰਵਿਆਂ ਨੂੰ ਸੂਤਰ-ਬੱਧ ਕੀਤਾ ਗਿਆ ਹੈ ਜੋ ਕਿ ਇਕ ਸੀਮਤ ਯਤਨ ਹੈ। ਇਸ ਦਾ ਵਿਸਤਾਰ ਭਵਿੱਖ ਵਿਚ ਕੀਤੇ ਜਾਣ ਦੀ ਯੋਜਨਾ ਹੈ ਜੋ ਸਮੇਂ ਸਮੇਂ ਪ੍ਰਸਤੁਤ ਕੀਤਾ ਜਾਵੇਗਾ।

# ਅਧਿਆਇ ਦੂਜਾ

# ਭਾਰਤੀ ਸਮਾਜ, ਵਰਣ ਵੰਡ ਅਤੇ ਭਾਰਤੀ ਸਾਹਿਤ

**ਦਲਿਤ ਸ਼ਬਦ ਦੀ ਪਰਿਭਾਸ਼ਾ:**

ਭਾਰਤੀ ਸਮਾਜ ਵਿੱਚ ਦਲਿਤ ਪ੍ਰਬੰਧ ਦਾ ਅਜਿਹਾ ਵਿਨਾਸ਼ਕਾਰੀ ਸੰਕਲਪ ਪੈਦਾ ਹੋਇਆ ਜਿਸਨੇ ਕੁਲ ਹਿੰਦੋਸਤਾਨ ਦੀ ਲਗਭਗ ਅੱਧੀ ਤੋਂ ਵੱਧ ਲੋਕਾਈ ਨੂੰ ਮਨੁੱਖ ਹੋਣ ਦਾ ਅਹਿਸਾਸ ਹੀ ਖਤਮ ਕਰਵਾ ਦਿੱਤਾ। ਅਤਿ ਕਠੋਰ ਤੇ ਅਤਿ ਅਨੈਤਿਕ ਵਰਤਾਰਾ ਜਿਸਨੇ ਸ਼ਾਇਦ ਹਿੰਦੋਸਤਾਨ ਦੀ ਰੂਹ ਨੂੰ ਹੀ ਮਾਰ ਕੇ ਰੱਖ ਦਿੱਤਾ ਸੀ।

"ਦਲਿਤ" ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਦੱਬਿਆ, ਕੁਚਲਿਆ ਜਾਂ ਲਿਤਾੜਿਆ ਹੋਇਆ। ਅਜੋਕੇ ਸੰਦਰਭ ਵਿੱਚ ਇਸਦੀ ਵਰਤੋਂ ਅਤਿਆਚਾਰ ਦੇ ਸ਼ਿਕਾਰ ਲੋਕਾਂ ਜਾਂ ਦਮਿਤ ਵਰਗਾਂ ਲਈ ਕੀਤੀ ਜਾਂਦੀ ਹੈ ਜਿਸਦਾ ਸਮਾਨਾਂਤਰ ਅੰਗਰੇਜ਼ੀ ਸ਼ਬਦ the oppressed ਹੈ। ਇਸ ਸ਼ਬਦ ਦੀ ਵਰਤੋਂ ਪਹਿਲੀ ਵਾਰ ਮਹਾਰਾਸ਼ਟਰ ਦੇ ਕ੍ਰਾਂਤੀਕਾਰੀ ਸਮਾਜ ਸੁਧਾਰਕ ਆਗੂ ਅਤੇ ਗ਼ੈਰ-ਬ੍ਰਾਹਮਣ ਲਹਿਰ (ਸੱਤਿਆਸ਼ੋਧਕ ਸਮਾਜ) ਦੇ ਬਾਨੀ ਜੋਤੀਬਾ ਫੂਲੇ ਨੇ ਕੀਤੀ। ਉਸ ਨੇ ਭਾਰਤੀ ਸਮਾਜ ਦੀ ਜਾਤੀ-ਪ੍ਰਥਾ ਹੱਥੋਂ ਪੀੜਤ ਅਤੇ ਦਮਿਤ ਅਛੂਤ ਜਾਤੀਆਂ ਨੂੰ 'ਦਲਿਤ' ਦਾ ਨਾਮ ਦਿੱਤਾ। ਇੱਕ ਧਾਰਣਾ ਇਹ ਵੀ ਪ੍ਰਚਲਿਤ ਹੈ ਕਿ ਇਸ ਸ਼ਬਦ ਦੀ ਵਰਤੋਂ ਪਹਿਲੀ ਵਾਰੀ ਡਾ. ਭੀਮ ਰਾਉ ਅੰਬੇਡਕਰ ਨੇ ਕੀਤੀ।[1]

ਜਾਤ ਲਈ ਅੰਗਰੇਜ਼ੀ ਵਿੱਚ Caste ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੇ। ਜਾਤ ਸ਼ਬਦ ਮੂਲ ਰੂਪ ਵਿਚ ਸੰਸਕ੍ਰਿਤ ਭਾਸ਼ਾ ਵਿਚੋਂ ਆਇਆ ਹੈ, ਜਿਸ ਦੇ ਅਰਥ ਹਨ ਜਨਮਿਆਂ, ਉਤਪੰਨ, ਪ੍ਰਗਟ ਆਦਿ ਭਾਵ ਦਲਿਤ ਦੀ ਹੋਂਦ ਹੀ ਅਜਿਹੀ ਕਿਸਮ ਦੀ ਹੈ ਕਿ ਉਸ ਦੀ ਪਰਖ ਜਨਮ ਦੇ ਆਧਾਰ ਤੇ ਕੀਤੀ ਜਾਂਦੀ ਹੈ। ਭਾਰਤੀ ਦਰਸ਼ਨ ਵਿੱਚ ਇਹ ਜਾਤੀ ਸਾਂਝੀਆਂ ਵਿਸ਼ੇਸ਼ਤਾਵਾਂ ਦੀ ਜਮਾਤ ਹੈ। ਸਮਾਜ

1 ਡਾ. ਸੰਤੋਖ ਸਿੰਘ, ਭਾਰਤ ਵਿੱਚ ਜਾਤ ਤੇ ਜਮਾਤ, ਪੰਨਾ 2

ਸ਼ਾਸਤਰ ਅਨੁਸਾਰ ਹਿੰਦੂ ਸਮਾਜ ਵਿੱਚ ਜਾਤੀ ਸਮੂਹਿਕ ਤੌਰ `ਤੇ ਵਿਭਿੰਨ ਸਮੂਹਾਂ ਦੀ ਨਿਸ਼ਾਨਦੇਹੀ ਕਰਦੀ ਹੈ।2

ਮਾਰਕਸਵਾਦੀ ਸ਼ਬਦ-ਕੋਸ਼ ਅਨੁਸਾਰ ਜਾਤ ਇੱਕ ਨਾਂ ਹੈ ਜਿਸ ਦਾ ਅਰਥ ਹੈ ਸਮਾਜਿਕ ਰੁਤਬਾ, ਜੋ ਕਿ ਜਮਾਤੀ ਵਰਤਾਰੇ ਦੀ ਦੇਣ ਹੈ। ਹਿੰਦੂ ਧਰਮ ਵਿੱਚ ਜਾਤ ਇੱਕ ਵੰਸ਼ਗਤ ਸਮਾਜਿਕ ਜਮਾਤ ਦੀ ਤਰ੍ਹਾਂ ਹੈ ਜਿਹੜੀ ਰਸਮਾਂ ਦੀ ਸ਼ੁੱਧਤਾ ਅਨੁਸਾਰ ਸਤਰੀਕ੍ਰਿਤ ਹੈ।[3]

ਇਸ ਤਰ੍ਹਾਂ ਭਾਵੇਂ ਮੂਲ ਰੂਪ ਵਿੱਚ ਇਹ ਸ਼ਬਦ ਸਮਾਜਿਕ ਅਤੇ ਆਰਥਿਕ ਅਨਿਆਂ, ਅਤਿਆਚਾਰ ਅਤੇ ਦਮਨ ਦੇ ਸਤਾਏ ਲੋਕਾਂ ਵੱਲ ਸੰਕੇਤ ਕਰਦਾ ਹੈ ਇਸ ਸ਼ਬਦ ਦੀ ਹੁਣ ਨਵੇਂ ਰੂਪ ਵਿੱਚ ਵਰਤੋਂ ਸਨਾਤਨੀ ਵਰਨ-ਵਿਵਸਥਾ ਜਾਂ ਜਾਤੀ-ਪ੍ਰਥਾ ਅਨੁਸਾਰ ਸ਼ੂਦਰ ਜਾਂ ਅਛੂਤ ਆਖੀਆਂ ਜਾਣ ਵਾਲੀਆਂ ਜਾਤੀਆਂ, ਕਬੀਲਿਆਂ ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ। ਇਹ ਸੰਦਰਭ ਆਪੇ ਬਣੀਆਂ ਸਵਰਨ ਜਾਤੀਆਂ ਜਾਂ ਕੁਲੀਨ ਵਰਗਾਂ ਵੱਲੋਂ ਵਿਤਕਰੇ, ਸ਼ੋਸ਼ਣ ਅਤੇ ਦਮਨ ਦਾ ਸ਼ਿਕਾਰ ਹੋਈਆਂ ਇਹਨਾਂ ਸ਼੍ਰੇਣੀਆਂ ਵਿੱਚ ਵਧ ਰਹੀ ਸਵੈ-ਚੇਤਨਾ ਦਾ ਇੱਕ ਵੱਡਾ ਕਾਰਨ ਹੋ ਨਿੱਬੜਿਆ ਹੈ। ਇਸ ਸਵੈ-ਚੇਤਨਾ ਨੇ ਇਹਨ੍ਹਾਂ ਜਾਤੀਗਤ ਵਰਗਾਂ ਨੂੰ ਆਪਣੇ ਨਾਲ ਹੋਈਆਂ ਇਤਿਹਾਸਿਕ ਬੇਇਨਸਾਫੀਆਂ ਅਤੇ ਵਿਤਕਰਿਆਂ ਪ੍ਰਤਿ ਸਚੇਤ ਹੀ ਨਹੀਂ ਕੀਤਾ, ਸਗੋਂ ਇਸ ਦਮਨ ਤੋਂ ਮੁਕਤ ਹੋਣ ਲਈ ਰਾਜਨੀਤਿਕ ਸੰਘਰਸ਼ ਦੇ ਮਹੱਤਵ ਬਾਰੇ ਵੀ ਜਾਗ੍ਰਿਤ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਸਮਕਾਲੀਨ ਭਾਰਤੀ ਸੰਦਰਭ ਵਿੱਚ ਇਹ ਸ਼ਬਦ ਸਧਾਰਨ ਅਰਥਾਂ ਤੋਂ ਇਲਾਵਾ ਡੂੰਘੇ ਰਾਜਨੀਤਿਕ ਅਰਥ ਵੀ ਧਾਰਨ ਕਰ ਗਿਆ ਹੈ। ਇਹ ਦਲਿਤ ਵਰਗ ਵਿੱਚ ਪੈਦਾ ਹੋ ਰਹੀ ਨਵੀਂ ਚੇਤਨਾ ਅਤੇ ਸਵੈ-ਪਹਿਚਾਨ ਦਾ ਅਤੇ ਸਦੀਆਂ ਦੀ ਗੁਲਾਮੀ ਦੇ ਵਿਰੁੱਧ ਉੱਭਰ ਰਹੇ ਗੁੱਸੇ ਦਾ ਵੀ ਪ੍ਰਤੀਕ ਬਣ ਗਿਆ ਹੈ।4

ਇਸ ਸ਼ਬਦ ਦੇ ਇਤਿਹਾਸ ਉੱਤੇ ਨਜ਼ਰਸ਼ਾਨੀ ਉਪਰੰਤ ਸਾਡਾ ਧਿਆਨ ਅੰਗ੍ਰੇਜ਼ੀ ਹਕੂਮਤ ਵੱਲੋਂ ਇਹਨ੍ਹਾਂ ਦਲਿਤ ਜਾਤੀਆਂ ਦੇ ਸੰਦਰਭ ਵਿੱਚ ਵਰਤੇ ਗਏ ਵਿਸ਼ੇਸ਼ ਸ਼ਬਦਾਂ depressed classes ਵੱਲ

---

2 Caste in Hindu society, the term is derived from Sanskrit word "Jata" born or brought in existence. www.googleencylopaedia Briatannica.

3 www.google.dictionaryof marxism.in

4 ਡਾ. ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 99

ਜਾਂਦਾ ਹੈ। ਅੰਗ੍ਰੇਜ਼ੀ ਹਕੂਮਤ ਨੇ ਹਿੰਦੂ ਜਾਤੀ ਵਿਵਸਥਾ ਦੇ ਅੰਤਰਗਤ ਅਛੂਤ ਆਖੀਆਂ ਜਾਣ ਵਾਲੀਆਂ ਜਾਤੀਆਂ ਲਈ, ਨਿੰਦਿਆ ਸੂਚਕ ਸ਼ਬਦ ਨੂੰ ਨਕਾਰਦਿਆਂ ਹੋਇਆਂ, ਇਹ depressed classes ਸ਼ਬਦ ਵਰਤੇ ਹਨ। ਕੌਮੀ ਮੁਕਤੀ ਅੰਦਲੋਨ ਵੇਲੇ ਮਹਾਤਮਾ ਗਾਂਧੀ ਨੇ ਹਿੰਦੂ ਸਮਾਜ ਦੇ ਇਹਨ੍ਹਾਂ ਵਰਗਾਂ ਲਈ ਉਦਾਰਤਾ ਅਤੇ ਹਮਦਰਦੀ ਵਿਅਕਤ ਕਰਦਿਆਂ ਅਤੇ ਇਹਨ੍ਹਾਂ ਨੂੰ ਹਿੰਦੂ ਧਰਮ ਦੇ ਦਾਇਰੇ ਵਿੱਚ ਰੱਖਣ ਲਈ ਭਗਤੀ ਲਹਿਰ ਨਾਲ ਸੰਬੰਧਿਤ ਇੱਕ ਧਾਰਮਿਕ ਸ਼ਬਦ ਹਰੀਜਨ ਪ੍ਰਚਲਿਤ ਕਰਨ ਦੀ ਕੋਸ਼ਿਸ਼ ਕੀਤੀ। ਹਰੀਜਨ ਦਾ ਅੱਖਰੀ ਅਰਥ ਹੈ ਹਰੀ (ਜਾਂ ਵਿਸ਼ਣੂ) ਦੇ ਬੰਦੇ।ਗੁਰਬਾਣੀ ਵਿੱਚ ਹਰਿਜਨ ਸ਼ਬਦ ਦੀ ਵਰਤੋਂ ਇਹਨ੍ਹਾਂ ਅਰਥਾਂ ਵਿੱਚ ਕੀਤੀ ਗਈ ਹੈ। ਮਿਸਾਲ ਵਜੋਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ॥

ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥5

## ਦਲਿਤ ਦੀ ਪਰਿਭਾਸ਼ਾ:

ਭਾਰਤੀ ਦਲਿਤ ਚਿੰਤਨ ਪਰੰਪਰਾ ਅੰਦਰ ਦਲਿਤ ਦੀ ਪਰਿਭਾਸ਼ਾ ਕਰਨ ਦੇ ਮੁੱਖ ਦੋ ਆਧਾਰ ਹਨ। ਪਹਿਲਾ ਆਧਾਰ ਸਮਾਜਿਕ ਹੈ ਅਤੇ ਦੂਸਰਾ ਆਰਥਿਕ ਭਾਵ ਕੁਝ ਵਿਦਵਾਨ ਦਲਿਤ ਦੀ ਪਰਿਭਾਸ਼ਾ ਸਮਾਜਿਕ ਸਥਿਤੀ ਨੂੰ ਪਹਿਲ ਦੇ ਕੇ ਕਰਦੇ ਹਨ 'ਵਰਨ' ਜਾਂ 'ਜਾਤ' ਅਜਿਹੀ ਪਰਿਭਾਸ਼ਾ ਦੇ ਕੇਂਦਰ ਵਿੱਚ ਰਹਿੰਦੇ ਹਨ। ਦੂਜੇ ਪਾਸੇ ਕੁਝ ਵਿਦਵਾਨ ਆਰਥਿਕ ਸਥਿਤੀ ਨੂੰ ਜੀਵਨ ਦਾ ਧੁਰਾ ਮੰਨਦਿਆਂ ਦਲਿਤ ਦੀ ਪਰਿਭਾਸ਼ਾ ਕਰਦਿਆ ਅਮੀਰੀ-ਗਰੀਬੀ ਭਾਵ 'ਵਰਗਾਂ' ਨੂੰ ਪ੍ਰਮੁੱਖਤਾ ਦਿੰਦੇ ਹਨ। ਇਸ ਤਰ੍ਹਾਂ ਦਲਿਤ ਦੀ ਪਰਿਭਾਸ਼ਾ ਕਰਦਿਆ ਭਾਰਤੀ ਵਿਦਵਾਨਾਂ ਦਾ ਇੱਕ ਸਮੂਹ 'ਜਾਤੀ ਦ੍ਰਿਸ਼ਟੀਕੋਣ' ਅਪਣਾਉਂਦਾ ਹੈ ਜਦ ਕਿ ਦੂਸਰਾ 'ਜਮਾਤੀ ਦ੍ਰਿਸ਼ਟੀਕੋਣ' ਤੋਂ ਦਲਿਤ ਦੀ ਪਰਿਭਾਸ਼ਾ ਕਰਦਾ ਹੈ।6 ਇਹਨ੍ਹਾਂ ਦੋਵਾਂ ਕਿਸਮਾਂ ਦੀਆਂ ਪਰਿਭਾਸ਼ਾਵਾਂ ਦੇ ਮੱਦੇਨਜ਼ਰ ਹੀ ਅਸੀਂ ਦਲਿਤ ਦੀ ਪਰਿਭਾਸ਼ਾ ਕਰਨ ਦਾ ਯਤਨ ਕਰਾਂਗੇ।

---

5 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 861

6 ਡਾ. ਚਰਨਦੀਪ ਸਿੰਘ, ਦਲਿਤ ਸਰੋਕਾਰ ਅਤੇ ਸਾਹਿਤ, ਪੰਨਾ 36

ਸਭ ਤੋਂ ਪਹਿਲਾਂ ਅਸੀਂ ਉਹਨਾਂ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਦੇਖਦੇ ਹਾਂ ਜਿਨ੍ਹਾਂ ਨੇ ਜਾਤੀ-ਨਜ਼ਰੀਏ ਤੋਂ ਦਲਿਤ ਨੂੰ ਪਰਿਭਾਸ਼ਿਤ ਕੀਤਾ।

ਸ੍ਰੀ ਸ਼ੰਭੂ ਨਾਥ ਅਨੁਸਾਰ, "ਦਲਿਤ ਦਾ ਅਰਥ ਹੈ ਸ਼ੂਦਰ, ਪਿੰਡੋਂ ਬਾਹਰ ਰਹਿਣ ਲਈ ਮਜਬੂਰ ਕੀਤੇ ਲੋਕ, ਦਬਾਈਆਂ ਹੋਈਆਂ ਜਾਤਾਂ, ਝੁੱਗੀਆਂ, ਝੌਂਪੜੀਆਂ ਵਿੱਚ ਰਹਿਣ ਵਾਲੇ ਲੋਕ ਅਤੇ ਅਛੂਤ।"[7]

ਸ੍ਰੀ ਰਾਜ ਕਿਸ਼ਨ ਅਨੁਸਾਰ, "ਦਲਿਤ ਸ਼ਬਦ ਉਹਨਾਂ ਜਾਤਾਂ ਦੇ ਅਰਥਾਂ ਵਿੱਚ ਪ੍ਰਚਲਿਤ ਹੁੰਦਾ ਜਾ ਰਿਹਾ ਹੈ ਜਿਨ੍ਹਾਂ ਨੂੰ ਪਹਿਲਾਂ 'ਅਛੂਤ' ਜਾਂ 'ਹਰੀਜਨ' ਕਿਹਾ ਜਾਂਦਾ ਹੈ। ਇਹਨ੍ਹਾਂ ਲਈ ਕਾਨੂੰਨੀ ਸ਼ਬਦ 'ਅਨੁਸੂਚਿਤ ਜਾਤੀ' ਹੈ।"[8]

ਡਾ. ਚਮਨ ਲਾਲ ਅਨੁਸਾਰ, "ਦਲਿਤ ਸ਼ਬਦ ਉਹਨਾਂ ਲੋਕਾਂ ਦੇ ਲਈ ਰੂੜ੍ਹ ਹੁੰਦਾ ਜਾ ਰਿਹਾ ਹੈ ਜਿਨ੍ਹਾਂ ਦਾ ਅਪਮਾਨ ਜਾਂ ਸ਼ੋਸ਼ਣ ਕਰਨ ਦਾ ਅਧਿਕਾਰ ਸ਼ਕਤੀਸ਼ਾਲੀ ਵਰਗ ਨੇ ਪ੍ਰਾਪਤ ਕਰ ਲਿਆ।"[9]

ਡਾ. ਰਜਤਰਾਣੀ ਮੀਨੂ ਅਨੁਸਾਰ, "ਹਜ਼ਾਰਾਂ ਸਾਲ ਜਿਨ੍ਹਾਂ ਲੋਕਾਂ ਤੇ ਅਤਿਆਚਾਰ ਹੋਇਆ ਉਹਨਾਂ ਅਛੂਤਾਂ ਨੂੰ ਹੀ ਦਲਿਤ ਕਹਿਣਾ ਚਾਹੀਦਾ ਹੈ।"[10]

ਇਹ ਪਰਿਭਾਸ਼ਾਵਾਂ ਆਰਥਿਕਤਾ ਦੇ ਨੁਕਤੇ ਨੂੰ ਸਿਰੇ ਤੋਂ ਰੱਦ ਕਰਨ ਦੀ ਕੁਤਾਹੀ ਕਰਨ ਕਰਕੇ ਇੱਕ ਪਾਸੜ ਅਤੇ ਭਾਵਕ ਕਿਸਮ ਦੀਆਂ ਜਾਪਦੀਆਂ ਹਨ। ਮਨੁੱਖੀ ਜੀਵਨ ਦੀ ਸਮੁੱਚਤਾ ਅੰਦਰ ਆਰਥਿਕਤਾ ਦੇ ਅਹਿਮ ਰੋਲ ਨੂੰ ਨਜ਼ਰਅੰਦਾਜ ਕਰਨ ਨਾਲ ਸ਼ੋਸ਼ਿਤ ਵਰਗ ਦੀ ਪਰਿਭਾਸ਼ਾ ਅਧੂਰੀ ਰਹਿ ਜਾਂਦੀ ਹੈ।

ਫਲਸਰੂਪ ਉਹ ਪਰਿਭਾਸ਼ਾਵਾਂ ਦੇਖਣ ਦੀ ਲੋੜ ਹੈ ਜਿਨ੍ਹਾਂ ਵਿੱਚ ਜਮਾਤ ਨੂੰ ਅਹਿਮੀਅਤ ਦਿੱਤੀ ਗਈ ਹੈ। ਭਾਵ ਜਿਨ੍ਹਾਂ ਵਿੱਚ ਦਲਿਤ ਜਮਾਤੀ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਹੋਇਆ ਹੈ। ਇਹ ਪਰਿਭਾਸ਼ਾਵਾਂ ਦਲਿਤ ਸ਼ਬਦ ਨੂੰ ਵਿਆਪਕ ਅਰਥਾਂ ਵਿੱਚ ਲੈਂਦੀਆਂ ਹੋਈਆਂ ਹਰ ਤਰ੍ਹਾਂ ਦੇ ਸ਼ੋਸ਼ਣ ਦੇ ਸ਼ਿਕਾਰ ਵਿਅਕਤੀ ਨੂੰ ਦਲਿਤ ਮੰਨਦੀਆਂ ਹਨ।

---

7 ਸ਼ੰਭੂ ਨਾਥ, ਪਲ- ਪ੍ਰਤੀਪਾਲ ਮਾਰਚ-ਜੂਨ 1999, ਪੰਨਾ 134

8 ਰਾਜ ਕਿਸ਼ਨ, ਧਰਮਯੁੱਗ, ਮਈ 1994, ਪੰਨਾ 22

9 ਡਾ. ਚਮਨ ਲਾਲ, ਵਰਤਮਾਨ ਸਾਹਿਤਯ ਜੁਲਾਈ, 1999, ਪੰਨਾ 74

10 ਡਾ. ਰਜਤਰਾਣੀ ਮੀਨੂ, ਨੌਵੇਂ ਦਸ਼ਕ ਦੀ ਹਿੰਦੀ ਦਲਿਤ ਕਵਿਤਾ, ਪੰਨਾ 3

ਸ੍ਰੀ ਰਜਿੰਦਰ ਲਹਿਰੀਆ ਅਨੁਸਾਰ, "ਦਲਿਤ ਉਸਨੂੰ ਮੰਨਿਆ ਜਾਣਾ ਚਾਹੀਦਾ ਹੈ ਜਿਹੜਾ ਕਿਸੇ ਵੀ ਸਥਿਤੀ ਵਿੱਚ ਕਿਸੇ ਪ੍ਰਕਾਰ ਨਾਲ ਸਮਾਜ ਦੁਆਰਾ ਦਲਨ ਜਾਂ ਉਤਪੀੜਨ ਦਾ ਸ਼ਿਕਾਰ ਹੋਵੇ।"11

ਸ੍ਰੀ ਨਾਰਾਇਣ ਦੂਬੇ ਦਾ ਵਿਚਾਰ ਹੈ ਕਿ "ਦਲਿਤ ਸ਼ਬਦ ਦੀਆਂ ਬਹੁਤ ਸਾਰੀਆਂ ਰਲੀਆਂ ਮਿਲੀਆਂ ਪਰਿਭਾਸ਼ਾਵਾਂ ਹਨ ਜਿਸਦਾ ਅਰਥ ਕੇਵਲ ਪਿਛੜੀਆਂ ਜਾਤਾਂ ਹੀ ਨਹੀਂ, ਬਲਕਿ ਸਮਾਜ ਵਿੱਚ ਜੋ ਵੀ ਪੀੜਿਤ ਹੈ ਉਹੀ ਦਲਿਤ ਹੈ।"12

ਡਾ. ਰਾਮ ਚੰਦਰ ਵਰਮਾ ਅਨੁਸਾਰ "ਦਲਿਤ ਸ਼ਬਦ ਦਾ ਭਾਵ ਮਸਲਿਆ ਹੋਇਆ, ਕੁਚਲਿਆ ਹੋਇਆ ਅਤੇ ਦਬਾਇਆ ਹੋਇਆ ਆਦਿ ਹੈ।"13

ਜੇਮਜ. ਮੈਸੀ. ਅਨੁਸਾਰ "ਦਲਿਤ ਕੋਈ ਜਾਤ ਨਹੀਂ ਬਲਕਿ ਬਦਲਾਓ ਅਤੇ ਇਨਕਲਾਬ ਦਾ ਚਿੰਨ੍ਹ ਹੈ। ਦਲਿਤ ਮਨੁੱਖਤਾ ਵਿੱਚ ਵਿਸ਼ਵਾਸ ਰੱਖਦਾ ਹੈ। ਦਲਿਤ ਇਹੋ ਜਿਹੇ ਪਰਮੇਸ਼ਰ, ਦੁਬਾਰਾ ਜਨਮ, ਰੂਹ ਅਤੇ ਪਵਿੱਤਰ ਗ੍ਰੰਥਾਂ ਨੂੰ ਜੋ ਮਨੁੱਖ ਵਿੱਚ ਵੰਡ ਪੈਦਾ ਕਰ ਕੇ, ਕਿਸਮਤ ਅਤੇ ਅਗਲੀ ਦੁਨੀਆਂ ਬਾਰੇ ਵਿਸ਼ਵਾਸ ਪੈਦਾ ਕਰਦੇ ਹਨ, ਕਿਉਂਕਿ ਇਹ ਸਾਰੇ ਹੀ ਉਸਦੀ ਗੁਲਾਮੀ ਦੇ ਸਾਧਨ ਹਨ। ਦਲਿਤ ਆਪਣੇ ਹੀ ਦੇਸ਼ ਵਿੱਚ ਕੁਚਲੇ ਜਾ ਚੁੱਕੇ ਮਨੁੱਖਾਂ ਦਾ ਪ੍ਰਤੀਨਿਧੀ ਹੈ।"14

ਸ੍ਰੀ ਰਮਾਇਣ ਗੁਪਤਾ ਅਨੁਸਾਰ, "ਦਲਿਤ ਸਮਾਜ ਦੇ ਉਸ ਵਿਆਪਕ ਯਥਾਰਥ ਦਾ ਬੋਧ ਕਰਾਉਂਦਾ ਹੈ ਜਿਸਦੇ ਅੰਤਰਗਤ ਮਨੁੱਖ ਅਨਿਆਂ, ਘੁਟਨ, ਸ਼ੋਸ਼ਣ ਅਤੇ ਭੇਦ-ਭਾਵ ਦਾ ਸ਼ਿਕਾਰ ਹੁੰਦਾ ਹੈ। ਅਸਲ ਵਿੱਚ ਪਹਿਲਾਂ ਵੀ ਜਾਂ ਅੱਜ ਵੀ ਸਾਮੰਤੀ ਉਤਪੀੜਨ ਹੋਵੇ, ਪੂੰਜੀਵਾਦ ਜਾਂ ਸਾਮਰਾਜਵਾਦੀ ਸ਼ੋਸ਼ਣ ਹੋਵੇ, ਉਸਦੇ ਸ਼ਿਕਾਰ ਸਾਰੇ ਵਿਅਕਤੀ ਅਤੇ ਰਾਸ਼ਟਰ ਦਲਿਤ ਹਨ।"15

---

11 ਰਾਜਿੰਦਰ ਲਹਿਰਿਆ, ਵਰਤਮਾਨ, ਸਾਹਿਤਯ, ਜੂਨ 1999, ਪੰਨਾ 66

12 ਨਾਰਾਇਣ ਦੂਬੈ, ਹੰਸ, ਅਕਤੂਬਰ, 1992, ਪੰਨਾ 23

13 ਡਾ. ਰਾਮਚੰਦਰ ਵਰਮਾ, ਸੰਖੇਪ ਸ਼ਬਦ ਸਾਗਰ, ਪੰਨਾ 468

14 ਜੇਮਸ ਮੈਸੀ, ਦਲਿਤ ਚੇਤਨਾ ਅਤੇ ਸਾਹਿਤ, ਪੰਨਾ 14

15 ਰਮਾਇਣ ਗੁਪਤਾ, ਵਰਤਮਾਨ ਸਾਹਿਤਯ, ਅਗਸਤ 2001, ਪੰਨਾ 62

ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿੱਚ ਦਲਿਤ ਦੀ ਪਰਿਭਾਸ਼ਾ ਸੰਕੁਚਿਤ ਅਤੇ ਵਿਆਪਕ ਦੋਵਾਂ ਅਰਥਾਂ ਵਿੱਚ ਕੀਤੀ ਹੈ। ਪਹਿਲਾਂ ਅਰਥ, "ਦਲਿਆ ਹੋਇਆ ਅਤੇ ਕੁਚਲਿਆ ਹੋਇਆ ਹੈ ਅਤੇ ਦੂਜਾ ਅਰਥ ਹੀਣੀ ਜਾਤ ਵਾਲਾ ਹੈ ਜੋ ਉਚੀ ਜਾਤ ਦੇ ਪੈਰਾਂ ਹੇਠ ਦਲਿਆ ਗਿਆ ਹੈ।"16

ਸਪਸ਼ਟ ਹੈ ਕਿ ਹਰ ਮਨੁੱਖੀ ਸਮਾਜ ਅੰਦਰ ਆਰਥਿਕਤਾ ਦੀ ਮੁੱਖ ਭੂਮਿਕਾ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਕੇ, ਕਿਸੇ ਵੀ ਸਮਾਜਿਕ ਸਮੱਸਿਆ ਜਾਂ ਇਸ ਨਾਲ ਸੰਬੰਧਿਤ ਸ਼ੋਸ਼ਿਤ ਮਨੁੱਖ ਨੂੰ ਪਰਿਭਾਸ਼ਿਤ ਕਰਨਾ ਗ਼ੈਰ-ਵਿਗਿਆਨਕ ਹੈ। ਪਰ ਇਹ ਵੀ ਉਨਾ ਹੀ ਵੱਡਾ ਸੱਚ ਹੈ ਕਿ ਭਾਰਤੀ ਪ੍ਰਸੰਗ ਵਿੱਚ ਸਮਾਜਿਕ ਉਤਪੀੜਨ ਦਾ ਰੋਲ ਵੀ ਅਹਿਮ ਹੈ, ਜੋ ਭਿੱਟ (ਛੂਤ-ਛਾਤ) ਤੋਂ ਸ਼ੁਰੂ ਹੋ ਕੇ ਜਾਤੀਗਤ ਮਿਹਣੇ ਤੱਕ ਕਾਰਜਸ਼ੀਲ ਹੈ ਅਤੇ ਅਜਿਹਾ ਕਰਦਿਆਂ ਇਹ ਕਿਸੇ ਕਿਸਮ ਦੇ ਆਰਥਿਕ ਪਾੜੇ ਨੂੰ ਨਹੀਂ ਦੇਖਦਾ ਭਾਰਤੀ ਪ੍ਰਸੰਗ ਵਿੱਚ ਦਲਿਤ ਦੀ ਸੁੰਤੁਲਿਤ ਪਰਿਭਾਸ਼ਾ ਸਮਾਜਿਕਤਾ ਅਤੇ ਆਰਥਿਕਤਾ, ਦੋਵਾਂ ਨੂੰ ਬਰਾਬਰ ਦੀ ਅਹਿਮੀਅਤ ਦੇ ਕੇ ਹੀ ਕੀਤੀ ਜਾ ਸਕਦੀ ਹੈ ਭਾਵ ਕਿ ਦਲਿਤ ਕੇਵਲ ਉਹ ਹੀ ਹੋ ਸਕਦਾ ਹੈ ਜੋ ਇੱਕੋ ਸਮੇਂ ਆਰਥਿਕ ਅਤੇ ਸਮਾਜਿਕ ਪੱਖ ਤੋਂ ਹੇਠਲੇ ਵਰਗਾਂ ਵਿੱਚ ਸ਼ਾਮਲ ਹੋਵੇ ਭਾਵ ਨੀਵੀਆਂ ਜਾਤਾਂ ਨਾਲ ਸੰਬੰਧਿਤ ਗਰੀਬ ਆਦਮੀ ਹੀ ਭਾਰਤੀ ਪ੍ਰਸੰਗ ਵਿੱਚ ਦਲਿਤ ਸਮਝਿਆ ਜਾਣਾ ਚਾਹੀਦਾ ਹੈ। ਭਾਰਤੀ ਸਮਾਜ ਦੇ ਵਿਸ਼ੇਸ਼ ਸੰਦਰਭ ਵਿੱਚ ਆਰਥਿਕਤਾ ਨਾਲੋਂ ਵਧ ਪ੍ਰਭਾਵਕਾਰੀ ਤੱਤ ਇਸ ਦੀ ਵਰਨ ਜਾਂ ਜਾਤੀ ਆਧਾਰਿਤ ਪ੍ਰਥਾ ਹੈ। ਆਰਥਿਕ ਪੱਖੋਂ ਸਾਧਨ-ਸੰਪੰਨ ਵਿਅਕਤੀ ਆਪਣੀ ਨੀਵੀਂ ਜਾਤੀ ਕਰਕੇ ਆਤਮ-ਗਿਲਾਨੀ ਭੋਗਣ ਲਈ ਮਜਬੂਰ ਹੁੰਦਾ ਹੈ। ਦੂਜੇ ਪਾਸੇ ਆਰਥਿਕ ਪੱਖੋਂ ਹੀਣਾ ਵਿਅਕਤੀ ਵੀ ਆਪਣੀ ਉੱਚ ਜਾਤੀ ਵਾਲੀ ਸਥਿਤੀ ਕਰਕੇ ਆਪਣੇ ਸਮਾਜਿਕ ਰੁਤਬੇ ਜਾਂ ਹੈਸੀਅਤ ਕਰਕੇ ਆਤਮ-ਗਿਲਾਨੀ ਦਾ ਸੰਤਾਪ ਨਹੀਂ ਭੋਗਦਾ। ਸੋ ਭਾਰਤੀ ਸੰਦਰਭ ਵਿੱਚ ਪ੍ਰਮੁੱਖ ਤੱਥ ਦਲਿਤ ਦੀ ਸਮਾਜਿਕ ਸਥਿਤੀ ਹੈ। ਪਰ ਫਿਰ ਵੀ ਆਰਥਿਕ ਤੱਤ ਨੂੰ ਬਿਲਕੁਲ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

---

16 ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ 625

**ਭਾਰਤੀ ਸਮਾਜ ਵਿੱਚ ਜਾਤ ਅਤੇ ਜਮਾਤ ਦਾ ਸੰਦਰਭ:**

ਸਮਾਜਿਕ ਅਤੇ ਆਰਥਿਕ ਦੋਵਾਂ ਹੀ ਪੱਧਰਾਂ ’ਤੇ ਸ਼ੋਸ਼ਿਤ ਅਤੇ ਪੀੜਿਤ ਭਾਵ ਵਿਵਸਥਾ ਵੱਲੋਂ ਦੋਵਾਂ ਪੱਧਰਾਂ ਤੇ ਅਨਿਆਂ ਦੇ ਸ਼ਿਕਾਰ ਵਿਅਕਤੀ ਨੂੰ ਦਲਿਤ ਵਜੋਂ ਪਰਿਭਾਸ਼ਿਤ ਕਰਨ ਤੋਂ ਬਾਅਦ ‘ਜਾਤ ਅਤੇ ਜਮਾਤ’ ਦੀ ਆਪਸੀ ਵਿੱਥਾਂ/ਵਖਰੇਵੇਂ ਨੂੰ ਸਪਸ਼ਟ ਕਰਨਾ ਜਰੂਰੀ ਹੋ ਜਾਂਦਾ ਹੈ।

ਭਾਰਤੀ ਸੰਦਰਭ ਵਿੱਚ ਜਾਤ ਅਤੇ ਜਮਾਤ ਦੋਵੇਂ ਹੀ ਪ੍ਰਸਿਥਿਤੀ (status) ਸਮੂਹ ਹਨ। ਜਾਤ ਇੱਕ ਜਨਮਗਤ ਸਮੂਹ ਹੈ, ਜਿਹੜਾ ਬਾਕੀ ਸਮੂਹਾਂ ਨਾਲੋਂ ਵੱਖਰੀ ਅਤੇ ਨਿਸ਼ਚਿਤ ਰੀਤੀ-ਰਿਵਾਜਾਂ ਵਾਲੀ ਪਰੰਪਰਾ ਦਾ ਧਾਰਨੀ ਹੋਣ ਕਰਕੇ ਇੱਕ ਬੰਦ ਸਮਾਜਿਕ ਸਿਸਟਮ ਦੇ ਤੌਰ ’ਤੇ ਸਾਹਮਣੇ ਆਉਂਦਾ ਹੈ ਜਦ ਕਿ ਜਮਾਤ ਉਤਪਾਦਨ ਸੰਬੰਧਾਂ ਉੱਤੇ ਆਧਾਰਿਤ ਅਜਿਹਾ ਸਮੂਹ ਹੈ, ਜਿਸਦਾ ਦੂਸਰੇ ਸਮੂਹ ਨਾਲ ਆਰਥਿਕ ਅਸਾਂਵੇਂਪਨ ਕਾਰਨ, ਸਮਾਜਿਕ ਪ੍ਰਸਥਿਤੀਆਂ ਦੀ ਪੱਧਰ ਤੇ ਨਿਆਂ ਸੰਗਤ ਸੰਬੰਧ ਤਾਂ ਨਹੀਂ ਹੁੰਦਾ, ਪਰੰਤੂ ਇੱਥੇ ਜਾਤੀ ਸਮੂਹਾਂ ਵਾਂਗ ਊਚ-ਨੀਚ ਦੀ ਭਾਵਨਾ ਵਾਲੀ ਗ਼ੈਰ-ਮਾਨਵੀ ਸਥਿਤੀ ਵੀ ਹਾਜ਼ਰ ਨਹੀਂ ਹੁੰਦੀ। ਪ੍ਰਸਥਿਤੀ ਅਤੇ ਸਮਾਂ ਜਾਤੀ ਸੰਬੰਧਾਂ ਵਿੱਚ ਤਬਦੀਲੀ ਦਾ ਕਾਰਨ ਜਾਂ ਤਾਂ ਬਣਦਾ ਹੀ ਨਹੀਂ ਅਤੇ ਜੇ ਬਣਦਾ ਵੀ ਹੈ ਤਾਂ ਇਸ ਦੀ ਰਫਤਾਰ ਏਨੀ ਧੀਮੀ ਹੁੰਦੀ ਹੈ ਕਿ ਇਸਦੀ ਸਪਸ਼ਟ ਅਤੇ ਫੌਰੀ ਪਹਿਚਾਣ ਨਹੀਂ ਹੋ ਸਕਦੀ ਜਦਕਿ ਜਮਾਤੀ ਪੱਧਰ ਤੇ ਉਤਪਾਦਨ ਪ੍ਰਣਾਲੀ ਵਿੱਚ ਤਬਦੀਲੀ ਹੁੰਦੇ ਸਾਰ ਹੀ ਜਮਾਤੀ ਸੰਬੰਧਾਂ ਵਿੱਚ ਬਦਲਾਅ ਆ ਜਾਂਦਾ ਹੈ ਅਤੇ ਇਹ ਬਦਲਾਅ ਸਪਸ਼ਟ ਨਜ਼ਰ ਆਉਂਦਾ ਹੈ।17

ਭਾਰਤੀ ਸੰਦਰਭ ਵਿੱਚ ਜਾਤ ਅਤੇ ਜਮਾਤ ਅੰਤਰ-ਸੰਬੰਧਿਤ ਵਰਤਾਰੇ ਦੇ ਤੌਰ ’ਤੇ ਕਾਰਜਸ਼ੀਲ ਹਨ। ਕਈ ਪ੍ਰਸਥਿਤੀਆਂ ਵਿੱਚ ਇੱਕ ਜਾਤੀ ਜਮਾਤ ਦੇ ਤੌਰ ’ਤੇ ਵੀ ਸਾਹਮਣੇ ਆ ਸਕਦੀ ਹੈ। ਉਦਾਹਰਨ ਵਜੋਂ ਆਪਣੀਆਂ ਆਰਥਿਕ ਮੰਗਾਂ ਮਨਵਾਉਣ ਲਈ ਜੇਕਰ ਸਫਾਈ ਕਰਮਚਾਰੀ ਹੜਤਾਲ ਤੇ ਚਲੇ ਜਾਣ ਤਾਂ ਇਹਨ੍ਹਾਂ ਦਾ ਅੰਦੋਲਨ ਜਮਾਤੀ ਅੰਦੋਲਨ ਦੇ ਰੂਪ ਵਿੱਚ ਸਾਹਮਣੇ ਆਵੇਗਾ ਭਾਵੇਂ ਇਹ ਸਭ ਜਾਤੀਗਤ ਤੌਰ ਤੇ ਵੀ ਇੱਕ ਹਨ। ਇਹ ਨੁਕਤਾ ਵੀ ਧਿਆਨਯੋਗ ਹੈ ਕਿ ਜਾਤ ਵਿਸ਼ੇਸ਼ ਹਾਲਤ ਵਿੱਚ ਜਮਾਤ ਦੇ ਰੂਪ ਵਿੱਚ ਸਾਹਮਣੇ ਤਾਂ ਆ ਸਕਦੀ ਹੈ ਪਰ ਤਾਂ ਵੀ ਉਸਦੇ ਬਾਕੀ ਜਾਤਾਂ

---

17 ਡਾ. ਚਰਨਦੀਪ ਸਿੰਘ, ਦਲਿਤ ਸਰੋਕਾਰ ਅਤੇ ਸਾਹਿਤ, ਪੰਨਾ 40

ਨਾਲ ਸੰਬੰਧ ਜਮਾਤੀ ਨਹੀਂ ਬਣ ਜਾਣਗੇ। ਵਿਸ਼ੇਸ਼ ਹਾਲਤਾਂ ਵਿੱਚ ਜਾਤ ਤਾਂ ਜਮਾਤ ਦਾ ਰੂਪ ਧਾਰਨ ਕਰ ਸਕਦੀ ਹੈ ਪਰੰਤੂ ਜਮਾਤ ਕਦੇ ਵੀ ਜਾਤ ਦਾ ਰੂਪ ਧਾਰਨ ਨਹੀਂ ਕਰ ਸਕਦੀ।

ਜਨਮਗਤ ਜਾਤੀ ਵਿਵਸਥਾ ਅੰਦਰ ਜਾਤੀ ਦਾ ਨਿਰਧਾਰਨ ਕਰਮਕਾਂਡੀ ਪ੍ਰਤੀਮਾਨਾਂ ਉਪਰ ਅਧਾਰਿਤ ਹੁੰਦਾ ਹੈ ਜਦ ਕਿ ਸਮਾਜਿਕ ਸਿਸਟਮ ਅੰਦਰ ਜਮਾਤ ਦਾ ਨਿਰਧਾਰਨ ਆਰਥਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਕਰਦੀਆਂ ਹਨ। ਇਹੀ ਕਾਰਨ ਹੈ ਕਿ ਇੱਕ ਜਾਤੀ ਦੇ ਵਿਅਕਤੀ ਦਾ ਦੂਜੀ ਜਾਤੀ ਅੰਦਰ ਪ੍ਰਵੇਸ਼ ਸੰਭਵ ਨਹੀਂ ਹੈ ਜਦ ਕਿ ਜਮਾਤ ਦੇ ਮਾਮਲੇ ਵਿੱਚ ਪ੍ਰਵੇਸ਼-ਰਸਤੇ ਖੁੱਲ੍ਹੇ ਹੁੰਦੇ ਹਨ। ਧਿਆਨ ਰਹੇ ਭਾਰਤੀ ਰਾਜਨੀਤੀ ਅੰਦਰ ਜਾਤ ਇੱਕ 'ਪਰੈਸ਼ਰ ਗਰੁੱਪ' ਦੇ ਤੌਰ 'ਤੇ ਕਾਰਜਸ਼ੀਲ ਹੈ ਜਦ ਕਿ ਜਮਾਤੀ ਪੱਧਰ ਤੇ ਅਜਿਹੀ ਸਥਿਤੀ ਸੰਭਵ ਨਹੀਂ ਹੋ ਸਕਦੀ ਕਿਉਂਕਿ ਜਮਾਤੀ ਚੇਤਨਾ ਰਾਜਨੀਤਿਕ ਸ਼ਕਤੀ ਦੇ ਤੌਰ 'ਤੇ ਹੀ ਸਾਹਮਣੇ ਆ ਸਕਦੀ ਹੈ, ਦਬਾਉ ਦੇ ਤੌਰ ਤੇ ਨਹੀਂ। ਜਾਤ ਨੂੰ ਰਾਜਨੀਤਿਕ ਸ਼ਕਤੀ ਦੇ ਤੌਰ 'ਤੇ ਉਭਾਰਨਾ ਅਸੰਭਵ ਹੈ।[18]

## ਦਲਿਤ ਚੇਤਨਾ ਦਾ ਸਰੂਪ:

ਭਾਰਤੀ ਪ੍ਰਸੰਗ ਵਿੱਚ ਸ਼ੋਸ਼ਿਤ ਵਰਗ ਦੀ ਅਮਾਨਵੀ ਸਥਿਤੀ ਅਤੇ ਉਸਤੋਂ ਮੁਕਤੀ ਸਬੰਧੀ ਚੇਤਨਾ ਹੀ ਦਲਿਤ ਚੇਤਨਾ ਹੈ। ਇਤਿਹਾਸਿਕ ਪਰਿਪੇਖ ਵਿੱਚ ਅਸੀਂ ਦੇਖ ਆਏ ਹਾਂ ਕਿ ਭਾਰਤੀ ਸਮਾਜ ਸ਼ੁਰੂ ਤੋ ਹੀ ਜਾਤੀਵਾਦੀ ਰਿਹਾ ਹੈ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਇਸ ਜਾਤੀ ਵਿਵਸਥਾ ਦਾ ਵਿਰੋਧ ਵੀ ਸ਼ੁਰੂ ਤੋ ਹੀ ਹੁੰਦਾ ਰਿਹਾ ਹੈ ਕਿਉਂਕਿ ਹਰ ਉਤਪਾਦਨ ਪ੍ਰਣਾਲੀ ਨਾਲ ਪਰਸਪਰ ਵਿਰੋਧੀ ਵਿਚਾਰਧਾਰਾਵਾਂ ਦਾ ਜਨਮ ਵੀ ਹੁੰਦਾ ਹੈ ਜੋ ਸਾਧਨ-ਸੰਪੰਨ ਅਤੇ ਸਾਧਨਹੀਣ ਵਰਗ ਦੇ ਹਿਤਾਂ ਨਾਲ ਜੁੜੀਆਂ ਹੁੰਦੀਆਂ ਹਨ।

ਬੁੱਧ ਧਰਮ ਦੀ ਉਦਾਰਤਾ ਇਸ ਦੀ ਲੰਮੇਰੀ ਉਮਰ ਦਾ ਕਾਰਨ ਬਣੀ ਹੈ। ਇਹ ਬੁੱਧ ਧਰਮ ਦੀ ਉਦਾਰਤਾ ਅਤੇ ਤਾਰਕਿਕ ਪਹੁੰਚ ਦਾ ਸਿੱਟਾ ਹੈ ਕਿ ਵੀਹਵੀਂ ਸਦੀ ਵਿੱਚ ਦਲਿਤਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਡਾ. ਭੀਮ ਰਾਓ ਅੰਬੇਦਕਰ ਨੇ ਦਲਿਤ ਮੁਕਤੀ ਲਈ ਦਲਿਤਾਂ ਨੂੰ ਬੁੱਧ ਧਰਮ ਅਪਣਾਉਣ ਦਾ ਸੱਦਾ ਦਿੱਤਾ। ਇਥੇ ਇਹ ਚਰਚਾ ਕਰਨੀ ਬਣਦੀ ਸੀ ਕਿ ਉਹ ਖਾਲਸਾ ਪੰਥ ਵਿਚ ਕਿਉਂ ਸ਼ਾਮਲ

18 ਡਾ. ਚਰਨਦੀਪ ਸਿੰਘ, ਦਲਿਤ ਸਾਰੋਕਾਰ ਅਤੇ ਸਾਹਿਤ, ਪੰਨਾ 40

ਨਹੀਂ ਹੋਏ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਰਤੀ ਅਨਿਆਂਸ਼ੀਲ ਸਮਾਜ ਵਿਵਸਥਾ ਦੇ ਵਿਰੋਧ ਦੇ ਰੂਪ ਵਿੱਚ ਚਾਰਵਾਕ ਅਤੇ ਬੁੱਧ ਧਰਮ ਦੇ ਦਰਸ਼ਨਾਂ ਵਿੱਚ ਦਲਿਤ ਮੁਕਤੀ ਦੀ ਕਨਸੋਅ ਹੀ ਨਹੀਂ ਮਿਲਦੀ ਸਗੋਂ ਬੁੱਧ ਧਰਮ ਤਾਂ ਅੰਬੇਦਕਰੀ ਵਿਚਾਰਧਾਰਾ ਦਾ ਆਧਾਰ ਸ੍ਰੋਤ ਵੀ ਬਣਦਾ ਹੈ।

ਮੱਧਕਾਲੀ ਭਾਰਤ ਵਿੱਚ ਭਗਤੀ ਲਹਿਰ ਦੇ ਰੂਪ ਵਿੱਚ ਉੱਭਰੀ ਅਧਿਆਤਮਿਕ ਲਹਿਰ ਸਚੇਤ ਤੌਰ ਉਪਰੋਕਤ ਵਿਵਸਥਾ ਦੀ ਕੱਟੜ ਵਿਰੋਧੀ ਸੀ। ਮੱਧਕਾਲੀਨ ਭਗਤੀ ਲਹਿਰ ਦੀ ਵਡੇਰੀ ਪ੍ਰਾਪਤੀ ਹੈ ਕਿ ਇਸ ਨੇ ਭਾਰਤੀ ਸਮਾਜ ਦੇ ਇਤਿਹਾਸ ਵਿੱਚ ਹਾਸ਼ੀਆਗਤ ਵਰਗ ਨਾਲ ਸੰਬੰਧਿਤ ਮਨੁੱਖ ਨੂੰ ਆਤਮ-ਅਭਿਵਿਅਕਤੀ ਦਾ ਮੌਕਾ ਦਿੱਤਾ। ਭਗਤ ਰਵਿਦਾਸ, ਕਬੀਰ, ਨਾਮਦੇਵ, ਆਦਿ ਭਗਤਾਂ ਆਪਣੇ ਨਾਲ ਹੋਣ ਵਾਲੇ ਬ੍ਰਾਹਮਣੀ ਅਨਿਆਂ ਦੀ ਪੇਸ਼ਕਾਰੀ ਵੀ ਕੀਤੀ ਅਤੇ ਪ੍ਰਾਚੀਨ ਭਾਰਤੀ ਵਿਵਸਥਾ ਨੂੰ ਆਪਣੀਆਂ ਰਚਨਾਵਾਂ ਰਾਹੀਂ ਚੁਣੌਤੀ ਵੀ ਦਿੱਤੀ। ਮੱਧਕਾਲ ਦੀਆਂ ਇਹਨ੍ਹਾਂ ਲਹਿਰਾਂ ਦੇ ਦੁਨਿਆਵੀ ਸਰੋਕਾਰਾਂ ਸੰਬੰਧੀ ਚਰਚਾ ਕਰਦਿਆਂ ਡਾ. ਸੁਖਦੇਵ ਸਿੰਘ ਲਿਖਦੇ ਹਨ :

ਮੱਧਕਾਲੀ ਭਾਰਤ ਵਿੱਚ ਕਿਸੇ ਵੀ ਅਜਿਹੀ ਧਾਰਮਿਕ ਸੰਸਥਾ ਦਾ ਉੱਥਾਨ ਨਹੀਂ ਹੋਇਆ ਜੋ ਮਨੁੱਖ ਦੇ ਦੁਨਿਆਵੀ ਸਰੋਕਾਰਾਂ ਤੋਂ ਸੁਤੰਤਰ ਜਾਂ ਉਦਾਸੀਨ ਰਹੀ ਹੋਵੇ। ਭਾਰਤੀ ਸੰਸਕ੍ਰਿਤਿਕ ਸੰਦਰਭ ਵਿੱਚ ਧਰਮ ਮਨੁੱਖ ਦੇ ਅਸਤਿਤਵੀ, ਮਨੋਵਿਗਿਅਨਿਕ ਅਤੇ ਸਮਾਜਿਕ ਸਰੋਕਾਰਾਂ ਤੋਂ ਕਦੇ ਵੀ ਅਭਿੱਜ ਨਹੀਂ ਰਿਹਾ, ਸਗੋਂ ਉਸ ਨੇ ਸਥਿਰ ਮਾਨਤਾਵਾਂ, ਪ੍ਰਤਿਗਾਮੀ ਵਿਚਾਰਧਾਰਾ ਅਤੇ ਰੂੜ੍ਹੀਵਾਦੀ ਪਰੰਪਰਾਵਾਦ ਨੂੰ ਚੁਣੌਤੀ ਦਿੱਤੀ। ਮੱਧਕਾਲੀ ਭਾਰਤ ਵਿੱਚ ਮਨੁੱਖ ਦੀ ਇੱਕ ਵਧੇਰੇ ਨਿਆਂਪੂਰਵਕ ਤੇ ਸਮਾਨਤਾਵਾਦੀ ਸਮਾਜਿਕ ਵਿਵਸਥਾ ਦੀ ਉਸਾਰੀ ਦੀ ਲਾਲਸਾ ਦੇ ਮਨੁੱਖਵਾਦੀ ਯਤਨਾਂ ਨੂੰ ਠੋਸ ਰੂਪ ਵਿੱਚ ਪ੍ਰਗਟਾਵਾ ਇਸ ਦੌਰ ਦੇ ਨਵੇਂ ਉੱਭਰੇ ਭਗਤੀ ਮਤਾਂ ਦੁਆਰਾ ਹੀ ਮਿਲਿਆ। ਸੋ ਚੇਤਨਾ ਦੇ ਧਾਰਮਿਕ ਮੁਹਾਵਰੇ ਦੇ ਬਾਵਜੂਦ ਮੱਧਕਾਲੀ ਭਗਤੀ ਮੱਤਾਂ ਨੇ ਇੱਕ ਮਹੱਤਵਪੂਰਨ ਇਨਕਲਾਬੀ ਭੂਮਿਕਾ ਨਿਭਾਈ।[19]

ਜਾਤ-ਪਾਤ ਆਪਣੇ ਪੂਰੇ ਜ਼ੋਬਨ ਵਿੱਚ ਇੱਕ ਐਸੀ ਸਮਾਜਿਕ ਬਣਤਰ ਹੈ ਜਿਸ ਦੀ ਮਿਸਾਲ ਦੁਨੀਆ ਵਿੱਚ ਨਹੀਂ ਮਿਲਦੀ ਇਹ ਇਸ ਅਸੂਲ ਉੱਤੇ ਕਾਇਮ ਹੈ ਕਿ 'ਮਨੁੱਖ ਹਮੇਸ਼ਾ ਲਈ ਇੱਕ ਦੂਜੇ

19 ਡਾ. ਸੁਖਦੇਵ ਸਿੰਘ, ਪੰਜਾਬੀ ਕਵਿਤਾ ਪੁਨਰ ਸੰਵਾਦ, ਪੰਨਾ 14

ਦੇ ਬਰਾਬਰ ਨਹੀਂ।'[20] ਜਾਤ-ਪਾਤੀ ਪ੍ਰਬੰਧ ਵਰਗੀ (ਮਨੁੱਖਾਂ ਵਿੱਚਕਾਰ ਨਾਬਰਾਬਰੀ ਤੇ ਦਰਜਾ-ਬਦਰਜਾ ਕਾਇਮ ਰੱਖਣ ਵਾਲੀ) ਬੇ ਲਚਕ ਸਮਾਜਿਕ ਬਣਤਰ ਹੋਰ ਕਿਧਰੇ ਹੋਂਦ ਵਿੱਚ ਨਹੀਂ ਆਈ। ਵਿਲਸਮ ਨੇ ਵਿਸਥਾਰ ਨਾਲ ਲਿਖਿਆ ਹੈ ਕਿ ਜਾਤ-ਪਾਤੀ ਨਿਯਮ ਦੇ ਕਾਇਦੇ ਕਿਵੇਂ ਇੱਕ ਜੀਵ ਦੇ ਜਨਮ ਤੋਂ ਲੈ ਕੇ ਮਰਨ ਤੱਕ ਉਸ ਦੀ ਜ਼ਿੰਦਗੀ ਦੀਆਂ ਨਿਗੂਣੀਆਂ ਤੋਂ ਨਿਗੂਣੀਆਂ ਹਰਕਤਾਂ ਉੱਤੇ ਕਾਬੂ ਰੱਖਦੇ ਹਨ।[21] ਤਪੱਸਵੀਆਂ, ਸਾਧੂਆਂ ਅਤੇ ਫ਼ਕੀਰਾਂ ਵਰਗਿਆਂ ਤੋਂ ਛੁੱਟ ਕੋਈ ਵੀ ਆਦਮੀ ਸਨਾਤਨ ਧਰਮੀ ਨਹੀਂ ਸੀ ਰਹਿ ਸਦਕਾ, ਜਿਤਨਾ ਚਿਰ ਉਹ ਕਿਸੇ ਨਾ ਕਿਸੇ ਜਾਤ ਦਾ ਮੈਂਬਰ ਨਾ ਹੋਵੇ। ਜਾਤ-ਪਾਤ ਨੇ ਸਮੁੱਚੇ ਹਿੰਦੂ ਸਮਾਜ ਅਤੇ ਇਸ ਦੀਆਂ ਸਾਰੀਆਂ ਸਮਾਜਿਕ, ਰਾਜਸੀ ਤੇ ਆਰਥਿਕ ਕਾਰਵਾਈਆਂ ਨੂੰ ਆਪਣੇ ਦਾਇਰੇ ਵਿੱਚ ਘੇਰਿਆਂ ਹੋਇਆ ਸੀ।[22]

ਪੰਜਾਬ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀ ਹੋਈ ਸਿੱਖ ਧਰਮ ਦੀ ਬਖਸ਼ਿਸ ਨੇ ਜਾਤ-ਪਾਤੀ ਪ੍ਰਬੰਧ ਨੂੰ ਸੁਚੇਤ ਤੌਰ 'ਤੇ ਰੱਦ ਹੀ ਨਹੀਂ ਕੀਤਾ ਸਗੋਂ ਇੱਕ ਅਜਿਹੀ ਪਰੰਪਰਾ ਦੀ ਸ਼ੁਰੂਆਤ ਵੀ ਕੀਤੀ ਜਿਹੜੀ ਲਗਭਗ ਸਵਾ ਦੋ ਸੌ ਸਾਲ ਵਿਚ ਮਨੁੱਖੀ ਇਨਕਲਾਬ ਦੇ ਰੂਪ ਵਿੱਚ ਵਿਕਸਿਤ ਹੋ ਕੇ ਸਾਹਮਣੇ ਆਈ ਜਿਸ ਨੇ ਹਿੰਦੋਸਤਾਨ ਵਿਚ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜ ਜਾਤ ਪਾਤੀ ਪ੍ਰਬੰਧ ਦੀਆਂ ਚੂਲਾਂ ਹਿਲਾ ਦਿੱਤੀਆਂ। ਸਿੱਖ ਧਰਮ ਬੁਨਿਆਦੀ ਤੌਰ 'ਤੇ ਹੀ ਜਾਤ-ਪਾਤੀ ਸਿਸਟਮ ਦਾ ਵਿਰੋਧੀ ਰਿਹਾ ਹੈ। ਇਹ ਵਿਰੋਧ ਸਿਧਾਂਤਿਕ ਅਤੇ ਵਿਹਾਰਿਕ ਦੋਵਾਂ ਪੱਧਰਾਂ 'ਤੇ ਹੀ ਕਾਰਜਸ਼ੀਲ ਰਿਹਾ ਹੈ। ਪੰਜਾਬੀ ਸਮਾਜ ਅੰਦਰ ਜਾਤ-ਪਾਤੀ ਜਕੜ ਦੀ ਸਥਿਤੀ ਹੋਰਨਾਂ ਭਾਰਤੀ ਸੂਬਿਆਂ ਜਿੰਨੀ ਖਤਰਨਾਕ ਨਾ ਹੋਣ ਦਾ ਬਹੁਤ ਵੱਡਾ ਕਾਰਨ ਸਿੱਖ ਧਰਮ ਦੇ ਸਿਧਾਂਤ ਅਤੇ ਸਿੱਖ ਗੁਰੂਆਂ ਵੱਲੋਂ ਵਿਹਾਰਿਕ ਰੂਪ ਵਿੱਚ ਜੀਵਿਆ ਅਤੇ ਸੁਝਾਇਆ ਗਿਆ ਜੀਵਨ-ਮਾਰਗ (ਗ੍ਰਹਿਸਥ-ਮਾਰਗ) ਹੀ ਹੈ।[23] ਸਿੱਖ ਪੰਥ ਦੇ ਮੂਲ ਅਧਾਰ ਵਿਚ ਪਹਿਲਾ ਨਿਸ਼ਾਨਾ ਹੀ ਮਨੁੱਖ-ਜਾਤੀ ਦੀ ਮੁਕੰਮਲ ਅਜ਼ਾਦੀ ਤੇ ਬਰਾਬਰੀ ਦੇ ਆਦਰਸ਼ ਦਾ ਪ੍ਰਚਾਰ ਕਰਨਾ ਹੈ ਦੂਸਰਾ ਨਿਸ਼ਾਨਾ ਇਸ ਆਦਰਸ਼ ਦੀਆਂ ਨੀਹਾਂ ਉੱਤੇ

20 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 12

21 www.worldkat.org,hutton.j.h.castein india visted on 13/5/17

22 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 2

23 ਚਰਨਜੀਤ ਸਿੰਘ, ਦਲਿਤ ਸਰੋਕਾਰ ਅਤੇ ਸਾਹਿਤ, ਪੰਨਾ 42

ਇੱਕ ਨਵਾਂ ਸਮਾਜ (ਸਿੱਖ-ਪੰਥ) ਉਸਾਰਨਾ। ਤੀਸਰਾ ਨਿਸ਼ਾਨਾ ਪੰਥ ਨੂੰ ਰਾਜਸੀ ਇਨਕਲਾਬ ਲਿਆਉਣ ਦਾ ਵਸੀਲਾ ਬਨਾਉਣਾ ਤਾਂ ਜੋ ਜਨਸਮੂਹ ਵਿਚ ਬਰਾਬਰੀ ਦੇ ਅਹਿਸਾਸ ਅਤੇ ਚੇਤਨਾ ਦਾ ਪ੍ਰਕਾਸ਼ ਕਰ ਦੱਬੀ ਕੁਚਲੀ ਲੋਕਾਈ ਨੂੰ ਪੁਨਰ ਊਰਜਿਤ ਕੀਤਾ ਜਾ ਸਕੇ। ਜਿਸ ਦ੍ਰਿੜਤਾ ਤੇ ਵਿਸ਼ਵਾਸ ਨਾਲ ਬੜੇ ਲੰਮੇ ਅਰਸੇ ਤੱਕ ਇਸ ਉੱਤਮ ਪਰ ਕਠਿਨ ਮਿਸ਼ਨ ਨੂੰ ਪੂਰਾ ਕਰਨ ਲਈ ਯਤਨ ਕੀਤਾ ਗਿਆ ਉਸ ਦੇ ਨਤੀਜੇ ਵਜੋਂ ਸਿੱਖ ਲਹਿਰ ਦਾ ਆਪਣਾ ਨਿਰਾਲਾ ਰੂਪ ਬਣ ਗਿਆ।

## ਇਤਿਹਾਸਿਕ ਦ੍ਰਿਸ਼ਟੀਕੋਣ:

ਭਾਰਤ ਵਿੱਚ ਦਲਿਤਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। Felix Raj ਦੇ ਸ਼ਬਦਾਂ ਵਿੱਚ ਇਹ ਇਤਿਹਾਸ ਆਰੀਆਂ ਦੇ ਭਾਰਤ ਵਿੱਚ ਪ੍ਰਵੇਸ਼ ਨਾਲ ਸ਼ੁਰੂ ਹੁੰਦਾ ਹੈ। ਉਨ੍ਹਾਂ ਦੇ ਆਪਣੇ ਸ਼ਬਦਾ ਵਿਚ ;

"The origin of the Dalits goes back to 1500 BC. Studies about their origin tell us that they were a people without a name and without a place in the social organization of the time. They were not only ostracized from the mainstream society and relegated to the status of "untouchables" but were also subjected to various forms of exploitation and oppression which have always been supported by religion directly or indirectly."24

ਇਸ ਲਈ ਇਸ ਸੰਕਲਪ ਦੇ ਪਿਛੋਕੜ ਵਿੱਚ ਲੁਕੇ ਹੋਏ ਸਮਾਜਿਕ ਅਤੇ ਸੱਭਿਆਚਾਰਕ ਇਤਿਹਾਸ ਨੂੰ ਫਰੋਲਣਾ ਜ਼ਰੂਰੀ ਹੈ। ਅਸੀਂ ਆਪਣੀ ਗੱਲ ਪ੍ਰਸਿੱਧ ਭਾਰਤੀ ਇਤਿਹਾਸਕਾਰ ਸੁਨੀਤੀ ਕੁਮਾਰ ਚੈਟਰਜੀ ਦੇ ਹਵਾਲੇ ਨਾਲ ਸ਼ੁਰੂ ਕਰ ਸਕਦੇ ਹਾਂ। ਇਸ ਇਤਿਹਾਸਕਾਰ ਨੇ ਮਤ ਪੇਸ਼ ਕੀਤਾ ਹੈ ਕਿ ਭਾਰਤ ਦੇ ਮੂਲ ਨਿਵਾਸੀ ਅੱਜ ਦੇ ਦਲਿਤ ਹੀ ਹਨ ਜਿਨ੍ਹਾਂ ਨੂੰ ਅਛੂਤ ਜਾਂ ਸ਼ੂਦਰ ਆਖਿਆ ਗਿਆ। ਇਹ ਪੂਰਬ-ਆਰੀਆ ਸੱਭਿਅਤਾ ਦੇ ਵਸਨੀਕ ਸਨ ਜੋ ਆਰੀਆਂ ਦੇ ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਹਜ਼ਾਰਾਂ ਸਾਲ ਪਹਿਲਾਂ ਤੋਂ ਇੱਥੇ ਰਹਿੰਦੇ ਹਨ।25

24 www.geothals.in Raj Felix, S.J. Religion & Dalit Indentity visted of 3/1/17

25 www.en.in.wikipedia.org Sumit Kumar Chatterjee, History& culture of the Indian people visted on 31/1/17.

ਪੰਦਰ੍ਹਵੀਂ ਸਦੀ ਈਸਾ ਪੂਰਬ ਦੇ ਨੇੜੇ ਤੇੜੇ ਆਰੀਆ ਕਬੀਲਿਆਂ ਨੇ ਹਾਰੇ ਹੋਏ ਸਥਾਨਿਕ ਲੋਕਾਂ ਨੂੰ ਜਾਂ ਤਾਂ ਦਾਸ ਬਣਾ ਲਿਆ ਅਤੇ ਜਾਂ ਉਹ ਆਕੀ ਹੋ ਕੇ ਦਸਯੂ (ਬਾਗ਼ੀ ਜਾਂ ਲੁਟੇਰੇ) ਬਣ ਗਏ। ਇਸੇ ਸਭਿਅਤਾ ਦਾ ਇੱਕ ਵਰਗ ਜੰਗਲਾਂ ਵਿੱਚ ਤਿਆਗ ਅਤੇ ਤਪੱਸਿਆ ਦਾ ਜੀਵਨ ਜਿਉਂ ਰਿਹਾ ਸੀ ਅਤੇ ਮਨੁੱਖੀ ਹੋਂਦ ਦੇ ਦਾਰਸ਼ਨਿਕ ਮਸਲਿਆਂ ਬਾਰੇ ਚਿੰਤਨ ਅਤੇ ਮਨਨ ਕਰ ਰਿਹਾ ਸੀ। ਆਰੀਆਂ ਨੇ ਆਪਣੀ ਵਰਨ-ਵਿਵਸਥਾ ਦੇ ਅੰਤਰਗਤ ਇਹਨ੍ਹਾਂ ਨੂੰ ਹੀ ਅਵਰਨ ਆਖਿਆ ਅਤੇ ਆਪਣੇ ਲੋਕਾਂ ਨੂੰ ਹਾਰੀ ਹੋਈ ਸੱਭਿਅਤਾ ਦੇ ਲੋਕਾਂ ਨਾਲ ਰਿਸ਼ਤੇ ਨਾਤੇ ਜੋੜਨ ਦੀ ਮਨਾਹੀ ਕਰ ਦਿੱਤੀ।

ਰਿਗਵੇਦ ਨੂੰ ਭਾਰਤ ਦੇ ਪੁਰਾਤਨ ਇਤਿਹਾਸ ਦਾ ਦਸਤਾਵੇਜ਼ੀ ਸੋਮਾ ਮੰਨਿਆ ਗਿਆ ਹੈ। ਇਸ ਦਸਤਾਵੇਜ਼ ਵਿੱਚ ਪ੍ਰਕਿਰਤਿਕ ਸ਼ਕਤੀਆਂ ਦੇ ਦੈਵੀਕਰਨ, ਉਹਨਾਂ ਦੀ ਸਤੁਤੀ ਅਤੇ ਸੁਖ-ਸਮ੍ਰਿਧੀ ਲਈ ਕੀਤੇ ਜਾਣ ਵਾਲੇ ਕਰਮਕਾਂਡ ਦੇ ਨਾਲ-ਨਾਲ ਇੱਕ ਹੋਰ ਮਹੱਤਵਪੂਰਨ ਪ੍ਰਸੰਗ ਵੀ ਸਾਹਮਣੇ ਆਉਂਦਾ ਹੈ। ਇਹ ਦੇਵਤਿਆਂ ਨੂੰ ਮੰਨਣ ਵਾਲੇ ਆਰੀਆਂ ਅਤੇ ਉਹਨਾਂ ਵਿੱਚ ਆਸਥਾ ਨਾ ਰੱਖਣ ਵਾਲੇ ਦਸਯੂਆਂ (ਜਾਂ ਅਨਾਰੀਆਂ) ਵਿੱਚਕਾਰ ਹੋਏ ਘੋਰ ਸੰਗਰਾਮ ਦਾ ਬਿਰਤਾਂਤ ਵੀ ਪੇਸ਼ ਹੁੰਦਾ ਹੈ। ਭਾਰਤ ਦੇ ਇੱਕ ਸਮਕਾਲੀ ਧਰਮ-ਚਿੰਤਕ Rev. Kappan ਅਨੁਸਾਰ ਇਹ ਵੈਦਿਕ ਧਰਮ ਹੀ ਸੀ ਜਿਸ ਨੇ ਭਾਰਤ ਵਿੱਚ ਧਰਮ ਅਤੇ ਸਭਿਆਚਾਰ ਦੇ ਪਹਿਲੇ ਸੰਕਟ ਨੂੰ ਜਨਮ ਦਿੱਤਾ।[26]

ਇਸ ਤਰ੍ਹਾਂ ਭਾਰਤ ਵਿੱਚ ਜਾਤੀ-ਪ੍ਰਥਾ ਜਾਂ ਵਰਨ-ਵਿਵਸਥਾ ਦਾ ਅਰੰਭ ਇਸੇ ਆਰੀਆ-ਵੈਦਿਕ ਕਾਲ ਵਿੱਚ ਹੋਇਆ। ਇਸ ਗੱਲ ਦਾ ਮੁੱਢਲਾ ਪ੍ਰਮਾਣ ਵੀ ਰਿਗਵੇਦ ਵਿੱਚ ਮਿਲ ਜਾਂਦਾ ਹੈ। ਇਸ ਪਾਵਨ ਪਾਠ ਦੇ ਇੱਕ ਸੂਕਤ (ਪੁਰਸ਼ ਸੂਕਤ) ਵਿੱਚ ਵਿਭਿੰਨ ਜਾਤੀਆਂ ਦੀ ਉਤਪਤੀ ਬਾਰੇ ਇੱਕ ਮਿਥਿਕ ਬਿਰਤਾਂਤ ਉਸਾਰਿਆ ਗਿਆ ਹੈ। ਇਸ ਮਿਥਿਕ ਬਿਰਤਾਂਤ ਵਿੱਚ ਦੈਵੀ ਸੱਤਾ ਨੂੰ ਬ੍ਰਹਿਮੰਡੀ ਪੁਰਖ ਦੇ ਰੂਪ ਵਿੱਚ ਚਿਤਵ ਕੇ ਵਿਭਿੰਨ ਜਾਤੀਆਂ ਨੂੰ ਉਸਦੇ ਸਰੀਰ ਦੇ ਵਿਭਿੰਨ ਅੰਗਾਂ ਵਿੱਚੋਂ ਉਪਜਣ ਦੀ ਗੱਲ ਆਖੀ ਗਈ ਹੈ। ਮਿਸਾਲ ਵਜੋਂ ਬ੍ਰਹਮ ਰੂਪੀ ਉਸ ਪਰਮ ਪੁਰਖ ਦੇ ਮੁੱਖ ਤੋਂ ਬ੍ਰਾਹਮਣ, ਉਸ ਦੀਆਂ ਭੁਜਾਵਾਂ ਤੋਂ ਖੱਤਰੀ, ਉਸਦੇ ਪੱਟਾਂ ਤੋਂ ਵੈਸ਼ ਅਤੇ ਉਸਦੇ ਪੈਰਾਂ ਤੋਂ ਸ਼ੂਦਰ ਪੈਦਾ ਹੋਏ।[27]

---

26 Rev. Kappan,"Dalit: The Downtrodden of India". www.http//booksgoogle.co.in

27 www.geothals.in Raj Felix, S.J. Religion & Dalit Identity visited of 3/1/17

ਇਸ ਮਿਥ ਨੂੰ ਬਾਅਦ ਵਿੱਚ ਮਨੂ-ਸਿਮ੍ਰਿਤੀ ਵਿੱਚ ਹੋਰ ਵਿਸਤਾਰ ਨਾਲ ਪੁਨਰ-ਸਿਰਜਿਤ ਕੀਤਾ ਗਿਆ ਹੈ ਜੋ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਸਿਧਾਂਤਿਕ ਰਚਨਾ ਬਣ ਗਈ। ਮਨੂ ਸਿਮ੍ਰਿਤੀ ਦੇ ਪਹਿਲੇ ਅਧਿਆਇ ਵਿੱਚ ਇਸ ਮਿਥ ਦਾ ਪ੍ਰਸੰਗ ਉਸਾਰਿਆ ਗਿਆ ਹੈ ਜਿਸ ਦਾ ਅਰੰਭ ਇਸ ਤਰ੍ਹਾਂ ਹੈ ਕਿ ਕੁਝ ਮਹਾਨ ਰਿਸ਼ੀਆਂ ਨੇ ਮਨੂ ਦੀ ਆਰਾਧਨਾ ਕੀਤੀ ਅਤੇ ਉਸ ਪਾਸ ਜਾ ਕੇ ਬੇਨਤੀ ਕੀਤੀ ਕਿ ਹੇ ਦੇਵਾਤਮ ! ਸਾਨੂੰ ਚਾਰਾਂ ਪ੍ਰਮੁੱਖ ਵਰਨਾਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਦੇ ਧਰਮ ਬਾਰੇ ਗਿਆਨ ਦਿਓ।

ਇਸ ਮਹੱਤਵਪੂਰਨ ਟੈਕਸਟ ਦਾ ਪੱਛਮੀ ਵਿਦਵਾਨਾਂ ਵੱਲੋਂ ਸਭ ਤੋਂ ਪਹਿਲਾ ਅਨੁਵਾਦ ਪ੍ਰਸਿੱਧ ਜਰਮਨ ਵਿਦਵਾਨ ਜੀ. ਞੂਹਲਰ ਨੇ ਕੀਤਾ। ਉਸ ਅਨੁਸਾਰ ਮਨੂ ਨੇ ਆਖਿਆ ਕਿ ਬ੍ਰਾਹਮਣਾਂ ਦਾ ਧਰਮ (ਫਰਜ਼) ਹੈ ਵੇਦਾਂ ਦਾ ਅਧਿਐਨ ਕਰਨਾ, ਸਿੱਖਿਆ ਦੇਣਾ, ਆਪਣੇ ਅਤੇ ਹੋਰਨਾਂ ਦੇ ਭਲੇ ਲਈ ਯੱਗ ਕਰਨਾ ਤੇ ਲੋਕਾਂ ਪਾਸੋਂ ਦਾਨ-ਦੱਖਣਾਂ ਗ੍ਰਹਿਣ ਕਰਨਾ। ਖੱਤਰੀਆਂ ਦਾ ਮੁੱਖ ਧਰਮ ਹੈ ਲੋਕਾਂ ਦੀ ਰੱਖਿਆ ਕਰਨਾ। ਵੈਸ਼ਾਂ ਦਾ ਮੁੱਖ ਧਰਮ ਹੈ ਪਸ਼ੂ ਪਾਲਣਾ ਪਰ ਸ਼ੂਦਰਾਂ ਦਾ ਸਿਰਫ ਇੱਕੋ ਧਰਮ ਹੈ ਹਲੀਮੀ ਨਾਲ ਉਪਰਲੀਆਂ ਤਿੰਨਾਂ ਜਾਤੀਆਂ ਦੀ ਸੇਵਾ ਕਰਨਾ।[28] ਸਪਸ਼ਟ ਹੋਇਆ ਕਿ ਵਰਨਾਂ ਦੀ ਉਤਪਤੀ ਬਾਰੇ ਮਿਥ ਸ਼ਰੁਤੀ ਤੋਂ ਸਿਮ੍ਰਿਤੀ ਤੱਕ ਯਾਤਰਾ ਕਰਦੀ ਦਿਖਾਈ ਦਿੰਦੀ ਹੈ। ਰਿਗਵੇਦ ਵਿੱਚ ਵਰਣਿਤ ਵਿਭਿੰਨ ਵਰਨਾਂ ਦੀ ਉਤਪਤੀ ਦੀ ਮਿਥ ਸ਼ਰੁਤੀ ਦਾ ਦਰਜਾ ਰੱਖਦੀ ਹੈ ਜਦੋਂ ਕਿ ਮਨੂ-ਸਿਮ੍ਰਿਤੀ ਇਸ ਮਿਥ ਨੂੰ ਸਮਕਾਲੀ ਸਰੋਕਾਰਾਂ ਦੀ ਰੌਸ਼ਨੀ ਵਿੱਚ ਪੁਨਰ-ਸਿਰਜਿਤ ਕਰਨ ਵੱਲ ਰੁਚਿਤ ਹੁੰਦੀ ਹੈ। ਰਿਗਵੇਦ ਦੇ ਰਿਸ਼ੀਆਂ ਦੀ ਮਿਥਕ ਪਰਿਕਲਪਨਾ ਸਮਾਜਿਕ ਪ੍ਰਬੰਧ ਵਿੱਚ ਪ੍ਰਚਲਿਤ ਵਰਨ-ਵਿਵਸਥਾ ਦੀ ਹਕੀਕਤ ਦਾ ਮੁਕਾਬਲਤਨ ਨਿਰਪੱਖ ਵੇਰਵਾ ਪੇਸ਼ ਕਰਦੀ ਹੈ। ਇਹ ਮਾਨਵ ਸਰੀਰ ਦੇ ਰੂਪਕ (metaphor) ਰਾਹੀਂ ਸਮਾਜਿਕ ਸੰਰਚਨਾ ਦੇ ਵਿਭਿੰਨ ਤੱਤਾਂ ਦੀ ਕਾਰਜਸ਼ੀਲਤਾ ਦਾ ਸਹਿਜ-ਸੁਭਾਵਿਕ ਵਿਵੇਕ ਪ੍ਰਸਤੁਤ ਕਰਦੀ ਹੈ। ਕਿਸੇ ਵੀ ਸਮਾਜ-ਸੱਭਿਆਚਾਰ ਵਿੱਚ ਕਿੱਤਿਆਂ ਦੀ ਇਸ ਕਿਸਮ ਦੀ ਸੁਭਾਵਿਕ ਵੰਡ ਇੱਕ ਆਮ ਵਰਤਾਰਾ ਹੈ ਪਰ ਮਨੂ-ਸਿਮ੍ਰਿਤੀ ਤੱਕ ਅਪੜਦਿਆਂ ਕਿੱਤਿਆਂ ਦੀ ਇਹ ਸਹਿਜ ਸੁਭਾਵਿਕ ਵੰਡ ਜਨਮ ਅਤੇ ਜਾਤ ਨਾਲ ਜੁੜ ਜਾਂਦੀ ਹੈ ਅਤੇ ਇਸ ਵਿੱਚ

28 www.geothals.in Raj Felix, S.J. Religion & Dalit Identity visited of 3/1/17

ਇੱਕ ਵਿਸ਼ੇਸ਼ ਭਾਂਤ ਦੀ ਗੁੰਝਲਦਾਰ ਦਰਜੇਬੰਦੀ ਵੀ ਉਭਰ ਆਉਂਦੀ ਹੈ। ਦਿਲਚਸਪ ਗੱਲ ਇਹ ਹੈ ਇਹ ਦਰਜੇਬੰਦੀ ਸਿਰਫ ਸਵਰਨ ਜਾਤੀਆਂ (ਬ੍ਰਾਹਮਣ, ਖੱਤਰੀ ਅਤੇ ਵੈਸ਼) ਤੱਕ ਹੀ ਸੀਮਿਤ ਨਹੀਂ ਰਹਿੰਦੀ ਸਗੋਂ ਅਵਰਨ ਜਾਂ ਸ਼ੂਦਰ ਜਾਤੀਆਂ ਵੀ ਇਸਦਾ ਸ਼ਿਕਾਰ ਹੋ ਜਾਂਦੀਆਂ ਹਨ।

ਮਨੂ ਸਿਮ੍ਰਿਤੀ ਵਿੱਚ ਵਰਨ-ਵਿਵਸਥਾ ਦੀ ਜੋ ਵਿਆਖਿਆ ਪੇਸ਼ ਕੀਤੀ ਗਈ ਹੈ ਉਸ ਦੇ ਅੰਤਰਗਤ ਉਪਰਲੇ ਤਿੰਨ ਵਰਨਾਂ ਨੂੰ ਆਪੋ-ਆਪਣੇ ਕਿੱਤੇ ਦਾ ਫਰਜ਼ ਨਿਭਾਉਂਦਿਆਂ ਸ਼ਖ਼ਸੀ ਅਜ਼ਾਦੀ ਤੇ ਵਿੱਦਿਆ ਦਾ ਅਧਿਕਾਰ ਵੀ ਮਿਲਿਆ ਹੋਇਆ ਹੈ ਜਦੋਂ ਕਿ ਸ਼ੂਦਰਾਂ ਅਤੇ ਅਵਰਨਾਂ ਦੇ ਕੇਵਲ ਫਰਜ਼ ਹੀ ਦਿੱਤੇ ਗਏ ਹਨ। ਉਹਨਾਂ ਦਾ ਅਧਿਕਾਰ ਕੋਈ ਨਹੀਂ। ਵਿੱਦਿਆ ਦਾ ਅਧਿਕਾਰ ਤਾਂ ਬਿਲਕੁਲ ਹੀ ਨਹੀਂ। ਅਸਲ ਵਿੱਚ ਉਹਨਾਂ ਦਾ ਮੁੱਖ ਫਰਜ਼ ਉਪਰਲੇ ਤਿੰਨਾਂ ਵਰਨਾਂ ਦੀ ਸੇਵਾ ਅਤੇ ਚਾਕਰੀ ਕਰਨਾ ਹੀ ਮਿਥਿਆ ਗਿਆ ਹੈ ਜਿਸ ਵੱਲੋਂ ਕੋਤਾਹੀ ਕਰਨ ਉੱਤੇ ਉਹ ਦੰਡ ਦੇ ਅਧਿਕਾਰੀ ਮੰਨੇ ਜਾਂਦੇ ਹਨ। ਸੱਚ ਤਾਂ ਇਹ ਹੀ ਕਿ ਮਨੂ-ਸਿਮ੍ਰਿਤੀ ਸਮਾਜ ਦੇ ਮਿਹਨਤਕਸ਼ ਨਿਮਨ ਵਰਨ ਦੇ ਦਮਨ ਅਤੇ ਸ਼ੋਸ਼ਣ ਨੂੰ ਹੱਕੀ ਸਿੱਧ ਕਰਨ ਲਈ ਵਿਚਾਰਧਾਰਾਈ ਤੰਤਰ ਉਸਾਰਦੀ ਹੈ। ਵਿੱਦਿਆ ਅਤੇ ਸ਼ਖਸੀ ਅਜ਼ਾਦੀ ਵਰਗੇ ਮਾਨਵੀ ਹੱਕਾਂ ਤੋਂ ਮਹਿਰੂਮ ਇਹ ਵਰਗ ਸਦੀਆਂ ਤੱਕ ਸਮਾਜਿਕ ਅਨਿਆਂ ਦਾ ਸੰਤਾਪ ਭੋਗਣ ਲਈ ਮਜਬੂਰ ਹੁੰਦੇ ਹਨ। ਇਸ ਤਰ੍ਹਾਂ ਸਮਾਜਿਕ ਬਣਤਰ ਵਿੱਚ ਵਰਨ-ਵਿਵਸਥਾ ਦਾ ਕਰੂਰ ਅਤੇ ਅਮਾਨਵੀ ਰੂਪ ਉਜਾਗਰ ਹੁੰਦਾ ਹੈ।[29]

ਅਜਿਹਾ ਨਹੀਂ ਕਿ ਆਮ ਲੋਕਾਈ ਦੇ ਮਨ ਵਿੱਚ ਇਸ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਰੋਸ ਨਹੀਂ ਸੀ ਉਪਜਦਾ। ਪਰ ਇਹ ਰੋਸ ਵਧੇਰੇ ਅਬੋਲ ਹੀ ਰਹਿੰਦਾ ਹੈ। ਅਸਲ ਵਿੱਚ ਤਤਕਾਲੀਨ ਸਮਾਜ ਵਿੱਚ ਮਨੂਵਾਦੀ ਵਿਚਾਰਧਾਰਾ ਦੀ ਪਕੜ ਏਨੀ ਮਜ਼ਬੂਤ ਸੀ ਕਿ ਇਸ ਦੇ ਪ੍ਰਭਾਵ ਹੇਠਾਂ ਦਲਿਤ ਜਾਤੀਆਂ ਇਸ ਦਮਨ ਨੂੰ ਕਰਮਾਂ ਦਾ ਫਲ ਮੰਨ ਕੇ ਖ਼ਾਮੋਸ਼ ਹੋ ਜਾਂਦੀਆਂ ਸਨ। ਉਹਨਾਂ ਦੇ ਮਨਾਂ ਵਿੱਚ ਉਪਜਣ ਵਾਲਾ ਰੋਹ ਅਤੇ ਵਿਦਰੋਹ ਵੀ ਅਕਸਰ ਦਬ ਜਾਂਦਾ ਸੀ।[30] ਬੁੱਧ ਨੇ ਅਧਿਆਤਮਿਕ ਮੁਕਤੀ ਦੀ ਬਜਾਏ ਦੁੱਖ ਦੇ ਨਿਵਾਰਨ ਨਾਲ ਆਪਣਾ ਸਰੋਕਾਰ ਜੋੜਿਆ ਜੋ ਵੈਦਿਕ ਪਰੰਪਰਾ ਦੀ

29 ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਪੰਨਾ 258

30 ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਪੰਨਾ 25

ਪਰਾਭੌਤਿਕਤਾ ਵਾਲੇ ਵਿਸ਼ਵਾਸ ਨੂੰ ਮੂਲੋਂ ਹੀ ਰੱਦ ਕਰਨ ਵਲ ਰੁਚਿਤ ਸੀ। ਉਸ ਦੇ ਚਿੰਤਨ ਵਿਚਲਾ ਦੁੱਖ ਦਾ ਇਹ ਬੋਧ ਮਨੁੱਖੀ ਹੋਂਦ ਦੇ ਸਮੂਰਤ ਮਸਲਿਆਂ ਨਾਲ ਆਪਣਾ ਸਰੋਕਾਰ ਜੋੜਦਾ ਹੈ। ਇਹੀ ਕਾਰਨ ਹੈ ਕਿ ਦਲਿਤ ਵਰਗਾਂ ਨਾਲ ਹੁੰਦੀ ਬੇਇਨਸਾਫੀ ਨੂੰ ਵੀ ਇਹ ਅੱਖੋਂ ਪਰੋਖੇ ਨਹੀਂ ਕਰ ਸਕਦਾ। ਇਹ ਕਰੁਣਾ ਅਤੇ ਮੈਤਰੀ ਦੇ ਸੰਕਲਪਾਂ ਰਾਹੀਂ ਹਰ ਦੁਖੀ ਦਿਲ ਨਾਲ ਸੰਵੇਦਨਾ ਦਾ ਰਿਸ਼ਤਾ ਜੋੜਦਾ ਹੈ।31

ਇਸ ਤੋਂ ਇਲਾਵਾ ਬੁੱਧ ਨੇ ਜਾਤ-ਵਰਨ ਦੇ ਵਿਤਕਰੇ ਨੂੰ ਲਾਂਭੇ ਰੱਖ ਕੇ ਹਰ ਕਿਸੇ ਨੂੰ ਜਿਗਿਆਸੂਆਂ ਦੇ ਸੰਘ (ਸੰਗਤ) ਵਿੱਚ ਪ੍ਰਵੇਸ਼ ਹੋਣ ਦਾ ਸੱਦਾ ਦਿੱਤਾ ਜਦੋਂ ਕਿ ਮਨੂਵਾਦੀ ਵਿਚਾਰਧਾਰਾ ਨੇ ਸ਼ੂਦਰਾਂ ਨੂੰ ਅਛੂਤ ਆਖ ਕੇ ਮੰਦਰਾਂ ਵਿੱਚ ਜਾਣ ਦੀ ਵੀ ਮਨਾਹੀ ਕੀਤੀ ਹੋਈ ਸੀ। ਇਸ ਤਰ੍ਹਾਂ ਬੁੱਧ ਮਤ ਅਤੇ ਜੈਨ ਮਤ ਨੇ ਪਹਿਲੀ ਵਾਰ ਬ੍ਰਾਹਮਣ ਦੀ ਚੌਧਰ ਦੇ ਖਾਤਮੇ ਅਤੇ ਜਾਤੀ-ਪ੍ਰਥਾ ਖਿਲਾਫ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਇਸ ਬਾਰੇ ਬੁੱਧ ਨੇ ਆਪਣੇ ਬਚਨਾਂ ਵਿੱਚ ਬਹੁਤ ਮਹੱਤਵਪੂਰਨ ਗੱਲ ਆਖੀ ਹੈ। ਜਿਸ ਦਾ ਸਾਰ ਇਹ ਹੈ :

ਜਨਮ ਤੋਂ ਕੋਈ ਵੀ ਬ੍ਰਾਹਮਣ ਨਹੀਂ।
ਕੋਈ ਵੀ ਅਛੂਤ ਜਨਮ ਤੋਂ ਅਛੂਤ ਨਹੀਂ।
ਅਛੂਤ ਉਹ ਸਿਰਫ ਆਪਣੇ ਕਰਮਾਂ ਤੋਂ ਹੈ।
ਬ੍ਰਾਹਮਣ ਵੀ ਆਪਣੇ ਕਰਮਾਂ ਤੋਂ ਹੀ ਬ੍ਰਾਹਮਣ ਹੈ।

ਇਸ ਤਰ੍ਹਾਂ ਮਨੂਵਾਦੀ ਵਿਚਾਰਧਾਰਾ ਦਾ ਵਿਵੇਕਪੁਰਨ ਖੰਡਨ ਕਰਨ ਵਿੱਚ ਬੁੱਧ ਮਤ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਵਰਨਨਯੋਗ ਹੈ।[32]

## ਹਾਸ਼ੀਆਗਤ ਵਰਗ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ:

ਗੁਰਬਾਣੀ ਵਿੱਚ ਪੇਸ਼ ਹੋਈ ਹਾਸ਼ੀਆਗਤ ਵਰਗ ਦੀ ਚੇਤਨਾ ਨੂੰ ਸਹੀ ਪਰਿਪੇਖ ਵਿੱਚ ਰੱਖ ਕੇ ਵਿਚਾਰਨ ਲਈ ਸਭ ਤੋਂ ਪਹਿਲਾਂ ਇਸ ਦੀ ਵਿਚਾਰਧਾਰਾ ਬਾਰੇ ਗੱਲ ਕਰਨੀ ਜ਼ਰੂਰੀ ਹੈ। ਇਸ ਮੰਤਵ

---

31 ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਪੰਨਾ 25

32 ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਚਵਨ, ਪੰਨਾ 32

ਲਈ ਇਸ ਦੇ ਪਾਠ-ਪ੍ਰਬੰਧ ਨੂੰ ਨਿਰੋਲ-ਰੂਹਾਨੀਅਤ ਦੇ ਸੰਦਰਭ ਵਿੱਚ ਰੱਖ ਕੇ ਨਹੀਂ ਸਗੋਂ ਸਮਾਜਿਕ ਅਤੇ ਰਾਜਨੀਤਿਕ ਯਥਾਰਥ ਨਾਲ ਵੀ ਜੋੜ ਕੇ ਵਾਚਣਾ ਪਵੇਗਾ।

ਅਸਲ ਵਿੱਚ ਗੁਰਬਾਣੀ ਦੇ ਸਿਧਾਂਤਿਕ ਆਧਾਰ ਦਾ ਨਿਖੇੜਾ ਕਰਨ ਵਾਲਾ ਮਹੱਤਵਪੂਰਨ ਤੱਤ ਇਸ ਦੀ ਵਿਚਾਰਧਾਰਾ ਹੀ ਹੈ। ਜਿਵੇਂ ਕਿ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ, ਵਿਚਾਰਧਾਰਾ ਮੂਲ ਰੂਪ ਵਿੱਚ ਸਮਾਜ ਵਿਗਿਆਨ ਦੇ ਖੇਤਰ ਵਿੱਚ ਵਿਕਸਿਤ ਹੋਈ ਧਾਰਨਾ ਹੈ। ਇਹ ਕਿਸੇ ਸਮਾਜ-ਸੱਭਿਆਚਾਰ ਵਿੱਚ ਪ੍ਰਚਲਿਤ ਵਿਚਾਰਾਂ, ਵਿਸ਼ਵਾਸਾਂ, ਕਦਰਾਂ-ਕੀਮਤਾਂ ਅਤੇ ਅਰਥਾਂ ਦਾ ਅਜਿਹਾ ਸੰਗਠਨ ਹੈ ਜਿਸ ਦੇ ਮਾਧਿਅਮ ਰਾਹੀਂ ਕੋਈ ਮਨੁੱਖੀ ਭਾਈਚਾਰਾ ਆਪਣੀ ਹੋਂਦ ਅਤੇ ਜੀਵਨ-ਵਿਧੀ ਨੂੰ ਅਰਥ-ਸਾਰਥਕਤਾ ਪ੍ਰਦਾਨ ਕਰਦਾ ਹੈ। ਵਿਚਾਰਧਾਰਾ ਦੀ ਮੁਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਮਾਜਿਕ ਅਤੇ ਆਰਥਿਕ ਬਣਤਰ ਵਿੱਚਲੇ ਵਾਸਤਵਿਕ ਵਿਰੋਧਾਂ ਨੂੰ ਕਲਪਨਾਸ਼ੀਲ ਢੰਗ ਨਾਲ ਸੁਲਝਾਉਣ ਵੱਲ ਰੁਚਿਤ ਹੁੰਦੀ ਹੈ। ਵਿਚਾਰਧਾਰਾ ਦੀ ਸਿਰਜਣਾ ਮੂਲ ਰੂਪ ਵਿੱਚ ਭਾਸ਼ਾ ਅਤੇ ਪ੍ਰਵਚਨ ਦੇ ਧਰਾਤਲ ਉੱਤੇ ਹੁੰਦੀ ਹੈ। ਮਨੁੱਖੀ ਭਾਈਚਾਰਾ ਵਿਰਸੇ ਦੇ ਜਿਨ੍ਹਾਂ ਪ੍ਰਵਚਨਾਂ ਨੂੰ ਨਿਰੰਤਰ ਵਿਚਾਰਦਾ ਰਹਿੰਦਾ ਹੈ ਉਹ ਆਪਮੁਹਾਰੇ ਹੀ ਵਿਚਾਰਧਾਰਾ ਵਜੋਂ ਉਸ ਦੀ ਸਿਮਰਤੀ ਦਾ ਅੰਗ ਬਣ ਜਾਂਦੇ ਹਨ। ਇਹੀ ਕਾਰਨ ਹੈ ਕਿ ਕਿਸੇ ਸਮਾਜ-ਸਭਿਆਚਾਰ ਦੀ ਵਿਚਾਰਧਾਰਾ ਨੂੰ ਉਸਦੇ ਪ੍ਰਚਲਿਤ ਪ੍ਰਵਚਨਾਂ ਰਾਹੀਂ ਹੀ ਫੜਿਆ ਜਾ ਸਕਦਾ ਹੈ।

ਗੁਰਬਾਣੀ ਦੀ ਵਿਚਾਰਧਾਰਾ ਸੱਤਾ-ਵਿਹੂਣੇ ਵਰਗਾਂ, ਸਧਾਰਨ ਲੋਕਾਂ ਅਤੇ ਹਾਸ਼ੀਆਗਤ ਦੀ ਵਿਚਾਰਧਾਰਾ ਹੈ। ਆਮ ਲੋਕਾਈ ਦਾ ਪੱਖ ਪੂਰਣ ਵਾਲੀ ਇਹ ਵਿਚਾਰਧਾਰਾ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਅਵਾਜ਼ ਬੁਲੰਦ ਕਰਦੀ ਹੈ। ਇੱਕ ਪਾਸੇ ਇਹ ਮੁਗਲ ਸਾਮੰਤਵਾਦ ਦੀ ਕੱਟੜ ਮਜ਼ਹਬੀ ਨੀਤੀ ਅਤੇ ਆਰਥਿਕ ਲੁੱਟ-ਖਸੁੱਟ ਦਾ ਵਿਰੋਧ ਕਰਦੀ ਹੈ ਅਤੇ ਦੂਸਰੇ ਪਾਸੇ ਇਹ ਬ੍ਰਾਹਮਣਵਾਦੀ ਕਰਮਕਾਂਡ ਅਤੇ ਮਨੂਵਾਦੀ ਜਾਤੀ ਪ੍ਰਥਾ ਦਾ ਵੀ ਖੰਡਨ ਕਰਦੀ ਹੈ, ਜੋ ਸਮਾਜ ਦੇ ਹਾਸ਼ੀਆਗਤ ਵਰਗ ਦੇ ਸਵੈਮਾਣ ਨੂੰ ਕੁਚਲਣ ਦਾ ਯਤਨ ਕਰਦਾ ਹੈ। ਇਸਤੋਂ ਇਲਾਵਾ ਇਹ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਸੰਘਰਸ਼ ਕਰਨ ਦੀ ਪ੍ਰੇਰਨਾ ਵੀ ਜਗਾਉਂਦੀ ਹੈ। ਇਹ ਮਨੁੱਖ

ਦੀ ਬੁਨਿਆਦੀ ਏਕਤਾ ਅਤੇ ਸਮਾਨਤਾ ਦਾ ਅਜਿਹਾ ਧਰਾਤਲ ਤਲਾਸ਼ ਕਰਦੀ ਹੈ ਜਿੱਥੇ ਕੁਲੀਨ ਅਤੇ ਹਾਸ਼ੀਆਗਤ ਵਰਗ ਵਿਚਲਾ ਵਿਤਕਰਾ ਮਿਟ ਜਾਂਦਾ ਹੈ।

ਗੁਰਬਾਣੀ ਵਿੱਚ ਥਾਂ ਪਰ ਥਾਂ ਹਾਕਮ-ਸ਼੍ਰੇਣੀ ਦੇ ਲੋਟੂ ਕਿਰਦਾਰ ਅਤੇ ਸ਼ੋਸ਼ਣ ਦੀ ਤਿੱਖੀ ਆਲੋਚਨਾ ਕੀਤੀ ਗਈ ਹੈ। ਵੇਲੇ ਦੀ ਰਾਜਨੀਤਿਕ ਵਿਵਸਥਾ ਬਾਰੇ ਸ੍ਰੀ ਗੁਰੂ ਨਾਨਕ ਜੀ ਦੀ ਬਾਣੀ ਦੀਆਂ ਇਹ ਪੰਗਤੀਆਂ ਇਸੇ ਹੀ ਤੱਥ ਨੂੰ ਮੂਰਤੀਮਾਨ ਕਰਦੀਆਂ ਹਨ:

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥33

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥34

ਇਹਨ੍ਹਾਂ ਪੰਗਤੀਆਂ ਵਿੱਚ ਰਾਜਿਆਂ ਨੂੰ ਸ਼ੀਹ ਅਤੇ ਕਸਾਈ ਆਖ ਕੇ ਉਹਨਾਂ ਦੇ ਜ਼ਾਲਮਾਨਾਂ ਵਿਵਹਾਰ ਵੱਲ ਸੰਕੇਤ ਕੀਤਾ ਗਿਆ ਹੈ। ਇਉਂ ਗੁਰਬਾਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦਾ ਪੱਖ ਪੂਰਣ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਹ ਮੁਗਲ ਸਾਮੰਤਵਾਦ ਅਤੇ ਜਗੀਰਦਾਰੀ ਅਰਥ-ਵਿਵਸਥਾ ਦੀ ਹਿੰਸਾ ਨੂੰ  ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿੱਚ ਇਸ ਅਤਿਆਚਾਰੀ ਸ਼ਾਸਨ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਵੀ ਪੈਦਾ ਕਰਦਾ ਹੈ। ਇਹ ਦੁਨਿਆਵੀ ਬਾਦਸ਼ਾਹਤ ਦੀ ਥੋੜ੍ਹਚਿਰੀ ਹਕੂਮਤ ਦੇ ਮੁਕਾਬਲੇ ਉੱਤੇ ਸੱਚੇ ਪਾਤਸ਼ਾਹ (ਅਕਾਲ ਪੁਰਖ) ਦੀ ਸਦੀਵੀ ਹਕੂਮਤ ਦਾ ਮਿਥਿਕ ਬਿੰਬ ਉਸਾਰਦਾ ਹੈ। ਇਸ ਸੱਤਾਧਾਰੀ ਵਰਗ ਅਤੇ ਇਸ ਦੀਆਂ ਸਮੂਹ ਪ੍ਰਾਪਤੀਆਂ ਨੂੰ ਨਾਸ਼ਮਾਨਤਾ ਦੇ ਸੰਦਰਭ ਨਾਲ ਜੋੜ ਕੇ ਪੇਸ਼ ਕਰਨਾ ਅਸਲ ਵਿੱਚ ਗੁਰਬਾਣੀ ਦੇ ਰਾਜਨੀਤਿਕ ਅਵਚੇਤਨ ਦਾ ਹੀ ਪ੍ਰਗਟਾਵਾ ਹੈ।

---

33 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1288

34 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 145

ਮਿਸਾਲ ਵਜੋਂ ਗੁਰਬਾਣੀ ਵਿਚ ਇਸ ਪ੍ਰਥਾਇ ਕੁਝ ਹੋਰ ਪੰਕਤੀਆਂ ਉਪਰੋਕਤ ਦੀ ਪੁਸ਼ਟੀ ਹਿੱਤ ਪੇਸ਼ ਕੀਤੀਆਂ ਜਾ ਰਹੀਆਂ ਹਨ।

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥
ਤਾਜੀ ਰਥ ਤੁਖਾਰ ਹਾਥੀ ਪਾਖਰੇ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥35

ਜਾਂ

ਜਿਤਨੇ ਸਾਹ ਪਾਤਿਸ਼ਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥
..........................................................
ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥36

ਗੁਰਬਾਣੀ ਦੀਆਂ ਇਹਨ੍ਹਾਂ ਪੰਕਤੀਆਂ ਨੂੰ ਗਹੁ ਨਾਲ ਵਾਚਦਿਆਂ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਇਸ ਦਾ ਪ੍ਰਵਚਨ ਲੋਕ-ਪੱਖੀ ਅਤੇ ਸ਼ੋਸ਼ਣ-ਵਿਰੋਧੀ ਹੈ। ਸੰਸਾਰ ਦੀ ਨਾਸ਼ਮਾਨਤਾ ਦਾ ਸੰਦਰਭ ਉਸਾਰਨ ਲਈ ਜਿਸ ਗੱਲ ਨੂੰ ਅਗਰਭੂਮਿਤ ਕੀਤਾ ਗਿਆ ਹੈ ਉਹ ਰਾਜਸੱਤਾ ਅਤੇ ਧਨ ਦੌਲਤ ਦੇ ਗੁਮਾਨ ਵਿੱਚ ਡੁੱਬੇ ਹੋਏ ਵਰਗਾਂ ਦੀ ਵਿਲਾਸਪੂਰਨ ਜੀਵਨ-ਵਿਧੀ ਹੈ

35 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141

36 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 861

ਜਿਸ ਦਾ ਪ੍ਰਗਟਾਵਾ ਸ਼ਾਨੋ-ਸ਼ੌਕਤ ਵਾਲੇ ਮਹਿਲਾਂ (ਪਕੇ ਬੰਕ ਦੁਆਰ), ਦੌਲਤ ਨਾਲ ਭਰੇ ਹੋਏ ਖਜ਼ਾਨਿਆਂ (ਦਰਬਿ ਭਰੇ ਭੰਡਾਰ), ਹਾਥੀ ਘੋੜਿਆਂ (ਤਾਜੀ ਰਥ ਤੁਖਾਰ ਹਾਥੀ ਪਾਖਰੇ), ਜ਼ਮੀਨ ਜਾਇਦਾਦ ਅਤੇ ਐਸ਼ੋ ਇਸ਼ਰਤ ਦੇ ਸਾਮਾਨ ਦੇ ਹਵਾਲੇ ਨਾਲ ਕੀਤਾ ਗਿਆ ਹੈ। ਜ਼ਾਹਰ ਹੈ ਕਿ ਅਜਿਹੀ ਵਿਲਾਸ ਸਮੱਗਰੀ ਪਰਜਾ ਦੇ ਦਮਨ ਅਤੇ ਸ਼ੋਸ਼ਣ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਬਾਣੀ ਦੀਆਂ ਨਿਮਨ-ਅੰਕਿਤ ਪੰਕਤੀਆਂ ਇਸੇ ਕਿਸਮ ਦੇ ਆਰਥਿਕ ਸ਼ੋਸ਼ਣ ਵਲ ਸੰਕੇਤ ਕਰਦੀਆਂ ਹਨ।

ਜੇ ਰਤੁ ਲਗ਼ੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥37

ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥
ਕਹਾ ਸੁ ਸੇਜ਼ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥2॥
ਇਸੁ ਜਰਕ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥38

ਅਜਿਹੀ ਸਥਿਤੀ ਵਿੱਚ ਸਮੁੱਚੇ ਤੌਰ ’ਤੇ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਦੀ ਵਿਚਾਰਧਾਰਾ ਆਪਣੇ ਸਮਕਾਲੀਨ ਸੰਦਰਭ ਵਿੱਚ ਕ੍ਰਾਂਤੀਕਾਰੀ ਵਿਚਾਰਧਾਰਾ ਬਣ ਕੇ ਉਭਰਦੀ ਹੈ। ਇਸ ਦਾ ਸਿਰਜਿਤ ਪ੍ਰਵਚਨ ਹਕੂਮਤੀ ਤਸ਼ੱਦਦ ਅਤੇ ਸਮਾਜਿਕ ਅਨਿਆਂ ਭੋਗਣ ਵਾਲੇ ਹਾਸ਼ੀਆਗਤ ਵਰਗ ਨੂੰ ਸਵੈ-ਚੇਤਨਾ ਅਤੇ ਮੁਕਤੀ ਦਾ ਸੰਦੇਸ਼ ਦਿੰਦਾ ਹੈ।

---

37 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 140

38 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 417

ਅਸਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਪ੍ਰਵਚਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਰਚਨਾ ਦਲਿਤ ਚੇਤਨਾ ਨਾਲ ਓਤ-ਪੋਤ ਹੈ। ਬੁੱਧ ਮਤ ਤੋਂ ਬਾਅਦ ਮੱਧਕਾਲੀਨ ਭਾਰਤ ਵਿੱਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਨੇ ਜਾਤੀ ਪ੍ਰਥਾ ਹੱਥੋਂ ਪਛੜੇ ਵਰਗਾਂ ਦੇ ਪੱਖ ਵਿੱਚ ਇੱਕ ਵਾਰ ਫਿਰ ਜ਼ੋਰਦਾਰ ਅਵਾਜ਼ ਬੁਲੰਦ ਕੀਤੀ। ਇਹਨ੍ਹਾਂ ਧਰਮ-ਪ੍ਰਵਰਤਕਾਂ ਦੇ ਕ੍ਰਾਂਤੀਕਾਰੀ ਪ੍ਰਵਚਨ ਦੀ ਪ੍ਰਤਿਨਿਧ ਰਚਨਾ ਆਦਿ ਗ੍ਰੰਥ ਬਾਣੀ ਦੇ ਰੂਪ ਵਿੱਚ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਆਰਾ ਸਿਰਜਿਤ ਪ੍ਰਵਚਨ ਪ੍ਰਭੂ ਦੇ ਬੰਦਿਆਂ ਨੂੰ ਜਾਤ, ਵਰਨ ਅਤੇ ਕੁਲ ਦੇ ਆਧਾਰ ’ਤੇ ਵੰਡਣ ਵਾਲੀ ਵਿਵਸਥਾ ਦੀ ਤਿੱਖੀ ਆਲੋਚਨਾ ਕਰਦਾ ਹੈ। ਕਿਸੇ ਵੀ ਮਸਲੇ ਬਾਰੇ ਸਚੇਤ ਹੋਣਾ ਉਸ ਦੇ ਸਮਾਧਾਨ ਲਈ ਪੁੱਟਿਆ ਗਿਆ ਮੁਢਲਾ ਕਦਮ ਹੁੰਦਾ ਹੈ। ਬਾਣੀਕਾਰਾਂ ਨੇ ਇਹ ਮੱਹਤਵਪੂਰਨ ਕਦਮ ਪੁੱਟਿਆ ਹੈ। ਸ੍ਰੀ ਗੁਰੂ ਗ੍ਰੰਥ ਬਾਣੀ ਵਿਚੋਂ ਇਸ ਮੰਤਵ ਲਈ ਅਨੇਕਾਂ ਹਵਾਲੇ ਦਿੱਤੇ ਜਾ ਸਕਦੇ ਹਨ:

ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ॥
ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥3॥39

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥
ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ॥
ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ॥40

ਜਾਂ

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਪੈਜ ਰਖਹੁ ਭਗਵਾਨ॥41

---

39 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 861

40 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1198

41 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 652

ਉਪਰੋਕਤ ਪਵਿੱਤਰ ਪ੍ਰਵਚਨ ਵਿੱਚ ਬਾਣੀਕਾਰਾਂ ਨੇ ਜਿੱਥੇ ਇੱਕ ਪਾਸੇ ਸਮਕਾਲ ਦੀ ਸਮਾਜਿਕ ਵਿਵਸਥਾ ਵਿੱਚ ਪ੍ਰਚਲਿਤ ਜਾਤੀ ਅਤੇ ਵਰਨ ਦੀ ਦਰਜੇਬੰਦੀ ਵਲ ਸੰਕੇਤ ਕੀਤਾ ਹੈ ਉੱਥੇ ਗੁਰਬਾਣੀ ਦੀ ਵਿਚਾਰਧਾਰਾ (ਗੁਰਮਤਿ ਸਬਦਿ) ਨਾਲ ਜੁੜਨ ਵਾਲੇ ਵਿਅਕਤੀ ਦੇ ਹਿਰਦੇ ਵਿਚੋਂ ਜਾਤਿ ਬਰਨ ਕੁਲ ਦਾ ਸਹਸਾ ਮੁੱਕ ਜਾਣ ਦੀ ਗੱਲ ਵੀ ਆਖੀ ਗਈ ਹੈ। ਇਹ ਰੁਹਾਨੀ ਰੂਪਾਂਤਰਨ ਹਰ ਕਿਸਮ ਦੇ ਮਸਨੂਈ ਵਿਤੱਕਰਿਆਂ ਦਾ ਤੋੜ ਬਣ ਜਾਂਦਾ ਹੈ। ਇਉਂ ਗੁਰਬਾਣੀ ਜਾਤ-ਵਰਨ ਦੀ ਮਾਨਸਿਕਤਾ ਨੂੰ ਬਦਲਣ ਦੀ ਗੱਲ ਕਰਦੀ ਹੈ। ਇਹ ਅਕਾਲ ਪੁਰਖ ਦੀ ਸਰਬਉੱਚਤਾ ਦਾ ਅਹਿਸਾਸ ਜਗਾ ਕੇ ਮਨੁੱਖੀ ਬਰਾਬਰੀ ਦਾ ਰੂਹਾਨੀ ਵਿਵੇਕ ਪ੍ਰਦਾਨ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਬਾਣੀਕਾਰਾਂ ਵਿੱਚ ਭਗਤ ਕਬੀਰ, ਨਾਮਦੇਵ, ਰਵਿਦਾਸ, ਸਧਨਾ ਆਦਿ ਅਜਿਹੇ ਬਾਣੀਕਾਰ ਵੀ ਹਨ ਜੋ ਖੁਦ ਦਲਿਤ ਜਾਤੀਆਂ ਵਿਚੋਂ ਹਨ ਅਤੇ ਆਪਣੀ ਦਲਿਤ ਸਥਿਤੀ ਬਾਰੇ ਨਾ ਸਿਰਫ ਪੂਰੀ ਤਰ੍ਹਾਂ ਚੇਤੰਨ ਹਨ ਸਗੋਂ ਇਸ ਨੂੰ ਕਿਸੇ ਕਿਸਮ ਦੀ ਨਮੋਸ਼ੀ ਦਾ ਕਾਰਨ ਨਹੀਂ ਸਮਝਦੇ। ਇਹਨ੍ਹਾਂ ਬਾਣੀਕਾਰਾ ਵੱਲੋਂ ਸਿਰਜਿਤ ਪ੍ਰਵਚਨ ਦਾ ਇਸ ਦ੍ਰਿਸ਼ਟੀ ਤੋਂ ਅਧਿਐਨ ਕਰਨ ਨਾਲ ਇਹਨ੍ਹਾਂ ਦੀ ਦਲਿਤ ਚੇਤਨਾ ਦਾ ਭਰਪੂਰ ਬਿੰਬ ਉਜਾਗਰ ਹੁੰਦਾ ਹੈ। ਭਗਤ ਕਬੀਰ ਜਾਤ ਦੇ ਜੁਲਾਹੇ ਸਨ ਉਹਨਾਂ ਨੇ ਆਪਣੀ ਬਾਣੀ ਵਿੱਚ ਅਨੇਕਾਂ ਥਾਵਾਂ ਤੇ ਇਸ ਤੱਥ ਦਾ ਪ੍ਰਗਟਾਵਾ ਕੀਤਾ ਹੈ ਅਤੇ ਜਾਤੀ-ਪ੍ਰਥਾ ਦੀ ਕਰੜੀ ਆਲੋਚਨਾ ਵੀ ਕੀਤੀ ਹੈ। ਇਸ ਪੱਖ ਨੂੰ ਮੂਰਤੀਮਾਨ ਕਰਨ ਵਾਲੀਆਂ ਕੁਝ ਪੰਗਤੀਆਂ ਪੇਸ਼ ਹਨ :

ਓਛੀ ਮਤਿ ਮੇਰੀ ਜਾਤਿ ਜੁਲਾਹਾ॥
ਹਰਿ ਕਾ ਨਾਮੁ ਲਹਿਓ ਮੈ ਲਾਹਾ॥
ਕਹਤ ਕਬੀਰ ਸੁਨਹੁ ਮੇਰੀ ਮਾਈ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥42

ਜਾਤਿ ਅਜਾਤਿ ਨਾਮੁ ਜਿਨ ਧਿਆਇਆ

42 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 524

ਤਿਨ ਪਰਮ ਪਦਾਰਥੁ ਪਾਇਆ॥[43]

ਜਾਤਿ ਜੁਲਾਹਾ ਮਤਿ ਕਾ ਧੀਰੁ
ਸਹਜਿ ਸਹਜਿ ਗੁਣ ਰਮੈ ਕਬੀਰੁ ॥3॥[44]

ਇੱਥੇ ਕਬੀਰ ਨੇ ਆਪਣੀ ਦਲਿਤ ਚੇਤਨਾ ਦਾ ਪ੍ਰਗਟਾਵਾ ਵੀ ਕੀਤਾ ਹੈ ਅਤੇ ਨਾਲ ਹੀ ਆਪਣੇ ਰੂਹਾਨੀ ਪਰਿਵਰਤਨ ਵੱਲ ਵੀ ਸੰਕੇਤ ਕੀਤਾ ਹੈ ਜਿਸ ਦੇ ਅੰਤਰਗਤ ਉਹ ਆਪਣੇ ਆਪ ਨੂੰ ਇਹਨ੍ਹਾਂ ਭਾਵਨਾਵਾਂ ਤੋਂ ਮੁਕਤ ਸਮਝਦੇ ਹਨ। "ਇਨ ਮੁੰਡੀਅਨ ਮੇਰੀ ਜਾਤਿ ਗਵਾਈ" ਇਸੇ ਕਿਸਮ ਦੀ ਸਥਿਤੀ ਅਤੇ ਸੋਚ ਦਾ ਪ੍ਰਗਟਾਵਾ ਹੈ। ਇਸ ਅਵਸਥਾ 'ਤੇ ਪਹੁੰਚ ਕੇ ਕਬੀਰ ਜੀ ਨੂੰ ਮਹਿਸੂਸ ਹੁੰਦਾ ਹੈ ਕਿ ਜਿਹੜਾ ਵੀ ਰੂਹਾਨੀਅਤ ਨਾਲ ਜੁੜ ਜਾਂਦਾ ਹੈ ਉਹ ਪਤਿਤ ਤੋਂ ਪਵਿੱਤਰ ਹੋ ਜਾਂਦਾ ਹੈ ਫਿਰ ਕੋਈ ਵੀ ਉਸ ਦੀ 'ਬਰਨੁ ਜਾਤਿ' ਨੂੰ ਨਹੀਂ ਪੁੱਛਦਾ ਸਗੋਂ ਉਸ ਦੇ ਅੱਗੇ ਸਾਰੇ ਹੀ ਨਤਮਸਤਕ ਹੋ ਜਾਂਦੇ ਹਨ।

ਗੁਰੂ ਗ੍ਰੰਥ ਦੇ ਦੂਸਰੇ ਪ੍ਰਮੁੱਖ ਦਲਿਤ ਬਾਣੀਕਾਰ ਭਗਤ ਨਾਮਦੇਵ ਹੋਏ ਹਨ। ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿੱਚ ਇੱਕ ਥਾਂ ਇਸ ਸੰਬੰਧੀ ਬਹੁਤ ਦਿਲਚਸਪ ਕਥਨ ਪੇਸ਼ ਕੀਤਾ ਹੈ ਜੋ ਸਮਕਾਲੀ ਜਾਤੀ ਪ੍ਰਥਾ ਦੇ ਪਾਜ ਨੂੰ ਉਘਾੜਦਾ ਹੈ। ਇਸ ਬਾਣੀ ਰਚਨਾ ਦੀਆਂ ਕੁਝ ਪੰਗਤੀਆਂ ਨਿਮਨ-ਅੰਕਿਤ ਹਨ :

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥
ਲੈ ਕਮਲੀ ਚਲਿਓ ਪਲਟਾਇ॥
ਦੇਹੁਰੈ ਪਾਛੈ ਬੈਠਾ ਜਾਇ॥

---

43 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 524

44 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 328

ਜਿਉ ਜਿਉ ਨਾਮਾ ਹਰਿ ਗੁਣ ਉਚਰੈ॥

ਭਗਤ ਜਨਾਂ ਕਉ ਦੇਹੁਰਾ ਫਿਰੈ॥45

ਸੂਦੁ ਸੂਦੁ ਕਰਿ ਮਾਰਿ ਉਠਾਇਓ

ਕਹਾ ਕਰਉ ਬਾਪ ਬੀਠੁਲਾ॥

ਮੂਏ ਹੂਏ ਜਉ ਮੁਕਤਿ ਦੇਹੁਗੇ

ਮੁਕਤਿ ਨ ਜਾਨੈ ਕੋਇਲਾ॥

ਏ ਪੰਡੀਆ ਮੋ ਕਉ ਢੇਢ ਕਹਤ

ਤੇਰੀ ਪੈਜ ਪਿਛੰਉਡੀ ਹੋਇਲਾ॥46

ਇੱਥੇ ਮਨੂਵਾਦੀ ਵਰਨ-ਵਿਵਸਥਾ ਦਾ ਦਲਿਤ-ਵਿਰੋਧੀ ਵਤੀਰਾ ਉਘਾੜਨ ਲਈ ਭਗਤ ਨਾਮਦੇਵ ਨੇ ਆਪਣੇ ਨਿੱਜੀ ਜੀਵਨ-ਅਨੁਭਵ ਦੇ ਆਧਾਰ ’ਤੇ ਇੱਕ ਪਾਸੇ ਧਾਰਮਿਕ ਵਿਤਕਰੇ ਦੀ ਸਥਿਤੀ ਪੇਸ਼ ਕੀਤੀ ਅਤੇ ਦੂਜੇ ਪਾਸੇ ਨਿਮਨ ਜਾਤੀਆਂ ਪ੍ਰਤੀ ਅਖੌਤੀ ਉੱਚ ਵਰਗ ਬ੍ਰਾਹਮਣਾਂ ਦੀ ਘਿਰਣਾ ਦਾ ਪ੍ਰਗਟਾਵਾ ਕੀਤਾ ਹੈ। ਨਾਮਦੇਵ ਜੀ ਆਪਣੇ ਪ੍ਰਭੂ-ਪਿਤਾ ‘ਜਾਦਿਮ ਰਾਇਆ’ ਅੱਗੇ ਸ਼ਿਕਵਾ ਕਰ ਰਹੇ ਹਨ ਕਿ ਉਹ ਤਾਂ ਭਗਤੀ ਕਰਨ ਲਈ ‘ਹਸਤ ਖੇਲਤ ਤੇਰੇ ਦੇਹੁਰੇ ਆਏ’ ਸਨ ਪਰ ਉਹਨਾਂ ਨੂੰ ਸ਼ੂਦਰ ਆਖ ਕੇ ਬਾਹਰ ਕੱਢ ਦਿੱਤਾ ਗਿਆ ਹੈ। ਉਹਨਾਂ ਦਾ ਇਹ ਆਖਣਾ ਕਿ ‘ਏ ਪੰਡੀਆ ਮੋ ਕਉ ਢੇਢ ਕਹਤ’ ਜਾਤੀਗਤ ਘਿਰਣਾ ਦਾ ਸੂਚਕ ਹੈ। ਇਸ ਅਪਮਾਨਜਨਕ ਸਥਿਤੀ ਨੂੰ ਅਸਹਿ ਸਮਝਦੇ ਹੋਏ ਉਹ ਪ੍ਰਭੂ ਨੂੰ ਨਿਹੋਰਾ ਦਿੰਦੇ ਹੋਏ ਪੁੱਛਦੇ ਹਨ ਕਿ ਕੀ ਤੁਸੀਂ ਮੈਨੂੰ ਮਰਨ ਤੋਂ ਬਾਅਦ ਮੁਕਤੀ ਦਿਓਗੇ? ਅਜਿਹੀ ਮੁਕਤੀ ਦਾ ਕੀ ਅਰਥ ਹੈ। ਇਸੇ ਹੀ ਚੇਤਨਾ ਅਧੀਨ ਭਗਤ ਨਾਮਦੇਵ ਨੇ ਭਾਗਵਤ ਪੁਰਾਣ ਵਿੱਚ ਵਰਣਿਤ ਦੈਵੀ ਸੱਤਾ ਦੇ ਸੰਕਲਪੀ ਸ਼ਬਦ ਹਰਿ ਨੂੰ ਆਪਣੇ ਪ੍ਰਵਚਨ ਵਿੱਚ ਮਾਨਤਾ ਦਿੰਦਿਆਂ ਆਪਣੀ ਦਲਿਤ ਚੇਤਨਾ ਦਾ ਪ੍ਰਸੰਗ ਵੀ ਉਸਾਰਿਆ ਹੈ। ਮਿਸਾਲ ਵਜੋਂ ਭਾਰਤ ਦੀ ਪ੍ਰਾਚੀਨ

45 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1164

46 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1292

ਭਗਤ-ਪਰੰਪਰਾ ਦਾ ਹਵਾਲਾ ਦਿੰਦੇ ਹੋਏ ਉਹ ਆਪਣੇ ਆਪ ਨੂੰ ਵੀ ਓਸੇ ਪਰੰਪਰਾ ਦਾ ਅੰਗ ਸਮਝਦੇ ਹਨ। ਇਸ ਮੰਤਵ ਲਈ ਇਹ ਪੰਕਤੀਆ ਦੇਖੀਆਂ ਜਾ ਸਕਦੀਆਂ ਹਨ:

ਹਰਿ ਹਰਿ ਕਰਤ ਮਿਟੇ ਸਭਿ ਭਰਮਾ॥
ਹਰਿ ਕੋ ਨਾਮੁ ਲੈ ਊਤਮ ਧਰਮਾ॥
ਹਰਿ ਹਰਿ ਕਰਤ ਜਾਤਿ ਕੁਲ ਹਰੀ॥
ਸੋ ਹਰਿ ਅੰਧੁਲੇ ਕੀ ਲਾਕਰੀ॥
ਹਰਏ ਨਮਸਤੇ ਹਰਏ ਨਮਹ॥
ਹਰਿ ਹਰਿ ਕਰਤ ਨਹੀ ਦੁਖੁ ਜਮਹ॥47

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ॥
ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥
ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥
ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥
ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ॥
ਸਭੈ ਘਟਿ ਰਾਮ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥ 48

ਇਸ ਸ਼ਬਦ ਵਿੱਚ ਭਗਤ ਨਾਮਦੇਵ ਨੇ ਦਲਿਤ ਜਾਤੀਆਂ ਦੇ ਨਾਲ-ਨਾਲ ਦਰੋਪਦੀ ਅਤੇ ਅਹੱਲਿਆ ਦਾ ਹਵਾਲਾ ਦਿੰਦਿਆਂ ਨਾਰੀ ਦੇ ਦਮਨ ਅਤੇ ਅਤਿਆਚਾਰ ਨੂੰ ਵੀ ਸਮਾਨਾਂਤਰ ਰੂਪ ਵਿੱਚ ਉਭਾਰਿਆ ਹੈ। ਇਸੇ ਤਰ੍ਹਾਂ ਗੁਰੂ ਗ੍ਰੰਥ ਦੇ ਤੀਸਰੇ ਪ੍ਰਮੁੱਖ ਦਲਿਤ ਬਾਣੀਕਾਰ ਦੀ ਬਾਣੀ ਵਿੱਚ ਸਾਨੂੰ ਦਲਿਤ ਚੇਤਨਾ ਸੰਬੰਧੀ ਇਸੇ ਕਿਸਮ ਦੀ ਵਿਚਾਰਧਾਰਾ ਦਿਖਾਈ ਦਿੰਦੀ ਹੈ। ਇਸ ਪੱਖੋਂ ਭਗਤ ਰਵਿਦਾਸ ਦੀ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਨਮੂਨੇ ਵਜੋਂ ਪੇਸ਼ ਹਨ :

---

47 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 874

48 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1228

ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ॥

ਤੁਮ ਸਰਨਾਗਤਿ ਰਾਜਾ ਚੰਦ ਕਹਿ ਰਵਿਦਾਸ ਚਮਾਰਾ॥5॥6॥

ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥1॥ ਰਹਾਉ॥

ਆਰ ਨਹੀਂ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ॥1॥

ਲੋਗੁ ਗੰਠਿ ਖਰਾ ਬਿਗੂਚਾ॥ਹਉ ਬਿਨੁ ਗਾਂਠੇ ਜਾਇ ਪਹੁਚਾ॥2॥

ਗਵਿਦਾਸ ਜਪੈ ਰਾਮ ਨਾਮਾ॥ ਮੋਹਿ ਜਮ ਸਿਉ ਨਾਹੀ ਕਾਮਾ ॥3॥7॥[49]

ਭਗਤ ਰਵਿਦਾਸ ਆਪਣੀ ਦਲਿਤ ਸਥਿਤੀ ਪ੍ਰਤੀ ਪੂਰੀ ਤਰ੍ਹਾਂ ਸਚੇਤ ਹਨ। ਉਹ ਪ੍ਰਚਲਿਤ ਵਿਵਸਥਾ ਵਿੱਚ ਉੱਚ ਜਾਤੀ ਅਤੇ ਦਲਿਤ ਦੀ ਦਰਜੇਬੰਦੀ ਪ੍ਰਤੀ ਰੋਸ ਵਿਅਕਤ ਕਰਨ ਲਈ ਪ੍ਰਭ ਨੂੰ ਸੰਬੋਧਿਤ ਹੋ ਕੇ ਆਖਦੇ ਹਨ :

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥[50]

ਅਸਲ ਵਿੱਚ ਭਗਤ ਰਵਿਦਾਸ ਨੂੰ ਭਗਤੀ ਲਹਿਰ ਦੀ ਕ੍ਰਾਂਤੀਤਾਰੀ ਵਿਚਾਰਧਾਰਾ ਦੇ ਸਿੱਟੇ ਵਜੋਂ ਉੱਭਰ ਰਹੀ ਨਵੀਂ ਚੇਤਨਾ ਦਾ ਵੀ ਭਰਪੂਰ ਅਹਿਸਾਸ ਹੈ। ਉਹਨਾਂ ਨੂੰ ਆਪਣੀ ਅਧਿਆਤਮਿਕ ਸਾਧਨਾ ਕਾਰਨ ਇਹਨ੍ਹਾਂ ਲੋਕਾਂ ਵੱਲੋਂ ਮਿਲ ਰਹੇ ਮਾਣ-ਸਤਿਕਾਰ ਦਾ ਵੀ ਜ਼ਿਕਰ ਕਰਦੇ ਹਨ ਜਿਸਦਾ ਪ੍ਰਗਟਾਵਾ ਇਹਨ੍ਹਾਂ ਪੰਗਤੀਆਂ ਰਾਹੀਂ ਹੁੰਦਾ ਹੈ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ

ਨਿਤਹਿ ਬਾਨਾਰਸੀ ਆਸਾ ਪਾਸਾ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ

ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥3॥1॥[51]

---

49 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659

50 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659

51 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਦੇ ਇੰਨ੍ਹਾਂ ਤਿੰਨਾਂ ਹੀ ਬਾਣੀਕਾਰਾਂ ਨੇ ਆਪਣੇ ਨਿੱਜੀ ਜੀਵਨ-ਅਨੁਭਵ ਦੇ ਹਵਾਲੇ ਨਾਲ ਜਾਤਾਂ ਦੀ ਦਰਜੇਬੰਦੀ ਅਨੁਸਾਰ ਵੰਡੇ ਹੋਏ ਤਤਕਾਲੀਨ ਹਿੰਦੂ-ਸਮਾਜ ਦੀ ਹਕੀਕਤ ਨੂੰ ਵੀ ਮੂਰਤੀਮਾਨ ਕੀਤਾ ਹੈ ਅਤੇ ਇਸ ਨੂੰ ਵੰਗਾਰਨ ਵਾਲੀ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਆਗਾਜ਼ ਕੀਤਾ ਹੈ। ਦਲਿਤ ਚੇਤਨਾ ਦੇ ਨੁਕਤੇ ਤੋਂ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਵਿਕਾਸ ਕਰਨ ਵਿੱਚ ਸਿਰਫ ਇਹਨ੍ਹਾਂ ਦਲਿਤ ਬਾਣੀਕਾਰਾਂ ਦਾ ਹੀ ਯੋਗਦਾਨ ਨਹੀਂ ਸਗੋਂ ਇਸਨੂੰ ਉਸਾਰਨ ਵਿੱਚ ਗੈਰ-ਦਲਿਤ ਬਾਣੀਕਾਰਾਂ ਨੇ ਵੀ ਉਤਨਾ ਹੀ ਮਹੱਤਵਪੂਰਨ ਹਿੱਸਾ ਪਾਇਆ ਹੈ। ਗੁਰੂ ਨਾਨਕ ਦੇਵ ਜੀ ਅਤੇ ਦੂਸਰੇ ਗੁਰੂ ਵਿਅਕਤੀ ਖੱਤਰੀ ਜਾਤੀ ਨਾਲ ਸੰਬੰਧਿਤ ਹੋਣ ਕਾਰਨ ਭਾਵੇਂ ਖ਼ੁਦ ਦਲਿਤ ਨਹੀਂ ਸਨ ਪਰ ਉਹਨਾਂ ਦੀ ਪੂਰੀ ਹਮਦਰਦੀ ਅਤੇ ਵਿਚਾਰਧਾਰਕ ਪ੍ਰਤਿਬੱਧਤਾ ਇਸੇ ਵਰਗ ਨਾਲ ਰਹੀ ਹੈ। ਉਹ ਹੱਕ, ਸੱਚ, ਅਤੇ ਨਿਆਂ ਦੀ ਖਾਤਿਰ ਦਲਿਤ ਦਾ ਹੀ ਪੱਖ ਪੂਰਦੇ ਦਿਖਾਈ ਦਿੰਦੇ ਹਨ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥4॥3॥52

ਗੁਰੂ ਰਾਮਦਾਸ ਨੇ ਆਪਣੀ ਬਾਣੀ ਵਿੱਚ ਭਗਤੀ ਭਾਵਨਾ ਦੇ ਮਾਧਿਅਮ ਰਾਹੀਂ ਪੈਦਾ ਹੋਣ ਵਾਲੀ ਇਸੇ ਕ੍ਰਾਂਤੀਕਾਰੀ ਚੇਤਨਾ ਦਾ ਪ੍ਰਗਟਾਵਾ ਭਾਰਤੀ ਵਿਰਸੇ ਦੇ ਉਹਨਾਂ ਸਮੂਹ ਭਗਤਾਂ ਅਤੇ ਧਰਮ-ਪ੍ਰਵਰਤਕਾਂ ਦੇ ਹਵਾਲੇ ਨਾਲ ਕੀਤਾ ਹੈ ਜੋ ਨਿਮਨ ਜਾਤੀਆਂ ਨਾਲ ਸੰਬੰਧਿਤ ਸਨ ਪਰ ਆਪਣੀ ਅਧਿਆਤਮਿਕ ਸਾਧਨਾ ਰਾਹੀਂ ਉੱਤਮ ਪਦਵੀ ਦੇ ਹੱਕਦਾਰ ਬਣ ਗਏ। ਸੂਹੀ ਰਾਗ ਵਿੱਚ ਰਚੀ ਗਈ ਉਹਨਾਂ ਦੀ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਇਸੇ ਤੱਥ ਨੂੰ ਪ੍ਰਮਾਣਿਤ ਕਰਦੀਆਂ ਹਨ :

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥1॥53

---

52 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15

53 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 773

ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਨ-ਵਿਵਸਥਾ ਦੀ ਮਿੱਥ ਨੂੰ ਰੁਹਾਨੀ ਧਰਾਤਲ ਉੱਤੇ ਵੀ ਰੱਦ ਕਰ ਦਿੰਦਾ ਹੈ। ਗੁਰਬਾਣੀ ਵਿੱਚ ਇਸ ਕਿਸਮ ਦੇ ਰੁਹਾਨੀ ਵਿਵੇਕ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ। ਇਸ ਸੰਦਰਭ ਵਿੱਚ ਉਦਾਹਰਨ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਜਾਣਹੁ ਜੋਤਿ ਨ ਪੂਛਹੁ ਜਾਤੀ
ਆਗੈ ਜਾਤਿ ਨੇ ਹੇ॥1॥ ਰਹਾਉ॥54

ਇਸੇ ਸਥਿਤੀ ਦਾ ਪ੍ਰਗਟਾਵਾ ਭਗਤ ਕਬੀਰ ਨੇ ਵੀ ਆਪਣੀ ਬਾਣੀ ਵਿੱਚ ਕੀਤਾ ਹੈ। ਉਹ ਜਾਤੀ-ਪ੍ਰਥਾ ਦੇ ਮਸਨੂਈ ਕਿਰਦਾਰ ਵੱਲ ਸੰਕੇਤ ਕਰਦੇ ਹੋਏ ਗਰਭਵਾਸ ਦੇ ਹਵਾਲੇ ਨਾਲ ਮਨੁੱਖੀ ਬਰਾਬਰੀ ਦਾ ਅਹਿਸਾਸ ਜਗਾਉਂਦੇ ਹਨ ਅਤੇ ਜਾਤੀ ਨੂੰ ਨਿਰੋਲ ਸਮਾਜਿਕ ਸੰਕਲਪ ਸਿੱਧ ਕਰਦੇ ਹਨ।55

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥1॥ ਰਹਾਉ॥56

ਸ੍ਰੀ ਗੁਰੂ ਅਮਰਦਾਸ ਜੀ ਵੀ ਇਸੇ ਹੀ ਵਿਵੇਕ ਰਾਹੀਂ ਜਾਤੀ-ਪ੍ਰਥਾ ਦਾ ਖੰਡਨ ਕਰਦੇ ਹਨ।

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥1॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥1॥ ਰਹਾਉ॥57

---

54 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 349

55 ਡਾ. ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਪੰਨਾ 222

56 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 324

57 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1127-28

ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿੱਚ ਜਾਤੀ-ਪ੍ਰਥਾ ਦੇ ਜ਼ਾਲਮਾਨਾ ਪਰ ਦਮਨਕਾਰੀ ਤੰਤਰ ਨੂੰ ਖ਼ਤਮ ਕਰਨ ਦਾ ਜ਼ੋਰਦਾਰ ਉਪਰਾਲਾ ਕੀਤਾ ਗਿਆ ਹੈ। ਅਸਲ ਵਿੱਚ ਭਗਤੀ ਲਹਿਰ ਨੇ ਮੱਧਕਾਲੀਨ ਭਾਰਤ ਵਿੱਚ ਜਿਸ ਸਭਿਆਚਾਰਿਕ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਸੀ ਉਸ ਦੇ ਮੂਲ ਸਰੋਕਾਰਾਂ ਵਿੱਚ ਦਲਿਤ-ਚੇਤਨਾ ਅਤੇ ਆਤਮ-ਗਿਆਨ ਨੂੰ ਪ੍ਰਮੁੱਖਤਾ ਹਾਸਲ ਸੀ। ਸੰਤਾ, ਭਗਤਾਂ ਅਤੇ ਗੁਰੂ-ਵਿਅਕਤੀਆਂ ਦੇ ਵਿਚਾਰ ਸਮਾਜਿਕ ਅਤੇ ਸਭਿਆਚਾਰਿਕ ਕ੍ਰਾਂਤੀ ਬਣ ਕੇ ਉੱਭਰਦੇ ਹਨ। ਇਹ ਇੱਕ ਪਾਸੇ ਮੁਗਲ-ਸਾਮੰਤਵਾਦ ਦੀ ਕੱਟੜ ਮਜ਼ਹਬੀ ਨੀਤੀ ਅਤੇ ਹਕੂਮਤੀ ਤਸ਼ੱਦਦ ਦਾ ਮੁਕਾਬਲਾ ਕਰਨ ਲਈ ਨੈਤਿਕ ਮਨੋਬਲ ਪੈਦਾ ਕਰਦੇ ਹਨ ਅਤੇ ਦੂਸਰੇ ਪਾਸੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਦੇ ਮਨੁੱਖ-ਵਿਰੋਧੀ ਕਿਰਦਾਰ ਨੂੰ ਵੀ ਉਘਾੜਦੇ ਹਨ।

ਮੱਧਕਾਲੀਨ ਭਾਰਤ ਦਲਿਤ ਦੀ ਸਥਿਤੀ ਤੇ ਮਾਨਸਿਕਤਾ ਨੂੰ ਮਨੂਵਾਦੀ ਵਿਚਾਰਧਾਰਾ ਦਾ ਪੱਖ ਪੂਰਨ ਵਾਲੀਆਂ ਅਨੇਕਾਂ ਮਿਥਾਂ, ਪਰੰਪਰਿਕ ਧਾਰਨਾਵਾਂ ਅਤੇ ਕਰਮ-ਸਿਧਾਂਤ ਵਰਗੇ ਪਰਾਭੌਤਿਕ ਵਿਚਾਰ-ਪ੍ਰਬੰਧਾਂ ਨੇ ਆਤਮਹੀਣਤਾ ਅਤੇ ਜ਼ਿਹਨੀ ਗੁਲਾਮੀ ਦੇ ਅਹਿਸਾਸ ਨਾਲ ਭਰ ਦਿੱਤਾ ਸੀ। ਅਜਿਹੀ ਸਥਿਤੀ ਵਿੱਚ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਕੁਲੀਨ ਵਰਗ ਦੇ ਵਿਚਾਰਧਾਰਾਈ ਪ੍ਰਬੰਧਾਂ ਦਾ ਪ੍ਰਤਿ-ਉੱਤਰ ਪੇਸ਼ ਕਰਨ ਲਈ ਕ੍ਰਾਂਤੀਕਾਰੀ ਪ੍ਰਵਚਨ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ ਅਤੇ ਦਬੇ-ਕੁਚਲੇ, ਨੀਵੇਂ-ਨਿਤਾਣੇ ਲੋਕਾਂ ਨੂੰ ਆਤਮ-ਸਨਮਾਨ ਨਾਲ ਜਿਊਂਣ ਦਾ ਰਾਹ ਦਰਸਾਉਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਇਨ੍ਹਾਂ ਚਹੁੰ ਵਰਨਾਂ ਦੀ ਸਮਾਜਿਕ ਦਰਜੇਬੰਦੀ ਨੂੰ ਨਕਾਰਦੇ ਹੋਏ ਹਰ ਮਨੁੱਖ ਵਿੱਚ ਇੱਕ ਜੋਤਿ ਦੇ ਪ੍ਰਕਾਸ਼ ਨੂੰ ਅਨੁਭਵ ਕਰਨ ਉੱਤੇ ਬਲ ਦਿੰਦੀ ਹੈ। ਇਸ ਪਾਵਨ ਗ੍ਰੰਥ ਦੇ ਬਾਣੀਕਾਰਾਂ ਨੇ ਬੰਦੇ ਅਤੇ ਰੱਬ ਵਿੱਚਕਾਰ ਜੋਤਿ ਦੀ ਸਮਾਨਤਾ ਨੂੰ ਅਨੁਭਵ ਕਰਦਿਆਂ ਜਾਤੀ-ਪ੍ਰਥਾ ਦੇ ਆਧਾਰ ਨੂੰ ਹੀ ਰੱਦ ਕਰ ਦਿੱਤਾ ਹੈ। ਉਹਨਾਂ ਦਾ ਰੁਹਾਨੀ ਸੰਦੇਸ਼ ਮਨੁੱਖ ਨੂੰ ਜਾਤ, ਵਰਨ, ਕੁਲ, ਲਿੰਗ, ਨਸਲ ਅਤੇ ਹੋਰਨਾਂ ਵਿਤਕਰਿਆਂ ਤੋਂ ਮੁਕਤ ਕਰਨ ਵਾਲਾ ਹੈ।[58]

---

58 ਡਾ. ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਪੰਨਾ 222

ਹਾਸ਼ੀਆਗਤ ਵਰਗ ਵਿੱਚ ਦਲਿਤ ਤੋਂ ਇਲਾਵਾ ਇੱਕ ਹੋਰ ਅਹਿਮ ਵਰਗ ਔਰਤ ਹੈ। ਹਿੰਦੂ ਧਾਰਮਿਕ ਗ੍ਰੰਥਾਂ ਨੇ ਔਰਤ ਨੂੰ ਕਦੇ ਵੀ ਮਰਦ ਦੇ ਬਰਾਬਰ ਦਾ ਰੁਤਬਾ ਨਹੀਂ ਦਿੱਤਾ। ਇਸਦਾ ਵਿਸਥਾਰ ਪੂਰਬਕ ਅਧਿਐਨ ਵਖਰੇ ਅਧਿਆਇ ਵਿਚ ਕੀਤਾ ਜਾਵੇਗਾ ਇਥੇ ਸੰਖੇਪ ਵਿਚ ਔਰਤ ਨੂੰ ਦਲਿਤ ਰੂਪ ਵਿਚ ਤਸਵਰ ਕਰ ਦੇਣ ਦਾ ਟੂਕ ਮਾਤਰ ਯਤਨ ਕੀਤਾ ਗਿਆ ਹੈ। ਹਿੰਦੀ ਆਰੀਆਂ ਦੀਆਂ ਇਸਤਰੀਆਂ ਦੇ ਧਾਰਮਿਕ ਅਤੇ ਭਾਈਚਾਰਕ ਹੱਕ ਜੇ ਕਦੇ ਆਦਮੀਆਂ ਦੇ ਬਰਾਬਰ ਸਨ ਤਾਂ ਇਹ ਸਮਾਂ ਬਹੁਤ ਥੋੜ੍ਹਾ ਰਿਹਾ ਜਾਪਦਾ ਹੈ, ਕਿਉਂਕਿ ਇਸਤਰੀ ਜਾਤੀ ਦੀ ਪੁਜ਼ੀਸ਼ਨ ਨੀਵੀਂ ਕਰਨ ਦਾ ਝੁਕਾ ਬਹੁਤ ਪਹਿਲੇ ਸਮੇਂ ਸ਼ੁਰੂ ਹੋ ਜਾਣ ਦੇ ਨਿਸ਼ਾਨ ਮਿਲਦੇ ਹਨ। ਕੀਥ ਲਿਖਦਾ ਹੈ, "ਹਿੰਦ ਵਿੱਚ ਸਭ ਧਰਮਾਂ ਨੇ ਇਸਤਰੀ ਜਾਤੀ ਨਾਲ ਧੱਕਾ ਕੀਤਾ ਹੈ, ਪਰ ਜਿਤਨੀ ਬ੍ਰਾਹਮਣ ਗ੍ਰੰਥਾਂ ਨੇ ਇਸਤਰੀ ਨਾਲ ਘ੍ਰਿਣਾ ਕੀਤੀ ਹੋਰ ਕਿਸੇ ਨੇ ਉਨੀ ਨਹੀਂ ਕੀਤੀ। ਜੇ ਇਸਤਰੀ ਜਾਤ ਨਾਲ ਵਰਤਾਰਾ ਸਭਿਅਤਾ ਦਾ ਮਾਪ ਹੁੰਦਾ ਹੈ, ਤਾਂ ਆਉਣ ਵਾਲੀਆਂ ਨਸਲਾਂ ਬ੍ਰਾਹਮਣ-ਗ੍ਰੰਥਾਂ ਦੀ ਸਭਿਅਤਾ ਦੇ ਵਿਰੁੱਧ ਫੈਸਲਾ ਦੇਣਗੀਆ।"[59] ਸਤਪਤ ਬ੍ਰਾਹਮਣ-ਗ੍ਰੰਥ ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਨੂੰ ਜੂਠ ਦਾ ਨਮੂਨਾ ਮੰਨਦਾ ਹੈ। ਇਸਤਰੀ ਕਦੇ ਅਜ਼ਾਦੀ ਦੇ ਯੋਗ ਨਹੀਂ। ਮਨੂ ਨੇ ਇਸਤਰੀਆਂ ਨੂੰ ਆਦਮੀਆਂ ਦੇ ਪੂਰਨ ਤੌਰ ਤੇ ਗੁਲਾਮ ਹੀ ਬਣਾ ਦਿੱਤਾ ਸੀ। ਉਸ ਨੇ ਨੀਯਤ ਕੀਤਾ ਕਿ ਪਤੀ ਦਾ ਆਪਣੀ ਪਤਨੀ ਉੱਤੇ ਪੂਰਾ ਅਧਿਕਾਰ ਹੈ। ਉਹ ਉਸ ਨੂੰ ਮਾਰ-ਕੁੱਟ ਸਕਦਾ ਹੈ। ਜੇ ਪਤਨੀ ਜ਼ਰਾ ਵੀ ਕੌੜੀ ਗੱਲ ਕਰੇ ਤਾਂ ਉਸ ਨੂੰ ਇੱਕਦਮ ਤਿਆਗ ਸਕਦਾ ਹੈ ਅਤੇ ਪਤਨੀ ਲਈ ਉਚਿਤ ਹੈ ਕਿ ਉਹ ਆਪਣੇ ਪਤੀ ਦੀ ਦੇਵਤਾ ਸਮਝ ਕੇ ਪੂਜਾ ਕਰੇ, ਭਾਵੇਂ ਉਸ ਵਿੱਚ ਕੋਈ ਗੁਣ ਨਾ ਵੀ ਹੋਵੇ ਅਤੇ ਭਾਵੇਂ ਉਹ ਬੇਗਾਨੀਆਂ ਇਸਤਰੀਆਂ ਨਾਲ ਐਸ਼ ਮਾਣਦਾ ਹੋਵੇ।[60] ਕੁਝ ਹੋਰ ਸਮਾਂ ਲੰਘਣ ਪਿੱਛੋਂ ਇਸਤਰੀਆਂ ਨੂੰ ਜੰਞੂ ਪਾਉਣ ਅਤੇ ਵੇਦਿਕ ਸਾਹਿਤ ਪੜ੍ਹਨ ਤੋਂ ਵਰਜਿਤ ਕਰ ਦਿੱਤਾ ਗਿਆ। ਇਸ ਤਰ੍ਹਾਂ ਇਸਤਰੀ ਨੂੰ ਸ਼ੂਦਰ ਦੇ ਦਰਜੇ ਤੱਕ ਪਹੁੰਚਾ ਦਿੱਤਾ ਗਿਆ, **ਡੂਬਾਇਸ** ਸਤਾਰ੍ਹਵੀਂ ਸਦੀ ਬਾਰੇ ਪੁਸ਼ਟੀ ਕਰਦਾ ਹੈ ਕਿ ਇਸਤਰੀ ਨੂੰ ਘਰੇਲੂ

---

59 Keith Arthur Berriedale, The Religion & Philosophy of the Veda and Upnisads (Part-I), p.125

60 ਤ੍ਰਿਪਤ ਕੌਰ, ਆਦਿ ਗ੍ਰੰਥ ਵਿੱਚ ਇਸਤਰੀ ਦਾ ਸੰਕਲਪ, ਪੰਨਾ 111

ਜ਼ਿੰਦਗੀ ਵਿਚ ਪੂਰਨ ਤੌਰ ਤੇ ਅਧਿਕਾਰਾਂ ਤੋਂ ਵੰਚਿਤ ਕਰਕੇ ਘਰ ਵਿੱਚ ਘਟੀਆ ਦਰਜਾ ਦਿੱਤਾ ਹੋਇਆ ਸੀ।[61]

ਵਿਧਵਾ-ਵਿਆਹ ਦੀ ਮਨਾਹੀ ਮਨੂ-ਸਿਮ੍ਰਿਤੀ ਤੇ ਯਜਨਾਵਾਲਕਯਾ ਸਿਮ੍ਰਿਤੀ ਵਿੱਚ ਕੀਤੀ ਗਈ ਹੈ। ਅਮਲੀ ਵਰਤੋਂ ਵਿੱਚ ਵਿਧਵਾ-ਵਿਆਹ ਨਾ ਕਰਨਾ ਜਾਤਾਂ ਦੇ ਭਾਈਚਾਰਕ ਰੁਤਬੇ ਦੀ ਕਸਵੱਟੀ ਬਣ ਗਈ ਹੈ। ਜਿਹੜੀਆਂ ਜਾਤਾਂ ਵਿਧਵਾ-ਵਿਆਹ ਨਹੀਂ ਕਰਦੀਆਂ, ਸਿਰਫ ਉਹੋ ਮਾਣ ਪ੍ਰਾਪਤ ਕਰਦੀਆਂ ਹਨ। ਜਿਹੜੀਆਂ ਉੱਚੀਆਂ ਜਾਤਾਂ ਵਿਧਵਾ-ਵਿਆਹ ਕਰਨ ਲੱਗ ਪੈਣ, ਉਹਨਾਂ ਦਾ ਸਮਾਜਿਕ ਰੁਤਬਾ ਨੀਵਾਂ ਹੋ ਜਾਂਦਾ ਹੈ ਅਤੇ ਵਿਧਵਾ ਵਿਆਹ ਦੀ ਮਨਾਹੀ, ਬ੍ਰਾਹਮਣਾਂ ਦੀ ਸਮਾਜ ਦੀ ਵਿਉਂਤ ਵਿੱਚ ਆਪਣਾ ਦਰਜਾ ਉੱਚਾ ਕਰਨ ਦਾ ਸਾਧਨ ਬਣ ਜਾਂਦੀ ਹੈ।62

ਉੱਚੀਆਂ ਜਾਤਾਂ ਵਿੱਚ ਜਵਾਨ ਹੋਣ ਤੋਂ ਪਹਿਲੋਂ ਲੜਕੀ ਦੀ ਸ਼ਾਦੀ ਨਾ ਕਰਨ ਨੂੰ ਪਾਪ ਸਮਝਿਆ ਜਾਂਦਾ ਅਤੇ ਲੜਕੀਆਂ ਦੇ ਬਾਲ-ਵਿਆਹ ਦਾ ਰਿਵਾਜ ਭਾਈਚਾਰਕ ਰੁਤਬੇ ਦੇ ਉੱਚੇ ਹੋਣ ਦੀ ਨਿਸ਼ਾਨੀ ਸਮਝੀ ਗਈ। ਇਸ ਕੰਮ ਵਿੱਚ ਵੀ ਜਾਤ-ਪਾਤ ਦੀ ਪਰੰਪਰਾ ਬਹੁਤ ਦਬਾਓ ਪਾਉਂਦੀ ਰਹੀ ਹੈ। ਲੜਕੀਆਂ ਦੇ ਬਾਲਪਨ ਦੀ ਸ਼ਾਦੀ ਦੇ ਰਿਵਾਜ ਨੂੰ ਵੀ ਧਾਰਮਿਕ ਪ੍ਰਵਾਨਗੀ ਮਿਲੀ ਹੋਈ ਹੈ। ਮਨੂ ਇਹ ਨੀਯਤ ਕਰਦਾ ਹੈ ਕਿ ਤੀਹ ਸਾਲ ਦੀ ਉਮਰ ਦਾ ਆਦਮੀ ਬਾਰਾਂ ਸਾਲ ਦੀ ਕੰਵਾਰੀ ਲੜਕੀ ਨਾਲ ਅਤੇ ਚੋਵੀ ਸਾਲ ਦੀ ਉਮਰ ਦਾ ਆਦਮੀ ਅੱਠ ਸਾਲ ਦੀ ਲੜਕੀ ਨਾਲ ਸ਼ਾਦੀ ਕਰ ਸਕਦਾ ਹੈ। ਯਜਨਾਵਾਲਕਯਾ ਇਸ ਉੱਤੇ ਜ਼ੋਰ ਦਿੰਦਾ ਹੈ ਕਿ ਲੜਕੀਆਂ ਦੀ ਜਵਾਨ ਹੋਣ ਤੋਂ ਪਹਿਲਾ ਸ਼ਾਦੀ ਕੀਤੀ ਜਾਏ।

ਇਸ ਜਾਤ-ਪਾਤੀ ਵਿਚਾਰਧਾਰਾ ਨੇ ਉੱਚੀ ਜਾਤ ਦੀਆਂ ਇਸਤਰੀਆਂ ਨੂੰ ਵੀ ਨੀਵਾਂ ਸਮਾਜੀ ਦਰਜਾ ਦਿੱਤਾ ਹੋਇਆ ਸੀ। ਕਈ ਹਾਲਾਤ ਵਿੱਚ ਉਹਨਾਂ ਨੂੰ ਸ਼ੂਦਰ ਦੇ ਬਰਾਬਰ ਸਮਝਿਆ ਜਾਂਦਾ ਸੀ। ਸੰਖੇਪ ਸ਼ਬਦਾਂ ਵਿਚ ਦੱਸਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਹਿੰਦੋਸਤਾਨ ਦੀ ਧਰਤਿ ਤੇ ਜੇ

61 Dubois Abbe, Hindu Manners, Customs & Ceremonies, p. 344.

62 ਸੰਭੂ ਨਾਥ ਪਾਂਡੇ, ਭਾਰਤੀਯ ਜੀਵਨ ਅਤੇ ਸੰਸਕ੍ਰਿਤੀ, ਪੰਨਾ 7

ਦਲਿਤ ਉਪਰ ਬੇਹੱਦ ਜੁਲਮ ਹੋਏ ਤੇ ਇਸ ਧਰਤਿ ਨੇ ਸਿੱਖ ਧਰਮ ਦੀ ਆਮਦ ਤੱਕ ਔਰਤ ਨਾਲ ਵੀ ਕਦੀ ਵਫਾਦਾਰੀ ਨਹੀ ਕੀਤੀ।

ਸਿੱਖ ਧਰਮ ਦੇ ਬਾਨੀ ਨੇ ਔਰਤ ਨੂੰ ਸਭ ਤੋਂ ਸਤਿਕਾਰਿਤ ਰਚਨਾ ਮੰਨਿਆ ਹੈ ਅਤੇ ਆਪਣੇ ਤਰਕ ਨਾਲ ਸਮਝਾਇਆ ਹੈ ਕਿ ਮਨੁੱਖ ਜਾਤੀ ਦੀ ਹੋਂਦ ਦਾ ਇੱਕੋ ਇੱਕ ਸੋਮਾ ਔਰਤ ਹੈ। "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦਾ ਪ੍ਰਵਚਨ ਉਸ ਵੇਲੇ ਔਰਤ ਦੇ ਮੁਕਤ ਸੰਸਾਰ ਦੀ ਸਿਰਜਣਾ ਲਈ ਕਿਸੇ ਦੈਵੀ ਲਲਕਾਰ ਤੋਂ ਘੱਟ ਨਹੀ ਸੀ। ਸਿੱਖ ਧਰਮ ਦੀ ਆਮਦ ਨਾਲ ਔਰਤ ਦੇ ਮਾਣ ਸਨਮਾਨ ਅਤੇ ਮੋਖ ਦੁਆਰ ਦੇ ਦਰਵਾਜੇ ਖੁਲ ਚੁੱਕੇ ਸਨ। ਗੁਰੂ ਨਾਨਕ ਜੀ ਦੇ ਉਤਰਾਧਿਕਾਰੀਆਂ ਨੇ ਵੀ ਉਹ ਸਾਰੀਆਂ ਰੀਤਾਂ, ਪ੍ਰਥਾਵਾਂ ਬੰਦ ਕਰਨ ਦੇ ਹੁਕਮ ਦਿੱਤੇ ਜਿਹੜੀਆਂ ਔਰਤ ਦੇ ਦਰਜੇ ਨੂੰ ਨੀਵਾਂ ਦਰਸਾਉਂਦੀਆਂ ਹਨ। ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਅਤੇ ਬਾਲ ਵਿਆਹ ਦੇ ਵਿਰੁੱਧ ਇੱਕ ਵੱਡੀ ਮੁਹਿੰਮ ਚਲਾਈ ਸੀ, ਉਹ ਫਰਮਾਉਂਦੇ ਹਨ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥
ਭੀ ਸੋ ਸਤੀਆ ਜਾਣੀਅਨ੍ਹਿ ਸੀਲ ਸੰਤੋਖਿ ਰਹੰਨ੍ਹਿ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨ੍ਹਿ॥63

ਸਿੱਖ ਮਤ ਅੰਦਰ ਔਰਤ ਨੂੰ ਬੁਰੀ ਨਹੀਂ ਸਮਝਿਆ ਜਾਂਦਾ ਅਤੇ ਨਾ ਹੀ ਉਸ ਨੂੰ ਰੁਹਾਨੀਅਤ ਹਾਸਲ ਕਰਨ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਹੈ। ਅਸਲ ਵਿੱਚ ਸਿੱਖ ਧਰਮ ਗ੍ਰਹਿਸਥੀ ਲੋਕਾਂ ਦਾ ਧਰਮ ਹੈ ਜਿਸ ਵਿੱਚ ਮਰਦ ਅਤੇ ਔਰਤ ਇੱਕ ਦੂਜੇ ਉੱਤੇ ਨਿਰਭਰ ਕਰਦੇ ਹਨ। ਸਿੱਖ ਵਿਆਹ ਅਤੇ ਗ੍ਰਹਿਸਥੀ ਜੀਵਨ ਨੂੰ ਮਾਨਤਾ ਦਿੰਦੇ ਹਨ ਅਤੇ ਸੰਨਿਆਸੀ ਜੀਵਨ ਨੂੰ ਨਕਾਰਦੇ ਹਨ। ਉਹ ਉਹਨਾਂ ਯੋਗੀਆਂ ਦਾ ਖੰਡਨ ਕਰਦੇ ਹਨ ਜੋ ਗ੍ਰਹਿਸਥੀ ਜੀਵਨ ਤਿਆਗ ਕੇ ਜੰਗਲਾਂ ਵਿੱਚ ਰਹਿੰਦੇ ਹਨ ਪਰ ਨਿੱਤ ਦੀਆਂ ਲੋੜਾਂ ਲਈ ਗ੍ਰਹਿਸਥੀਆਂ ਦੇ ਘਰਾਂ ਤੋਂ ਮੰਗ ਕੇ ਖਾਂਦੇ ਹਨ। ਗੁਰੂ ਸਾਹਿਬਾਂ ਨੇ ਇਸਤਰੀ ਨੂੰ ਜਨਨੀ ਰੂਪ ਵਿੱਚ ਸਭ ਤੋਂ ਵੱਧ ਮਹੱਤਤਾ ਅਤੇ ਆਦਰ ਦੇਣ ਲਈ ਉਸ ਨੂੰ ਮਹਾਂਪੁਰਖ

63 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787

ਅਤੇ ਪੈਗੰਬਰਾਂ ਦੀ ਜਨਮਦਾਤੀ ਕਹਿ ਕੇ ਸਨਮਾਨਿਆ ਹੈ। ਇਸਤਰੀ ਜਨਨੀ ਰੂਪ ਵਿੱਚ ਪਿਆਰ ਦੇ ਸੋਮੇ ਵਿੱਚ ਸਿਖਰ ਹੈ, ਉਦਾਰਤਾ ਦੀ ਪੁੰਜ ਹੈ ਅਤੇ ਤਿਆਗ ਦੀ ਮੂਰਤ ਹੈ:

"ਸੁਤੁ ਅਪਰਾਧ ਕਰਤ ਹੈ ਜੇਤੇ॥

ਜਨਨੀ ਚੀਤਿ ਨ ਰਾਖਸਿ ਤੇਤੇ॥

ਰਾਮਈਆ ਹਉ ਬਾਰਿਕੁ ਤੇਰਾ॥

ਕਾਹੇ ਨ ਖੰਡਸਿ ਅਵਗੁਨ ਮੇਰਾ॥64

ਸਿੱਖ ਸੰਕਲਪੀ ਪ੍ਰਕਾਸ਼ਨ ਵਿਚ ਔਰਤ ਦੇ ਉਚਤਮ ਰੂਪ ਨੂੰ ਪ੍ਰਵਾਨ ਹੀ ਨਹੀ ਕੀਤਾ ਸਗੋਂ ਇਹ ਸਥਾਪਤ ਕੀਤਾ ਹੈ ਕਿ ਇੱਕ ਆਦਰਸ਼ ਇਸਤਰੀ ਦੀ ਮਹਿਮਾ ਦਾ ਵਰਨਣ ਸ਼ਬਦਾਂ ਵਿੱਚ ਨਹੀਂ ਕੀਤਾ ਜਾ ਸਕਦਾ। ਹਰ ਔਰਤ ਤਿਆਗ, ਸੇਵਾ ਭਾਵ ਅਤੇ ਬਲੀਦਾਨ ਦੀ ਪੁੰਜ ਹੁੰਦੀ ਹੈ। ਬਾਣੀ ਵਿਚ ਔਰਤਾਂ ਨੂੰ ਵੀ ਕਿਹਾ ਗਿਆ ਹੈ ਲੋੜ ਹੈ ਇਹਨ੍ਹਾਂ ਗੁਣਾਂ ਨੂੰ ਪਹਿਚਾਣ ਕੇ ਉਜਾਗਰ ਕਰਨ ਦੀ, ਸਰੀਰ ਅਤੇ ਮਨੋਬਿਰਤੀਆਂ ਨੂੰ ਚੰਗੇ ਪਾਸੇ ਲਾਉਣ ਦੀ ਤਾਂ ਜੋ ਉਹਨਾਂ ਦੀ ਸ਼ਕਤੀ ਅਜਾਈਂ ਨਾ ਜਾਏ। ਇੱਕ ਆਦਰਸ਼ ਇਸਤਰੀ ਕੁਲਵੰਤੀ, ਰੂਪਵੰਤੀ, ਗੁਣਵੰਤੀ, ਪੁੱਤਰਵੰਤੀ, ਆਚਾਰਵੰਤੀ, ਆਗਿਆਵੰਤੀ, ਸ਼ਿੰਗਾਰਵੰਤੀ, ਸ਼ੀਲਵੰਤੀ, ਸੁਲੱਖਣੀ, ਸੁਘੜ-ਸਰੂਪ, ਸੰਤੋਖੀ ਅਤੇ ਸੇਵਿਕਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਜਿਹੀ ਆਦਰਸ਼ ਨਾਰੀ ਨੂੰ ਇਸ ਤਰ੍ਹਾਂ ਬਿਆਨਦੇ ਹਨ :

"ਬਤੀਹ ਸੁਲਖਣੀ ਸਚੁ ਸੰਤਤਿ ਪੂਤ॥

ਆਗਿਆਕਾਰੀ ਸੁਘੜ ਸਰੂਪ॥

ਇਛ ਪੂਰੇ ਮਨ ਕੰਤ ਸੁਆਮੀ॥

ਸਗਲ ਸੰਤੋਖੀ ਦੇਰ ਜੇਠਾਨੀ॥

ਸਭ ਪਰਵਾਰੈ ਮਾਹਿ ਸਰੇਸਟ॥

ਮਤੀ ਦੇਵੀ ਦੇਵਰ ਜੇਸਟ॥

ਧੰਨ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥

---

64 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 478

ਜਨ ਨਾਨਕ ਸੁਖੇ ਸੁਖਿ ਵਿਹਾਇ॥65

ਇਥੋਂ ਤੱਕ ਕਿ ਸਿੱਖ ਇਤਿਹਾਸ ਵਿੱਚ ਮਹਾਨ ਇਸਤਰੀਆਂ ਦਾ ਇੱਕ ਵਿਲੱਖਣ ਸਥਾਨ ਹੈ ਜਿਨ੍ਹਾਂ ਵਿੱਚ ਦਾਈ ਦੌਲਤਾਂ ਜੀ, ਮਾਤਾ ਤ੍ਰਿਪਤਾ ਜੀ, ਬੇਬੇ ਨਾਨਕੀ ਜੀ, ਮਾਤਾ ਸੁਲੱਖਣੀ ਜੀ, ਬੀਬੀ ਵਿਰਾਈ ਜੀ, ਮਾਤਾ ਖੀਵੀ ਜੀ, ਬੀਬੀ ਅਮਰੋ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਈ ਭਾਗੋ ਜੀ ਦਾ ਵਿਸ਼ੇਸ਼ ਸਥਾਨ ਹੈ। ਜਿਵੇਂ ਪਹਿਲਾ ਜਿਕਰ ਹੋ ਚੁੱਕਾ ਹੈ ਕਿ ਜਦੋਂ ਇਸਤਰੀ ਨੂੰ ਬਹੁਤ ਘਟੀਆ, ਮਰਦ ਉੱਤੇ ਇੱਕ ਭਾਰ ਅਤੇ ਅਪਵਿੱਤਰ ਕਹਿ ਕੇ ਛੁਟਿਆਇਆ ਜਾਂਦਾ ਸੀ, ਉਸ ਸਮੇਂ ਇਸਤਰੀ ਨੂੰ ਸਾਰੇ ਜਗਤ ਦੀ ਰਚਨਾਹਾਰੀ ਕਹਿ ਕੇ ਉਚਿਆਉਣਾ, ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇੱਕ ਹੈ। ਗੁਰੂ ਸਾਹਿਬ ਨੇ ਨਾ ਕੇਵਲ ਇਸਤਰੀ ਦੀ ਕਰੁਣਾਮਈ ਪੁਕਾਰ ਹੀ ਸੁਣੀ, ਸਗੋਂ ਉਸ ਨਾਲ ਕੀਤੇ ਜਾਂਦੇ ਅਨਿਆਂ ਵਿਰੁੱਧ ਸਮਾਜ ਨੂੰ ਸਚੇਤ ਕੀਤਾ। ਉਹਨਾਂ ਨੇ ਪੁਰਖ ਅਤੇ ਨਾਰੀ ਦੋਹਾਂ ਵਿੱਚ ਹੀ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ। ਦੋਵਾਂ ਨੇ ਹੀ ਜਨਮ ਦਾ ਨਹੀਂ ਸਗੋਂ ਕਰਮਾਂ ਦਾ ਲੇਖਾ ਦੇਣਾ ਹੈ। ਦੋਵੇਂ ਹੀ ਨਾਸ਼ਵਾਨ ਹਨ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਦੋਵਾਂ ਨੂੰ ਹੀ ਪੂਰਨ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਬਿਨਾਂ ਰੋਕ-ਟੋਕ ਅਤੇ ਪਰਦੇ ਤੋਂ ਸਾਧ-ਸੰਗਤ ਵਿੱਚ ਸੇਵਾ ਕਰ ਸਕਦੀ ਹੈ, ਜੰਗ ਵਿੱਚ ਜਾ ਸਕਦੀ ਹੈ ਅਤੇ ਅੰਮ੍ਰਿਤ ਛਕ ਕੇ ਸਾਰੇ ਧਾਰਮਿਕ ਕਰਮ ਕਰਦੀ ਹੋਈ ਗੁਰਮਰਿਯਾਦਾ ਅਨੁਸਾਰ ਪਵਿੱਤਰ ਜੀਵਨ ਬਤੀਤ ਕਰ ਸਕਦੀ ਹੈ।

ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਸਿੱਖ ਮਤ ਵਿਚ ਔਰਤ ਨੂੰ ਬੁਰਾਈ ਰੂਪ ਵਿਚ ਨਹੀਂ ਚਿਤਰਨ ਕੀਤਾ ਗਿਆ ਸਗੋਂ ਮਨੁੱਖਤਾ ਦੀ ਜਨਨੀ ਦਸਦੇ ਉਸ ਦੀ ਆਭਾ ਨੂੰ ਵਧਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਪੈਗੰਬਰ ਹੋਏ ਹਨ ਜਿਨ੍ਹਾਂ ਨੇ ਔਰਤ 'ਤੇ ਹੋ ਰਹੇ ਸ਼ੋਸ਼ਣ ਖਿਲਾਫ ਜੋਰਦਾਰ ਅਵਾਜ਼ ਉਠਾਈ। ਸਿੱਖ ਮਤ ਨੇ ਔਰਤ ਦੇ ਅਸਲ ਰੁਤਬੇ ਅਤੇ ਉਸ ਦੀ ਸਮਾਜਿਕ ਮਹੱਤਤਾ ਨੂੰ ਪਹਿਚਾਣਿਆ ਹੈ। ਸਿੱਖੀ ਵਿੱਚ ਰੂਹਾਨੀਅਤ ਦੀ ਗੱਲ ਕਰੀਏ ਤਾਂ ਔਰਤ ਨੂੰ ਹਰ ਤਰ੍ਹਾਂ ਦੀ ਧਾਰਮਿਕ ਅਜ਼ਾਦੀ ਦਿੱਤੀ ਹੈ। ਇਸੇ ਤਰ੍ਹਾਂ ਉਸ ਨੂੰ ਹਰ ਤਰ੍ਹਾਂ ਦੀ ਰਾਜਨੀਤਿਕ ਅਤੇ ਸਮਾਜਿਕ ਸੁਤੰਤਰਤਾ ਹੈ।

---

65 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 371

ਉਹ ਧਾਰਮਿਕ ਗ੍ਰੰਥਾਂ ਨੂੰ ਪੜ੍ਹ ਅਤੇ ਵਿਚਾਰ ਸਕਦੀ ਹੈ ਜੋ ਕਿ ਅੱਜ ਵੀ ਹਿੰਦੂ ਧਰਮ ਵਿੱਚ ਮਨਾਹੀ ਹੈ। ਉਹ ਹਰ ਤਰ੍ਹਾਂ ਦੇ ਕੰਮ, ਚਾਹੇ ਸਮਾਜਿਕ ਹੋਵੇ ਜਾਂ ਰਾਜਨੀਤਿਕ, ਵਿੱਚ ਹਿੱਸਾ ਲੈ ਸਕਦੀ ਹੈ। ਸਿੱਖ ਧਰਮ ਵਿੱਚ ਸਿੱਖਿਆ ਇੱਕ ਮਹੱਤਵਪੂਰਨ ਗਤੀਵਿਧੀ ਹੈ। ਸਿੱਖ ਮਤ ਸਿੱਖ ਕੁੜੀਆਂ ਨੂੰ ਸਿੱਖਿਅਤ ਕਰਨ ਉੱਤੇ ਜ਼ੋਰ ਦਿੰਦਾ ਹੈ ਤਾਂ ਜੋ ਉਹ ਸਮਾਜ ਅਤੇ ਪਰਵਾਰ ਦੀ ਉੱਨਤੀ ਵਿੱਚ ਬਰਾਬਰ ਦਾ ਹਿੱਸਾ ਪਾ ਸਕਣ। ਸਿੱਖ ਮਤ ਔਰਤ ਦੀ ਸ਼ਕਤੀ ਨੂੰ ਸਮਾਜ ਦੀ ਆਰਥਿਕਤਾ ਮਜ਼ਬੂਤ ਕਰਨ ਲਈ ਵਰਤੋਂ ਵਿੱਚ ਲਿਆਉਣ ਉੱਤੇ ਜ਼ੋਰ ਦਿੰਦਾ ਹੈ। ਇਹ ਗੱਲ ਸਹੀ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਔਰਤ ਦੀ ਮਹੱਤਤਾ ਨੂੰ ਪਹਿਚਾਣਿਆ ਹੈ ਅਤੇ ਉਸ ਦੀ ਅਜ਼ਾਦੀ ਅਤੇ ਸੁੰਤਤਰ ਜੀਵਨ ਦੀ ਵਕਾਲਤ ਕੀਤੀ ਹੈ। ਸਿੱਖ ਮਤ ਨੇ ਔਰਤ ਦੇ ਸ਼ੋਸ਼ਣ ਉੱਤੇ ਪੂਰਨ ਮਨਾਹੀ ਕੀਤੀ ਹੈ, ਪਰ ਫਿਰ ਵੀ ਕੁਝ ਹੱਦ ਤੱਕ ਹਿੰਦੂ ਧਰਮ ਦੇ ਪ੍ਰਭਾਵ ਕਾਰਨ ਅੱਜ ਵੀ ਔਰਤ ਨੂੰ ਪੂਰਨ ਅਜ਼ਾਦੀ ਨਹੀਂ ਹੈ।

ਗੁਰੂ ਜੀ ਦੀ ਵਿਚਾਰਧਾਰਾ ਸਮਕਾਲ ਦੀਆਂ ਸ਼ੋਸ਼ਨਕਾਰੀ ਵਿਚਾਰਧਾਰਾ ਦਾ ਰੁਖ ਪੂਰਨ ਤੌਰ ਤੇ ਮੋੜਨਾ ਚਾਹੁੰਦੀ ਸੀ ਇਸ ਲਈ ਸਿਧਾਂਤਕ ਅਤੇ ਅਮਲੀ ਰੂਪ ਵਿਚ ਇਨਕਲਾਬੀ ਕਦਮ ਚੁਕਣੇ ਹੀ ਪੈਣੇ ਸਨ। ਉਹਨਾਂ ਨੇ ਸਮਾਜ ਰੂਪੀ ਧਰਤੀ ਵਿੱਚ ਪ੍ਰਗਤੀਸ਼ੀਲ ਸੁਧਾਰਵਾਦੀ ਵਿਚਾਰਧਾਰਾ ਦਾ ਬੀਜ ਬੋ ਦਿੱਤਾ, ਪ੍ਰਚਾਰ ਦੇ ਜਲ ਨਾਲ ਉਸ ਨੂੰ ਸਿੰਜਿਆ, ਤਰਕ-ਵਿਤਰਕ ਦੀ ਖਾਦ ਪਾਈ ਅਤੇ ਆਦਿ ਗ੍ਰੰਥ ਦੇ ਸੰਕਲਨ ਦੁਆਰਾ ਉਸ ਦੀ ਪਰਵਰਿਸ਼ ਅਤੇ ਰਖਿਆ ਕੀਤੀ। ਸਮਾਂ ਪਾ ਕੇ ਉਹ ਬੀਜ ਅੰਕੁਰਿਤ ਹੋਇਆ ਅਤੇ ਅੱਜ ਉਹ ਪੂਰੇ ਜ਼ੋਬਨ ’ਤੇ ਹੈ। ਉਸ ਨੇ ਸਮੇਂ-ਸਮੇਂ ਉੱਠੀਆਂ ਭਿੰਨ ਲਹਿਰਾਂ ਅਤੇ ਅੰਦੋਲਨਾਂ ਨੂੰ ਪ੍ਰਭਾਵਿਤ ਕੀਤਾ ਹੈ। ਅੱਜ ਬਹੁਤ ਸਾਰਾ ਸਾਹਿਤ ਇਸਤਰੀ ਦੀ ਵਕਾਲਤ ਲਈ ਲਿਖਿਆ ਜਾ ਰਿਹਾ ਹੈ। ਉਸ ਨੂੰ ਵੱਧ ਤੋਂ ਵੱਧ ਸਮਾਨਤਾ ਦੇਣ ਲਈ ਪ੍ਰਯਤਨ ਕੀਤੇ ਜਾ ਰਹੇ ਹਨ। ਇਸ ਸਭ ਦਾ ਮੁੱਢ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਹੀ ਹੈ। ਇਸ ਪਾਵਨ ਗ੍ਰੰਥ ਵਿੱਚ ਇਸਤਰੀ ਪ੍ਰਤੀ ਘਿਰਨਾ ਅਤੇ ਅਣਮਨੁੱਖੀ ਵਤੀਰੇ ਵਿਰੁਧ ਜ਼ੋਰਦਾਰ ਸ਼ਬਦਾਂ ਵਿੱਚ ਅਵਾਜ਼ ਉਠਾਈ ਗਈ। ਉਸ ਨੂੰ ਸਮਾਜ ਦਾ ਸਭ ਤੋਂ ਵੱਧ ਮਹੱਤਵਪੂਰਨ ਅੰਗ ਕਿਹਾ ਗਿਆ ਜਿਸ ਸਦਕਾ ਮਨੁੱਖ ਅਤੇ

ਸਮਾਜ ਦੀ ਹੋਂਦ ਹੈ। ਕੇਵਲ ਜਨਨੀ ਹੀ ਨਹੀਂ, ਪੁਤਰੀ ਅਤੇ ਪਤਨੀ ਰੂਪ ਵਿੱਚ ਵੀ ਉਸ ਨੂੰ ਸਨਮਾਨਿਤ ਸਥਾਨ ਦੁਆਇਆ।66

ਸਿੱਖ ਧਰਮ ਦੀ ਆਮਦ ਨਾਲ ਹਿੰਦੋਸਤਾਨ ਦੀ ਧਰਤਿ ਤੇ ਹਜ਼ਾਰਾਂ ਸਾਲਾ ਤੋਂ ਉਭੇ ਸਾਹ ਲੈਂਦੀ ਔਰਤ ਨੂੰ ਆਦਮ ਹੋਣ ਦਾ ਆਭਾਸ ਅਸਲ ਵਿਚ ਪਹਿਲੀ ਵਾਰ ਹੋਇਆ ਤੇ ਇਹ ਕੋਈ ਅਤਿਕਥਨੀ ਨਹੀਂ ਹੈ। ਬਾਣੀ ਹੁਕਮ ਹੈ ਕਿ ਸਾਰਾ ਜੀਵਨ ਮਰਦ ਦਾ ਇਸਤਰੀ ਨਾਲ ਹੀ ਵਾਹ ਰਹਿੰਦਾ ਹੈ। ਪੁੱਤਰੀ, ਪਤਨੀ, ਭੈਣ, ਮਾਤਾ ਅਤੇ ਦੋਸਤ ਦੇ ਰੂਪ ਵਿੱਚ ਉਹ ਹਰ ਕਦਮ ’ਤੇ ਮਰਦ ਨੂੰ ਸਹਾਰਾ ਦਿੰਦੀ ਹੈ, ਉਤਸ਼ਾਹ ਦਿੰਦੀ ਹੈ। ਉਸ ਬਿਨਾਂ ਸੰਸਾਰ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਹ ਬੁਰੀ ਨਹੀਂ ਹੈ, ਉਹ ਤਾਂ ਮਹਾਨ ਹੈ। ਸਭ ਮਹਾਨ ਹਸਤੀਆਂ ਉੱਤੇ ਮਹਾਨ ਮਾਂਵਾਂ ਦੀ ਅਮਿੱਟ ਛਾਪ ਪ੍ਰਤੱਖ ਦਿੱਸ ਪੈਂਦੀ ਹੈ। ਅੱਜ ਵੀ ਇਸ ਤੱਥ ਨੂੰ ਅਸੀਂ ਸਾਰੇ ਮੰਨਦੇ ਹਾਂ। ਮਹਾਨ ਮਾਂਵਾਂ ਹੀ ਮਹਾਨ ਵਿਅਕਤੀਆਂ ਨੂੰ ਜਨਮ ਦਿੰਦੀਆਂ ਹਨ। ਗੁਰੂ ਜੀ ਦੀ ਅਜਿਹੀ ਕ੍ਰਾਂਤੀਕਾਰੀ ਵਿਚਾਰਧਾਰਾ ਨੇ ਸਮਾਜਿਕ ਢਾਂਚੇ ਵਿੱਚ ਹੌਲੀ-ਹੌਲੀ ਤਬਦੀਲੀ ਲਿਆਂਦੀ। ਜੋ ਇਸਤਰੀ ਵੈਦਿਕ ਕਾਲ ਵਿੱਚ ਪੁਰਸ਼ ਦੇ ਦਿਲ ਦੀ ਦੇਵੀ ਸੀ ਜੇ ਉਹ ਕਦੇ ਉਸ ਦੇ ਚਰਨਾਂ ਦੀ ਦਾਸੀ ਬਣੀ, ਕਦੇ ਉਸ ਨੂੰ ਘਰ ਦੀ ਚਾਰਦੀਵਾਰੀ ਵਿੱਚ ਕੈਦ ਰੱਖਿਆ ਗਿਆ ਤਾਂ ਉਹ ਕਦੇ ਰਾਜਿਆਂ ਉੱਤੇ ਰਾਜ ਕਰਨ ਦੇ ਯੋਗ ਵੀ ਹੋਈ। ਉਹ ਕਦੇ ਪਤੀ ਨਾਲ ਸਤੀ ਹੋਈ, ਕਦੇ ਵੇਸਵਾ ਬਣੀ ਪਰ ਗੁਰੂ ਜੀ ਨੇ ਉਸਨੂੰ ਘਰ ਵਿੱਚ, ਪਰਿਵਾਰ ਵਿੱਚ, ਸਮਾਜ ਵਿੱਚ ਅਤੇ ਸਮੁੱਚੇ ਜੀਵਨ ਵਿੱਚ ਉਸ ਦਾ ਯੋਗ ਸਥਾਨ ਦੁਆਇਆ ਅਤੇ ਜਗਤ ਜਨਨੀ ਦੇ ਰੂਪ ਵਿੱਚ ਸਤਿਕਾਰ ਦੀ ਪਾਤਰ ਬਣਾਇਆ। ਬਾਲ-ਹੱਤਿਆ ਦਾ ਘੋਰ ਅਪਰਾਧ ਕੇਵਲ ਹਿੰਦੁਸਤਾਨ ਵਿੱਚ ਹੀ ਨਹੀਂ, ਦੂਸਰੇ ਮੁਲਕਾਂ ਵਿੱਚ ਵੀ ਸੀ ਪਰ ਇੱਥੇ ਇਸਤਰੀ ਜਾਤੀ ਵਿਰੁੱਧ ਧਾਰਨ ਕੀਤੇ ਗਏ ਧਾਰਮਿਕ ਰਵੱਈਏ ਨੇ ਇਸ ਅਪਰਾਧ ਨੂੰ ਵਧਾਇਆ। ਧਾਰਮਿਕ ਗ੍ਰੰਥ ਲੜਕੀਆਂ ਦੀ ਪੈਦਾਇਸ਼ ਬਾਰੇ ਅਫਸੋਸ ਜ਼ਾਹਰ ਕਰਦੇ ਹਨ ਅਤੇ ਉਹਨਾਂ ਨੂੰ ਬਿਪਤਾ ਦਾ ਵਸੀਲਾ ਸਮਝਦੇ ਹਨ, ਜਾਤ-ਪਾਤੀ ਪ੍ਰਬੰਧ ਨੇ ਜੋ ਰੁਤਬੇ ਦੀ ਲਾਲਸਾ ਨੂੰ ਚਮਕਾਇਆ ਉਸ ਨਾਲ ਇਹ ਬੁਰਾਈ ਹੋਰ ਤਿੱਖੀ ਹੋ ਗਈ।

66 ਤ੍ਰਿਪਤ ਕੌਰ, ਆਦਿ ਗ੍ਰੰਥ ਵਿੱਚ ਇਸਤਰੀ ਦਾ ਸੰਕਲਪ, ਪੰਨਾ 221

ਸਿੱਖ ਧਰਮ ਦੇ ਬਰਾਬਰੀ ਲਿਆਉਣ ਲਈ ਵੱਡੇ ਦਾਇਰੇ ਵਾਲੇ ਨਿਸ਼ਾਨੇ ਸਨ। ਸਮੁੱਚੇ ਤੌਰ `ਤੇ ਇਸਤਰੀ ਜਾਤੀ ਦੇ ਦਰਜੇ ਨੂੰ ਉੱਚਾ ਕਰਨਾ ਇਸ ਲਹਿਰ ਦੇ ਪ੍ਰੋਗਰਾਮ ਦਾ ਜ਼ਰੂਰੀ ਹਿੱਸਾ ਸੀ। ਜਾਤ-ਪਾਤੀ ਵਿਚਾਰਧਾਰਾ ਨੇ ਉੱਚੀ ਜਾਤ ਦੀਆਂ ਇਸਤਰੀਆਂ ਨੂੰ ਵੀ ਨੀਵਾਂ ਸਮਾਜੀ ਦਰਜਾ ਦਿੱਤਾ ਹੋਇਆ ਸੀ। ਕਈ ਹਾਲਤਾਂ ਵਿੱਚ ਤਾਂ ਉਹਨਾਂ ਨੂੰ ਸ਼ੂਦਰ ਦੇ ਬਰਾਬਰ ਸਮਝਿਆ ਜਾਂਦਾ ਸੀ। ਗੁਰੂ ਨਾਨਕ ਪਾਤਸ਼ਾਹ ਨੇ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"67 ਦੀ ਦੈਵੀ ਲਲਕਾਰ ਨਾਲ ਸਮੁੱਚੀ ਭਾਰਤੀ ਮਾਨਸਿਕਤਾ ਦੇ ਸੰਦਰਭ ਹੀ ਬਦਲ ਕੇ ਰੱਖ ਦਿੱਤੇ।

ਗੁਰੂ ਅਮਰਦਾਸ ਜੀ ਨੇ ਪਰਦੇ ਅਤੇ ਸਤੀ ਦੀ ਰਸਮ ਖਤਮ ਕਰ ਦਿੱਤੀ। ਇਸ ਕ੍ਰਾਂਤੀ ਦੇ ਦੀਦਾਰੇ ਪਾਉਣ ਵਾਲੇ ਸਮੇਂ ਵਿਚ ਸਾਹਮਣੇ ਆਏ ਜਿਵੇਂ ਕਿ ਸਿੱਖਾਂ ਦੇ ਇੱਕ ਸਮੇਂ ਦੇ ਸਭ ਤੋਂ ਵੱਡੇ ਲੀਡਰ ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ ਜੀ ਦੀਵਾਨਾ ਵਿਚ ਕੀਰਤਨ ਕਰਦੀ ਹੁੰਦੀ ਸੀ। ਸਰਦਾਰ ਸੁਖਾ ਸਿੰਘ, ਜੋ ਪਿੱਛੋਂ ਛੋਟੇ ਘਲੂਘਾਰੇ ਵਿੱਚ ਕਮਾਂਡਰ ਸਨ, ਖਾਲਸੇ ਵਿੱਚੋ ਇੱਕ ਸਮੇਂ ਇਸ ਲਈ ਛੇਕੇ ਗਏ ਕਿਉਂਕਿ ਸ਼ੱਕ ਸੀ ਕਿ ਉਹਨਾਂ ਨੇ ਜਾਂ ਉਹਨਾਂ ਦੀ ਪਤਨੀ ਨੇ ਕੰਨਿਆ ਹੱਤਿਆ ਕਰ ਕੇ ਸਿੱਖਾਂ ਦੀ ਰਵਾਇਤ ਨੂੰ ਧੱਬਾ ਲਾਇਆ। ਇਸਤਰੀ ਜਾਤੀ ਦਾ ਜੋ ਦਰਜਾ ਸਿੱਖ ਲਹਿਰ ਨੇ ਉੱਚਾ ਕੀਤਾ, ਉਸ ਦਾ ਨਤੀਜਾ ਇਹ ਹੈ ਕਿ ਉਸ ਨੇ ਮੋਢਾ ਜੋੜ ਕੇ ਇਨਕਲਾਬੀ ਜੱਦੋ-ਜਹਿਦ ਵਿੱਚ ਹਿੱਸਾ ਲਿਆ। ਮਾਈ ਭਾਗੋ ਨੇ ਅਨੰਦਪੁਰ ਤੋਂ ਭੱਜੇ ਸਿੱਖਾਂ ਨੂੰ ਇਕੱਠਾ ਕਰ ਕੇ ਮੁਕਤਸਰ ਵਿੱਚ ਲੜਾਈ ਦੀ ਅਗਵਾਈ ਕੀਤੀ। ਗੁਰੀਲਾ ਲੜਾਈ ਦੇ ਸਮੇਂ ਸਿੱਖ ਔਰਤਾਂ ਨੂੰ ਕੈਦ ਕਰ ਲਿਆ ਜਾਂਦਾ ਸੀ ਤੇ ਉਹਨਾਂ ਤੋਂ ਮੁਸ਼ੱਕਤ ਕਰਾਈ ਜਾਂਦੀ ਸੀ ਪਰ ਉਹ ਆਪਣੇ ਧਰਮ ਤੋਂ ਕਦੇ ਨਹੀ ਡੋਲਦੀਆਂ ਸਨ। ਗੁਰਬਖਸ਼ ਸਿੰਘ ਦੀ ਪਤਨੀ ਸਦਾ ਕੌਰ ਨੇ ਇੱਕ ਐਸੇ ਖੇਤਰ `ਤੇ ਰਾਜ ਕੀਤਾ ਜਿਹੜਾ ਕਨ੍ਹਈਆ ਮਿਸਲ ਦੇ ਕਬਜ਼ੇ ਵਿੱਚ ਸੀ ਤੇ ਉਸ ਨੇ ਲੜਾਈ ਵਿੱਚ ਆਪਣੀਆਂ ਫੌਜਾਂ ਦੀ ਅਗਵਾਈ ਕੀਤੀ। ਰਣਜੀਤ ਸਿੰਘ ਦੀ ਆਪਣੀਆਂ ਵਿਰੋਧੀ ਮਿਸਲਾਂ ਦੇ ਖਿਲਾਫ ਕਸ਼ਮਕਸ਼ ਵਿੱਚ ਸਫਲਤਾ ਦਾ ਕਾਰਨ ਮਾਤਾ ਸਦਾ ਕੌਰ ਦੀ ਸਿਆਸੀ ਚਤੁਰਾਈ ਤੇ ਫੌਜੀ ਮਦਦ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਨੂੰ ਬਰਾਬਰੀ ਦਾ ਸਥਾਨ ਦਿਵਾਉਣ ਲਈ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

---

67 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473

**ਭਾਰਤੀ ਸਮਾਜ, ਵਰਣ ਵੰਡ ਅਤੇ ਭਾਰਤੀ ਸਾਹਿਤ:**

ਸ੍ਰੀ ਗੁਰੂ ਗ੍ਰੰਥ ਸਾਹਿਬ ਜਿੱਥੇ ਸਿੱਖ ਧਰਮ ਦਾ ਪਵਿਤਰ ਧਰਮ ਗ੍ਰੰਥ ਹੈ ਉਥੇ ਮਧਕਾਲੀਨ ਭਾਰਤ ਦੀ ਧਾਰਮਿਕ ਅਤੇ ਸਭਿਆਚਾਰਕ ਪੇਸ਼ਕਦਮੀ ਦੀ ਮਹੱਤਵਪੂਰਨ ਧਰੋਹਰ ਵੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਇਸ ਮਹਾਨ ਗ੍ਰੰਥ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਸੰਕਲਿਤ ਅਤੇ ਸੰਪਾਦਿਤ ਰਚਨਾ ਹੈ। ਇਸ ਵਿੱਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗੁਰੂ ਸਹਿਬਾਨ ਦੀ ਬਾਣੀ ਤੋਂ ਇਲਾਵਾ ਵੱਖ-ਵੱਖ ਭਾਸ਼ਾਵਾਂ, ਖੇਤਰਾਂ, ਸਭਿਆਚਾਰਾਂ, ਸੰਪਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸਬੰਧਤ ਭਗਤਾਂ, ਪ੍ਰਚਾਰਕਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਇਸ ਪਾਵਨ-ਗ੍ਰੰਥ ਦੀਆਂ ਹੋਰ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਵਿਚੋਂ ਇੱਕ ਪ੍ਰਮੁੱਖ ਵਿਸ਼ੇਸਤਾ ਇਹ ਹੈ ਕਿ ਇਸ ਗ੍ਰੰਥ ਦੇ ਬਾਣੀਕਾਰ ਮੱਧਕਾਲੀਨ ਭਾਰਤ ਦੇ ਕ੍ਰਾਂਤੀਕਾਰੀ ਭਗਤ ਹਨ ਜਿਨ੍ਹਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਸਮਾਜ ਵਿੱਚ ਫੈਲੇ ਅੰਧਕਾਰ, ਜਾਤ-ਪਾਤ, ਲੁੱਟ-ਕਸੁੱਟ ਅਤੇ ਨਾਬਰਾਬਰੀ ਉੱਤੇ ਗਹਿਰੀ ਚੋਟ ਮਾਰੀ ਅਤੇ ਇਕ ਨਵੀਂ ਜਾਗ੍ਰਿਤੀ, ਨਵੀਂ ਕ੍ਰਾਂਤੀ ਨੂੰ ਲਿਆਉਣ ਦਾ ਉਪਰਾਲਾ ਕੀਤਾ। ਇਸ ਲਹਿਰ ਨੇ ਇਕ ਆਦਰਸ਼ ਸਮਾਜ਼ ਸਿਰਜਣ ਦਾ ਹੋਕਾ ਦਿੱਤਾ ਅਤੇ ਹਾਸ਼ੀਆਗਤ ਵਰਗ ਨੂੰ ਜਾਗਰੂਕ ਕਰਕੇ ਆਪਣੇ ਹੱਕਾਂ ਲਈ ਲੜਣ ਅਤੇ ਖੜ੍ਹਣ ਲਈ ਵੰਗਾਰਿਆ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਸ ਵੰਗਾਰ ਵਾਲੀ ਬਾਣੀ ਦੇ ਵਿਸਥਾਰਪੂਰਵਕ ਅਧਿਐਨ ਤੋਂ ਪਹਿਲਾਂ "ਭਾਰਤੀ ਸਮਾਜ ਅਤੇ ਵਰਣ-ਵੰਡ" ਵਿੱਚ ਭਾਰਤ ਵਿੱਚ ਫੈਲੇ 'ਜਾਤ-ਪਾਤ' ਦੇ ਕੋਹੜ ਦਾ ਇਤਿਹਾਸਕ ਤੱਥਾਂ ਰਾਹੀਂ ਵੱਖ-ਵੱਖ ਕਾਲਾਂ ਦੌਰਾਨ ਇਸ ਦੇ ਰੂਪ ਨੂੰ ਵਰਨਣ ਕਰਨ ਦਾ ਉਪਰਾਲਾ ਕਰ ਲੈਣਾ ਜ਼ਰੂਰੀ ਹੈ। ਭਾਰਤ ਵਿੱਚ ਜਾਤ ਵਿਵਸਥਾ ਕਦੋਂ ਅਤੇ ਕਿਵੇਂ ਵਿਕਸਿਤ ਹੋਈ ਇਸ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਤਾਂ ਨਹੀਂ ਪ੍ਰਾਪਤ ਹੋ ਸਕਦੀ ਪਰ ਇਸ ਦੇ ਅੱਜ ਦੀ ਦਸ਼ਾ ਤੱਕ ਪਹੁੰਚਣ ਦੇ ਵੱਖ-ਵੱਖ ਪੜਾਵਾਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਜਾ ਸਕਦੀ ਹੈ। ਇਸ ਨੂੰ ਜਾਣਨ ਦਾ ਮੂਲ ਅਧਾਰ ਭਾਰਤੀ ਜ਼ਾਤਾਂ ਇਤਿਹਾਸ ਵਿੱਚ ਵਾਪਰੀਆਂ ਘਟਨਾਵਾਂ ਹਨ ਜਾਂ ਉਹ ਗ੍ਰੰਥ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਨਤੀਜੇ ਕੱਢੇ ਜਾ ਸਕਦੇ ਹਨ। ਇਸ ਦੇ ਵਿਸਥਾਰ ਪੂਰਵਕ ਅਧਿਐਨ ਲਈ ਅਸੀਂ ਪੂਰਵ ਵੈਦਿਕ ਕਾਲ,

ਵੈਦਿਕ ਕਾਲ,  ਉੱਤਰ ਵੈਦਿਕ ਕਾਲ, ਬੁੱਧ ਕਾਲ, ਮੌਰੀਆ ਕਾਲ ਆਦਿ ਵਿੱਚ ਵੰਡ ਕਰਕੇ ਕਿਸੇ ਸਾਰਥਿਕ ਸਿੱਟੇ ਤੇ ਪਹੁੰਚਣ ਦਾ ਯਤਨ ਕੀਤਾ ਹੈ।

**ਪੂਰਵ ਵੈਦਿਕ ਕਾਲ :**

ਪੂਰਵ ਵੈਦਿਕ ਕਾਲ ਦਾ ਕੋਈ ਵੀ ਸਾਹਿਤਕ ਪ੍ਰਮਾਣ ਨਹੀਂ ਮਿਲਦਾ ਜਿਸ ਦੇ ਆਧਾਰ ਤੇ ਕਿਹਾ ਜਾ ਸਕਦਾ ਹੋਵੇ ਕਿ ਇਸ ਵੇਲੇ ਜਾਤੀ ਵਿਵਸਥਾ ਦਾ ਵਿਕਾਸ ਹੋ ਗਿਆ ਸੀ ਪਰ ਵੈਦਿਕ ਕਾਲ ਦੇ ਰਿਗਵੇਦ ਤੋਂ ਪਹਿਲਾਂ ਪੁਰਾਤੱਤਵ ਖੋਜਾਂ ਅਨੁਸਾਰ ਇਹ ਜਰੂਰ ਸਿੱਧ ਹੁੰਦਾ ਹੈ ਕਿ ਭਾਰਤ ਵਿਚ ਆਰੀਆ ਲੋਕਾਂ ਤੋਂ ਪਹਿਲਾਂ ਇੱਕ ਦ੍ਰਾਵਿੜ ਸੱਭਿਅਤਾ ਦੀ ਹੋਂਦ ਸੀ। ਇਨ੍ਹਾਂ ਵਿਚ ਪ੍ਰੋਹਤ ਪ੍ਰਥਾ ਦਾ ਵਿਕਾਸ ਹੋ ਚੁੱਕਿਆ ਸੀ। ਭਗਵਤ ਸ਼ਰਣ ਉਪਾਧਿਆਇ ਤਾਂ ਇਸ ਗੱਲ ਨੂੰ ਵੀ ਪੂਰੀ ਤਰ੍ਹਾਂ ਮੰਨਦੇ ਹਨ ਕਿ ਵਰਣ ਵਿਵਸਥਾ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਹੀ ਵਿਕਸਿਤ ਹੋ ਚੁੱਕੀ ਸੀ। ਇਸ ਗੱਲ ਦੀ ਪੁਸ਼ਟੀ ਹੇਠਾਂ ਲਿਖੇ ਵਿਚਾਰਾਂ ਤੋਂ ਹੋ ਸਕਦੀ ਹੈ:

"ਆਰੀਆ ਦੇ ਭਾਰਤ ਵਿੱਚ ਦਾਖਲੇ ਤੋਂ ਵੀ ਕਿਤੇ ਪਹਿਲਾਂ ਦ੍ਰਾਵਿੜਾਂ ਦੇ ਰੁੱਖ ਅਤੇ ਨਾਗ ਪੂਜਨ ਵਿੱਚ ਹੀ ਪ੍ਰੋਹਤਾਈ ਦੇ ਪੈਰ ਜਮ ਚੁੱਕੇ ਸਨ।ਬਲੀ-ਪ੍ਰਥਾ ਨੇ ਮਨੁੱਖ ਨੂੰ ਬਲਵਾਨ ਅਤੇ ਕਮਜ਼ੋਰ ਦੋਵੇਂ ਤਰ੍ਹਾਂ ਦਾ ਹੀ ਬਣਾ ਦਿੱਤਾ ਸੀ। ਪ੍ਰੋਹਤ ਨੂੰ ਬਲਵਾਨ ਅਤੇ ਕੁਰਬਾਨ ਕੀਤੇ ਜਾਣ ਵਾਲੇ ਨੂੰ ਕਮਜ਼ੋਰ। ਮਹਿੰਜੋਦੜੋਂ ਅਤੇ ਹੜੱਪਾ ਦੀ ਸਿੰਧ-ਘਾਟੀ ਸੱਭਿਅਤਾ ਵਿੱਚ ਇਸ ਪ੍ਰੋਹਤਾਈ ਦਾ ਵਿਕਾਸ ਕਦੋਂ ਦਾ ਹੋ ਚੁੱਕਾ ਸੀ। ਕਾਫੀ ਪਹਿਲਾਂ ਤੋਂ ਉਸ ਵਿੱਚ ਪੁਜਾਰੀ ਚੌਕਸ ਸੀ। ਇਹ ਮੁਮਕਿਨ ਨਹੀਂ ਕਿ ਜਿੱਥੇ ਪੂਜਾ ਦੇ ਏਨੇ ਅੰਕੜੇ ਮਿਲਣ, ਪਸ਼ੂਪਤੀ ਦਾ ਕੁਲ ਮਿਲੇ, ਇਬਾਰਤ ਵਾਲੀਆਂ ਮੁਹਰਾਂ ਮਿਲਣ ਉੱਥੇ ਪ੍ਰੋਹਤਾਈ ਦੀ ਹਕੂਮਤ ਨਾ ਰਹੀ ਹੋਵੇ। ਉਥੋਂ ਦੇ ਖੰਡਰਾਂ-ਥੰਮਾਂ ਵਿਚੋਂ ਅਨੇਕਾਂ ਸ਼ਕਲਾਂ/ਮੂਰਤਾਂ ਅਜਿਹੀਆਂ ਮਿਲੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਪ੍ਰੋਹਤਾਂ ਦੀ ਹੋਂਦ ਬਿਲਕੁਲ ਸਾਬਤ ਹੋ ਗਈ ਮੰਨ ਲਿਆ ਗਿਆ ਹੈ।"68

ਕਸ਼ਤਰੀ ਅਤੇ ਵੈਸ਼ ਵਰਣ ਦਾ ਜਨਮ ਵੀ ਆਰੀਆ ਲੋਕਾਂ ਦੇ ਭਾਰਤ ਆਉਣ ਤੋਂ ਪਹਿਲਾਂ ਹੋ ਚੁੱਕਾ ਸੀ। ਇਸ ਸਬੰਧ ਵਿੱਚ ਭਗਵਤ ਸ਼ਰਣ ਉਪਾਧਿਆਇ ਲਿਖਦੇ ਹਨ:

---

68 ਭਗਵਤ ਸ਼ਰਣ ਉਪਾਧਿਆਇ, ਭਾਰਤੀ ਸਮਾਜ ਦਾ ਇਤਿਹਾਸਿਕ ਤੱਥ ਨਿਖੇੜਾ, ਪੰਨਾ 109

"ਇਸੇ ਤਰ੍ਹਾਂ ਕਸ਼ਤਰੀਯ ਦਾ ਵਰਣ ਵੀ ਮੁਮਕਿਨ ਹੈ ਕਿ ਆਰੀਆ ਦੇ ਭਾਰਤ ਵਿੱਚ ਆਉਣ ਤੋਂ ਪਹਿਲਾਂ ਹੀ ਰੂਪ ਧਾਰ ਚੁੱਕਾ ਸੀ।"[69]

ਇਸਦੇ ਨਾਲ ਹੀ ਉਹ ਉਨ੍ਹਾਂ ਸਥਿਤੀਆਂ ਦਾ ਜ਼ਿਕਰ ਕਰਦਾ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਤੀਸਰਾ ਵਰਣ ਵੈਸ਼ ਵੀ ਉਸੇ ਵੇਲੇ ਹੋਂਦ ਹੀ ਵਿੱਚ ਆਇਆ ਹੋਇਆ ਸੀ:

"ਕਸ਼ਤਰੀਯ ਵਰਣ ਦੀ ਵਿਵਸਥਾ ਹੋ ਜਾਣ ਮਗਰੋਂ ਵੈਸਯ ਦਾ ਵੀ ਰੂਪ ਪੱਕਾ ਹੋ ਗਿਆ ਸੀ। ਇਸ ਗੱਲ 'ਤੇ ਯਕੀਨ ਕਰਨ ਦਾ ਕਾਰਨ ਇਹ ਹੈ ਕਿ ਆਮ ਜਨਤਾ ਲਈ ਰਿਗਵੇਦ ਵਿੱਚ ਜਿਸ ਸ਼ਬਦ ਦੀ ਵਰਤੋਂ ਹੋਈ ਹੈ ਉਹ ਹੈ 'ਵਿਸ਼' ਜਿਸ ਦੀ ਵਰਤੋਂ ਰਾਜਾ ਦੀ ਚੋਣ ਵੇਲੇ ਵਰਤੇ ਗਏ "ਵਿਸ ਤੁਮ੍ਹੇ ਵਰਣ ਕਰਤਾ ਹੈ" ਆਦਿ ਵਰਗੇ ਵਾਕਾਂ ਵਿੱਚ ਹੋਈ ਹੈ। ਇਸੇ 'ਵਿਸ਼' ਦਾ ਹੀ ਵਰਣ ਸੰਬੰਧੀ ਰੂਪ 'ਵੈਸ਼ਯਾ' ਬਣਿਆ ਅਤੇ ਇਸ ਤੇ ਆਧਾਰਿਤ ਸਮੂਹਿਕ ਸੰਪਤੀ ਵਰਗੀ ਨਾਰੀ ਨੂੰ 'ਵੈਸ਼ਯ' ਕਿਹਾ ਗਿਆ।"[70]

ਉਪਰੋਕਤ ਤਿੰਨ ਵਰਣਾਂ ਦੀ ਹੋਂਦ ਸਪਸ਼ਟ ਹੈ'ਤੇ ਪੁਰਸ਼ ਸੂਕਤ ਸਲੋਕ ਦੀ ਮਾਨਤਾ ਬਾਰੇ ਸ਼ੰਕੇ ਪੈਦਾ ਹੁੰਦੇ ਹਨ ਕਿਉਂਕਿ ਇਥੋਂ ਰਿਗਵੇਦ ਦੇ ਇਸ ਸਲੋਕ ਤੋਂ ਹੀ ਵਰਣ/ਜਾਤੀ ਵਿਵਸਥਾ ਦਾ ਜਨਮ ਹੋਇਆ ਦੱਸਿਆ ਜਾਂਦਾ ਹੈ ਪਰ ਇਸ ਦੀ ਪੁਸ਼ਟੀ ਭਗਵਤ ਸ਼ਰਣ ਉਪਾਧਿਆਇ ਕਰਦੇ ਹੋਏ ਲਿਖਦੇ ਹਨ:

"ਜਿਹੜੇ ਵਿਦਵਾਨ ਰਿਗਵੇਦ ਦੇ 'ਪੁਰਸ਼ ਸੂਕਤ' ਤੋਂ ਭਾਰਤੀ ਆਰੀਆ ਦੇ 'ਚਤੁਰ ਵਰਣ' ਦਾ ਅਰੰਭ ਹੋਇਆ ਮੰਨਦੇ ਹਨ ਉਹ ਕਿਸੇ ਮਾਮੂਲੀ ਗਲਤ ਫਹਿਮੀ ਦਾ ਸ਼ਿਕਾਰ ਨਹੀਂ, ਕਿਉਂਕਿ ਉਹ ਸੱਚ ਨੂੰ ਭੁੱਲ ਰਹੇ ਹਨ ਕਿ 'ਪੁਰਸ਼ ਸੂਕਤ' ਚਤੁਰ ਵਰਣਾ ਦੀ ਵਿਵਸਥਾ ਨਹੀਂ ਕਰਦਾ, ਉਹ ਸੰਸਥਾ ਦੀ ਵਿਸ਼ੇਸ਼ ਅਵਸਥਾ ਦਾ ਜ਼ਿਕਰ ਕਰਦਾ ਹੈ ਅਤੇ ਸਿਰਫ ਵਰਣਾਂ ਦੀ ਗਿਣਤੀ ਕਰਦਾ ਹੈ ਜਿਨ੍ਹਾਂ ਚਾਰ ਵਰਣਾਂ ਬਾਰੇ ਸੂਕਤ ਕਹਿੰਦਾ ਹੈ ਕਿ ਉਹ ਬ੍ਰਹਮਾ ਦੇ ਮੂੰਹ ਬਗੈਰਾ ਤੋਂ ਨਿਕਲੇ ਹਨ, ਉਨ੍ਹਾਂ ਦਾ ਅਰੰਭ ਉਹ ਸਮਕਾਲੀਨ ਨਹੀਂ ਮੰਨਦਾ, ਸਗੋਂ ਅਤੀਤ ਵਿੱਚ ਕਦੇ ਹੋਇਆ ਮੰਨਦਾ ਹੈ।"[71]

---

69 ਉਹੀ, ਪੰਨਾ 113

70 ਉਹੀ, ਪੰਨਾ 114

71 ਭਗਵਤ ਸ਼ਰਣ ਉਪਾਧਿਆਇ, ਭਾਰਤੀ ਸਮਾਜ ਦਾ ਇਤਿਹਾਸਿਕ ਤੱਥ ਨਿਖੇੜਾ, ਪੰਨਾ 114

ਹੁਣ ਵਿਚਾਰ ਸਪਸ਼ਟਤਾ ਵੱਲ ਜਾਂਦੇ ਸ਼ੂਦਰ ਵਰਣ ਦੀ ਹੋਂਦ ਦੇ ਸਵਾਲ ਖੜ੍ਹੇ ਹੁੰਦੇ ਹਨ। ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਬ੍ਰਾਹਮਣ, ਕਸ਼ਤਰੀ ਪੈਦਾ ਹੋ ਜਾਣ ਤੋਂ ਬਾਅਦ ਬਾਕੀ ਲੋਕ ਵੈਸ਼ ਬਚੇ। ਜਿਨ੍ਹਾਂ ਨੇ ਖੇਤੀ, ਵਿਉਪਾਰ ਆਦਿ ਕਰਨਾ ਹੈ ਪਰ ਸ਼ੂਦਰ ਕਿਵੇਂ ਬਣੇ? ਇਸ ਬਾਰੇ ਵੀ ਭਗਵਤ ਸ਼ਰਣ ਉਪਾਧਿਆਇ ਵਿਚਾਰ ਦਿੰਦਾ ਹੈ ਕਿ:

"ਉਹ ਸ਼ਾਇਦ ਵਿਸ਼ ਨਹੀਂ ਸਨ ਅਤੇ ਸ਼ਾਇਦ ਆਰੀਆ ਵੀ ਨਹੀਂ ਸਨ। ਆਪਣੇ ਘੁਮੱਕੜ ਦੌਰਿਆਂ ਦੌਰਾਨ ਆਰੀਆ ਨੇ ਜਿਹੜੇ ਯੁੱਧ ਕੀਤੇ ਉਨ੍ਹਾਂ ਵਿੱਚ ਉਨ੍ਹਾਂ ਨੇ ਅਨੇਕਾਂ ਨੂੰ ਦਾਸ ਬਣਾਇਆ। ਕੁਝ ਸ਼ੂਦਰ ਤਾਂ ਇਨ੍ਹਾਂ ਦਾਸਾਂ ਵਿਚੋਂ ਹੀ ਸਨ। ਕੁਝ ਉਨ੍ਹਾਂ ਦੀਆਂ ਭਾਰਤ ਵਿਚਲੀਆਂ ਜਿੱਤਾਂ ਦੀ ਲੜੀ ਨੇ ਪ੍ਰਸਤੁਤ ਕੀਤੇ। ਇਨ੍ਹਾਂ, ਸ਼ੂਦਰਾਂ ਦਾ ਸਮਾਜ ਵਿੱਚ ਸਥਾਨ ਦਬਦਬੇ ਨਾਲ ਜਿਉਂਦੇ, ਆਰੀਆ ਵਰਗਾ ਕਿਸੇ ਤਰ੍ਹਾਂ ਵੀ ਨਹੀਂ ਸੀ ਹੋ ਸਕਦਾ। ਇਹ ਅਸਲ ਵਿਚ ਦਾਸਾਂ ਵਰਗੇ ਹੀ ਸਨ ਅਤੇ ਇਨ੍ਹਾਂ ਦਾ ਕੰਮ ਵੀ ਉੱਪਰ ਦੱਸੇ (ਬ੍ਰਾਹਮਣ, ਕਸ਼ਤਰੀ ਅਤੇ ਵੈਸ਼) ਆਰੀਆ ਵਰਗਾਂ ਦੀ ਸੇਵਾ ਕਰਨਾ ਹੀ ਮੰਨਿਆ ਗਿਆ.....ਸ਼ਹਿਰਾਂ ਦੇ ਉਭਰਨ ਨਾਲ ਹੀ ਸ਼ਾਇਦ ਉਸ ਅਮਾਨਵੀ ਤੇ ਘਿਰਣਾਯੋਗ ਮਾਨਵ ਪਰਿਵਾਰਾਂ ਦੀ ਸੰਰਚਨਾ ਹੋਈ ਜਿਨ੍ਹਾਂ ਨੂੰ ਚੰਡਾਲ, ਅਛੂਤ ਆਦਿ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਪਰਿਵਾਰਾਂ ਨੂੰ ਸ਼ਹਿਰਾਂ ਤੋਂ ਬਾਹਰ ਵਸਾਇਆ ਜਾਣ ਲੱਗਾ ਅਤੇ ਇਨ੍ਹਾਂ ਪਰਿਵਾਰਾਂ ਦੀ ਸੰਰਚਨਾ ਆਰੀਆਂ ਦੀ ਸਮਾਜਿਕ ਨੀਤੀ ਉੱਪਰ ਕਾਲਖ ਦੀ ਪੱਕੀ ਛਾਪ ਹੈ। ਇਹ ਅਛੂਤ ਹੀ ਅੱਜ ਦੇ ਸਭ ਤੋਂ ਹੇਠਲੇ ਦਰਜੇ ਦੇ ਅਛੂਤ ਹਨ ਜਿਨ੍ਹਾਂ ਨੂੰ ਮਨੁੱਖਤਾ ਦੇ ਹਰ ਹੱਕ ਤੋਂ ਵਾਂਝਿਆ ਰੱਖਿਆ ਗਿਆ ਹੈ।[72]

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਆਰੀਆ ਦੇ ਆਉਣ ਤੋਂ ਪਹਿਲਾਂ ਸਿੰਧ ਘਾਟੀ ਦੀ ਸੱਭਿਅਤਾ ਸਮੇਂ ਇੱਕ ਪੁਜ਼ਾਰੀ ਵਰਗ ਹੋਂਦ ਵਿੱਚ ਆਇਆ ਹੋਇਆ ਸੀ ਜਿਹੜਾ ਉਸ ਸਮੇਂ ਦੀਆਂ ਧਾਰਮਿਕ ਕਿਰਿਆਵਾਂ, ਅਨਾਜ ਵਿਤਰਨ, ਸਮਾਜਿਕਤਾ ਤੇ ਰੱਖਿਅਕ ਦੇ ਤੌਰ 'ਤੇ ਮੁੱਖ ਭੂਮਿਕਾ ਨਿਭਾਉਂਦਾ ਹੋਵੇਗਾ। ਪ੍ਰੋਹਤ ਅਤੇ ਧਰਮ ਪ੍ਰਤੀ ਨਿਸ਼ਠਾ ਨੇ ਸਮਾਜਿਕ ਤਾਣੇ-ਬਾਣੇ ਦੇ ਨਿਰਮਾਣ ਵਿੱਚ ਕੋਈ ਹਿੱਸਾ ਜਰੂਰ ਪਾਇਆ ਹੋਵੇਗਾ। ਇਸ ਦੇ ਸਮਾਨ-ਅੰਤਰ ਆਰੀਆ ਲੋਕਾਂ ਦਾ ਇਸ ਸੱਭਿਅਤਾ ਦੇ ਹਮਲੇ ਤੋਂ ਬਾਅਦ ਤੁਰੰਤ ਵਰਣਾਂ ਦੀ ਹੋਂਦ ਵਿੱਚ ਆ ਜਾਣਾ ਸੰਭਵ ਨਹੀਂ ਹੈ। ਇਹ ਵਿਚਾਰ ਕੁਝ ਹੱਦ

---

72 ਉਹੀ, ਪੰਨਾ 116

ਤੱਕ ਸਹੀ ਹੈ ਕਿ ਆਰੀਆ ਦੇ ਭਾਰਤ ਵਿੱਚ ਪਹੁੰਚਣ ਤੋਂ ਪਹਿਲਾਂ ਬ੍ਰਾਹਮਣ, ਕਸ਼ਤਰੀ ਅਤੇ ਵੈਸ਼ ਵਰਣ ਬਣ ਚੁੱਕੇ ਸਨ ਪਰ ਇਨ੍ਹਾਂ ਵਿਚ ਉਨੀ ਕਟੜਤਾ ਨਜਰ ਨਹੀ ਆਉਂਦੀ। ਇਸੇ ਦੇ ਉਲਟ ਹੜੱਪਾ ਤੇ ਮਹਿੰਜੋਦੜੋ ਸੱਭਿਅਤਾ ਵਿੱਚ ਵਰਣ ਵਿਵਸਥਾ ਦੀਆਂ ਸੰਭਾਵਨਾਵਾਂ ਜਿਆਦਾ ਹਨ, ਕਿਉਂਕਿ ਉਹ ਪੂਰੀ ਤਰ੍ਹਾਂ ਵਿਕਸਿਤ ਸੱਭਿਅਤਾ ਸੀ। ਵਿਕਸਿਤ ਅਤੇ ਅਵਿਕਸਿਤ ਸੱਭਿਅਤਾ ਦੀ ਟੱਕਰ ਅਤੇ ਮਿਲਾਪ ਵਿਚੋਂ ਇੱਕ ਨਵੀਂ ਸੱਭਿਅਤਾ ਦਾ ਵਿਕਾਸ ਹੋਇਆ ਜਿਸ ਵਿਚੋਂ ਬ੍ਰਾਹਮਣ, ਕਸ਼ਤਰੀ, ਵੈਸ਼, ਸ਼ੂਦਰ ਪ੍ਰਵਰਗ ਤੇ ਸਮਾਜਿਕ ਸਮੂਹ ਪੈਦਾ ਹੋਏ। ਅਰੰਭ ਵਾਲੇ ਸਮੇਂ ਵਿੱਚ ਇਨ੍ਹਾਂ ਦੀ ਪਛਾਣ ਜ਼ਰੂਰ ਰੰਗਾਂ ਦੀ ਰਹੀ ਹੋਵੇਗੀ ਪਰ ਜਦੋਂ ਇਨ੍ਹਾਂ ਵਿੱਚ ਸਹਿਮਤੀ ਜਾਂ ਅਸਹਿਮਤੀ ਨਾਲ ਇਨ੍ਹਾਂ ਨਾਲ ਵਿਆਹ ਹੋਣ ਲੱਗੇ ਤਾਂ ਇਨ੍ਹਾਂ ਵਿੱਚ ਚਮੜੀ ਦੇ ਰੰਗਾਂ ਦੀ ਭੂਮਿਕਾ ਗੈਰ-ਹਾਜ਼ਰ ਹੋਣ ਲੱਗ ਪਈ ਹੋਵੇਗੀ।

ਹੜੱਪਾ ਸੱਭਿਅਤਾ ਅਤੇ ਪੂਰਵ ਵੈਦਿਕ ਕਾਲ ਵਿੱਚ ਪੂਰਵ ਵੈਦਿਕ ਕਾਲ ਵਰਣ ਪ੍ਰਥਾ ਦੀ ਹੋਂਦ ਦਾ ਸਬੂਤ ਵਜੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਆਰੀਆ ਲੋਕਾਂ ਨੇ ਗੈਰ-ਆਰੀਅਨ ਲੋਕਾਂ ਨੂੰ ਹਰਾਇਆ ਤਾਂ ਉਨ੍ਹਾਂ ਵਿਚੋਂ ਕੁਝ ਭਾਗ ਦੱਖਣ ਵਿੱਚ ਧੱਕ ਦਿੱਤਾ ਗਿਆ। ਪਰ ਜਦੋਂ ਅਸੀਂ ਉਨ੍ਹਾਂ ਦੀ ਸਮਾਜਿਕ ਸੰਰਚਨਾ ਦਾ ਅਧਿਐਨ ਕਰਦੇ ਹਾਂ ਤਾਂ ਉਨ੍ਹਾਂ ਦਾ ਜਾਤੀ ਪ੍ਰਬੰਧ ਸਾਹਮਣੇ ਆਉਂਦਾ ਹੈ। ਇਸ ਲਈ ਜਾਤੀ/ਵਰਣ ਵਿਵਸਥਾ ਆਰੀਅਨ ਹਮਲੇ ਵੇਲੇ ਵੀ ਹੋਂਦ ਰੱਖਦੀ ਸੀ। ਆਰੀਅਨਾਂ ਨੇ ਇਸ ਜਾਤ ਵਿਵਸਥਾ ਨੂੰ ਆਪਣੇ ਸ਼ਾਸਨ ਵਿੱਚ ਪੂਰੀ ਤਰ੍ਹਾਂ ਅਪਣਾਇਆ ਤੇ ਸਮਾਜਿਕ ਵਿਤਕਰੇ ਪੈਦਾ ਕਰਕੇ ਸਾਰੇ ਸਮੂਹਾਂ ਵਿੱਚ ਨਫਰਤ ਫੈਲਾਈ।

**ਵੈਦਿਕ ਕਾਲ:**

ਵੈਦਿਕ ਕਾਲ ਦੇ ਸਮੇਂ ਨੂੰ ਵੀ ਵਰਣ ਵਿਵਸਥਾ ਵਿਚ ਤਬਦੀਲੀਆਂ ਦਾ ਸਮਾਂ ਕਹਿ ਸਕਦੇ ਹਾਂ।ਇਸਦਾ ਕਾਰਨ ਇਹ ਵੀ ਸੀ ਕਿ ਉਸ ਸਮੇਂ ਪਸ਼ੂ ਧਨ, ਖੇਤੀ ਧਨ ਵਿਚ ਤਬਦੀਲ ਹੋ ਰਿਹਾ ਸੀ। ਵੱਧ ਮਜ਼ਦੂਰ, ਸ਼ੂਦਰਾਂ ਅਤੇ ਅਤਿ ਸ਼ੂਦਰਾਂ ਦੇ ਰੂਪ ਵਿਚ ਹਾਜ਼ਰ ਸਨ। ਖੇਤੀ ਧਨ ਪੈਦਾ ਕਰਨ ਲਈ ਖਾਸ ਸੰਦਾਂ ਦੀ ਲੋੜ ਸੀ ਜਿਸ ਤੋਂ ਵਿਭਿੰਨ ਕਿਸਮ ਦੇ ਕਿੱਤਿਆਂ ਨੇ ਵੀ ਪੈਦਾ ਹੋਣਾ ਸੀ। ਮਿਸਤਰੀ, ਧਾਤ ਦਾ ਕੰਮ ਕਰਨ ਵਾਲੇ, ਤਾਂਬਾ, ਲੋਹਾ ਅਤੇ ਮਿੱਟੀ ਦੇ ਕੰਮ ਕਰਨ ਵਾਲੇ ਕਿੱਤੇ ਹੋਂਦ ਵਿਚ ਆਏ

ਇਸ ਲਈ ਇਸ ਕਾਲ ਵਿਚ ਵਰਣ ਰੰਗ ਮੂਲਕ ਨਾ ਹੋ ਕੇ ਕਿੱਤਾ ਮੂਲਕ ਹੋ ਗਿਆ ਸੀ।ਹੁਣ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਦੀ ਨਿਸ਼ਾਨਦੇਹੀ ਪੂਰੀ ਤਰ੍ਹਾਂ ਹੋ ਗਈ ਸੀ। ਉਤਪਾਦਨ ਦੀ ਹਾਲਤ ਨੂੰ ਦੇਖਦੇ ਹੋਏ, ਸ਼ੂਦਰਾਂ ਨੂੰ ਵੀ ਸਮਾਜ ਦਾ ਹਿੱਸਾ ਮਨਜ਼ੂਰ ਕਰ ਲਿਆ ਸੀ। ਕੰਮ ਨੂੰ ਬਦਲਣ ਦੀ ਸੁਵਿਧਾ ਸੀ।

ਉਪਰੋਕਤ ਅਨੁਸਾਰ ਇਕੋ ਪਰਿਵਾਰ ਦੇ ਵਿਭਿੰਨ ਮੈਂਬਰ ਵਿਭਿੰਨ ਕਿਸਮ ਦੇ ਕਿੱਤੇ ਆਪਣਾ ਸਕਦੇ ਸਨ। ਕਿਸੇ ਕੰਮ ਉੱਪਰ ਕਿਸੇ ਵੀ ਤਰ੍ਹਾਂ ਦੀ ਰੋਕ ਨਹੀਂ ਸੀ। ਇਥੋਂ ਤੱਕ ਕੇ ਆਰੀਆਂ ਨੇ ਵੀ ਇਥੋਂ ਦੇ ਮੂਲ ਨਿਵਾਸੀਆਂ ਦੇ ਕਿੱਤਿਆਂ ਨੂੰ ਅਪਣਾਇਆ। ਇਸ ਸੰਬੰਧੀ ਡੀ.ਡੀ. ਕੋਸਾਂਬੀ ਲਿਖਦੇ ਹਨ:

> "ਅਰੰਭਿਕ ਆਰੀਆਂ ਲਈ ਜਾਤੀ ਸ਼ੁਧਤਾ ਕੋਈ ਅਰਥ ਨਹੀਂ ਰਖਦੀ ਸੀ।
> ਇਥੋਂ ਦੇ ਆਦਿ ਵਾਸੀ ਤੱਤਾਂ ਨੂੰ ਗ੍ਰਹਿਣ ਉਨ੍ਹਾਂ ਲਈ ਸਹਿਜ ਸੰਭਵ ਸੀ,
> ਉਨ੍ਹਾਂ ਨੇ ਇਨ੍ਹਾਂ ਨੂੰ ਵੀ ਗ੍ਰਹਿਣ ਕੀਤਾ।"73

ਆਰ.ਆਰ. ਅਰਵਿੰਦ ਲਿਖਦੇ ਹਨ:

"ਵੈਦਿਕ ਸਾਹਿਤ ਵਿਚ ਅਜਿਹੇ ਉਦਾਹਰਨ ਮਿਲਦੇ ਹਨ ਜਿਸ ਤੋਂ ਇਕ ਹੀ ਪਰਿਵਾਰ ਦੇ ਲੋਕ ਕੰਮ ਦੇ ਆਧਾਰ ਤੇ ਭਿੰਨ-ਭਿੰਨ ਵਰਣਾਂ ਦੇ ਮੰਨੇ ਜਾਂਦੇ ਸਨ, ਕਿਉਂਕਿ ਉਹ ਇੱਕ ਹੀ ਪਰਿਵਾਰ ਦੇ ਲੋਕ ਸਨ, ਉਨ੍ਹਾਂ ਵਿੱਚ ਆਪਸੀ ਭੇਦ-ਭਾਵ ਦਾ ਪ੍ਰਸ਼ਨ ਨਹੀਂ ਸੀ।"74

## ਉੱਤਰ-ਵੈਦਿਕ ਕਾਲ:

ਵੈਦਿਕ ਕਾਲ ਦੇ ਅਖੀਰਲੇ ਸਮੇਂ ਵਿੱਚ ਉਹ ਧਾਰਨਾਵਾਂ ਫੈਲਣ ਲੱਗੀਆਂ ਜਿਨ੍ਹਾਂ ਤੋਂ ਜਾਤੀ ਵਿਵਸਥਾ ਗੰਭੀਰ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ। ਉਤਪਾਦਨ ਸ੍ਰੋਤਾਂ ਦੇ ਫੈਲਾਅ ਤੇ ਉਨ੍ਹਾਂ ਦੀ ਮਾਲਕੀ ਲਈ ਜਦੋ-ਜਹਿਦ ਕਾਰਨ ਵਰਣ ਵਿਵਸਥਾ ਕਰੂਪ ਹੋਣ ਲੱਗੀ। ਸਿਮ੍ਰਤੀਆਂ ਬ੍ਰਾਹਮਣ ਗ੍ਰੰਥਾਂ ਤੇ ਉਪਨਿਸ਼ਦਾਂ ਵਿੱਚ ਇਨ੍ਹਾਂ ਵਰਣਾਂ ਦੇ ਵੱਖਰੇ-ਵੱਖਰੇ ਤੇ ਸਪਸ਼ਟ ਹੋਣ ਬਾਰੇ ਪਤਾ ਲੱਗਦਾ ਹੈ।

---

73 ਡੀ.ਡੀ. ਕੋਸਾਂਬੀ, ਪ੍ਰਚੀਨ ਭਾਰਤ ਦੀ ਸੰਸਕ੍ਰਿਤੀ ਔਰ ਸਭਿਅਤਾ, ਪੰਨਾ 108

74 ਆਰ.ਆਰ. ਅਰਵਿੰਦ, ਭਾਰਤ ਵਿੱਚ ਜਾਤੀ ਪ੍ਰਥਾ, ਪੰਨਾ 18

ਬ੍ਰਾਹਮਣ ਲਈ ਪੂਜਾ ਪਾਠ, ਬਲੀ ਦਿਵਾਉਣੀ ਤੇ ਹੋਰ ਧਾਰਮਿਕ ਕੰਮਾਂ ਲਈ ਆਪਣੇ-ਆਪ ਹੀ ਨਿਰਧਾਰਿਤ ਹੋ ਗਿਆ ਕਿਉਂਕਿ ਇਹ ਲੋਕਾਂ ਦੀ ਮਿਹਨਤ ਦੀ ਕਮਾਈ ਖਾਣ ਦਾ ਸੌਖਾ ਤਰੀਕਾ ਸੀ। ਇਸ ਦੇ ਨਾਲ ਕਸ਼ਤਰੀ ਕੋਲ ਪ੍ਰਸ਼ਾਸਕੀ ਤੇ ਹੱਦਾਂ ਦੀ ਸੰਭਾਲ, ਵੈਸ਼ ਕੋਲ ਵਪਾਰ ਆਦਿ ਕੰਮ ਵੰਡੇ ਗਏ। ਵਰਣ ਵਿਵਸਥਾ ਦਾ ਪਹਿਲਾ ਵਿਤਕਰਾ ਉਦੋਂ ਸਾਹਮਣੇ ਆਇਆ ਜਦੋਂ ਸ਼ੂਦਰ ਨੂੰ ਧਾਰਮਿਕ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਦਾ ਹੱਕ ਤਾਂ ਮਿਲਿਆ ਹੋਇਆ ਸੀ ਪਰ ਉਸ ਵਿੱਚ ਉਸ ਨੇ ਕੇਵਲ ਉਚ ਵਰਣ ਦੇ ਲੋਕਾਂ ਦੇ ਪੈਰ ਧੋਣੇ ਹੁੰਦੇ ਸਨ। ਉਪਰਲੇ ਤਿੰਨ ਵਰਣਾਂ ਨੂੰ ਆਪਸ ਵਿਚ ਵਿਆਹ ਕਰਾਉਣ ਦੀ ਪੂਰੀ ਖੁੱਲ੍ਹ ਸੀ ਪਰ ਸ਼ੂਦਰ ਔਰਤ ਨਾਲ ਵਿਆਹ ਕਰਵਾਉਣ ਤੋਂ ਪਰਹੇਜ਼ ਕੀਤਾ ਜਾਂਦਾ ਸੀ।

ਇਸੇ ਸਮੇਂ ਦੌਰਾਨ ਵਰਣ ਆਧਾਰਿਤ ਜਨੇਊ ਦੀ ਵਿਵਸਥਾ ਕੀਤੀ ਗਈ। ਬ੍ਰਾਹਮਣ ਨੂੰ ਸੂਤ ਦਾ ਜਨੇਊ ਤੇ ਗਾਇਤਰੀ ਮੰਤਰ, ਕਸ਼ਤਰੀ ਨੂੰ ਸਣ ਦਾ ਜਨੇਊ ਤੇ ਤਰੀਸਤਬ ਮੰਤਰ, ਵੈਸ਼ ਨੂੰ ਪਸ਼ਮ ਦਾ ਜਨੇਊ ਤੇ ਗਾਇਤ੍ਰੀ ਮੰਤਰ ਦਾ ਨਿਰਧਾਰਣ ਕੀਤਾ ਗਿਆ। ਭਾਵ ਸਮਾਜ ਦੀ ਵੰਡ ਵਿਚਾਰਧਾਰਕ ਸਰਦਾਰਾਂ ਜਿਨ੍ਹਾਂ ਵਿਚ ਬ੍ਰਾਹਮਣ ਤੇ ਖੱਤਰੀ ਸਨ, ਨੇ ਆਪਣੀਆਂ ਲੋੜਾਂ ਅਨੁਸਾਰ ਸਮਾਜ ਦੀ ਵੰਡ ਕਰ ਦਿੱਤੀ ਸੀ। ਇਸ ਦੀ ਖਾਸੀਅਤ ਇਹ ਸੀ ਕਿ ਬ੍ਰਾਹਮਣ ਨੇ ਆਪਣੇ ਲਈ ਹੀ ਸਾਰੇ ਲਾਭਦਾਇਕ ਪੱਖ ਆਪਣੇ ਹੱਕ ’ਚ ਭੁਗਤਾ ਲਏ ਸਨ ਜਿਸ ਦੇ ਨਾਲ ਹੀ ਬੌਧਿਕਤਾ ਤੇ ਕਰਮ-ਕਾਂਡਾਂ ਦੀ ਆੜ ਵਿਚ ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕਰ ਲਿਆ ਸੀ।

ਇਹਨਾਂ ਨਵੇਂ ਸਿਧਾਂਤਾਂ ਨੂੰ ਲਾਗੂ ਕਰਨ ਲਈ ਸਕੂਲਾਂ ਤੇ ਆਸ਼ਰਮਾਂ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਇਸ ਲਈ ਮਨੁੱਖ ਦੇ ਜੀਵਨ ਨੂੰ 100 ਸਾਲ ਦਾ ਮੰਨ ਕੇ ਉਸ ਦੇ ਚਾਰ ਭਾਗ ਕੀਤੇ ਗਏ ਜਿਸ ਵਿਚ ਪਹਿਲਾ ਬ੍ਰਹਮਚਾਰੀ (Student) ਦੂਜਾ ਗ੍ਰਹਿਸਥ (House Holder) ਤੀਸਰਾ ਵਾਣਪ੍ਰਸਥ(Hermit) ਅਤੇ ਚੌਥਾ ਸੰਨਿਆਸ(Wandering) ਆਸ਼ਰਮ ਬਣਾਏ ਗਏ। ਇਸ ਗੱਲ ਦੀ ਪੁਸ਼ਟੀ ਭਗਵਤ ਸ਼ਰਣ ਉਪਾਧਿਆਇ ਇਸ ਤਰ੍ਹਾਂ ਕਰਦੇ ਹਨ:

“ਵਰਣਾਂ ਦੇ ਹਰੇਕ ਵਿਅਕਤੀ ਦੇ ਜੀਵਨ ਨੂੰ ਜਨਮ ਤੋਂ ਲੈ ਕੇ ਮਰਨ ਤੱਕ ਅਨੇਕਾਂ ਵਿਧਾਨਾਂ ਨਾਲ ਬੰਨ੍ਹ ਦਿੱਤਾ ਗਿਆ। ਪੁੰਸਵਾਨ-ਗਰਭਾਧਾਨ ਤੋਂ ਲੈ ਕੇ ਅੰਤਯੇਸ਼ਠੀ-ਸਾਲਾਨਾ ਸ਼ਰਾਧ ਦੇ ਸੋਲਾਂ

ਸੰਸਕਾਰ ਜੀਵਨ ਲਈ ਸ਼ਰਾਪ ਬਣ ਗਏ। ਸੰਸਕਾਰਾਂ ਤੋਂ ਛੁੱਟ ਵਿਅਕਤੀ ਦੇ ਜੀਵਨਕਾਲ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਗਿਆ-1. ਬ੍ਰਹਮਚਰਯ, 2. ਗ੍ਰਹਿਸਥਯ, 3. ਵਾਣਪ੍ਰਸਥ ਅਤੇ 4. ਸੰਨਿਆਸ।"

ਹਰੇਕ ਆਸ਼ਰਮ ਦੇ ਸਿਧਾਂਤ (Code of Conduct) ਨਿਰਧਾਰਤ ਕਰਨ ਦੇ ਨਾਲ ਕਰਤੱਵ ਵਿਸ਼ੇਸ਼ ਤੌਰ 'ਤੇ ਅਤੇ ਹੱਕਾਂ ਬਾਰੇ ਵਿਸਤਾਰ ਵਿੱਚ ਦੱਸਿਆ ਗਿਆ। ਹਰ ਵਰਣ ਦੇ ਆਸ਼ਰਮ ਧਰਮ ਦੀ ਹੋਂਦ ਤੇ ਹੱਕਾਂ ਕਾਰਨ ਸਮਾਜ ਵਿਚ ਇੱਕ ਪਦ-ਕ੍ਰਮ ਜਮਾਤਾਂ ਹੋਂਦ ਵਿਚ ਆਈਆਂ। ਜਮਾਤਾਂ ਦੇ ਅੰਦਰ ਹੀ ਇੱਕ ਮਨੁੱਖ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ, ਜਾਂ ਕਿਸੇ ਨੂੰ ਆਪਣਾ ਸਰਗਣਾ ਮੰਨਣ ਤੇ ਗੋਤਰ ਹੋਂਦ ਵਿਚ ਆ ਗਏ।"75

ਪਰ ਇਸ ਦੇ ਸਮਾਨ-ਅੰਤਰ ਹੀ ਹਰ ਕਬੀਲੇ ਨੇ ਆਪਦੀ ਹੋਂਦ ਬਣਾਈ ਰੱਖਣ ਦੀ ਕੋਸ਼ਿਸ਼ ਜਾਰੀ ਰੱਖੀ।ਨਿਸ਼ਾਦ ਕਬੀਲਾ, ਜਿਸ ਦੇ ਆਪਣੇ ਅਸੂਲ, ਆਪਣੀ ਸੰਸਕ੍ਰਿਤੀ ਸੀ ਤੇ ਇਹ ਅਣ-ਆਰੀਆਈ ਕਬੀਲੇ ਸਨ। ਸਤਵੀਂ ਸਦੀ ਈ. ਪੂਰਵ ਦੇ ਕਰੀਬ ਕਬੀਲੇ ਗਣ ਵਿਚ ਤਬਦੀਲ ਹੋਣ ਲੱਗੇ। ਕਬੀਲਿਆਂ ਵਿਚਲੇ ਬਹਾਦਰ ਲੋਕ ਸਮਾਜਿਕ ਲੋੜਾਂ ਅਨੁਸਾਰ ਢਲਣ ਲੱਗੇ। ਇਸਦੇ ਬਰਾਬਰ ਹੀ ਨਵੇਂ-ਨਵੇਂ ਜੁਟ ਤੇ ਵੰਡ ਲਈ ਧਾਰਮਿਕ ਸੰਪਰਦਾਇ ਪੈਦਾ ਹੋਣ ਲੱਗੇ। ਸੰਨਿਆਸਵਾਦ, ਰਹੱਸਵਾਦ ਤੇ ਹੋਰ ਆਜ਼ਾਦ ਖਿਆਲਾਂ ਦੇ ਗਰੁੱਪ ਪੈਦਾ ਹੋਣ ਲੱਗੇ ਕਿਉਂਕਿ ਹਰ ਇੱਕ ਕਬੀਲਾ ਆਪਣੇ ਪੂਜਾ-ਵਿਧਾਨ ਤੇ ਸੱਭਿਆਚਾਰ ਨੂੰ ਨਾਲ ਲੈ ਕੇ ਆਇਆ ਸੀ। ਇਸ ਤਰ੍ਹਾਂ ਸਮਾਜ ਬਹੁ ਪਰਤੀ ਹੋਣ ਲੱਗ ਪਿਆ। ਇਨ੍ਹਾਂ ਪਰਤਾਂ ਦੇ ਹੁੰਦਿਆਂ ਹੋਇਆਂ ਵੀ ਦੋ ਜਮਾਤਾਂ ਬ੍ਰਾਹਮਣ ਅਤੇ ਕਸ਼ਤਰੀਆਂ ਦੇ ਹਿਤ ਟਕਰਾਉਣ ਲੱਗ ਪਏ।

ਕਸ਼ੱਤਰੀਆਂ ਨੇ ਵੇਦਾਂਤ ਦਾ ਫਲਸਫਾ ਦੇ ਕੇ ਨਵਾਂ ਧਾਰਮਿਕ ਪਰਾਭੌਤਿਕ ਸਿਧਾਂਤ ਦਾ ਸਿਲਸਿਲਾ ਸ਼ੁਰੂ ਕੀਤਾ, ਇਸ ਨੇ ਬ੍ਰਾਹਮਣਾਂ ਨੂੰ ਨਵੀਂ ਚੁਣੌਤੀ ਦਿੱਤੀ। ਇਸ ਜਦੋ-ਜਹਿਦ ਦੇ ਨਾਲ ਹੀ ਕਰਮ ਦੇ ਸਿਧਾਂਤ ਦੀ ਉਤਪਤੀ ਕੀਤੀ ਗਈ ਜਿਹੜੀ ਵਰਣ ਵਿਵਸਥਾ ਦੇ ਸਭ ਤੋਂ ਹੇਠਲੇ ਪਦ ਤੇ ਬੈਠੇ ਲੋਕਾਂ ਲਈ ਜ਼ਰੂਰੀ ਮੰਨਿਆ ਜਾਂਦਾ ਰਿਹਾ। ਇਸ ਵਿਚ ਨਿਮਨ ਵਰਣ ਦੇ ਲੋਕਾਂ ਲਈ ਇਹ

---

75 ਭਗਤਵ ਸਰਣ ਉਪਾਧਿਆਇ, ਭਾਰਤੀ ਸਮਾਜ ਦਾ ਇਤਿਹਾਸਿਕ ਤੱਥ ਨਿਖੇੜਾ, ਪੰਨਾ 116

ਸਿਧਾਂਤ ਦਿੱਤਾ ਗਿਆ ਕਿ ਜੇਕਰ ਉਹ ਇਸ ਜਨਮ ਵਿਚ ਸਹੀ ਤਰੀਕੇ ਨਾਲ ਆਪਣਾ ਵਰਣ ਧਰਮ ਨਿਭਾਉਣਗੇ ਤਾਂ ਉਹ ਅਗਲੇ ਜਨਮ ਵਿਚ ਉਚ ਵਰਣ ਵਿਚ ਪੈਦਾ ਹੋਣਗੇ। ਇਸ ਤਰ੍ਹਾਂ ਉਚ ਵਰਣ ਵਿਚ ਜਨਮ ਦਾ ਲਾਲਚ ਦੇ ਕੇ ਉਸ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਗਿਆ। ਇਹ ਬ੍ਰਾਹਮਣ ਤੇ ਕਸ਼ੱਤਰੀ ਦੋਹਾਂ ਲਈ ਲਾਭਦਾਇਕ ਸੀ। ਪੁਰਾਤਨ ਧਰਮ ਸੂਤਰ ਗ੍ਰੰਥਾਂ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਨ੍ਹਾਂ ਉਪਰਲੇ ਤਿੰਨ ਵਰਣਾਂ ਨੂੰ ਦਵਿੱਜ ਦਾ ਰੁਤਬਾ ਦਿੱਤਾ।ਸ਼ੂਦਰ ਲਈ (ਵਿਸ਼ਿਸ਼ਟ ਧਰਮ ਸੂਤਰਾਂ 'ਚ) ਇੱਕ ਜਾਤੀ ਸ਼ਬਦ ਦੀ ਵਰਤੋਂ ਕੀਤੀ ਗਈ ਜਿਸਦਾ ਅਰਥ ਇਕ ਵਾਰੀ ਜੰਮਿਆ ਮੰਨਿਆ ਜਾਂਦਾ ਹੈ।

ਇਸ ਤਰ੍ਹਾਂ ਵੈਦਿਕ ਕਾਲ ਦੇ ਅਖੀਰਲੇ ਸਮੇਂ ਵਿਚ ਕੰਮ ਆਧਾਰਿਤ ਨਿਮਨ ਵਰਣ ਜਾਤੀਆਂ ਨੂੰ ਧਾਰਮਿਕ ਅਯੋਗਤਾ ਰਾਹੀਂ ਪੱਕੇ ਤੌਰ 'ਤੇ ਨਿਮਨ ਕਰਨ ਦੇ ਉਪਰੋਕਤ ਨਿਯਮਾਂ ਨੇ ਆਪਣੀ ਭੂਮਿਕਾ ਨਿਭਾਈ।

**ਬੁੱਧ ਕਾਲ ਅਤੇ ਮੌਰਿਆ ਕਾਲ:**

ਵਰਣ ਵਿਵਸਥਾ ਦੇ ਰਾਜਨੀਤਿਕ, ਧਾਰਮਿਕ ਤੱਤਾਂ ਤੇ ਪਰਿਵਰਤਨ ਆਉਣ ਨਾਲ ਇਸ ਵਿੱਚ ਬਦਲਾਅ ਆਉਂਦਾ ਰਿਹਾ ਹੈ। ਜਦੋਂ ਬੁੱਧ (563-483 B.C.) ਅਤੇ ਮਹਾਂਵੀਰ (540-468 B.C.) ਹੋਂਦ ਵਿਚ ਆਏ ਤਾਂ ਉਨ੍ਹਾਂ ਨੇ ਬ੍ਰਾਹਮਣ ਗ੍ਰੰਥਾਂ ਦੇ ਅਧਿਐਨ ਤੋਂ ਬਾਅਦ (ਬੁੱਧ ਨੇ ਸਾਂਖਯ ਦਰਸ਼ਨ ਪੜ੍ਹਿਆ ਸੀ) ਬ੍ਰਾਹਮਣ ਵਰਗ ਦੀਆਂ ਬੇ-ਹੁਰਮਤੀਆਂ ਖਿਲਾਫ ਆਵਾਜ਼ ਉਠਾਈ ਗਈ। ਕਸ਼ੱਤਰੀ ਪਿਛੋਕੜ ਹੋਣ ਕਾਰਨ ਬੁੱਧ ਨੇ ਪਹਿਲਾਂ ਤੋਂ ਚੱਲ ਰਹੇ ਧਰਮ ਯੁੱਧ ਨੂੰ ਨਵਾਂ ਰਾਹ ਦਿੱਤਾ। ਉਸ ਨੇ ਰੱਬ ਦੀ ਹੋਂਦ ਨੂੰ ਜਿਸ ਵਿਚ ਦਵੈਤ ਦੀ ਧਾਰਨਾ ਸੀ, ਨੂੰ ਪੂਰੀ ਤਰ੍ਹਾਂ ਨਕਾਰ ਕੇ ਸਵੈ ਦਾ ਸੰਕਲਪ ਦਿੰਦਿਆਂ ਨਵਾਂ ਜੀਵਨ ਦਰਸ਼ਨ ਸਿਰਜਿਆ।

"ਅਪੋ ਦੀਵੋ ਭਵੋ' ਆਦਿਕ ਟਿੱਪਣੀਆਂ ਰਾਹੀਂ ਉਸ ਦੇ ਨਿਮਨ ਵਰਣ ਦੇ ਲੋਕਾਂ ਨੂੰ ਬ੍ਰਾਹਮਣ ਧਰਮ ਦੀਆਂ ਇਨ੍ਹਾਂ ਕੁਰੀਤੀਆਂ ਤੋਂ ਮੁਕਤੀ ਦਿਵਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਹੀ ਉਸ ਨੇ ਆਪਣੇ ਧਾਰਮਿਕ ਪ੍ਰਚਾਰ ਲਈ ਲੋਕਾਂ ਦੀ ਭਾਸ਼ਾ ਪਾਲੀ ਦਾ ਇਸਤੇਮਾਲ ਕੀਤਾ। ਆਪਣੇ ਧਰਮ ਅਤੇ ਦਰਸ਼ਨ ਨੂੰ ਹੋਰ ਵਿਆਪਕ ਅਤੇ ਹਰਮਨ ਪਿਆਰਾ ਬਣਾਉਣ ਦੇ ਵਸੀਲੇ ਉਨ੍ਹਾਂ ਨੇ ਅਖਤਿਆਰ ਕੀਤੇ

ਖੁਦ ਉਨ੍ਹਾਂ ਵਿਚ ਹੀ ਦਵੰਦਾਤਮਿਕ ਪ੍ਰਵਿਰਤੀ ਸਮਾਈ ਹੋਈ ਸੀ। ਆਮ ਲੋਕਾਂ ਦੀ ਬੋਲੀ ਪਾਲੀ ਦੀ ਵਰਤੋਂ ਅਤੇ ਸੰਘ-ਨਿਰਮਾਣ ਵੀ ਅਸਲ ਵਿਚ ਬ੍ਰਾਹਮਣ ਵਰਣਾਸ਼ਰਮ ਵਿਵਸਥਾ ਅਤੇ ਇਕ ਵਰਗੀ ਸੰਸਕ੍ਰਿਤੀ ਉਪਰ ਸਫਲ ਚੋਟਾਂ ਸਨ।"[76]

ਇਸ ਨਾਲ ਵਿਸ਼ਿਸ਼ਟ ਧਰਮ ਤੇ ਵਿਸ਼ਿਸ਼ਟ ਭਾਸ਼ਾ ਦੇ ਗੌਰਵ ਨੂੰ ਧੱਕਾ ਲੱਗਿਆ। ਤੀਸਰਾ ਕ੍ਰਾਂਤੀਕਾਰੀ ਪੱਖ ਇਹ ਸੀ ਕਿ ਉਸਨੇ ਆਪਣੇ ਮੱਠਾਂ ਵਿਚ ਸਭ ਤਰ੍ਹਾਂ ਦੇ ਲੋਕਾਂ ਨੂੰ ਬਿਨਾਂ, ਜਾਤੀ, ਰੰਗ, ਲਿੰਗ, ਨਸਲ ਭੇਦ ਤੋਂ ਸਿੱਖਿਆ ਦਿੱਤੀ। ਆਰੀਅਨਾਂ ਦੀ ਭੂਮਿਕਾ ਸ਼ੱਕੀ ਹੋਣ ਲੱਗੀ।

ਇਸੇ ਤਰ੍ਹਾਂ ਹੀ ਮਹਾਂਵੀਰ ਨੇ ਬ੍ਰਾਹਮਣ ਵਿਰੋਧੀ ਵਿਚਾਰਧਾਰਾ ਨੂੰ ਗ੍ਰਹਿਣ ਕੀਤਾ। ਉਸਨੇ ਅਹਿੰਸਾ ਦੇ ਸਿਧਾਂਤ ਰਾਹੀਂ ਵੈਸ਼ ਵਰਣ ਦੇ ਲੋਕਾਂ ਨੂੰ ਵਪਾਰ ਕਰਨ ਦੀ ਸਲਾਹ ਦਿੱਤੀ। ਕਿਉਂਕਿ ਉਸ ਦੇ ਬਹੁਤੇ ਅਨੁਯਾਈ ਜਾਂ ਤਾਂ ਵੈਸ਼ ਸਨ ਜਾਂ ਸ਼ੂਦਰ। ਵਪਾਰੀ ਵਰਗ ਆਰਥਿਕ ਸ਼ਕਤੀ ਗ੍ਰਹਿਣ ਕਰਨ ਲੱਗਿਆ।ਇੱਥੇ ਆ ਕੇ ਕੇਵਲ ਕਸ਼ਤਰੀਆਂ ਦੇ ਰਾਜ ਕਰਨ ਦੀ ਮਿਥ ਵੀ ਟੁੱਟਦੀ ਹੈ। ਜਦੋਂ ਭਾਰਤ ਉਪਰ ਨੰਦਾਂ ਦਾ ਰਾਜ ਆਉਂਦਾ ਹੈ ਜਿਹੜੇ ਕਸ਼ਤਰੀ ਨਹੀਂ ਸਨ। ਨੰਦਾਂ ਦੇ ਸ਼ਾਸਨ ਤੋਂ ਬਾਅਦ ਭਾਰਤ ਉੱਪਰ ਵਿਦੇਸ਼ੀ ਹਮਲਿਆਂ ਦਾ ਅਮਲ ਸ਼ੁਰੂ ਹੋ ਗਿਆ ਸੀ। 326 B.C. ਵਿਚ ਯੂਨਾਨ ਤੋਂ ਸਿਕੰਦਰ ਨੇ ਹਮਲਾ ਕੀਤਾ ਅਤੇ ਕੁਝ ਇਲਾਕੇ ਜਿੱਤੇ। ਬਾਹਰਲੇ ਹਮਲੇ ਨੇ ਇਥੋਂ ਦੀ ਸਮਾਜਿਕ ਸੰਰਚਨਾ ਵਿੱਚ ਵਿਥਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੇ ਸਮਾਨਾਂਤਰ ਹੀ 321ਈ.ਪੂ. ਵਿਚ ਭਾਰਤ ਉਪਰ ਚੰਦਰਗੁਪਤ ਮੌਰੀਆ ਦਾ ਰਾਜ ਸਥਾਪਿਤ ਹੋ ਗਿਆ ਜਿਹੜਾ ਖੁਦ ਸ਼ੂਦਰਾਂ (ਕਿਰਸਾਨਾ) ਵਿਚੋਂ ਸੀ ਜੋ ਲਗਭਗ ਸ਼ੂਦਰ ਵਰਣ ਵਿਚ ਹੀ ਗਿਣੇ ਜਾਂਦੇ ਸਨ, ਪਰ ਉਸ ਦਾ ਪ੍ਰਸ਼ਾਸਨਿਕ ਸਲਾਹਕਾਰ ਚਾਣਕਯ ਸੀ ਜੋ ਬ੍ਰਾਹਮਣ ਸੀ। ਉਸ ਸਮੇਂ ਦੇ ਯੂਨਾਨੀ ਯਾਤਰੀ ਮੈਗਸਥਨੀਜ਼ ਨੇ ਵੀ ਇਥੋਂ ਦੀ ਯਾਤਰਾ ਕਰਦਿਆਂ ਇਥੋਂ ਦੇ ਸਮਾਜਿਕ ਪ੍ਰਬੰਧ ਬਾਰੇ ਟਿੱਪਣੀਆਂ ਕੀਤੀਆਂ। ਉਸ ਨੇ ਵਿਦਵਾਨ (philosopher), ਕਿਸਾਨ (Farmer), ਸੈਨਿਕ (Soldier), ਪਸ਼ੂਪਾਲਕ (Herdsmen), ਕਾਰੀਗਰ (artisan), ਨਿਆਂ ਕਰਨ ਵਾਲੇ (Magistrate), ਕੌਂਸਲਰ (Counsellors) ਆਦਿ ਦਾ ਜ਼ਿਕਰ ਕੀਤਾ ਹੈ। ਇੱਥੇ ਇੱਕ ਗੱਲ ਜ਼ਰੂਰ ਧਿਆਨ ਵਿੱਚ ਰੱਖਣਯੋਗ ਹੈ ਕਿ ਉਸ ਵੇਲੇ ਫਿਲਾਸਫਰ,

---

76 ਸੰਤੋਖ ਸਿੰਘ, ਭਾਰਤ ਵਿੱਚ ਜਾਤ ਤੇ ਜਮਾਤ, ਪੰਨਾ 27

ਨਿਆਂ ਕਰਨ ਵਾਲੇ ਬ੍ਰਾਹਮਣ ਸਨ ਜਿਨ੍ਹਾਂ ਦਾ ਰੁਤਬਾ ਉੱਚਾ ਰਹਿਣਾ ਸਹਿਜ ਸੀ। ਇਸ ਵੇਲੇ ਅੰਤਰ ਜਾਤੀ ਵਿਆਹ ਕਰਾਉਣ ਅਤੇ ਆਪਣਾ ਕਿੱਤਾ ਬਦਲਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਜਾਂਦੀ। ਇਹ ਤੀਸਰੀ ਸਦੀ ਈਸਾ ਪੂਰਵ ਦੀ ਜਾਤੀ ਵਿਵਸਥਾ ਦੀਆਂ ਦੋ ਮਹੱਤਵਪੂਰਨ ਵਿਸ਼ੇਸ਼ਤਾਵਾਂ ਹਨ।[77]

ਇਸ ਤੋਂ ਬਾਅਦ ਦਾ ਸਮਾਂ ਜਾਤੀ ਵਿਵਸਥਾ ਦੇ ਫੈਲਣ ਤੇ ਵਿਕਸਿਤ ਹੋਣ ਦਾ ਸਮਾਂ ਹੈ। ਇਸ ਵੇਲੇ ਆ ਕੇ ਸਕ ਰਾਜ ਸ਼ੁਰੂ ਹੁੰਦਾ ਹੈ। ਪੁਸਯ ਮਿਤਰ ਦੇ ਰਾਜ ਨਾਲ ਜਾਤੀ ਪ੍ਰਥਾ ਨੂੰ ਰਾਜਨੀਤਿਕ ਤਾਕਤ ਮਿਲੀ। ਪੰਤਾਂਜਲੀ ਰਿਸ਼ੀ ਨੇ ਉਸ ਵੇਲੇ ਪੰਜ ਤਰ੍ਹਾਂ ਦੇ ਸ਼ੂਦਰਾਂ ਦੀ ਨਿਸ਼ਾਨਦੇਹੀ ਕੀਤੀ ਹੈ। (1) ਸਕ ਅਤੇ ਧਵਨ (ਜਿਹੜੇ ਆਰੀਆ ਵਰਤਾਂ ਤੋਂ ਪਰੇ ਰਹਿੰਦੇ ਸਨ), (2) ਚੰਡਾਲ ਤੇ ਡੂੰਮ (ਸ਼ਹਿਰਾਂ ਤੇ ਪਿੰਡਾਂ ਦੀਆਂ ਸੀਮਾਵਾਂ ਉੱਤੇ ਅਤੇ ਉਨ੍ਹਾਂ ਦੇ ਵਰਤੇ ਹੋਏ ਭਾਂਡੇ ਦੁਬਾਰਾ ਨਹੀਂ ਵਰਤੇ ਜਾਂਦੇ ਸਨ), (3) ਤਰਖਾਣ, ਧੋਬੀ, ਲੋਹਾਰ, ਜੁਲਾਹੇ, ਕਿਰਸਾਨ (ਇਨ੍ਹਾਂ ਦੇ ਭਾਂਡੇ ਸ਼ੁੱਧ ਕਰ ਲੈਣ ਤੋਂ ਬਾਅਦ ਵਰਤ ਲਏ ਜਾਂਦੇ ਸਨ), (4) ਉਹ ਸ਼ੂਦਰ ਜਿਹੜੇ ਧਾਰਮਿਕ ਰਸਮਾਂ ਵਿੱਚ ਹਾਜ਼ਰ ਹੋ ਸਕਦੇ ਸਨ, (5) ਕੁਝ ਉਹ ਸ਼ੂਦਰ ਜਿਹੜੇ ਪਿੰਡ/ਸ਼ਹਿਰਾਂ ਦੀ ਹੱਦ ਤੋਂ ਬਾਹਰ ਰਹਿੰਦੇ ਸਨ।" ਕੰਨਵ ਦਾ ਰਾਜ ਜਾਤੀ ਪ੍ਰਥਾ ਨੂੰ ਪੂਰੀ ਤਰ੍ਹਾਂ ਪੱਕਿਆਂ ਕਰਨ ਵਾਲਾ ਹੈ। ਉਨ੍ਹਾਂ ਨੇ 28 ਈ. ਪੂਰਵ ਤੱਕ ਰਾਜ ਕੀਤਾ। ਮਨੂੰ ਸਿਮ੍ਰਿਤੀ ਉਸ ਦੇ ਕਾਲ ਵਿਚ ਹੀ ਲਿਖੀ ਗਈ। ਇੱਥੇ ਮਨੂੰ ਲਈ ਸਮੱਸਿਆ ਇਹ ਬਣੀ ਕਿ ਉਹ ਬਾਹਰਲੀਆਂ ਕੌਮਾਂ ਦੀ ਕਿਹੜੀ ਜਾਤ ਨਿਰਧਾਰਿਤ ਕਰੇ। ਉਸ ਨੇ ਸਾਰੇ ਹਮਲਾਵਰਾਂ ਨੂੰ ਉਨ੍ਹਾਂ ਪਿਛੋਕੜ ਜਾਣੇ ਬਿਨਾਂ ਉਨ੍ਹਾਂ ਨੂੰ ਖੱਤਰੀਆਂ ਦੇ ਵਰਗ ਵਿਚ ਪਾ ਦਿੱਤਾ। ਯੂਨਾਨੀ, ਸ਼ਕ, ਕੁਸ਼ਾਨ ਆਦਿ ਜੋ ਬੁੱਧ ਧਰਮ ਦੀ ਸ਼ਰਨ ਵਿਚ ਸਨ, ਉਨ੍ਹਾਂ ਨੂੰ ਇੱਕ ਧਾਰਾ ਵਿਚ ਸ਼ਾਮਿਲ ਕਰ ਲਿਆ। ਪਰ ਕੰਮ ਦਾ ਆਧਾਰ ਆਰੀਅਨ ਬਣਿਆ। ਜਿਸ ਦਾ ਮੁੱਖ ਅਕੀਦਾ ਬ੍ਰਾਹਮਣ ਨੂੰ ਸਿਖਰ ਤੇ ਬਿਠਾਉਣਾ ਸੀ। ਬਾਹਰਲੇ ਵਪਾਰੀਆਂ ਨੇ ਆਰਥਿਕ ਅਤੇ ਰਾਜਨੀਤਿਕ ਸ਼ਕਤੀ ਗ੍ਰਹਿਣ ਕੀਤੀ ਅਤੇ ਉਹ ਰਾਜਿਆਂ ਦਾ ਸਤਿਕਾਰ ਕਰਦੇ ਰਹੇ। ਇਸ ਲਈ ਉਨ੍ਹਾਂ ਦਾ ਰੁਤਬਾ ਅਤੇ ਵਪਾਰ ਵਧਦਾ ਗਿਆ। ਪਰ ਇਸ ਦਾ ਫਾਇਦਾ ਸ਼ੂਦਰਾਂ ਨੂੰ ਵੀ ਹੁੰਦਾ ਰਿਹਾ। ਵਪਾਰ ਵਧਣ ਨਾਲ ਗਿਲਡਾਂ (ਆਰਥਿਕ, ਸਮਾਜਿਕ ਲੋੜਾਂ ਦਾ

---

77 ਸੰਤੋਖ ਸਿੰਘ, ਭਾਰਤ ਵਿਚ ਜਾਤ ਤੇ ਜਮਾਤ, ਪੰਨਾ 130

ਸਾਂਝਾ ਸਮੂਹ) ਸ਼ੂਦਰਾਂ ਨੂੰ ਕੰਮ ਬਦਲਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਨੇ ਵਿਦੇਸ਼ੀਆਂ ਨਾਲ ਰਲ ਕੇ ਆਪਦੇ ਪੱਧਰ ਨੂੰ ਵੀ ਬਦਲਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਵਿਚੋਂ ਕਿਰਸਾਨ ਪ੍ਰਮੁੱਖ ਸਨ।78

**ਗੁਪਤ ਕਾਲ:**

ਗੁਪਤ ਕਾਲ ਅਸਲ ਵਿੱਚ ਵੈਸ਼ਾਂ ਦੇ ਰਾਜ ਦਾ ਸਮਾਂ ਹੈ ਜਿਸ ਵਿਚ ਬ੍ਰਾਹਮਣ ਉਨ੍ਹਾਂ ਨੂੰ ਵੈਸ਼ ਹੁੰਦੇ ਹੋਏ, ਕਸ਼ਤਰੀ ਦਾ ਦਰਜਾ ਦਿੰਦੇ ਰਹੇ। ਇਸ ਦੇ ਨਾਲ ਹੀ ਗੁਪਤ ਰਾਜ ਬ੍ਰਾਹਮਣਾਂ ਨੂੰ ਦਾਨ ਵਿਚ ਜ਼ਮੀਨ ਦੇਣ ਲੱਗ ਪਏ। ਬ੍ਰਾਹਮਣ ਖੇਤੀਬਾੜੀ ਦੇ ਖੇਤਰ ਵਿੱਚ ਉਤਰਨ ਲੱਗ ਪਏ ਅਤੇ ਨਾਲ ਹੀ ਆਪਦੀ ਵੈਦਿਕ ਸਿੱਖਿਆ ਨੂੰ ਨਾਲ ਰੱਖਿਆ। ਬ੍ਰਾਹਮਣਾ ਨੇ ਟੈਕਸ ਤੋਂ ਮੁਫਤ ਜਮੀਨ ਵੀ ਲਈ। ਮਨੂੰ ਸਿਮ੍ਰਿਤੀ ਨੂੰ ਆਧਾਰ ਬਣਾ ਕੇ ਹੋਰ ਗ੍ਰੰਥਾਂ ਦੀ ਰਚਨਾ ਕਰਵਾਈ ਗਈ। ਵਿਸ਼ੇਸ਼ ਗੱਲ ਇਹ ਸੀ ਇਨ੍ਹਾਂ ਨੇ ਸ਼ੂਦਰਾਂ ਦੀ ਹਾਲਤ ਨੂੰ ਚੰਗਾ ਕਰਨ ਲਈ ਕੁਝ ਕਦਮ ਚੁੱਕੇ। ਜਿਹੜੀਆਂ ਵਿਦੇਸ਼ੀ ਨਸਲਾਂ ਜਿਨ੍ਹਾਂ ਵਿੱਚ ਯਵਨ, ਸ਼ੱਕ, ਕੁਸ਼ਾਨ ਆਦਿ ਸ਼ਾਮਲ ਸਨ ਉਨ੍ਹਾਂ ਉੱਚ ਆਰਥਿਕਤਾ ਹਾਸਲ ਕੀਤੀ। ਉਜਰਤੀ ਪ੍ਰਣਾਲੀ ਪੈਦਾ ਹੋਣ ਕਾਰਨ ਖੇਤੀਬਾੜੀ ਤੇ ਕਮਰਸ਼ੀਅਲ ਧਾਰਾ ਨੇ ਜਮਾਤੀ ਲੱਛਣ ਪੈਦਾ ਕੀਤੇ। ਹਰ ਵਿਅਕਤੀ ਆਪਦੇ ਮਾਲਕ ਨਾਲ ਕੰਮ ਕਰਨ ਲੱਗਿਆ। ਗ਼ੁਲਾਮ ਅਤੇ ਮਾਲਕ ਦਾ ਭੁਲੇਖਾ ਪੈਣਾ ਲੱਗਿਆ।79

ਸ਼ੂਦਰਾਂ ਨੂੰ ਉਹ ਕੰਮ ਕਰਨ ਦਾ ਮੌਕਾ ਮਿਲ ਗਿਆ, ਜਿਹੜਾ ਉਨ੍ਹਾਂ ਨੂੰ ਕਦੇ ਵੀ ਨਹੀਂ ਸੀ ਕਰਨ ਦਿੱਤਾ ਗਿਆ। ਉਨ੍ਹਾਂ ਨੂੰ ਵਪਾਰ, ਕਾਰੀਗਰੀ ਅਤੇ ਖੇਤੀ ਕਰਨ ਦਾ ਅਧਿਕਾਰ ਸੀ। ਬਾਹਰਲੀਆਂ ਜਾਤਾਂ ਧੋਬੀ, ਲੇਬਰ, ਵਰਕਰ, ਕੇਨ ਵਰਕਰ, ਮੱਛੀਆਂ ਫੜਨ ਵਾਲੇ ਆਦਿ ਉਭਰ ਆਏ ਪਰ ਚੰਡਾਲ ਅਤੇ ਡੂਮ ਇਸੇ ਤਰ੍ਹਾਂ ਸ਼ਹਿਰ ਤੋਂ ਬਾਹਰ ਹੀ ਰਹਿੰਦੇ ਰਹੇ। ਗੁਪਤ ਕਾਲ ਵਿਚ ਚੰਡਾਲ ਹੋਰ ਵੀ ਅਛੂਤ ਹੋ ਗਏ। ਉਨ੍ਹਾਂ ਨੂੰ ਸ਼ਹਿਰ ਵਿਚ ਵੜਨ ਤੋਂ ਪਹਿਲਾਂ ਲੱਕੜ ਨੂੰ ਧਰਤੀ ਤੇ ਮਾਰਨਾ ਪੈਂਦਾ ਸੀ। ਉਨ੍ਹਾਂ ਦੇ ਗਲ ਵਿਚ ਇਕ ਕੁੱਜਾ ਬੰਨ੍ਹਿਆ ਜਾਂਦਾ ਸੀ, ਉਨ੍ਹਾਂ ਤੋਂ ਗੰਦਗੀ ਨਾਲ ਸੰਬੰਧਿਤ ਕੰਮ ਕਰਵਾਏ ਜਾਂਦੇ ਸਨ। ਮਨੂੰ ਸਿਮ੍ਰਿਤੀ ਨੇ ਸਭ ਤੋਂ ਮਹੱਤਵਪੂਰਨ ਗੱਲ ਇਹ ਕੀਤੀ ਕਿ

---

78 ਸੰਤੋਖ ਸਿੰਘ, ਭਾਰਤ ਵਿਚ ਜਾਤ ਤੇ ਜਮਾਤ, ਪੰਨਾ 30

79 ਰੋਣਕੀ ਰਾਮ, ਦਲਿਤ ਚੇਤਨਾ ਸਰੂਪ ਅਤੇ ਸ੍ਰੋਤ, ਪੰਨਾ 38

ਉਸਨੇ ਜਾਤੀਆਂ ਉਪਰ ਨਜਰ ਰੱਖਣ ਦੀ ਜ਼ਿੰਮੇਵਾਰੀ ਰਾਜੇ ਦੀ ਨਿਰਧਾਰਿਤ ਕੀਤੀ ਅਤੇ ਕਿਸੇ ਝਗੜੇ ਤੇ ਮੁਕਦਮੇ ਵੇਲੇ ਜਾਤੀ ਲਿਖਣ ਦਾ ਰਿਵਾਜ ਪਾਇਆ।

**ਮੱਧ-ਕਾਲ:**

ਹਿੰਦੂ ਤੇ ਇਸਲਾਮ ਧਰਮ ਦੇ ਅੰਤਰ-ਸੰਵਾਦੀ ਪਹਿਲੂਆਂ ਵਿਚੋਂ ਤੀਸਰੇ ਪੱਖ ਦੇ ਤੌਰ ’ਤੇ ਸਿੱਖ ਧਰਮ ਉਭਰਦਾ ਨਜਰ ਆਉਂਦਾ ਹੈ। ਇਸਨੇ ਬ੍ਰਾਹਮਣਵਾਦ ਦੇ ਬਹੁਦੇਵਵਾਦ, ਕਰਮਕਾਂਡ ਅਤੇ ਜਾਤੀਵਾਦ ਆਦਿ ਪੱਖਾਂ ਨੂੰ ਨਕਾਰਿਆ ਅਤੇ ਇਸਲਾਮ ਅੰਦਰਲੇ ਕੱਟੜਪਣ ਨੂੰ ਬੇਪਰਦ ਕਰਦਿਆਂ ਉਸ ਅੰਦਰਲੀਆਂ ਨੂੰ ਘਾਟਾਂ ਨੂੰ ਸਾਹਮਣੇ ਲਿਆਂਦਾ। ਮੱਧਕਾਲ ਦੀ ਸਿਆਸਤ ਤੋ ਸਮਾਜਿਕਤਾ ਪੂਰਨ ਤੌਰ ’ਤੇ ਧਾਰਮਿਕਤਾ ਤੋਂ ਪ੍ਰਭਾਵਿਤ ਰਹੀ ਹੈ। ਇਸ ਧਾਰਮਿਕ ਲਹਿਰ ਨੇ ਜਿੱਥੇ ਸਮਕਾਲੀ ਹੁਕਮਰਾਨਾਂ ਨੂੰ ਲਲਕਾਰਿਆ ਉਥੇ ਆਪਣੇ ਪੈਰੋਕਾਰਾਂ ਦੀ ਸੋਚ ਨੂੰ ਬਲ ਦੇਣ ਲਈ ਕੁਰਬਾਨੀਆਂ ਵੀ ਕੀਤੀਆਂ, ਲੋੜ ਪੈਣ ਤੇ ਯੁੱਧ ਵੀ ਕੀਤੇ। ਇਸ ਲਹਿਰ ਨੇ ਬ੍ਰਾਹਮਣਵਾਦ ਨਾਲ ਲੜਾਈ ਲੜਦਿਆਂ ਨੀਚਾਂ ਅੰਦਰਲੇ ਨੀਚ ਦਾ ਪੱਖ ਲਿਆ ਅਤੇ ਮੁਗ਼ਲ ਹੁਕਮਰਾਨਾਂ ਦੀ ਧਾਰਮਿਕਤਾ ਨੂੰ ਆਧਾਰ ਬਣਾਉਂਦੀ ਸੱਤਾ ਨੂੰ ਵੰਗਾਰਿਆ। ਵਿਭਿੰਨ ਧਾਰਮਿਕ ਫਿਰਕਿਆਂ ਨਾਲ ਧਾਰਮਿਕ ਸੰਵਾਦ ਸਿਰਜਦਿਆਂ ਜੀਵਨ ਤੇ ਧਰਮ ਦੇ ਨਵੇਂ ਬਦਲ ਦੇਣ ਦੀ ਕੋਸ਼ਿਸ਼ ਕੀਤੀ ਗਈ। ਬ੍ਰਾਹਮਣਵਾਦ ਦੇ ਸਿਰਜੇ ਗਏ ਉਨ੍ਹਾਂ ਵਰਣ ਆਸ਼ਰਮਾਂ ਨੂੰ ਮਨੁੱਖਤਾ ਦੇ ਆਧਾਰ ਰਾਹੀਂ ਪੂਰੀ ਤਰ੍ਹਾਂ ਨਕਾਰਿਆ। ਮੁਕਤੀ ਨੂੰ ਘਰ ਤਿਆਗ ਕੇ ਜੰਗਲਾਂ ਦੇ ਰਾਹ ਨਹੀਂ, ਸਗੋਂ ਗ੍ਰਹਿਸਥ ਵਿਚ ਰਹਿੰਦਿਆਂ ਮੁਕਤੀ ਦੇ ਸੰਕਲਪ ਨੂੰ ਪੈਦਾ ਕੀਤਾ। ਮਨੁੱਖ ਅੰਦਰਲੀਆਂ ਸ਼ਕਤੀਆਂ ਦੀ ਵਰਤੋਂ ਸਮਾਜਿਕ ਸਰੋਕਾਰਾਂ ਲਈ ਕਰਨ ਦੀ ਕੋਸ਼ਿਸ਼ ਬੁੱਧ ਤੋਂ ਬਾਅਦ ਇਸ ਧਰਮ ਨੇ ਕੀਤੀ ਕਿਉਂਕਿ ਇਸ ਤੋਂ ਪਹਿਲਾਂ ਮਨੁੱਖ ਨੂੰ ਵਿਭਿੰਨ ਫਿਰਕਿਆਂ ਵਿਚ ਵੰਡ ਕੇ ਉਸ ਦੀਆਂ ਸ਼ਕਤੀਆਂ ਨੂੰ ਉਸ ਦੀ ਸਮਾਜਿਕਤਾ ਕਾਰਨ ਖਤਮ ਕਰ ਦਿੱਤਾ ਜਾਂਦਾ ਸੀ। ਇਸ ਪ੍ਰਕਿਰਿਆ ਵਿਚ ਸਭ ਤੋਂ ਵੱਧ ਫਾਇਦਾ ਨਿਮਨ (ਦਲਿਤ) ਜਾਤੀਆਂ ਨੂੰ ਹੋਇਆ। ਉਨ੍ਹਾਂ ਨੇ ਇਸ ਨਵੀਂ ਧਾਰਮਿਕ ਸੋਚ ਤੇ ਵਿਸ਼ਵਾਸ ਕਰਕੇ ਅਮਲ ਕੀਤਾ ਤੇ ਪਹਿਲੀ ਵਾਰ ਮਨੁੱਖ ਦੀ ਨਿਸ਼ਾਨਦੇਹੀ ਹੋਈ ਅਤੇ ਮਨੁੱਖੀ ਵਿਕਾਸ ਲਈ ਸਿੱਖ ਧਰਮ ਦੇ ਗੁਰੂਆਂ ਅਨੁਸਾਰ ਯੁੱਧ ਲੜੇ। ਹਾਸ਼ੀਆਗਤ ਲੋਕ ਧਾਰਮਿਕ ਗੁਰੂਆਂ ਦੀ ਸੈਨਿਕ ਸ਼ਕਤੀ ਬਣੇ, ਉਥੇ

ਗੁਰੂ ਸਾਹਿਬਾਨ ਇਨ੍ਹਾਂ ਦੀ ਮਾਨਸਿਕ ਸ਼ਕਤੀ ਬਣੇ। ਗੁਰੂ ਸਾਹਿਬਾਨ ਨੇ ਵੀ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਨਾਹਰਿਆਂ ਰਾਹੀਂ ਮਾਨਸਿਕ ਬਲ ਦਿੱਤਾ। ਇਹ ਸੋਚ ਜਿਥੇ ਇਕ ਲੋਕਾਈ ਨੂੰ ਚੇਤਨਾ ਦੇ ਰਹੀ ਸੀ, ਉਥੇ ਹੁਕਮਰਾਨ ਜਮਾਤਾਂ ਅੰਦਰ ਵੀ ਬਦਲਵੀਂ ਪ੍ਰਤਿਕਿਰਿਆ ਸੱਤਾ ਰਾਹੀਂ ਸਾਹਮਣੇ ਆ ਰਹੀ ਸੀ। ਲੰਗਰ ਤੇ ਪੰਗਤ ਦੇ ਸਿਧਾਂਤ, ਕਿਰਤ ਤੇ ਕਿਰਤੀ ਦਾ ਆਦਰ, ਮਨੁੱਖ ਨੂੰ ਇਤਿਹਾਸਕ-ਸਮਾਜਿਕ ਉਲਝਣਾਂ ਤੋਂ ਦੂਰੀ ਨੇ ਜਾਤੀ ਵਿਵਸਥਾ ਨੂੰ ਸਿੱਧੇ ਅਤੇ ਅਸਿੱਧੇ ਤਰੀਕੇ ਨਾਲ ਵੰਗਾਰਿਆ।ਇਸ ਪ੍ਰਕਿਰਿਆ ਵਿਚ ਗੁਰੂ ਸਾਹਿਬਾਨ ਨੇ ਭਾਰਤੀ ਦਰਸ਼ਨ ਨੂੰ ਨਵੇਂ ਰਾਹਾਂ 'ਤੇ ਤੋਰਿਆ ਜਿਹੜਾ ਆਪਦੇ ਆਪ ਵਿਚ ਮਿਸਾਲ ਸੀ। ਗੁਰੂ ਗੋਬਿੰਦ ਸਿੰਘ ਕਾਲ ਤੱਕ ਪਹੁੰਚਦਿਆਂ ਤਾਂ ਹਾਸ਼ੀਆਗਤ ਲੋਕਾਂ ਨੇ ਵੱਡੀ ਗਿਣਤੀ ਵਿਚ ਇਸ ਧਰਮ ਅੰਦਰਲੀਆਂ ਗਤੀਵਿਧੀਆਂ ਵਿੱਚ ਹਿੱਸੇਦਾਰੀ ਵਧਾਈ ਜਿਸ ਨਾਲ ਧਰਮ ਯੁੱਧਾਂ ਨੂੰ ਅਧਿਆਤਮਿਕ ਤੇ ਸੈਨਿਕ ਸ਼ਕਤੀ ਹਾਸਲ ਹੁੰਦੀ ਰਹੀ।80

## ਪੂਰਵ-ਮੱਧਕਾਲ ਅਤੇ ਮੱਧਕਾਲ ਵਿੱਚ ਜਾਤੀ ਵਿਵਸਥਾ:

ਮੱਧਕਾਲ ਵਿਚ ਜਾਤੀਵਾਦ ਦੀਆਂ ਸੰਭਾਵਨਾਵਾਂ ਉੱਤਰ ਪ੍ਰਾਚੀਨ ਕਾਲ ਦੀਆਂ ਆਰਥਿਕ ਪ੍ਰਵਿਰਤੀਆਂ ਵਿਚ ਪਹਿਲਾਂ ਹੀ ਵਿਚ ਛੁਪੀਆਂ ਹੋਈਆਂ ਸਨ। ਇਸ ਵਿਚ ਸਭ ਤੋਂ ਵੱਡਾ ਤੱਤ ਬ੍ਰਾਹਮਣ ਨੂੰ ਜਮੀਨ ਦਾਨ ਦੇਣਾ ਸੀ। ਪੂਰਵ ਮੱਧ ਕਾਲ ਵਿਚ ਗੁਪਤਾ ਦਾ ਬ੍ਰਾਹਮਣਾਂ ਨੂੰ ਭੂਮੀਦਾਨ ਮਿਲਣਾ ਮਹੱਤਵਪੂਰਨ ਘਟਨਾ ਸੀ। ਇਸ ਦੇ ਨਾਲ ਹੀ ਗੁਪਤਾ ਦੇ ਮਗਰੋਂ ਪਾਲਾਂ, ਗੁਰਜਰ-ਪ੍ਰਤੀਹਾਰਾਂ ਅਤੇ ਰਾਸ਼ਟਰਕੂਟਾਂ ਤੋਂ ਬਾਅਦ ਹੀ ਸਿੱਕਿਆਂ ਦਾ ਪਾਸਾਰ ਹੋਇਆ।

ਸਿੱਕਿਆਂ ਦੀ ਅਣਹੋਂਦ ਕਾਰਨ ਦੇਸ਼ੀ ਅਤੇ ਵਿਦੇਸ਼ੀ, ਦੋਨੇਂ ਤਰ੍ਹਾਂ ਦੇ ਵਪਾਰ ਵਿਚ ਰੁਕਾਵਟ ਆਈ ਅਤੇ ਪਿੰਡ ਵੱਖ-ਵੱਖ ਸਮੂਹਿਕ ਰੂਪ ਵਿਚ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਜ਼ਬੂਰ ਹੋ ਗਏ ਸ਼ਹਿਰੀ ਵਪਾਰ ਖਤਮ ਹੋ ਗਿਆ। ਕਾਰੀਗਰ ਲੋਕਾਂ ਨੂੰ ਪਿੰਡਾਂ ਵਿਚ ਰਹਿ ਕੇ ਹੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਸਨ। ਲੋਕਾਂ ਨੂੰ ਪਿੰਡਾਂ ਦੀ ਅਰਥ ਵਿਵਸਥਾ ਨਾਲ ਜੋੜਿਆ

80 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 143

ਗਿਆ। ਬ੍ਰਾਹਮਣਾਂ ਦੇ ਦਾਨ ਭੋਗੀ ਹੋਣ ਕਾਰਨ ਉਨ੍ਹਾਂ ਨੇ ਕਾਰੀਗਰਾਂ, ਕਿਸਾਨਾਂ, ਮਜ਼ਦੂਰਾਂ ਆਦਿ ਨੂੰ ਸਥਾਨ ਨਾ ਬਦਲਣ ਦਿੱਤਾ। ਇਸ ਤਰ੍ਹਾਂ ਵਪਾਰ ਘਟ ਜਾਣ ਕਾਰਨ ਪੂਰਨ ਤੌਰ 'ਤੇ ਬੰਦ ਅਰਥ ਵਿਵਸਥਾ ਸ਼ੁਰੂ ਹੋ ਗਈ ਅਤੇ ਸਥਾਨਿਕਤਾ ਦਾ ਵਿਕਾਸ ਹੋਇਆ। ਮਜ਼ਦੂਰਾਂ ਨੂੰ ਆਪਣੇ ਕਿਸਾਨ ਬਦਲਣ ਦੀ ਪ੍ਰਵਾਨਗੀ ਤਾਂ ਮਿਲਦੀ ਰਹੀ, ਪਰ ਸਥਾਨ ਤਬਦੀਲੀ ਸੰਭਵ ਨਹੀਂ ਸੀ। ਕੇਂਦਰੀ ਸ਼ਕਤੀਆਂ ਦਾ ਸਥਾਨਿਕ ਸ਼ਕਤੀਆਂ ਉੱਪਰ ਪ੍ਰਭਾਵ ਘਟ ਗਿਆ ਪਰ ਮੱਧਕਾਲ ਵਿਚ ਜਾਤੀਵਾਦ ਵਿਚ ਮੁੱਖ ਤਬਦੀਲੀਆਂ ਹੇਠ ਲਿਖੀਆਂ ਵਾਪਰੀਆਂ:

1. ਸ਼ੂਦਰਾਂ ਦਾ ਉਥਾਨ ਹੋਇਆ, ਵੈਸ਼ਾਂ ਦਾ ਨਿਵਾਨ ਹੋਇਆ (ਵਪਾਰ ਘਟਿਆ)।
2. ਕਸ਼ੱਤਰੀਆਂ ਦੀ ਗਿਣਤੀ ਵਿਚ ਵਾਧਾ ਹੋਇਆ।
3. ਜਾਤੀਆਂ ਦੀ ਗਿਣਤੀ ਵਿਚ ਵਾਧਾ ਹੋਇਆ।
4. ਵਪਾਰ ਵਿਚ ਕਮੀ ਆਈ।

ਮੱਧਕਾਲ ਵਿਚ ਸ਼ੂਦਰ ਜਾਤੀਆਂ ਦੀ ਸੰਖਿਆ ਸਭ ਤੋਂ ਜ਼ਿਆਦਾ ਸੀ। ਸ਼ੁਰੂਆਤੀ ਗ੍ਰੰਥਾਂ ਵਿਚ ਇਨ੍ਹਾਂ ਦੀ ਸੰਖਿਆ 10 ਤੋਂ 15 ਸੀ ਜਦ ਕਿ ਮਨੂੰ ਸਿਮ੍ਰਿਤੀ ਵਿਚ ਇਨ੍ਹਾਂ ਜਾਤੀਆਂ ਦੀ ਗਿਣਤੀ 61 ਤੱਕ ਮੰਨੀ ਗਈ ਹੈ।[81] ਇਸਦਾ ਆਧਾਰ ਕੇਵਲ ਕਿੱਤਾ ਹੀ ਨਹੀਂ ਸਗੋਂ ਵੈਸ਼ ਇਸਤਰੀਆਂ ਦਾ ਨਿਮਨ ਜਾਤੀ ਦੇ ਪੁਰਸ਼ਾਂ ਨਾਲ ਵਿਆਹ ਕਰਵਾਉਣਾ ਵੀ ਸ਼ਾਮਿਲ ਹੈ। ਇਸਦਾ ਸਬੰਧ ਉਸ ਵੇਲੇ ਦੇ ਰਾਜਸ਼ਾਹੀਤੰਤਰ ਵੱਲੋਂ ਆਪਣੇ ਰਾਜ ਦੇ ਕੁਝ ਵਿਕਾਸ ਪ੍ਰਕਿਰਿਆ ਦਾ ਵੀ ਰੋਲ ਹੈ। ਇਸ ਦਾ ਸਬੰਧ ਰਾਜੇ ਰਜਵਾੜਿਆਂ ਦਾ ਕਬੀਲਾਈ ਲੋਕਾਂ ਉੱਪਰ ਜਿੱਤ ਨਾਲ ਵੀ ਜੁੜਦਾ ਹੈ।

ਚੌਥੀ ਸਦੀ ਤੋਂ ਇੱਕ ਅਜਿਹਾ ਜ਼ਿੰਮੀਦਾਰੀ ਵਰਗ ਵਧਿਆ-ਫੁੱਲਿਆ ਜੋ ਸਥਾਨਿਕ ਪੱਧਰਾਂ ਉੱਤੇ ਰਾਜਨੀਤਿਕ ਸ਼ਕਤੀ ਰੱਖਦਾ ਸੀ ਅਤੇ ਜਿਸ ਨੂੰ ਹੁਣੇ-ਹੁਣੇ ਪ੍ਰਾਪਤ ਹੋਏ ਪੱਧਰ ਅਤੇ ਅਧਿਕਾਰ ਨੂੰ ਧਰਮ ਅਨੁਸਾਰ ਸਿੱਧ ਕਰਵਾਉਣ ਲਈ ਅਤੇ ਖੇਤ ਮਜ਼ਦੂਰ ਲੋਕਾਂ ਵਿਚ ਆਪਣੇ ਪ੍ਰਤਿ ਵਫਾਦਾਰੀ ਦੇ ਮਹੱਤਵ ਨੂੰ ਉਪਜਾਉਣ ਲਈ ਪਰੋਹਤਾਂ ਅਤੇ ਦਾਨ ਗ੍ਰਹਿਣ ਕਰਨ ਵਾਲੇ ਧਾਰਮਿਕ ਸੰਘਾਂ ਦੀਆਂ ਸੇਵਾਵਾਂ ਦੀ ਜਰੂਰਤ ਸੀ।

---

81 ਰਾਮ ਸ਼ਰਣ ਸ਼ਰਮਾ, ਪੂਰਵ ਮਧਕਾਲੀਨ ਭਾਰਤ ਕਾ ਸਾਮੰਤੀ ਸਮਾਜ ਔਰ ਸੰਸਕ੍ਰਿਤ, ਪੰਨਾ 164

"ਧਾਰਮਿਕ ਸੰਪਰਦਾਵਾਂ ਅਤੇ ਧਰਮ-ਸੰਘਾਂ ਨੇ ਵੀ ਸਾਮੰਤਾਂ ਦੀਆਂ ਉਪਰੋਕਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਹਿਯੋਗ ਦਿੱਤਾ। ਇਹ ਇਸੇ ਗੱਲ ਤੋਂ ਸਿੱਧ ਹੋ ਜਾਂਦਾ ਹੈ ਕਿ ਥੋੜ੍ਹਾ-ਬਹੁਤ ਵੀ ਮਹੱਤਵ ਰੱਖਣ ਵਾਲੇ ਹਰ ਧਾਰਮਿਕ ਸਮੁਦਾਇ ਨੂੰ ਸਦਾ ਲਈ ਮੁਆਫੀ ਵਾਲੀਆਂ ਜ਼ਮੀਨਾਂ ਦਾਨ ਵਿਚ ਮਿਲੀਆਂ।"82

ਅਰਬਾਂ ਤੇ ਮੁਗ਼ਲਾਂ ਦੇ ਆਉਣ ਨਾਲ ਜਾਤੀ ਪੱਧਰ ਤੇ ਦੋ ਤਰ੍ਹਾਂ ਦੀਆਂ ਤਬਦੀਲੀਆਂ ਵਾਪਰੀਆਂ। ਇਨ੍ਹਾਂ ਵਿਚ ਇਕ ਕੰਮ ਨਾਲ ਤੇ ਦੂਸਰੀ ਧਰਮ ਨਾਲ ਜੁੜੀ ਹੈ। ਅਰਬ ਦੇਸ਼ਾਂ ਦੇ ਹੁਕਮਰਾਨਾਂ ਨੇ ਭਾਰਤੀ ਲੋਕਾਂ ਨੂੰ ਨਵੇਂ ਕਿੱਤੇ ਜਿਸ ਨਾਲ ਇਥੋਂ ਦੀ ਆਬਾਦੀ ਹੋਰ ਛੋਟੇ ਜਾਤੀ ਸਮੂਹਾਂ ਵਿਚ ਵੰਡੀ ਗਈ। ਦੂਸਰਾ ਵਿਕਾਸ ਇਹ ਹੋਇਆ ਕਿ ਮੁਗ਼ਲ ਰਾਜਿਆਂ ਨੇ ਆਪਣੇ ਰਾਜ ਲਈ ਹਮਦਰਦ ਪੈਦਾ ਕਰਨ ਲਈ ਇਥੋਂ ਦੇ ਗ਼ਰੀਬ ਸ਼ੂਦਰਾਂ ਨੂੰ ਕੁਝ ਸਹੂਲਤਾਂ ਹਿੱਤ ਮੁਸਲਮਾਨ ਬਣਾਇਆ ਗਿਆ। ਹੁਣ ਕਿਰਤੀ ਦੀ ਪਛਾਣ ਮੁਸਲਮਾਨ ਕਿਰਤੀ ਤੇ ਹਿੰਦੂ ਕਿਰਤੀ ਹੋ ਗਈ ਸੀ।

"13ਵੀਂ ਸਦੀ ਤੱਕ ਦੇ ਅਰੰਭ ਵਿਚ ਦਿੱਲੀ ਉੱਤੇ ਮੁਸਲਮਾਨਾਂ ਦੇ ਪੱਕੀ ਤਰ੍ਹਾਂ ਕਾਬਜ਼ ਹੋ ਜਾਣ ਦੇ ਨਾਲ-ਨਾਲ ਭਾਰਤ ਦੇ ਲਾਗਲੇ ਮੁਸਲਮਾਨੀ ਦੇਸ਼ਾਂ ਤੋਂ ਬਹੁਤ ਸਾਰੇ ਤੁਰਕ, ਅਫ਼ਗਾਨ, ਈਰਾਨੀ, ਅਰਬ ਅਤੇ ਮੁਗ਼ਲ ਲੋਕ ਇਥੇ ਆਉਣੇ ਸ਼ੁਰੂ ਹੋ ਗਏ ਸਨ।"

"ਏਨੇ ਪਰਵਾਸ ਦੇ ਬਾਵਜੂਦ ਪਰਵਾਸੀ ਮੁਸਲਮਾਨ ਦੀ ਸਥਾਨਿਕ ਮੁਸਲਮਾਨਾਂ ਨਾਲੋਂ ਬਹੁਤ ਘੱਟ ਗਿਣਤੀ ਸੀ। ਇਹ ਸਪਸ਼ਟ ਹੈ ਕਿ ਹਿੰਦੂਆਂ ਨੂੰ ਵੱਡੀ ਪੱਧਰ ਤੇ ਮੁਸਲਮਾਨ ਬਣਾਇਆ ਜਾਂਦਾ ਰਿਹਾ।"83

ਜੇਕਰ ਅਸੀਂ ਮੱਧਕਾਲ ਦੇ ਸਮੇਂ ਦੀ ਜਾਤੀ ਪ੍ਰਥਾ ਦਾ ਨਿਰਣਾ ਕਰਨਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਇਸ ਸਮੇਂ ਵਿਚ ਵੀ ਜਾਤੀਆਂ ਵਿਚ ਅਥਾਹ ਵਾਧਾ ਹੋਇਆ।ਕਿੱਤਿਆਂ ਦੇ ਵਾਧੇ ਦੇ ਨਾਲ-ਨਾਲ ਕਾਰੀਗਰ ਦੀ ਪਛਾਣ ਕਾਰਨ, ਹਮਲਾਵਰਾਂ ਦੀਆਂ ਜਾਤੀਆਂ ਦਾ ਇਥੋਂ ਦੀਆਂ ਜਾਤੀਆਂ ਵਿਚ ਸ਼ਾਮਿਲ ਹੋਣਾ, ਰਾਜੇ-ਰਜਵਾੜਿਆਂ ਦੀ ਕਬੀਲਾਈ ਲੋਕਾਂ ਨੂੰ ਧੱਕੇ ਨਾਲ ਸੱਭਿਅਕ ਸਮਾਜ ਦਾ

---

82 ਰਾਮ ਸ਼ਰਣ ਸ਼ਰਮਾ, ਪੂਰਵ ਮਧਕਾਲੀਨ ਭਾਰਤ ਕਾ ਸਾਮੰਤੀ ਸਮਾਜ ਔਰ ਸੰਸਕ੍ਰਿਤ, ਪੰਨਾ 175

83 ਡਾ. ਸੇਵਾ ਸਿੰਘ, ਭਗਤੀ ਤੇ ਸ਼ੂਦਰ, ਪੰਨਾ 64

ਹਿੱਸਾ ਬਣਾਉਣਾ, ਮੁਗ਼ਲਾਂ ਦਾ ਨਵੇਂ ਧੰਦਿਆਂ ਨੂੰ ਲੈ ਕੇ ਆਉਣਾ ਇਥੋਂ ਦੇ ਗਰੀਬ ਹਿੰਦੂਆਂ ਦਾ ਮੁਸਲਮਾਨ ਧਰਮ ਅਪਣਾਉਣਾ, ਜਾਤੀਆਂ ਦੇ ਅੰਤਰ-ਜਾਤੀ ਵਿਆਹ ਆਦਿ ਵਿਸ਼ੇਸ਼ ਤੱਤ ਹਨ ਜਿਨ੍ਹਾਂ ਨੇ ਇਸ ਕਾਲ ਵਿਚ ਜਾਤੀਆਂ ਦੀ ਗਿਣਤੀ ਵਿਚ ਬਹੁਤ ਸਾਰਾ ਵਾਧਾ ਕਰਨ ਵਿਚ ਹਿੱਸਾ ਪਾਇਆ।

ਜਾਤੀ ਵਿਵਸਥਾ ਵਿੱਚ ਧਾਰਮਿਕ ਦ੍ਰਿਸ਼ਟੀ ਤੋਂ ਪਰਿਵਰਤਨ ਸ਼ੰਕਰਾਚਾਰੀਆ ਦੇ ਆਉਣ ਨਾਲ ਆਇਆ। ਸ਼ੰਕਰਾਚਾਰੀਆ ਨੇ ਹਿੰਦੂ ਧਰਮ ਵਿੱਚਲੀਆਂ ਬੋਝਲ ਰਹੁ-ਰੀਤਾਂ ਨੂੰ ਭੰਗ ਕਰਨ ਲਈ ਕਿਹਾ, ਜਿਸ ਦੇ ਸਿੱਟੇ ਵਜੋਂ ਲੋਕ ਦੁਬਾਰਾ ਹਿੰਦੂ ਧਰਮ ਵੱਲ ਪਰਤਣ ਲੱਗੇ। ਬੁੱਧ ਧਰਮ ਨਾਲ ਮਿਲਦੀਆਂ-ਜੁਲਦੀਆਂ ਧਾਰਮਿਕ ਰਸਮਾਂ ਕਾਰਨ ਲੋਕ ਬੁੱਧ ਧਰਮ ਨੂੰ ਛੋਟਾ ਧਰਮ ਮੰਨਣ ਲੱਗੇ। ਅਦਵੈਤ ਦੇ ਸੰਕਲਪ ਨੇ ਬ੍ਰਾਹਮਣਵਾਦ ਨੂੰ ਨਵੀਂ ਤਾਕਤ ਦਿੱਤੀ। ਇਸ ਤਰੀਕੇ ਨਾਲ ਸ਼ੰਕਰਾਚਾਰੀਆ ਨੇ ਬੁੱਧ ਧਰਮ ਦੀ ਨਕਲ 'ਤੇ ਹਿੰਦੂ ਧਰਮ ਨੂੰ ਅਸਾਨ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨੇ ਮੱਧਕਾਲ ਵਿੱਚ ਭਗਤੀ ਲਹਿਰ ਦੀ ਵਿਚਾਰਧਾਰਾ ਦੇ ਵਧਣ, ਫੁੱਲਣ ਵਿੱਚ ਸਹਾਇਤਾ ਕੀਤੀ ਕਿਉਂਕਿ ਮੱਧਕਾਲ ਦੇ ਭਗਤਾਂ ਦੀ ਬਾਣੀ ਦੇ ਅਦਵੈਤ ਨੂੰ ਧਾਰਨ ਕਰਦਿਆਂ, 'ਸੌਖੇ ਰੱਬ' ਦਾ ਸੰਕਲਪ ਭਗਤੀ ਰਾਹੀਂ ਪੇਸ਼ ਕੀਤਾ ਪਰ ਇਸ ਵਿੱਚ ਫਰਕ ਇਹ ਸੀ ਕਿ ਇਹ ਬ੍ਰਾਹਮਣਵਾਦ ਦੇ ਸਿੱਧੇ ਏਜੰਡੇ ਤੋਂ ਦੂਰ ਸੀ।

ਜਾਤੀਗਤ ਹਾਉਮੈਂ ਵਿਰੁੱਧ ਚੇਤਨਤਾ ਪੈਦਾ ਕਰਨ ਵਿਚ ਭਗਤੀ ਲਹਿਰ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਦੱਖਣ ਤੋਂ ਆਈਆਂ ਸਮਾਜਿਕ ਧਾਰਮਿਕ ਲਹਿਰਾਂ ਨੇ ਉੱਤਰੀ ਭਾਰਤ ਦੀਆਂ ਸਮਾਜਿਕ ਸਥਿਤੀਆਂ ਨੂੰ ਪ੍ਰਭਾਵਿਤ ਕੀਤਾ। ਦੱਖਣ ਤੋਂ ਭਗਤ ਨਾਮਦੇਵ, ਉੱਤਰ ਪੂਰਬ ਤੋਂ ਭਗਤ ਕਬੀਰ ਤੇ ਭਗਤ ਰਵਿਦਾਸ ਜੀ ਨੇ ਜਾਤੀ ਚੇਤਨਾ ਉਤਪੰਨ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਵਿਚਾਰਨਯੋਗ ਗੱਲ ਇਹ ਹੈ ਕਿ ਭਗਤੀ ਲਹਿਰ ਦੇ ਸਾਰੇ ਕਵੀ/ਭਗਤ/ਪ੍ਰਚਾਰਕ ਕਿਰਤੀ ਸ਼੍ਰੇਣੀਆਂ ਵਿੱਚੋਂ ਸਨ ਜਦੋਂ ਇਸ ਤਰ੍ਹਾਂ ਕਿਰਤ ਦੇ ਢੰਗਾਂ ਵਿੱਚ ਪਰਿਵਰਤਨ ਅਤੇ ਪਰੰਪਰਿਕ ਧਰਮ ਦਾ ਵਿਰੋਧ ਹੋਣ ਅਤੇ ਰਾਜਨੀਤਿਕ ਤੌਰ 'ਤੇ ਸਿੱਧੇ ਹਿੰਦੂਆਂ ਦਾ ਰਾਜ ਨਾ ਹੋਣ ਕਾਰਨ ਜਾਤੀ ਵਿਵਸਥਾ ਨੂੰ ਥੋੜ੍ਹੀ ਠੱਲ੍ਹ ਪਾਈ। ਇਸੇ ਤਰ੍ਹਾਂ ਹਾਸ਼ੀਆਗਤ ਵਰਗ ਦੇ ਧਰਮ ਪਰਿਵਰਤਨ ਨੇ ਚਾਹੇ ਰਾਜਸੀ ਸੱਤਾ ਵਿੱਚ ਕੋਈ ਹਿੱਸਾ ਨਾ ਦਿਵਾਇਆ ਪਰ ਰਾਜਨੀਤਿਕ ਤੌਰ 'ਤੇ ਜਾਤੀ ਨਫਰਤ ਜ਼ਰੂਰ ਘਟਾਈ। ਇਸ ਦੇ ਸਮਾਨਾਂਤਰ ਕਿਰਤੀ ਲੋਕਾਂ ਵਿੱਚੋਂ ਉਠੇ ਧਾਰਮਿਕ ਗੁਰੂਆਂ-ਭਗਤਾਂ ਨੇ ਜਾਤੀ ਵਿਵਸਥਾ ਦਾ

ਧਾਰਮਿਕ ਤੌਰ 'ਤੇ ਸਿੱਧਾ ਵਿਰੋਧ ਕੀਤਾ। ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ ਨੇ ਲੋਕ ਵਿਰੋਧੀ ਬ੍ਰਾਹਮਣਵਾਦੀ ਧਾਰਮਿਕ ਢਾਂਚੇ ਨੂੰ ਲਲਕਾਰਿਆ। ਇਹਨਾਂ ਭਗਤਾਂ ਨੇ ਆਪਣੇ-ਆਪਣੇ ਪਹਿਲੂਆਂ ਤੋਂ ਜਾਤੀ ਵਿਵਸਥਾ ਖਿਲਾਫ ਆਪਣੀ ਅਵਾਜ਼ ਉਠਾਈ।

ਇਸ ਭਗਤੀ ਲਹਿਰ ਨੇ ਭਾਵੇ ਜਾਤੀ ਵਿਵਸਥਾ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਪਰ ਇਹ ਬ੍ਰਾਹਮਣਵਾਦੀ ਢਾਂਚੇ ਦੀਆਂ ਜੜ੍ਹਾਂ ਨਾ ਉਖਾੜ ਸਕੀ। ਗਿਆਨ ਮਾਰਗ, ਭਗਤੀ ਮਾਰਗ ਅਤੇ ਕਰਮ ਮਾਰਗ ਦੇ ਤਿੰਨ ਸਿਧਾਂਤਾਂ ਵਿੱਚੋਂ ਭਗਤੀ ਮਾਰਗ ਨੂੰ ਚੁਣ ਕੇ ਫਿਰ ਜ਼ਹਿਨੀਅਤ ਗੁਲਾਮੀ ਅਖਤਿਆਰ ਕਰ ਲਈ। ਗਿਆਨ ਮਾਰਗ ਬ੍ਰਾਹਮਣਾਂ ਲਈ ਛੱਡ ਦਿੱਤਾ ਜਿਸ ਨਾਲ ਨਵੇਂ-ਨਵੇਂ ਰੱਬ ਦੇ ਸੰਕਲਪ ਪੈਦਾ ਹੋ ਗਏ। ਮੌਕੇ ਦੇ ਹੁਕਮਰਾਨ ਭਗਤਾਂ ਨੂੰ ਸਨਮਾਨਿਤ ਤਾਂ ਕਰਦੇ ਰਹੇ ਪਰ ਇਸ ਨਾਲ ਕੋਈ ਵੀ ਬੁਨਿਆਦੀ ਤਬਦੀਲੀ ਨਹੀਂ ਵਾਪਰੀ। ਇਸ ਲਈ ਭਗਤੀ ਮਾਰਗ ਨੇ ਕਿਰਤੀ ਲੋਕਾਂ ਦੀ ਚੇਤਨਤਾ ਦੀ ਸ਼ਨਾਖਤ ਕਰਵਾਈ ਅਤੇ ਬੁਨਿਆਦੀ ਤਬਦੀਲੀ ਲਿਆਉਣ ਵਿੱਚ ਇਨਕਲਾਬੀ ਯੋਗਦਾਨ ਪਾਇਆ ਪਰ ਇਹ ਬ੍ਰਾਹਮਣਵਾਦੀ ਢਾਂਚੇ ਨੂੰ ਖਤਮ ਕਰਨ ਵਿੱਚ ਕਾਮਯਾਬ ਨਾ ਹੋ ਸਕਿਆ।

ਮੱਧਕਾਲ ਵਿੱਚ ਸਿੱਖ ਧਰਮ, ਹਿੰਦੂ ਧਰਮ ਤੇ ਇਸਲਾਮ ਧਰਮ ਦੇ ਅੰਤਰ-ਸੰਵਾਦੀ ਪਹਿਲੂਆਂ ਵਿੱਚੋਂ ਤੀਸਰੇ ਪੱਖ ਦੇ ਤੌਰ 'ਤੇ ਉੱਭਰਦਾ ਨਜਰ ਆਉਂਦਾ ਹੈ। ਇਸ ਨੇ ਬ੍ਰਾਹਮਣਵਾਦ ਦੇ ਬਹੁਦੇਵਵਾਦ, ਕਰਮਕਾਂਡ ਅਤੇ ਜਾਤੀਵਾਦ ਆਦਿ ਪੱਖਾਂ ਨੂੰ ਨਕਾਰਿਆ ਅਤੇ ਇਸਲਾਮ ਅੰਦਰਲੇ ਕੱਟੜਪਣ ਨੂੰ ਬੇਪਰਦ ਕਰਦਿਆਂ ਉਸ ਅੰਦਰਲੀਆਂ ਘਾਟਾਂ ਨੂੰ ਸਾਹਮਣੇ ਲਿਆਂਦਾ। ਮੱਧਕਾਲ ਦੀ ਸਿਆਸਤ ਤੇ ਸਮਾਜਿਕਤਾ ਪੂਰਨ ਤੌਰ 'ਤੇ ਧਾਰਮਿਕਤਾ ਤੋਂ ਪ੍ਰਭਾਵਿਤ ਰਹੀ ਹੈ। ਇਸ ਧਾਰਮਿਕ ਲਹਿਰ ਨੇ ਜਿੱਥੇ ਸਮਕਾਲੀ ਹੁਕਮਰਾਨਾਂ ਨੂੰ ਲਲਕਾਰਿਆ ਉੱਥੇ ਆਪਣੇ ਪੈਰੋਕਾਰਾਂ ਦੀ ਸੋਚ ਨੂੰ ਬਲ ਦੇਣ ਲਈ ਕੁਰਬਾਨੀਆਂ ਵੀ ਕੀਤੀਆਂ, ਲੋੜ ਪੈਣ 'ਤੇ ਯੁੱਧ ਵੀ ਕੀਤੇ। ਇਸ ਲਹਿਰ ਨੇ ਬ੍ਰਾਹਮਣਵਾਦ ਨਾਲ ਲੜਾਈ ਲੜਦਿਆਂ ਨੀਚਾਂ ਅੰਦਰਲੇ ਨੀਚ ਦਾ ਪੱਖ ਲਿਆ ਅਤੇ ਮੁਗਲ ਹੁਕਮਰਾਨਾਂ ਦੀ ਧਾਰਮਿਕਤਾ ਨੂੰ ਆਧਾਰ ਬਣਾਉਂਦੀ ਸੱਤਾ ਨੂੰ ਵੰਗਾਰਿਆ। ਵਿਭਿੰਨ ਧਾਰਮਿਕ ਫਿਰਕਿਆਂ ਨਾਲ ਧਾਰਮਿਕ ਸੰਵਾਦ ਸਿਰਜਦਿਆਂ ਜੀਵਨ ਤੇ ਧਰਮ ਦੇ ਨਵੇਂ ਬਦਲ ਦੇਣ ਦੀ ਕੋਸ਼ਿਸ਼ ਕੀਤੀ। ਬ੍ਰਾਹਮਣਵਾਦ ਵੱਲੋਂ ਸਿਰਜੇ ਗਏ ਵਰਨ-ਆਸ਼ਰਮਾਂ ਨੂੰ ਮਨੁੱਖਤਾ ਦੇ ਆਧਾਰ ਰਾਹੀਂ ਪੂਰੀ ਤਰ੍ਹਾਂ

ਨਕਾਰਿਆ। ਘਰ ਤਿਆਗ ਕੇ ਜੰਗਲਾਂ ਦੇ ਰਾਹ ਪੈ ਕੇ ਨਹੀਂ, ਸਗੋਂ ਗ੍ਰਹਿਸਥ ਵਿੱਚ ਰਹਿੰਦਿਆਂ ਮੁਕਤੀ ਦਾ ਸੰਕਲਪ ਪੈਦਾ ਕੀਤਾ। ਮਨੁੱਖ ਅੰਦਰਲੀਆਂ ਸ਼ਕਤੀਆਂ ਦੀ ਵਰਤੋਂ ਸਮਾਜਿਕ ਸਰੋਕਾਰਾਂ ਲਈ ਕਰਨ ਦੀ ਕੋਸ਼ਿਸ਼ ਬੁੱਧ ਤੋਂ ਬਾਅਦ ਇਸ ਧਰਮ ਨੇ ਕੀਤੀ। ਇਸ ਤੋਂ ਪਹਿਲਾਂ ਮਨੁੱਖ ਨੂੰ ਵਿਭਿੰਨ ਫਿਰਕਿਆਂ ਵਿੱਚ ਵੰਡ ਕੇ ਨਿਮਨ ਫਿਰਕੇ ਦੀਆਂ ਸ਼ਕਤੀਆਂ ਨੂੰ ਉੱਚ ਫਿਰਕੇ ਦੇ ਦਬਾਅ ਨਾਲ ਖਤਮ ਕਰ ਦਿੱਤਾ ਜਾਂਦਾ ਸੀ। ਇਸ ਪ੍ਰਕਿਰਿਆ ਵਿੱਚ ਸਭ ਤੋਂ ਵੱਧ ਫ਼ਾਇਦਾ ਨਿਮਨ (ਦਲਿਤ) ਜਾਤੀਆਂ ਨੂੰ ਹੋਇਆ। ਉਹਨਾਂ ਨੇ ਇਸ ਨਵੀਂ ਧਾਰਮਿਕ ਸੋਚ ’ਤੇ ਵਿਸ਼ਵਾਸ ਅਤੇ ਅਮਲ ਕੀਤਾ। ਪਹਿਲੀ ਵਾਰ ਉਹਨਾਂ ਦੀ ਮਨੁੱਖ ਵੱਜੋਂ ਨਿਸ਼ਾਨਦੇਹੀ ਹੋਈ ਅਤੇ ਉਹਨਾਂ ਨੇ ਮਨੁੱਖੀ ਵਿਕਾਸ ਲਈ ਸਿੱਖ ਧਰਮ ਦੇ ਗੁਰੂਆਂ ਤੋਂ ਪ੍ਰਾਪਤ ਸਿੱਖਿਆ ਅਨੁਸਾਰ ਯੁੱਧ ਲੜੇ। ਜਿਥੋ ਹਾਸ਼ੀਆਗਤ ਲੋਕ ਧਾਰਮਿਕ ਗੁਰੂਆਂ ਦੀ ਸੈਨਿਕ ਸ਼ਕਤੀ ਬਣੇ, ਉੱਥੇ ਗੁਰੂ ਸਾਹਿਬਾਨ ਇਹਨਾਂ ਦੀ ਮਾਨਸਿਕ ਸ਼ਕਤੀ ਬਣੇ। ਗੁਰੂ ਸਾਹਿਬਾਨ ਨੇ ਵੀ “ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ” ਦੇ ਪ੍ਰਵਚਨ ਰਾਹੀਂ ਮਾਨਸਿਕ ਬਲ ਦਿੱਤਾ। ਇਹ ਸੋਚ ਜਿੱਥੇ ਇੱਕ ਲੋਕਾਈ ਨੂੰ ਚੇਤਨਾ ਦੇ ਰਹੀ ਸੀ ਉੱਥੇ ਹੁਕਮਰਾਨ ਜਮਾਤਾਂ ਅੰਦਰ ਵੀ ਬਦਲਵੀਂ ਪ੍ਰਤਿਕਿਰਿਆ ਸੱਤਾ ਰਾਹੀਂ ਸਾਹਮਣੇ ਆ ਰਹੀ ਸੀ। ਲੰਗਰ ਤੇ ਪੰਗਤ ਦੇ ਸਿਧਾਂਤ, ਕਿਰਤ ਤੇ ਕਿਰਤੀ ਦੇ ਆਦਰ, ਮਨੁੱਖ ਦੀ ਇਤਿਹਾਸਿਕ-ਸਮਾਜਿਕ ਉਲਝਣਾਂ ਤੋਂ ਦੂਰੀ ਨੇ ਜਾਤੀ ਵਿਵਸਥਾ ਨੂੰ ਸਿੱਧੇ ਅਤੇ ਅਸਿੱਧੇ ਤਰੀਕੇ ਨਾਲ ਵੰਗਾਰਿਆ। ਇਸ ਪ੍ਰਕਿਰਿਆ ਵਿੱਚ ਗੁਰੂ ਸਾਹਿਬਾਨ ਨੇ ਭਾਰਤੀ ਦਰਸ਼ਨ ਨੂੰ ਨਵੇਂ ਰਾਹਾਂ ’ਤੇ ਤੋਰਿਆ ਜੋ ਕਿ ਆਪਣੇ ਆਪ ਵਿੱਚ ਇੱਕ ਮਿਸਾਲ ਸੀ। ਗੁਰੂ ਗੋਬਿੰਦ ਸਿੰਘ ਕਾਲ ਤੱਕ ਪਹੁੰਚਦਿਆਂ ਤਾਂ ਹਾਸ਼ੀਆਗਤ ਲੋਕਾਂ ਨੇ ਵੱਡੀ ਗਿਣਤੀ ਵਿੱਚ ਇਸ ਧਰਮ ਅੰਦਰਲੀਆਂ ਗਤੀਵਿਧੀਆਂ ਵਿੱਚ ਹਿੱਸੇਦਾਰੀ ਵਧਾਈ ਜਿਸ ਨਾਲ ਧਰਮ ਯੁੱਧਾਂ ਨੂੰ ਅਧਿਆਤਮਿਕ ਤੇ ਸੈਨਿਕ ਸ਼ਕਤੀ ਹਾਸਲ ਹੁੰਦੀ ਰਹੀ।[84]

ਉਤਰੀ ਭਾਰਤ ਵਿੱਚਲੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਗਤੀਵਿਧੀਆਂ ਵਿੱਚ ਪੰਜਾਬ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਪੰਜਾਬ, ਜਿਹੜਾ ਹਰ ਹਮਲਾਵਾਰ ਲਈ ਪ੍ਰਵੇਸ਼ ਦੁਆਰ ਬਣਿਆ, ਵਿੱਚ ਬਹੁਤ ਸਾਰੀਆਂ ਵੱਖਰੀਆਂ ਸਰਗਰਮੀਆਂ ਹੁੰਦੀਆਂ ਰਹੀਆਂ ਹਨ। ਵੱਖ-ਵੱਖ

---

84 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 143

ਜਾਤੀਆਂ ਅਤੇ ਸੱਭਿਆਚਾਰਾਂ ਦੇ ਮਿਲਗੋਭੇ ਨੇ ਪੰਜਾਬ ਦੀ ਜਾਤ-ਪਾਤ ਸੰਬੰਧੀ ਸਥਿਤੀ ਹੋਰਨਾਂ ਸੂਬਿਆਂ ਨਾਲੋਂ ਵਖਰਿਆਈ ਹੈ। ਇਸ ਦਾ ਸਹਾਈ ਤੱਤ ਸਿੱਖ ਧਰਮ ਵੀ ਹੈ ਜੋ ਇੱਕ ਨਵੀਂ ਅਤੇ ਵਿਲੱਖਣ ਵਿਚਾਰਧਾਰਾ ਅਤੇ ਵਿਹਾਰ ਲੈ ਕੇ ਪੇਸ਼ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿਧਾਂਤਾਂ ਨੂੰ ਜਨਮ ਦਿੱਤਾ। "ਸਰਬੱਤ ਦਾ ਭਲਾ" ਅਤੇ "ਕਿਰਤ ਕਰੋ ਤੇ ਵੰਡ ਛਕੋ" ਦੇ ਸਿਧਾਂਤ ਸਾਹਮਣੇ ਲਿਆਂਦੇ, ਜਿਹੜੇ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਕਿਰਤ ਦੇ ਨਾਲ-ਨਾਲ ਵੰਡ ਛੱਕਣ ਦੀ ਗੱਲ ਕਰਦੇ ਹਨ। ਇਹ ਬ੍ਰਾਹਮਣਵਾਦੀ ਆਰਥਿਕ ਤੇ ਸਮਜਿਕ ਵਿਵਸਥਾ ਨੂੰ ਸਿੱਧੀ ਲਲਕਾਰ ਹੈ। ਗੁਰੂ ਸਾਹਿਬਾਨ ਦੀ ਲੰਬੀ ਪਰੰਪਰਾ ਵਿੱਚ ਉਹਨਾਂ ਦੇ ਬਹੁਤ ਸ਼ਰਧਾਲੂ ਹੇਠਲੀਆਂ ਸ਼੍ਰੇਣੀਆਂ ਵਿੱਚੋਂ ਆਏ। ਲੰਗਰ ਅਤੇ ਪੰਗਤ ਦੇ ਸਿਧਾਂਤਾਂ ਨੇ ਜਾਤੀ ਪ੍ਰਥਾ ਨੂੰ ਕਮਜ਼ੋਰ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ। ਅਖੀਰ ਗੁਰੂ ਗੋਬਿੰਦ ਸਿੰਘ ਤੱਕ ਪਹੁੰਚਦਿਆਂ ਗੁਰੂ ਸਿਧਾਂਤ ਇੱਕ ਹੋਰ ਵਿਹਾਰਿਕਤਾ ਵਿੱਚ ਢਲਣ ਲੱਗਿਆ ਜਿਸ ਵਿੱਚੋਂ 'ਖਾਲਸੇ' ਵਰਗੇ ਸੰਕਲਪ ਸਾਹਮਣੇ ਆਏ।85

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨਿਗਰਾਨੀ ਲਈ ਪੰਜ ਪਿਆਰਿਆਂ ਦੀ ਚੋਣ ਕਰਕੇ ਇਕ ਨਵਾਂ ਸੰਕਲਪ ਦਿੱਤਾ। ਉਹਨਾਂ ਵਿੱਚੋਂ ਇਕ ਖੱਤਰੀ, ਇੱਕ ਜੱਟ, ਇੱਕ ਨਾਈ, ਇੱਕ ਛੀਂਬਾ ਤੇ ਇੱਕ ਝਿਊਰ ਸੀ। ਨਾਈ, ਛੀਂਬਾ ਤੇ ਝਿਊਰ ਸ਼ੂਦਰ ਸਨ। ਜੱਟ, ਵੈਸ਼ਯ ਤੇ ਸ਼ੂਦਰਾਂ ਨੂੰ ਨਿਖੇੜਨ ਵਾਲੀ ਸੋਚ ਉੱਤੇ ਚੋਟ ਸਾਬਤ ਹੁੰਦਾ ਹੈ। ਅੰਮ੍ਰਿਤ ਛਕਾਉਣ ਦੀ ਰਸਮ ਵੇਲੇ ਗੁਰੂ ਸਾਹਿਬ ਨੇ ਹਿਦਾਇਤ ਕੀਤੀ ਕਿ ਜਿਨ੍ਹਾਂ ਨੂੰ ਉਹਨਾਂ ਨੇ ਖਾਲਸਾ ਸਜਾਇਆ ਹੈ ਉਹ ਆਪਣੀਆਂ ਪਿਛਲੀਆਂ ਜਾਤਾਂ ਭੁੱਲ ਜਾਣ ਅਤੇ ਸਾਰੇ ਇੱਕ ਦੂਜੇ ਨੂੰ ਪਰਵਾਰ ਸਮਝਣ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਚਾਰ ਵਰਨਾਂ ਨੂੰ ਇੱਕ ਕਰਨ ਦੀ ਕੋਸ਼ਿਸ਼ ਕੀਤੀ।

"ਚਤੁਰ ਬਰਨ ਮੈਂ ਕੋਊ ਅੰਮ੍ਰਿਤ ਛਕੈ, ਉਹ ਮੇਰਾ ਸਰੂਪ ਹੈ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜਾਂ ਦੇ ਦੋ ਸਦੀਆਂ ਪਹਿਲਾਂ ਉਲੀਕੇ ਸਮਾਨਤਾ ਦੇ ਸੰਕਲਪ ਨੂੰ ਪੂਰਾ ਕੀਤਾ। ਅਖੀਰ ਵਿੱਚ ਆ ਕੇ ਗੁਰੂ ਪੰਥ ਦੀ ਜ਼ਿੰਮੇਵਾਰੀ ਬਾਬਾ ਬੰਦਾ ਸਿੰਘ ਬਹਾਦਰ

---

85 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 144

ਨੂੰ ਸੌਂਪੀ। ਇਸ ਤੋਂ ਪਹਿਲਾਂ ਜੀਵਨ ਸਿੰਘ ਅਤੇ ਸੰਗਤ ਸਿੰਘ ਨੂੰ ਬਹਾਦਰੀ ਦੇ ਅਹੁਦਿਆਂ ਨਾਲ ਨਿਵਾਜਿਆ। ਸੈਨਿਕਾਂ ਦੇ ਪੱਧਰ ’ਤੇ ਕਿਸੇ ਵੀ ਕਿਸਮ ਦਾ ਵਿਤਕਰਾ ਸਾਹਮਣੇ ਨਾ ਆਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੱਕ ਕਿਹਾ ਜਾ ਸਕਦਾ ਹੈ ਕਿ ਜਾਤੀ ਪ੍ਰਥਾ ਵਿੱਚ ਧਾਰਮਿਕ ਪੱਧਰ ’ਤੇ ਗਤੀਸ਼ੀਲਤਾ ਆਈ ਪਰ ਉਸਾਰੀ ਤੱਤਾਂ ਜਿਵੇਂ ਕਿ ਸੱਭਿਆਚਾਰ, ਭਾਸ਼ਾ ਅਤੇ ਧਰਮ ਲਈ ਸੰਘਰਸ਼ ਨੇ ਨਿਮਨ ਜਾਤੀਆਂ ਦੇ ਲੋਕ ਧਰਮ ਦੇ ਨੇੜੇ ਲਿਆਂਦੇ ਜਿਨ੍ਹਾਂ ਨੂੰ ਹੁਣ ਤੱਕ ਨਾ ਹਿੰਦੂ, ਨਾ ਮੁਸਲਮਾਨ ਮੰਨਿਆ ਜਾਂਦਾ ਸੀ। ਉੱਚ ਜਾਤੀਆਂ, ਕਾਰੀਗਰ ਜਾਤੀਆਂ ਅਤੇ ਨਿਮਨ ਜਾਤੀਆਂ ਨੇ ਨਵੇਂ ਧਰਮ ਵਿੱਚ ਆਪਣੀ ਜਗ੍ਹਾ ਬਣਾਈ। ਉੱਚ, ਮੱਧ ਤੇ ਨਿਮਨ ਜਾਤੀਆਂ ਧਰਮ ਦੇ ਆਧਾਰ ’ਤੇ ਤਿੰਨ ਭਾਗਾਂ ਵਿੱਚ ਵੰਡੀਆਂ ਗਈਆਂ, ਜਿਵੇਂ ਜੱਟ ਕਬੀਲਾ, ਜੱਟ ਹਿੰਦੂ, ਜੱਟ ਮੁਸਲਮਾਨ ਅਤੇ ਜੱਟ ਸਿੱਖ ਵਿੱਚ ਤਬਦੀਲ ਹੋ ਗਿਆ। ਇਸੇ ਤਰ੍ਹਾਂ ਤਰਖਾਣ ਹਿੰਦੂ ਤਰਖਾਣ, ਮੁਸਲਮਾਨ ਤਰਖਾਣ ਅਤੇ ਸਿੱਖ ਤਰਖਾਣ ਵਿੱਚ ਤਬਦੀਲ ਹੋ ਗਿਆ। ਬੰਦਾ ਸਿੰਘ ਬਹਾਦਰ ਨੇ ਨਿਮਨ ਜਾਤੀਆਂ ਵਿੱਚ ਧਾਰਮਿਕ, ਸਮਾਜਿਕ ਤੇ ਆਰਥਿਕ ਗਤੀਸ਼ੀਲਤਾ ਵਿਚਲੀ ਇਨਕਲਾਬੀ ਕਿਰਦਾਰ ਅਦਾ ਕੀਤਾ।[86]

ਡਾ. ਗੰਡਾ ਸਿੰਘ ਨੇ ਆਪਣਾ ਵਿਚਾਰ ਜ਼ਾਹਰ ਕਰਦਿਆਂ ਲਿਖਿਆ ਹੈ ਕਿ “ਬੰਦੇ ਦੀ ਅਗਵਾਈ ਵਿੱਚ ਖਾਲਸੇ ਨੇ ਜ਼ਿੰਮੀਦਾਰੀ ਪ੍ਰਬੰਧ ਖਤਮ ਕਰ ਦਿੱਤਾ ਅਤੇ ਜ਼ਮੀਨ ਉੱਤੇ ਕਿਸਾਨਾਂ ਦੀ ਮਾਲਕੀ ਕਾਇਮ ਕੀਤੀ। ਮੁਕਦੀ ਗੱਲ, ਇਸ ਸਮੇਂ ਪੰਜਾਬ ਦਾ ਸਾਰਾ ਦੇਸ਼ ਇਸ ਫਿਰਕੇ (ਸਿੱਖਾਂ) ਦੇ ਕਬਜ਼ੇ ਹੇਠ ਹੈ ਅਤੇ ਇਸ ਦੇ ਵੱਡੇ ਲੀਡਰ ਜ਼ਿਆਦਾਤਰ ਤਰਖਾਣਾ, ਚਮਾਰਾਂ ਅਤੇ ਜੱਟ ਜਾਤੀਆਂ ਵਿੱਚੋਂ ਆਏ ਹਨ।” ਬੰਦਾ ਬਹਾਦਰ ਨੇ ਜ਼ਮੀਨ ਜਗੀਰਦਾਰਾਂ ਕੋਲੋਂ ਖੋਹ ਕੇ ਕਿਸਾਨਾਂ ਵਿਚ ਵੰਡ ਦਿੱਤੀ। ਜ਼ਾਹਰ ਹੈ ਕਿ ਇਸ ਵਿੱਚ ਉਹ ਲੋਕ ਹੀ ਜ਼ਿਆਦਾ ਹਿੱਸਾ ਲੈ ਗਏ ਜਿਹੜੇ ਸਿੱਖ ਪੰਥ ਵਿੱਚ ਪ੍ਰਭਾਵੀ ਸਨ।[87]

ਮੁਗਲ ਕਾਲ ਦੇ ਖਾਤਮੇ ਦੇ ਸਮੇਂ ਵਿੱਚ ਜਾਤੀ ਵਿਵਸਥਾ ਦੀ ਭਾਵੇਂ ਸਥਿਤੀ ਨਹੀਂ ਬਦਲੀ ਪਰ ਇਸ ਉੱਪਰ ਰਾਜਨੀਤਿਕ ਤੇ ਸ਼ਾਸਕੀ ਪ੍ਰਭਾਵ ਘਟਿਆ। ਔਰੰਗਜੇਬ ਦੇ ਸ਼ਾਸਨ ਵੇਲੇ ਹੀ ਉਸਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਸੀ। ਉੱਤਰ-ਪੱਛਮੀ ਭਾਰਤ ਵਿੱਚ ਸਿੱਖ ਅਤੇ ਦੱਖਣ-ਪੱਛਮੀ ਖੇਤਰ ਵਿੱਚ

---

86 ਜਗਜੀਤ ਸਿੰਘ, ਸਿੱਖ ਇਨਕਲਾਬ ਪੰਨਾ 271

87 ਉਹੀ, ਪੰਨਾ 272

ਮਰਾਠਿਆਂ ਨੇ ਉਸ ਦੇ ਰਾਜ ਪ੍ਰਸ਼ਾਸਨ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਅੰਗਰੇਜ਼ ਵੀ ਆਪਣੇ ਵਪਾਰ ਦਾ ਵਿਸਤਾਰ ਕਰਦੇ ਹੋਏ ਆਪਣੇ ਰਾਜ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਉਹੀ ਸਮਾਂ ਹੈ ਜਿਸ ਵਿੱਚ ਪੰਜਾਬ ਸੂਬਾ ਭਾਰਤ ਦੇ ਇਤਿਹਾਸ ਵਿੱਚੋਂ ਆਪਣੇ ਆਪ ਨੂੰ ਵੱਖਰਾ ਕਰਦਾ ਹੈ। ਬੰਦਾ ਬਹਾਦਰ ਦਾ 1709 ਈ. ਵਿੱਚ ਆਪਣਾ ਰਾਜ ਸਥਾਪਤ ਹੋਣ ਤੋਂ ਬਾਅਦ ਪੰਜਾਬ ਅੰਦਰ ਨਵੀਂ ਰਾਜਨੀਤਿਕ, ਧਾਰਮਿਕ ਤੇ ਆਰਥਿਕ ਚੇਤਨਾ ਦਾ ਜਨਮ ਹੋਇਆ ਜਿਸ ਦੇ ਪਿਛੋਕੜ ਵਿੱਚ ਸਿੱਖ ਧਰਮ ਦਾ ਜਾਤ ਤੇ ਜਮਾਤਹੀਣ ਧਾਰਮਿਕ ਏਜੰਡਾ ਕਾਇਮ ਸੀ। ਇਸੇ ਸਮਾਜੀ, ਰਾਜਨੀਤਿਕ ਵਰਤਾਰੇ ਦੀ ਸੰਗਠਨਾਤਮਿਕ ਹੋਂਦ ਕਾਇਮ ਹੋਣ ਨਾਲ ਇੱਥੋਂ ਦੀ ਜੱਟ ਬਰਾਦਰੀ ਨੂੰ ਪ੍ਰਤਿਨਿਧਤਾ ਪ੍ਰਾਪਤ ਹੁੰਦੀ ਹੈ।

ਬੰਦਾ ਬਹਾਦਰ ਨੇ ਸਿੱਖੀ ਸਿਧਾਂਤ ਪੂਰੀ ਤਰ੍ਹਾਂ ਅਪਣਾ ਕੇ ਉਹਨਾਂ ਸਿਧਾਂਤਾ ਦਾ ਰਾਜਨੀਤੀਕਰਨ ਕੀਤਾ। ਧਰਮ ਰਾਹੀਂ ਨਵੀਂਆਂ ਸੱਭਿਆਚਾਰਕ ਰਹੁ-ਰੀਤਾਂ ਦਾ ਨਿਰਮਾਣ ਕੀਤਾ ਜਾਣ ਲੱਗਾ।

"ਵਜੀਰਖਾਨ ਦੇ ਕਤਲ ਤੋਂ ਬਾਅਦ, ਉਸਨੇ (ਸਿੱਖਾਂ ਦੇ ਸਰਦਾਰ ਬੰਦਾ ਬਹਾਦਰ ਨੇ) ਇਹ ਨਿਯਮ ਬਣਾ ਦਿੱਤਾ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿੱਚੋਂ ਜੋ ਵੀ ਸਿੱਖ ਧਰਮ ਵਿੱਚ ਸ਼ਾਮਿਲ ਹੋਵੇਗਾ, ਉਹ ਇਕੱਠੇ ਬੈਠ ਕੇ ਰੋਟੀ ਖਾਣਗੇ। ਇਸ ਤਰ੍ਹਾਂ ਛੋਟੇ ਅਤੇ ਵੱਡੇ ਦੇ ਸਾਰੇ ਮੱਤਭੇਦ ਨੂੰ ਭੁਲਾ ਕੇ ਉਹ ਇੱਕ ਸੂਤਰ ਵਿੱਚ ਬੰਨ੍ਹੇ ਗਏ। ਨੀਵੇਂ ਤੋਂ ਨੀਵਾਂ ਵਧੀਆ ਅਤੇ ਉੱਚੇ ਅਹੁੱਦੇ 'ਤੇ ਬੈਠਾ ਰਾਜਾ ਵੀ ਆਪਸ ਵਿੱਚ ਭੋਜਨ-ਪਾਣੀ ਲੈਣ ਤੋਂ ਬਾਅਦ ਇੱਕ-ਦੂਜੇ ਪ੍ਰਤਿ ਕੋਈ ਵੈਰ ਵਿਰੋਧ ਨਹੀਂ ਸੀ ਰੱਖਦਾ।"88

ਇਸ ਤਰ੍ਹਾਂ ਕਿਸਾਨ ਜਿਹੜੇ ਨਿਮਨ ਸ਼੍ਰੇਣੀਆਂ/ਜਾਤੀਆਂ ਵਿੱਚ ਆਉਂਦੇ ਸਨ, ਨੇ ਸਿੱਖ ਧਰਮ ਨਾਲ ਸੰਬੰਧ ਬਣਾ ਕੇ ਲੰਬੀ ਜੱਦੋ ਜਹਿਦ ਨਾਲ ਸਤਿਕਾਰਿਤ ਸਥਾਨ ਹਾਸਲ ਕੀਤਾ। ਇਸ ਦੀ ਪ੍ਰਮਾਣਿਕਤਾ ਹੇਠ ਲਿਖੀ ਟਿੱਪਣੀ ਤੋਂ ਮਿਲਦੀ ਹੈ :

"ਸਿੱਖ ਅੰਦੋਲਨ ਦੇ ਇਤਿਹਾਸਿਕ ਪ੍ਰਮਾਣਾਂ ਅਨੁਸਾਰ ਨੀਵੇਂ ਵਰਗ ਦਾ ਸਮਾਜਿਕ ਸਤਰ ਉੱਚਾ ਹੋਇਆ, ਭਾਵੇਂ ਉਹ ਕਿਸਾਨ ਹੋਣ, ਨੀਵੀਂਆਂ ਜਾਤਾਂ ਹੋਣ। ਉਨੀਵੀਂ ਸਦੀ ਦੇ ਅਰੰਭ ਵਿੱਚ ਇਹ ਦੇਖਿਆ

88 ਡਾ. ਸੇਵਾ ਸਿੰਘ, ਭਗਤੀ ਤੇ ਸ਼ੂਦਰ, ਪੰਨਾ 64

ਗਿਆ ਕਿ ਸਿੱਖਾਂ ਦੇ ਵੱਡੇ-ਵੱਡੇ ਸਰਦਾਰਾਂ ਵਿੱਚੋਂ ਜ਼ਿਆਦਾ ਅਕੁਲੀਨ (ਰਜ਼ੀਲ) ਰਹੇ ਹਨ ਜਿਵੇਂ ਬੁਣਕਰ, ਮੋਚੀ ਅਤੇ ਜੱਟ।"[89]

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਨੂੰ ਲਹੂ ਦੇ ਦਰਿਆ ਪਾਰ ਕਰਨੇ ਪਏ। ਮੁਗਲ ਹਕੂਮਤ ਅਤੇ ਅਫਗਾਨੀ ਹਮਲਾਵਰਾਂ ਨਾਲ ਜਿੰਦਗੀ ਅਤੇ ਮੌਤ ਦੀ ਲੜਾਈ ਵਿਚ ਸਿੱਖ ਜੇਤੂ ਹੋ ਨਿਕਲੇ, ਪਹਿਲੀ ਵਾਰ ਹਿੰਦੋਸਤਾਨ ਦੀ ਧਰਤੀ ਤੇ ਮਿਸਲਾਂ ਅਧੀਨ ਯਮਨਾ ਨਦੀ ਤੋਂ ਲੈ ਕੇ ਅਫਗਾਨੀਸਤਾਨ ਦੀਆਂ ਸਰਹੱਦਾਂ ਤੱਕ ਖਾਲਸਾਈ ਝੰਡਾ ਝੂਲਣ ਲੱਗਾ। ਇਸ ਭੂਗੋਲਿਕ ਖਿੱਤੇ ਵਿਚ ਅਜਬ ਕਿਸਮ ਦੇ ਲੋਕ ਵਿਚਰਨ ਲੱਗੇ ਜਿਨ੍ਹਾਂ ਵਿਚ ਨਾ ਕੋਈ ਉਚਾ ਸੀ ਨਾ ਨੀਵਾਂ। 'ਸਭੈ ਸਾਂਝੀਵਾਲ ਸਦਾਇਨ' ਦੇ ਸੰਕਲਪੀ ਪ੍ਰਕਾਸ਼ਨ ਦਾ ਅਮਲੀ ਪ੍ਰਗਟਾ ਜਦ ਇਸ ਧਰਤਿ ਤੇ ਵਿਗਸਿਆ ਤਾਂ ਹਜ਼ਾਰਾਂ ਸਾਲਾਂ ਦੇ ਸ਼ੋਸ਼ਨ ਤੋਂ ਬਾਅਦ ਪਹਿਲੀ ਵਾਰ ਮਨੁੱਖਤਾ ਨੇ ਅਜਾਦੀ ਦੇ ਰੰਗ ਨੂੰ ਮਾਣਿਆ। ਵਰਣ ਆਸ਼ਰਮ ਪ੍ਰਬੰਧ ਪੈਰਾਂ ਵਿਚ ਮਧੋਲ ਕੇ ਰੱਖ ਦਿੱਤਾ।

89 ਉਹੀ, ਪੰਨਾ 65

# ਅਧਿਆਇ ਤੀਜਾ
# ਗੁਰਬਾਣੀ ਅਤੇ ਮਾਨਵ ਸਨਮਾਨ

ਦਲਿਤ ਪ੍ਰਸੰਗ, ਹਿੰਦੁਸਤਾਨ ਵਿੱਚ ਇਸਦਾ ਅਨੈਤਿਕ ਵਰਤਾਰਾ ਅਤੇ ਸਾਹਿਤ ਵਿੱਚ ਦਲਿਤ ਦੇ ਪ੍ਰਸੰਗਕ ਪਾਸਾਰ ਦੇ ਅਧਿਐਨ ਉਪਰੰਤ ਸਿੱਖ ਧਰਮ ਵਿੱਚ ਸੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਅਤੇ ਦਬੀ ਕੁਚਲੀ ਲੋਕਾਈ ਦਾ ਸਿਰ ਉੱਚਾ ਚੁਕ ਕੇ ਤੁਰਨ ਦੇ ਪ੍ਰਸੰਗ ਨੂੰ ਨਿਰਖਣ ਪਰਖਣ ਦਾ ਯਤਨ ਇਸ ਅਧਿਆਇ ਵਿਚ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਆਧੁਨਿਕ ਸੰਸਾਰ ਵਿੱਚ ਮਨੁੱਖ ਨੂੰ ਪ੍ਰਾਪਤ ਸੰਵਧਾਨਿਕ ਅਧਿਕਾਰਾਂ ਉੱਤੇ ਵੀ ਬਹੁਤ ਹੀ ਸੰਖੇਪ ਰੂਪ ਵਿੱਚ ਨਜ਼ਰਸ਼ਾਨੀ ਕਰਨ ਦਾ ਯਤਨ ਕੀਤਾ ਜਾਵੇਗਾ ਤਾਂ ਜੋ ਉਨਾਂ ਅਧਿਕਾਰਾਂ ਦੇ ਅੰਤਰਗਤ ਗੁਰਬਾਣੀ ਵਿੱਚ ਦਲਿਤ ਦੇ ਹੱਕਾਂ ਦਾ ਪ੍ਰਸੰਗ ਸਾਹਮਣੇ ਲਿਆਉਣ ਦਾ ਯਤਨ ਕੀਤਾ ਜਾ ਸਕੇ।

ਜੀਵਤ ਧਰਮ ਦੀ ਪਹਿਚਾਣ, ਉਸ ਦੇ ਸਮਾਜਿਕ ਜੀਵਨ ਵਿਚਲੇ ਮਹੱਤਵ ਕਰਕੇ ਹੁੰਦੀ ਹੈ। ਜੇਕਰ ਕੋਈ ਧਰਮ, ਸਮਾਜ ਦੇ ਬਰਾਬਰ ਨਹੀਂ ਚਲਦਾ ਜਾਂ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਆਪਣਾ ਯੋਗਦਾਨ ਅਤੇ ਅਗਵਾਈ ਨਹੀਂ ਦਿੰਦਾ ਤਾਂ ਇਸ ਧਰਮ ਨੂੰ ਸਮਾਜ ਬੇਲੋੜਾ ਸਮਝ ਕੇ, ਵਿਸਾਰ ਦਿੰਦਾ ਹੈ। ਡਾ. ਰਾਧਾ ਕ੍ਰਿਸ਼ਨਨ ਦਾ ਕਥਨ ਬੜਾ ਢੁੱਕਵਾਂ ਪ੍ਰਤੀਤ ਹੁੰਦਾ ਹੈ ਕਿ "ਕਿਸੇ ਸੱਚੇ ਧਰਮ ਦੀ ਕਸਵੱਟੀ ਇਹ ਹੈ ਕਿ ਉਹ ਕਿਸ ਹੱਦ ਤੱਕ ਵਿਅਕਤੀ ਅਤੇ ਸਮਾਜਿਕ-ਵਿਵਸਥਾ ਨੂੰ ਬਦਲ ਸਕਦਾ ਹੈ। ਧਰਮ ਨੂੰ ਸਮਾਜਿਕ ਜੀਵਨ ਅਤੇ ਧਰਮ ਪ੍ਰਥਾਵਾਂ ਦੇ ਹਨੇਰੇ ਪੱਖਾਂ ਨੂੰ ਪ੍ਰਕਾਸ਼ਤ ਕਰਨਾ ਚਾਹੀਦਾ ਹੈ।"[1] ਇਸ ਦਾਰਸ਼ਨਿਕ ਵਾਂਗ ਹੋਰ ਬਹੁਤ ਸਾਰੇ ਵਿਦਵਾਨ ਅਤੇ ਆਮ ਲੋਕ ਧਰਮ ਦੇ 'ਸੱਚੇ' ਜਾਂ 'ਝੂਠੇ' ਹੋਣ ਦੀ ਕਸਵੱਟੀ, ਇਸ ਤਰ੍ਹਾਂ ਦੀ ਹੀ ਦਸਦੇ ਹਨ। ਉਨ੍ਹਾਂ ਮੁਤਾਬਿਕ ਸਮਾਜਿਕ ਸਮੱਸਿਆਵਾਂ ਤੋਂ ਮੂੰਹ ਮੋੜਨ ਵਾਲਾ ਧਰਮ ਬੇਲੋੜਾ ਹੈ।

---

[1] "The test of a toue faith is the extent to whichit transformes the Individual and the social order. It must iluminat the dark plaes of our social life and religious practices."
Dr. S. Radhakrishnan, The Present Crisis of Faith, p. 112.

ਡਾ. ਰਾਧਾ ਕ੍ਰਿਸ਼ਨਨ ਇਕ ਹੋਰ ਥਾਂ ਇਸ ਨੁਕਤੇ ਨੂੰ ਇਉਂ ਸਪਸ਼ਟ ਕਰਦੇ ਹਨ, "ਧਰਮ ਜੀਵਨ ਤੋਂ ਬਾਹਰ ਲੈ ਜਾਣ ਦਾ ਮਾਰਗ ਨਹੀਂ ਹੈ, ਸਗੋਂ ਜੀਵਨ ਵੱਲ ਲੈ ਜਾਣ ਵਾਲਾ ਮਾਰਗ ਹੈ।"[2] ਭਾਈ ਗੁਰਦਾਸ ਦੇ ਸ਼ਬਦਾਂ ਵਿਚ "ਗੁਰੂ ਨਾਨਕ ਸਾਹਿਬ ਸਿੱਧਾਂ ਨੂੰ ਪਰਬਤਾਂ ਵਿਚ ਬੈਠ ਕੇ ਸਮਾਧੀਆਂ ਲਾਉਣ ਦੀ ਥਾਂ ਸਰਗਰਮ ਸਮਾਜਿਕ ਜੀਵਨ ਵਿਚ ਯੋਗਦਾਨ ਪਾਉਣ ਦਾ ਉਪਦੇਸ਼ ਦਿੰਦੇ ਹਨ।"[3] ਰਵਾਇਤ ਮੁਤਾਬਿਕ ਗੁਰੂ ਨਾਨਕ ਸਾਹਿਬ ਬਾਲਪਨ (boyhood) ਦੀ ਅਵਸਥਾ ਵਿਚ ਪ੍ਰਵੇਸ਼ ਕਰ ਰਹੇ ਸਨ ਤਾਂ ਗੁਰੂ ਜੀ ਨੇ ਹਿੰਦੂ ਮਤ ਦੀ ਜਾਤ-ਪਾਤ 'ਤੇ ਆਧਾਰਿਤ ਜਨੇਊ ਦੀ ਰਸਮ ਨੂੰ ਭੰਡਿਆ ਸੀ। ਇਸ ਰਵਾਇਤ ਦੀ ਪ੍ਰੋੜ੍ਹਤਾ ਗੁਰੂ ਨਾਨਕ ਬਾਣੀ ਵਿਚੋਂ ਵੀ ਹੋ ਜਾਂਦੀ ਹੈ।"[4]

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਬਹੁਤ ਅਹਿਮ ਸਿਧਾਂਤ ਪੇਸ਼ ਕੀਤੇ ਹਨ। ਇਨ੍ਹਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਨਾ, ਇਸ ਅਧਿਆਇ ਦੇ ਹਿੱਸੇ ਆਇਆ ਹੈ। ਜਿਨ੍ਹਾਂ ਦੇ ਅੰਤਰਗਤ ਅਸੀਂ ਆਪਣੇ ਸਿਰਲੇਖ ਜਾਂ ਖੋਜ ਨਿਬੰਧ ਦੇ ਅੰਤਰੀਵ ਭਾਵ ਦਾ ਅਧਿਐਨ ਕਰਨ ਦਾ ਯਤਨ ਕਰਾਂਗੇ।

ਅਧਿਕਾਰਾਂ ਦੀ ਵੰਡ, ਮਨੁੱਖ ਦੇ ਸਮਾਜਿਕ ਰੁਤਬੇ ਦੀ ਪਹਿਚਾਣ ਕਰਾਉਂਦੀ ਹੈ। ਮਨੁੱਖੀ ਸਤਿਕਾਰ ਅਤੇ ਸੁਰੱਖਿਆ ਦਾ ਆਧਾਰ ਕੁਝ ਜ਼ਰੂਰੀ ਅਧਿਕਾਰ ਹੁੰਦੇ ਹਨ, ਜਿਨ੍ਹਾਂ ਦੀ ਗੈਰ ਮੌਜੂਦਗੀ ਵਿੱਚ ਮਨੁੱਖੀ ਜੀਵਨ ਖ਼ਤਰੇ ਅਤੇ ਗੈਰ-ਯਕੀਨੀ ਵਿਚ ਪਿਆ ਰਹਿੰਦਾ ਹੈ। ਸਮਾਜ ਸ਼ਾਸਤਰੀਆਂ ਅਤੇ ਕੁਝ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਮਨੁੱਖ ਵਿਚ ਅਧਿਕਾਰਾਂ ਪ੍ਰਤੀ ਚੇਤਨਤਾ ਆਦਿ ਕਾਲ ਤੋਂ ਨਹੀਂ ਹੈ। ਰੂਸੋ ਦਾ ਮਤ ਸੀ ਕਿ ਅਧਿਕਾਰ ਦਾ ਅਹਿਸਾਸ ਮਨੁੱਖੀ ਇਤਿਹਾਸ ਦੇ ਵਿਸ਼ੇਸ਼ ਪੜਾਅ ਉਪਰ ਹੋਇਆ ਹੋਵੇਗਾ। ਉਹ The Social Contract ਵਿਚ ਲਿਖਦਾ ਹੈ:

---

[2] ''भारतीय संस्कृति धर्म को जीवन में अलग करने की बात नहीं मानती अपितु वह मानती है कि धर्म ही जीवन की ओर ले जाने वाला मार्ग है।" डॉ. राधाकृष्णन : भारतीय संस्कृति : कुछ विचार, आमुख

[3] ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ॥ (ਭਾਈ ਗੁਰਦਾਸ 1:29)

[4] ਦਇਆ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 471)

"The natural state, as thus conceived, is a state of substantial equality. No baneful distinction is to be seen among the individuals who pursue in isolation the placid routine of satisfying their physical needs."[5]

ਹਾਲਾਂਕਿ ਪ੍ਰਾਚੀਨ ਤੋਂ ਪ੍ਰਾਚੀਨ ਸਾਹਿਤ ਵਿਚ ਵੀ ਇਕ ਦੇ ਅਧਿਕਾਰਾਂ ਨੂੰ ਖੋਹਣ ਤੇ ਦੂਜੇ ਵੱਲੋਂ ਅਧਿਕਾਰਾਂ ਦੀ ਦੁਰਵਰਤੋਂ ਦਾ ਜ਼ਿਕਰ ਮਿਲ ਜਾਂਦਾ ਹੈ। ਮਹਾਂਭਾਰਤ ਦਾ ਸਾਰਾ ਮਿਥਿਹਾਸ, ਅਧਿਕਾਰ ਪ੍ਰਾਪਤੀ ਦਾ ਹੀ ਸੰਘਰਸ਼-ਵਰਣਨ ਹੈ। ਪਰ ਇਹ ਸੱਚ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਿਸੇ ਵੀ ਭਾਰਤੀ ਦਾਰਸ਼ਨਿਕ, ਵਿਚਾਰਵਾਨ ਜਾਂ ਧਾਰਮਿਕ ਆਗੂ ਨੇ ਸਾਰੇ ਮਨੁੱਖਾਂ ਦੇ ਅਧਿਕਾਰਾਂ ਅਤੇ ਸਤਿਕਾਰ ਦੀ ਗੱਲ ਸਾਹਿਤ ਵਿਚ ਨਹੀਂ ਲਿਖੀ। ਅਧਿਕਾਰ ਖੋਹਣ ਦਾ ਜ਼ਿਕਰ ਤਾਂ ਸਾਹਿਤ ਵਿਚ ਉਪਲਬਧ ਹੈ ਪਰ ਅਧਿਕਾਰਾਂ ਦੀ ਚੇਤਨਾ ਗ੍ਰਹਿਣ ਕਰਾਉਣਾ ਪੂਰਨ ਤੌਰ ਤੇ ਗੁੰਮ ਹੈ। ਰਿਸ਼ੀ ਮੰਨੂ ਨੇ ਸਮਾਜ ਦੇ ਕੁਲੀਨ ਵਰਗ ਦੇ ਹੀ ਅਧਿਕਾਰਾਂ ਦਾ ਜ਼ਿਕਰ ਕੀਤਾ ਹੈ। ਮੰਨੂ ਇਸ ਮਤ ਦਾ ਮੁਦੱਈ ਸੀ ਕਿ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਕੋਈ ਅਧਿਕਾਰ ਨਹੀਂ ਮਿਲਣਾ ਚਾਹੀਦਾ। ਇਥੋਂ ਹੀ ਮਨੁੱਖ ਦੇ ਸ਼ੋਸ਼ਣ ਦਾ ਕਾਲਾ ਇਤਿਹਾਸ ਭਾਰਤ ਦੀ ਧਰਤੀ ਦਾ ਹਿੱਸਾ ਬਣਿਆ।

ਪੱਛਮੀ ਜਗਤ ਵਿੱਚ ਵੀ ਮਨੁੱਖੀ ਅਧਿਕਾਰਾਂ ਦੀ ਚਰਚਾ ਆਧੁਨਿਕ ਮੁਹਾਂਦਰੇ ਵਿਚ ਬਹੁਤੀ ਪੁਰਾਣੀ ਨਹੀਂ ਮੰਨੀ ਜਾਂਦੀ। ਮੱਧਕਾਲੀਨ ਦਾਰਸ਼ਨਿਕਾਂ ਲਈ ਰਾਜਨੀਤਕ ਆਚਾਰ-ਸੰਹਤਾ ਦੀਆਂ ਸਮੱਸਿਆਵਾਂ, ਅਧਿਕਾਰ ਦੀਆਂ ਸਮੱਸਿਆਵਾਂ ਨਹੀਂ ਸਨ ਸਗੋਂ ਮਨੁੱਖ ਦੇ ਪਰਮਾਤਮਾ, ਆਪਣੇ ਰਾਜੇ, ਆਪਣੇ ਚਰਚ ਪ੍ਰਤੀ ਕਰਤੱਵ ਸਨ।[6] International Encyclopedia of the Social Sciences ਵਿਚ ਦਰਜ ਹੈ ਕਿ ਮਨੁੱਖੀ ਅਧਿਕਾਰਾਂ ਦੀ ਗੱਲ 18ਵੀਂ ਸਦੀ ਦੇ ਅੰਤਮ ਦੋ ਦਹਾਕਿਆਂ ਤੋਂ ਹੀ ਤੁਰੀ ਹੈ।[7]

---

5 William Archibald Dunning : A History of Political Theories (From Rousseau to Spencer), p. 11.
6 The Encyclopedia of Philosophy, Vol. 7, p. 195.
7 International Encyclopedia of the Social Sciences, Vol. 6,.P. 540.

ਥਾਮਸ ਹਾੱਬਸ (1588-1979) ਨੇ ਮਨੁੱਖ ਦੇ ਕੁਦਰਤੀ ਅਧਿਕਾਰਾਂ ਦੀ ਗੱਲ ਕੀਤੀ ਸੀ। ਕੁਦਰਤੀ ਅਧਿਕਾਰ ਤੋਂ ਉਸਦਾ ਭਾਵ ਸੀ ਕਿ ਹਰ ਕਿਸੇ ਨੂੰ ਆਪਣੇ ਜੀਵਨ ਦੀ ਰੱਖਿਆ ਲਈ ਆਪਣੇ ਵਿਵੇਕ ਅਨੁਸਾਰ ਆਪਣੀ ਸ਼ਕਤੀ ਦਾ ਪ੍ਰਯੋਗ ਕਰਨ ਦੀ ਸੁਤੰਤਰਤਾ ਹੋਵੇ।[8]

ਉਹ ਅਮੀਰ ਨੂੰ ਅਸੀਮਤ ਅਧਿਕਾਰ ਦਿੰਦਾ ਹੈ। ਉਸ ਦੀ ਕਲਪਨਾ ਅਨੁਸਾਰ ਪ੍ਰਿਥਵੀ ਉਪਰ ਅਮੀਰ ਦੀ ਸੱਤਾ ਤੋਂ ਵਧੇਰੇ ਕੋਈ ਸੱਤਾ ਨਹੀਂ ਹੈ ਅਤੇ ਨ ਐਸਾ ਹੀ ਕੋਈ ਹੈ ਜੋ ਉਸ ਤੋਂ ਜੁਵਾਬ-ਤਲਬ ਕਰੇ। ਉਹ ਰਾਜ ਸੱਤਾ ਨੂੰ ਕਾਨੂੰਨ ਤੋਂ ਉਪਰ ਮੰਨਦਾ ਸੀ।[9] ਹਾਬੱਸ ਤੋਂ ਬਾਅਦ ਆਧੁਨਿਕ ਇੰਗਲੈਂਡ ਦੇ ਨਿਰਮਾਤਾ, ਜਾਨ ਲਾਕ (1632-1704) ਨੇ ਵਿਅਕਤੀਗਤ ਸੁਤੰਤਰਤਾ ਨੂੰ ਸਮਾਜਿਕ ਕਲਿਆਣ ਦਾ ਇਕ ਮਹੱਤਵਪੂਰਣ ਆਧਾਰ ਪ੍ਰਵਾਨਿਆ ਹੈ। ਉਸ ਦੇ ਚਲਾਏ ਅੰਦੋਲਨ ਦੇ ਸਿੱਟੇ ਵਜੋਂ 1686 ਈ. ਵਿਚ Bill of Right ਬਣਿਆ, ਜਿਸ ਅਨੁਸਾਰ ਸੰਸਦ ਦੇ ਮੈਂਬਰ ਨੂੰ ਵਧੇਰੇ ਅਧਿਕਾਰ ਪ੍ਰਾਪਤ ਹੋ ਸਕੇ। ਬਾਅਦ ਵਿਚ ਫਰਾਂਸੀਸੀ ਇਨਕਲਾਬ ਤੋਂ ਬਾਅਦ, ਉੱਥੇ 1789 ਈ. ਵਿਚ Rights of Man ਦਾ ਐਲਾਨ ਕੀਤਾ ਗਿਆ, ਜਿਨ੍ਹਾਂ ਦਾ 1793 ਈ. ਵਿਚ ਹੋਰ ਵਿਸਥਾਰ ਕੀਤਾ ਗਿਆ।[10]

ਸੰਨ 1948 ਈ. ਵਿਚ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਐਲਾਨ ਉਪਰੰਤ ਹੀ, ਵਿਸ਼ਵ ਭਰ ਵਿਚ ਮਨੁੱਖੀ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ। ਪਰ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ 15ਵੀਂ-16ਵੀਂ ਸਦੀ ਵਿਚ ਵਿਚਰ ਕੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕੀਤੀ। ਇਸ ਮੁੱਦੇ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ, ਜੇਕਰ ਉਨ੍ਹਾਂ ਦੀਆਂ ਸਮਕਾਲੀਨ ਪ੍ਰਸਥਿਤੀਆਂ ਉਪਰ ਇਸ ਪੱਖ ਤੋਂ ਨਜ਼ਰ ਮਾਰ ਲਈਏ ਤਾਂ ਇਹ ਉਨ੍ਹਾਂ ਦੇ ਪਾਏ ਯੋਗਦਾਨ ਨੂੰ ਸਮਝਣ ਵਿਚ ਸਹਾਈ ਹੋਵੇਗਾ।

ਡਾ. ਭਗਤ ਸਿੰਘ ਨੇ ਤਾਰੀਖ-ਏ-ਫਰਿਸ਼ਤਾ ਦਾ ਹਵਾਲਾ ਦਿੰਦਿਆ ਲਿਖਿਆ ਹੈ ਕਿ, "ਸਿਕੰਦਰ ਲੋਧੀ ਇਕ ਹਿੰਦੂ ਸੁਨਿਆਰੇ ਦੀ ਧੀ ਦੀ ਕੁਖੋਂ ਪੈਦਾ ਹੋਇਆ ਸੀ ਪਰ ਫਿਰ ਵੀ ਉਸ ਨੇ ਮਾਂ ਦੇ ਧਰਮ ਵਲ

---

8 Thomas Hobbes: Leviathan, p. 66.

9 Thomas Hobbes : Leviathan, pp. 90-94.
ਥਾਮਸ ਹਾਬੱਸ, ਗੁਰੂ ਨਾਨਕ ਸਾਹਿਬ ਤੋਂ ਬਾਅਦ ਹੀ ਵਿਚਰਿਆ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਜੀ ਦੇ ਵਿਚਾਰ, ਉਸ ਤੋਂ ਕਿਤੇ ਵਧੇਰੇ ਅਗਾਂਹ-ਵਧੂ ਹਨ।

10 www.johnlocke.bill of rights.ac.in

ਜ਼ਰਾ ਵੀ ਲਿਹਾਜ਼ੀ ਰਵੱਈਆ ਧਾਰਣ ਨਾ ਕੀਤਾ। ਉਸ ਦੇ ਸਮੇਂ ਹਿੰਦੂ ਵਿਰੋਧੀ ਜ਼ਜ਼ਬਾ ਬਹੁਤ ਹੀ ਉਤੇਜਿਤ ਰਿਹਾ। ਉਸ ਨੇ ਬੋਧਨ ਨਾਮੀ ਇਕ ਬ੍ਰਾਹਮਣ ਨੂੰ ਇਤਨਾ ਕਹਿਣ ਤੇ ਹੀ ਕਿ ਇਸਲਾਮ ਵਾਂਗ ਸੱਚਾ ਹੋਰ ਵੀ ਕੋਈ ਧਰਮ ਹੋ ਸਕਦਾ ਹੈ, ਮੌਤ ਦੇ ਘਾਟ ਉਤਾਰ ਦਿੱਤਾ ਸੀ।[11] ਹਿੰਦੂਆਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਦਾ ਜ਼ਿਕਰ ਲੇਨ ਪੂਲ ਕਰਦਾ ਲਿਖਦਾ ਹੈ,

"ਹਿੰਦੂਆਂ ਦਾ ਜੀਵਨ ਬਹੁਤ ਤੰਗ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਸਵਾਰੀ ਲਈ ਘੋੜੇ ਰੱਖਣ ਅਤੇ ਆਪਣੇ ਨਾਲ ਹਥਿਆਰ ਲਿਜਾਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ। ਚੰਗੇ ਕੱਪੜੇ ਪਹਿਨਣ ਤੇ ਜ਼ਿੰਦਗੀ ਦੇ ਐਸ਼ੋ-ਆਰਾਮ ਮਾਣ ਸਕਣ ਉਤੇ ਪਾਬੰਦੀ ਲਾ ਦਿੱਤੀ ਗਈ ਸੀ।....ਸੋਨਾ, ਚਾਂਦੀ ਜਾਂ ਪਾਨ-ਸੁਪਾਰੀ ਕਿਸੇ ਵੀ ਹਿੰਦੂ ਨੂੰ ਘਰ ਵਿਚ ਰੱਖਣ ਦੀ ਮਨਾਹੀ ਸੀ। ਗਰੀਬ ਕੀਤੇ ਹਿੰਦੂਆਂ ਦੀਆਂ ਇਸਤਰੀਆਂ ਨੂੰ ਮੁਸਲਮਾਨਾਂ ਦੇ ਘਰਾਂ ਵਿਚ ਮਜਬੂਰ ਹੋ ਕੇ ਕੰਮ ਕਰਨਾ ਪੈਂਦਾ ਸੀ।"[12]

ਇਕ ਹੋਰ ਇਤਿਹਾਸਕਾਰ ਕਹਿੰਦਾ ਹੈ ਕਿ ਹਿੰਦੂਆਂ ਨੂੰ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਗਿਆ ਸੀ।"[13] ਡਾ. ਭਗਤ ਸਿੰਘ ਸੁਲਤਾਨ ਦੀ ਧਾਰਮਿਕ ਨੀਤੀ ਬਾਰੇ ਬਿਆਨ ਕਰਦਿਆਂ ਲਿਖਦੇ ਹਨ, "ਸੁਲਤਾਨ ਹਿੰਦੂ ਪਰਜਾ ਨੂੰ ਵੀ ਕਾਇਮ ਰੱਖਣਾ ਚਾਹੁੰਦੇ ਸਨ ਤੇ ਧਾਰਮਿਕ ਆਗੂਆਂ (ਮੁਸਲਿਮ) ਨੂੰ ਵੀ ਨਾਰਾਜ਼ ਨਹੀਂ ਸੀ ਹੋਣ ਦੇਣਾ ਚਾਹੁੰਦੇ। ਇਸ ਲਈ ਉਨ੍ਹਾਂ ਨੇ ਨਾ ਤਾਂ ਧਾਰਮਿਕ ਆਗੂਆਂ ਦੇ ਕਹਿਣ ਤੇ ਹਿੰਦੂਆਂ ਦਾ ਸਫਾਇਆ ਕੀਤਾ ਅਤੇ ਨਾ ਹੀ ਉਨ੍ਹਾਂ (ਹਿੰਦੂਆਂ) ਨੂੰ ਨਾਗਰਿਕਾਂ ਵਾਲੇ ਅਧਿਕਾਰ ਦਿੱਤੇ।[14] ਪਿੱਛੋਂ ਇਹ ਸਾਰੀਆਂ ਪਾਬੰਦੀਆਂ ਅਕਬਰ ਨੇ ਹੀ ਹਟਾਈਆਂ।[15] ਬਾਬਰ ਨੇ ਸੁਲਤਾਨਾਂ ਦੀ ਧਾਰਮਿਕ ਨੀਤੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਸੀ।

ਸੋ ਸਪਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਇਤਿਹਾਸ ਦੇ ਜਿਸ ਦੌਰ ਵਿਚ ਵਿਚਰੇ, ਉਸ ਵਿਚ ਮਾਨਵੀ ਅਧਿਕਾਰਾਂ ਦਾ ਵੱਡੀ ਪੱਧਰ ਉੱਪਰ ਹਨਨ ਹੋ ਰਿਹਾ ਸੀ। ਗੁਰੂ ਨਾਨਕ ਸਾਹਿਬ ਨੇ ਸਮਾਜ ਦੀ

---

[11] ਭਗਤ ਸਿੰਘ, ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ, ਪੰਨਾ 167.

[12] Lane Poole, Medieval India, p. 104.

[13] A.B. Pandey, Early Medieval India, p. 260.

[14] ਭਗਤ ਸਿੰਘ, ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ, ਪੰਨਾ 157.

[15] H.Beveridge (tr.), The Akbarnama, Vol.II, p. 316.

ਪੀੜਾ ਨੂੰ ਸਮਝਦਿਆਂ ਮਨੁੱਖੀ ਅਧਿਕਾਰਾਂ ਦਾ ਮੁੱਦਾ ਲਿਆ ਅਤੇ ਬਰਾਬਰੀ ਦਾ ਆਧਾਰ ਬੁੱਧੀ ਨੂੰ ਮੰਨਿਆਂ ਨਾਂ ਕਿ ਜਨਮ ਨੂੰ।

ਰੂਸੋ ਦੇ ਉਪਰਲੇ ਮਤ ਅਨੁਸਾਰ ਨਾ-ਬਰਾਬਰੀ ਦਾ ਕਾਰਣ, ਸੰਪਤੀ ਦੇ ਆਪਣੇ ਹੋਣ ਦਾ ਅਹਿਸਾਸ ਹੈ। ਪਰ ਧਿਆਨ ਨਾਲ ਵਿਚਾਰ ਕੀਤਿਆਂ ਅਸਮਾਨਤਾ ਦੇ ਕਈ ਹੋਰ ਕਾਰਣ ਵੀ ਸਾਹਮਣੇ ਆਉਂਦੇ ਹਨ ਜਿਵੇਂ:

(ੳ) ਜਾਤ-ਪਾਤ

(ਅ) ਸਮਾਜਿਕ ਅਤੇ ਸਭਿਆਚਾਰਕ ਤੱਤ

(ੲ) ਲਿੰਗ-ਭੇਦ

(ਸ) ਨਸਲ-ਭੇਦ

(ਹ) ਬੌਧਿਕਤਾ

(ਕ) ਆਰਥਿਕਤਾ

ਇਨ੍ਹਾਂ ਕਾਰਣਾਂ ਤੋਂ ਇਲਾਵਾ ਉਮਰ ਤੇ ਸਰੀਰਕ ਤਾਕਤ ਵੀ ਅਸਮਾਨਤਾ ਪੈਦਾ ਕਰਦੇ ਹਨ। ਜਦੋਂ ਅਸੀਂ ਸਭ ਦੀ ਸਮਾਨਤਾ ਦੀ ਗੱਲ ਕਰਦੇ ਹਾਂ ਤਾਂ ਨਿਸ਼ਚੇ ਹੀ ਇਸ ਦਾ ਭਾਵ ਸਮਾਜ ਵਿਚ ਹਰ ਵਿਅਕਤੀ ਨੂੰ ਵਿਕਾਸ ਦੇ ਸਮਾਨ ਅਵਸਰ ਮਿਲਣ ਤੋਂ ਹੀ ਹੁੰਦਾ ਹੈ। ਅਰਥਾਤ ਵਿਅਕਤੀ ਨੂੰ ਵਿਅਕਤਿੱਤਵ ਦੇ ਵਿਕਾਸ ਲਈ ਜਿਨ੍ਹਾਂ ਸਹੂਲਤਾਂ ਦੀ ਲੋੜ ਹੁੰਦੀ ਹੈ, ਰਾਜ ਨੂੰ ਉਨ੍ਹਾਂ ਦਾ ਪ੍ਰਬੰਧ ਬਿਨਾ ਕਿਸੇ ਭਿੰਨ-ਭੇਦ ਦੇ ਕਰਨਾ ਚਾਹੀਦਾ ਹੈ। ਇਸ ਵਿਚ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਕਾਨੂੰਨੀ ਸਮਾਨਤਾਵਾਂ ਆ ਜਾਂਦੀਆਂ ਹਨ।

ਆਦਿ ਕਾਲੀਨ ਸਮਾਜ, ਬਰਾਬਰੀ (EGALITARIAN) ਵਾਲਾ ਸਮਾਜ ਸੀ। ਉਸ ਸਮਾਜ ਵਿਚ ਮਹਾਂ-ਸ਼ਿਕਾਰੀ ਦਾ ਰੁਤਬਾ ਹੀ ਹੁੰਦਾ ਸੀ, ਜਿਹੜਾ ਬਦਲਵਾਂ (TRANSFERABLE) ਜਾਂ ਜਮਾਂਦਰੂ (INHERITABLE) ਨਹੀਂ ਹੁੰਦਾ ਸੀ। ਮਾਨਵ ਵਿਗਿਆਨੀਆਂ ਦਾ ਵਿਚਾਰ ਹੈ ਕਿ ਇਸ ਸਮਾਜ ਵਿਚ ਆਰਥਿਕ ਅਸਮਾਨਤਾ ਨਹੀਂ ਹੁੰਦੀ ਸੀ ਅਤੇ ਉਹ ਵੰਡ ਕੇ ਖਾਣ ਉਪਰ ਹੀ ਨਿਰਭਰ ਕਰਦੇ ਹੋਣਗੇ।

ਪੁਰਾਤੱਤਵ ਸਥਾਨਾਂ ਦਾ ਅਧਿਐਨ ਦਸਦਾ ਹੈ ਕਿ 7,500 ਵਰ੍ਹੇ ਪਹਿਲਾਂ ਕੋਈ ਅਸਮਾਨਤਾ ਨਹੀਂ ਸੀ। ਮਕਾਨਾਂ ਦੇ ਖੰਡਰ ਦਸਦੇ ਹਨ ਕਿ ਉਨ੍ਹਾਂ ਦੇ ਆਕਾਰ ਅਤੇ ਚੀਜ਼ਾਂ ਵਿਚ ਵਿਸ਼ੇਸ਼ ਅੰਤਰ ਨਹੀਂ ਸੀ।[16] ਭਾਵ ਕਿ ਮਨੁੱਖੀ ਸਮਾਜ ਵਿਚਲੀ ਨਾ-ਬਰਾਬਰੀ, ਦੈਵੀ ਨਹੀਂ।

ਗੁਰੂ ਨਾਨਕ ਸਾਹਿਬ ਨੇ ਮਨੁੱਖੀ ਸਮਾਨਤਾ ਦਾ ਆਧਾਰ ਮਨੁੱਖ ਵਿਚਲੀ 'ਜੋਤ' ਨੂੰ ਦੱਸਿਆ ਹੈ। ਇਸਲਾਮ ਅਤੇ ਈਸਾਈ ਮਤ ਵੀ ਸਾਰੇ ਮਨੁੱਖਾਂ ਦੀ ਸਮਾਨਤਾ ਨੂੰ ਪ੍ਰਵਾਨਦੇ ਹਨ ਕਿਉਂ ਜੁ ਸਾਰੇ ਮਨੁੱਖ ਆਦਮ ਦੇ ਪੁੱਤਰ/ਪੁੱਤਰੀਆਂ ਹਨ। ਪਰ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਪਰਮਾਤਮਾ ਦਾ ਰੂਪ ਦਸਦਿਆਂ ਕਿਹਾ ਹੈ ਕਿ ਸਾਰੇ ਮਨੁੱਖਾਂ ਵਿਚ ਉਸ ਪਰਮਾਤਮਾ ਦਾ ਹੀ ਪ੍ਰਕਾਸ਼ ਹੈ।[17]

ਤਾਂ ਫਿਰ ਉਨ੍ਹਾਂ ਵਿਚ ਵਖਰੇਵਾਂ ਕਿਵੇ ਹੋ ਸਕਦਾ ਹੈ। ਉਹ ਰੰਗ ਤੇ ਨਸਲ ਦੇ ਸਾਰੇ ਵਿਤਕਰਿਆਂ ਨੂੰ ਫਜ਼ੂਲ ਦੱਸਦੇ ਹਨ। ਉਨ੍ਹਾਂ ਨੇ ਮਨੁੱਖੀ ਸ਼ਰੀਰ ਨੂੰ ਪਰਮਾਤਮਾ ਦਾ ਮੰਦਰ ਦੱਸ ਕੇ,[18] ਇਸ ਦੇ ਸਤਿਕਾਰ ਨੂੰ ਦ੍ਰਿੜ ਕਰਵਾਇਆ ਹੈ। ਹਰ ਮਨੁੱਖ ਵਿਚ ਪਰਮਾਤਮਾ ਰਮ ਰਿਹਾ ਹੈ।[19] ਉਨ੍ਹਾਂ ਨੂੰ ਹਰ ਮਨੁੱਖ ਵਿਚ ਉਸੇ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ।[20] ਉਨ੍ਹਾਂ ਨੇ ਤਰਕ ਦਿੱਤਾ ਹੈ ਕਿ ਕੀ ਜ਼ਹਿਰ ਖਾਣ ਨਾਲ ਕੋਈ ਬਚ ਸਕਦਾ ਹੈ, ਤਾਂ ਫਿਰ ਅਸਮਾਨਤਾ ਦਾ ਕੀ ਅਰਥ?[21] ਭਾਵ ਕਿ ਕੁਦਰਤ ਹਰੇਕ ਮਨੁੱਖ ਨਾਲ ਸਮਾਨ ਵਿਵਹਾਰ ਕਰਦੀ ਹੈ। ਕੁਦਰਤ ਜਾਂ ਪਰਮਾਤਮਾ ਨੂੰ ਅਸਮਾਨਤਾ ਭਾਉਂਦੀ ਨਹੀਂ। ਇਹ ਨਾ-ਬਰਾਬਰੀ ਕੋਈ ਦੈਵੀ ਆਧਾਰ ਨਹੀਂ ਰੱਖਦੀ, ਇਸ ਲਈ ਇਹ ਸਦੀਵੀ ਨਹੀਂ ਇਹ ਦੂਰ ਹੋ ਸਕਦੀ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖੀ ਬਰਾਬਰੀ ਨੂੰ ਕਾਇਮ ਕਰਨ ਲਈ ਕੁਝ ਅਹਿਮ ਪ੍ਰਸ਼ਨ ਵੀ ਲਏ ਹਨ:

---

16 Ember & Ember, Anthropology, lp. 271

17 ਸਭ ਮਹਿ ਜੋਤਿ ਜੋਤਿ ਹੈ ਸੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 663)

18 ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸ ਮਹਿ ਰਾਖੀ ਜੋਤਿ ਅਪਾਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1256)

19 ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸ ਮਹਿ ਰਾਖੀ ਜੋਤਿ ਅਪਾਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1256)

20 ਸਰਬ ਜੋਤਿ ਤੇਰੀ ਪਸਰ ਰਹੀ॥
ਜਹ ਜਹ ਦੇਖਾ ਤਹ ਨਰ ਹਰੀ॥ (ਉਹੀ, ਪੰਨਾ 876)

21 ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥ (ਉਹੀ, ਪੰਨਾ 142)

**ਜਾਤ –ਪਾਤ ਦਾ ਖੰਡਨ (CASTE SYSTEM)**:

ਜਾਤ-ਪਾਤੀ ਸਮਾਜ ਵਿਚ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ ਵਿਚ ਵੱਡਾ ਪਾੜਾ ਹੁੰਦਾ ਹੈ। ਜਿਵੇਂ ਕਿ ਪਹਿਲਾਂ ਵਿਸਥਾਰਪੂਰਵਕ ਵਰਨਣ ਕੀਤਾ ਜਾ ਚੁੱਕਾ ਹੈ ਕਿ ਵੇਦਾਂ ਦੇ ਸਮੇਂ ਤੋਂ ਹੀ ਭਾਰਤੀ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ। ਬ੍ਰਾਹਮਣ ਸਭ ਤੋਂ ਉੱਚੀ ਜਾਤ ਮੰਨੀ ਜਾਂਦੀ ਸੀ ਤੇ ਸ਼ੂਦਰ ਸਭ ਤੋਂ ਨੀਵੀਂ। ਸ਼ੂਦਰਾਂ ਕੋਲ ਕੋਈ ਅਧਿਕਾਰ ਨਹੀਂ ਸਨ। ਇਸ ਪ੍ਰਥਾ ਨੂੰ 'ਦੈਵੀ' ਘੋਸ਼ਿਤ ਕੀਤਾ ਗਿਆ ਸੀ। ਕਿਉਂ ਜੁ ਬ੍ਰਾਹਮਣ ਬ੍ਰਹਮ ਦੇ ਮੂੰਹ ਤੋਂ, ਕਸ਼ਤਰੀ ਬਾਹਵਾਂ ਤੋਂ, ਵੈਸ਼ ਪੱਟਾਂ ਤੋਂ ਅਤੇ ਸ਼ੂਦਰ ਬ੍ਰਹਮ ਦੇ ਪੈਰਾਂ ਤੋਂ ਪੈਦਾ ਹੋਏ ਦਸੇ ਗਏ ਸਨ।[22] ਮਨੂ ਨੇ ਇਸ ਪ੍ਰਥਾ ਨੂੰ ਮਜ਼ਬੂਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਸੀ। ਬੁਧ ਮਤ ਨੇ ਇਸ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ ਸੀ, ਪਰ ਮਨੂ ਸਿਮਰਤੀ[23] ਨੇ ਇਸ ਪ੍ਰਥਾ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਉਸ ਅਨੁਸਾਰ ਸਾਰੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਨਿਆਂ ਨਾਲ ਨਾਲ ਸੰਬੰਧਤ ਮਸਲੇ ਇਸ ਆਧਾਰ 'ਤੇ ਹੀ ਹੱਲ ਹੁੰਦੇ ਹਨ ਕਿ ਇਹ ਮਸਲੇ ਕਿਸ ਜਾਤੀ ਦੇ ਵਿਅਕਤੀ ਨਾਲ ਸੰਬੰਧਿਤ ਹਨ। ਉਸ ਨੇ ਬ੍ਰਾਹਮਣ ਤੇ ਸ਼ੂਦਰ ਨੂੰ ਇੱਕੋ ਅਪਰਾਧ ਬਦਲੇ ਵੱਖ-ਵੱਖ ਸਜਾਵਾਂ ਦਾ ਮਸ਼ਵਰਾ ਦਿੱਤਾ। ਨਿਰਸੰਦੇਹ ਉਸ ਨੇ ਬ੍ਰਾਹਮਣ ਨਾਲ ਰਿਆਇਤ ਕੀਤੀ ਹੈ। ਉਸ ਨੇ ਵਿਸ਼ੇਸ਼ ਕਰਕੇ ਸੂਦਰ ਜਾਤੀਆਂ ਦਾ ਵੱਧ ਤੋਂ ਵੱਧ ਸ਼ੋਸ਼ਣ ਕਰਨ ਦੇ ਨਾਲ ਨਾਲ ਉਨ੍ਹਾਂ ਪ੍ਰਤੀ ਗੈਰ-ਮਾਨਵੀ ਰਵੱਈਆ ਧਾਰਣ ਕੀਤਾ। ਸ਼ੁਰੂ ਵਿਚ ਬੁੱਧ ਅਤੇ ਜੈਨ ਮਤ ਨੇ ਜਾਤ-ਪਾਤੀ ਪ੍ਰਣਾਲੀ ਨੂੰ ਸਵੀਕ੍ਰਿਤੀ ਨਹੀਂ ਦਿੱਤੀ ਸੀ ਪਰ ਬਾਅਦ ਵਿਚ ਇਨ੍ਹਾਂ ਨੇ ਸਹਿਜੇ ਸਹਿਜੇ ਇਸ ਪ੍ਰਥਾ ਨੂੰ ਅਪਣਾ ਹੀ ਲਿਆ। ਇਨ੍ਹਾਂ ਦੋਹਾਂ ਵਿਚੋਂ ਕਿਸੇ ਨੇ ਪ੍ਰਚਲਿਤ ਸਮਾਜਿਕ ਸੰਬੰਧਾਂ ਨੂੰ ਚੁਣੌਤੀ ਨਹੀਂ ਦਿੱਤੀ।[24] ਮਹਾਤਮਾ ਬੁੱਧ ਨਾਲ ਸੰਬੰਧਿਤ

---

[22] ब्राह्मणो अस्य मुखमासी द्राहु राजन्य: कृतः।
ऊरू तदस्य यद्वैश्यः पद्रचां शूद्रो आजायत।। ऋग्वेदः 10.90.12

[23] ਮਨੂ ਸਿਮਰਤੀ: 10:109, 111, 123; 8:22, 142, 380, 414, 4:80.
यद्रब्राहरोना पद्दतं धनं तत्परलोकदम।।
शुद्राय दत्रमयि पत्ररकायैव केवलम्।। शुक्रनीतिः 2.405
ਸ਼ੂਦਰ ਨੂੰ ਦਾਨ ਦੇਣ ਨਾਲ, ਦਾਤਾ ਨਰਕ ਵਿਚ ਜਾਂਦਾ ਹੈ। ਜਦੋਂ ਕਿ ਬ੍ਰਾਹਮਣ ਚੋਰੀ ਕਰਕੇ ਵੀ ਜਿਸ ਦੀ ਵਸਤੂ ਉਹ ਚੋਰੀ ਕਰਦਾ ਹੈ, ਉਪਰ ਉਪਕਾਰ ਕਰਦਾ ਹੈ।

[24] डी.एन.झा. प्राचीन भारतः एक रूपरेखा, पृ- 46

ਇਕ ਗਾਥਾ ਵਿਚ ਦਸਿਆ ਹੈ ਕਿ ਮਹਾਤਮਾ ਬੁੱਧ ਵੈਸ਼ ਜਾਂ ਸ਼ੂਦਰ ਜਾਤਾਂ ਵਿਚ ਨਹੀਂ ਬਲਕਿ ਦੋ ਉਚੀਆਂ ਜਾਤਾਂ ਵਿਚ ਹੀ ਜਨਮ ਲੈ ਸਕਦੇ ਹਨ।[25] ਸਪਸ਼ਟ ਹੈ ਕਿ ਇਸ ਜਾਤ-ਪਾਤੀ ਪ੍ਰਥਾ ਨੇ ਸਮੁੱਚੀ ਭਾਰਤੀ ਸੰਸਕ੍ਰਿਤੀ ਨੂੰ ਸਦਾ ਸਦਾ ਲਈ ਆਪਣੀ ਗ੍ਰਿਫ਼ਤ ਵਿਚ ਲੈ ਗਿਆ। ਇਸ ਪ੍ਰਥਾ ਬਾਰੇ ਦੈਵੀ ਵਿਸ਼ਵਾਸ਼, ਕਿਸੇ ਨੂੰ ਇਸ ਵਿਰੁੱਧ ਬੋਲਣ ਤੋਂ ਵਰਜਦਾ ਸੀ। ਜਾਤ-ਪਾਤੀ ਪ੍ਰਥਾ ਵਿਰੁੱਧ ਬੋਲਣ ਦਾ ਅਰਥ ਸੀ ਹਿੰਦੂ ਸਮਾਜ ਤੋਂ ਨਿਕਾਲਾ। ਪਰ ਇਹ ਸੱਚ ਹੈ ਇਹ ਪ੍ਰਥਾ ਦੈਵੀ ਮੰਤਵ ਨੂੰ ਹਾਸਿਲ ਨਹੀਂ ਕਰ ਸਕਦੀ।[26]

ਗੁਰੂ ਨਾਨਕ ਸਾਹਿਬ ਨੇ ਜਾਤ-ਪਾਤੀ ਪ੍ਰਥਾ ਨੂੰ ਖੁਲ੍ਹੇਆਮ ਨਿੰਦਿਆ ਹੈ। ਉਨ੍ਹਾਂ ਦੇ ਇਸ ਯੋਗਦਾਨ ਨੂੰ ਦੇਖਣ ਤੋਂ ਪਹਿਲਾਂ ਇਹ ਵੀ ਸੱਚ ਹੈ ਕਿ ਭਾਰਤੀ ਲਹਿਰ ਦੇ ਭਗਤਾਂ ਨੇ ਵੀ ਜਾਤ-ਪਾਤੀ ਪ੍ਰਥਾ ਨੂੰ ਰੱਦ ਕੀਤਾ ਸੀ। ਉਦਾਹਰਣ ਵਜੋਂ ਭਗਤ ਕਬੀਰ ਤੇ ਨਾਮਦੇਵ ਲਏ ਜਾ ਸਕਦੇ ਹਨ। ਇਨ੍ਹਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਉਹ ਨੀਵੀਆਂ ਜਾਤਾਂ ਨਾਲ ਸੰਬੰਧਿਤ ਸਨ। ਇਉ ਉਨ੍ਹਾਂ ਦਾ ਜਾਤ-ਪਾਤੀ ਪ੍ਰਥਾ ਨਾਲ ਵਿਰੋਧ ਨਿੱਜੀ ਕਿਸਮ ਦਾ ਹੋ ਨਿਬੜਦਾ ਹੈ। ਜਦੋਂ ਕਿ ਗੁਰੂ ਨਾਨਕ ਸਾਹਿਬ ਜਾਤ-ਪਾਤੀ ਪ੍ਰਥਾ ਅਨੁਸਾਰ ਖੱਤਰੀਆਂ ਦੀ ਉੱਚ ਗੋਤ ਬੇਦੀ ਨਾਲ ਸੰਬੰਧਿਤ ਸਨ। ਉਨ੍ਹਾਂ ਨੂੰ ਉਸ ਤਰ੍ਹਾਂ ਦੀ ਜਿੱਲਤ ਭਰੀ ਜ਼ਿੰਦਗੀ ਨਹੀਂ ਗੁਜ਼ਾਰਨੀ ਪਈ, ਜਿਹੋ ਜਿਹੀ ਭਗਤ ਕਬੀਰ ਤੇ ਭਗਤ ਨਾਮਦੇਵ ਨੂੰ ਬਿਤਾਉਣੀ ਪਈ ਸੀ। ਇਸਦੇ ਬਾਵਜੂਦ ਗੁਰੂ ਨਾਨਕ ਸਾਹਿਬ ਨੇ ਇਸ ਪ੍ਰਥਾ ਦੀ ਮਾਨਵ ਵਿਰੋਧੀ ਪਹੁੰਚ ਕਾਰਨ ਇਸਦਾ ਸਪਸ਼ਟ ਖੰਡਨ ਕੀਤਾ।

ਡਾ. ਰਾਧਾਕ੍ਰਿਸ਼ਨਨ ਦੇ ਸ਼ਬਦਾਂ ਵਿਚ, "ਨਾਨਕ ਨੇ ਸਵੈ ਅਭਿਮਾਨੀ ਨਰ-ਨਾਰੀਆਂ ਜਿਨ੍ਹਾਂ ਵਿਚ ਆਪਣੇ ਨੇਤਾਵਾਂ ਪ੍ਰਤੀ ਸ਼ਰਧਾ ਹੋਵੇ ਜੋ ਸਭ ਨਾਲ ਬਰਾਬਰੀ ਅਤੇ ਭਾਈਚਾਰੇ ਵਾਲਾ ਵਿਵਹਾਰ ਕਰ ਸਕਦੇ ਹੋਣ, ਦਾ ਇਕ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ।"[27]

---

[25] ਆਰਯਸ਼ੂਰ ਰਚਿਤ ਜਾਤਕਮਾਲਾ ਵਿਚ ਬੁੱਧ ਦੇ 34 ਪੂਰਵ-ਜਨਮਾਂ ਦਾ ਵਰਨਣ ਹੈ। ਇਨ੍ਹਾਂ ਜਨਮਾਂ ਵਿਚ ਉਹ ਬ੍ਰਾਹਮਣ ਜਾਂ ਰਾਜ ਕੁਲ ਵਿਚ ਹੀ ਪੈਦਾ ਹੁੰਦੇ ਹਨ। ਪਸ਼ੂ ਤੇ ਪੰਛੀਆਂ ਵਿਚ ਵੀ ਜਨਮ ਲੈਂਦੇ ਹਨ ਪਰ ਸ਼ੂਦਰ ਦੇ ਘਰ ਨਹੀਂ।

[26] "Fanaticism marked the period of our decline. We suffered when we became rigid and fanatical and prospered when we were tolerant". Dr. S.S. RadhaKrishnan, The Present Crisis of Faith, p. 112.

[27] "Nanak tried to build a nation of self respecting men and women, devoted to God and their leaders filled with sense of equality brotherhood for all." Dr. S.S. RadhaKrishnan, Religion and Culture, p. 142.

ਗੁਰੂ ਨਾਨਕ ਸਾਹਿਬ ਨੇ ਸਭ ਮਨੁੱਖਾਂ ਵਿਚ ਇਕ ਪਰਮਾਤਮਾ ਦੀ ਛਵੀ ਨੂੰ ਦੇਖਦਿਆਂ ਜਾਤ-ਪਾਤ ਦੇ ਵਖਰੇਵੇਂ ਨੂੰ ਫਜ਼ੂਲ ਤੇ ਬੇਲੋੜਾ ਦਸਿਆ ਹੈ।[28] ਪਰਮਾਤਮਾ ਨੇ ਜਾਤ ਨਹੀਂ ਪੁਛਣੀ,[29] ਇਸ ਲਈ ਜਾਤ ਨੂੰ ਮਹੱਤਵ ਦੇਣਾ, ਬਣਦਾ ਨਹੀਂ।[30] ਜਾਤ ਦੀ ਥਾਂ ਜੋਤ (ਜੋ ਕਿ ਸਭ ਵਿਚ ਸਮਾਨ ਹੈ) ਨੂੰ ਆਦਰ ਦੇਣਾ ਚਾਹੀਦਾ ਹੈ।[31] ਗੁਰੂ ਨਾਨਕ ਸਾਹਿਬ ਅਨੁਸਾਰ ਸਭ ਮਨੁੱਖਾਂ ਦੀ ਜਾਤ ਇਕ ਹੀ ਹੈ।[32] ਗੁਰੂ ਸਾਹਿਬ ਦਾ ਇਹ ਵੀ ਕਥਨ ਹੈ ਕਿ ਗੁਰੂ ਦੀ ਸਰਨੀ ਪਿਆਂ, ਜਾਤ-ਪਾਤ ਆਦਿ ਦੀ ਹਉਮੈ ਮਿਟ ਜਾਂਦੀ ਹੈ।[33] ਗੁਰੂ ਜੀ 'ਨੀਚ ਜਨਮ ਵਾਲਾ' ਉਸ ਨੂੰ ਨਹੀਂ ਮੰਨਦੇ ਜਿਸ ਨੂੰ ਸਮਾਜ ਵਿਚ ਅਧਿਕਾਰਹੀਣ ਕਰ ਦਿੱਤਾ ਗਿਆ ਹੈ, ਸਗੋਂ ਉਹ ਨੀਚ ਹੈ ਜਿਹੜਾ ਪਰਮਾਤਮਾ ਤੋਂ ਵਿਛੜ ਕੇ ਜੀਵਨ ਜਿਉਂਦਾ ਹੈ।[34] ਹਰੇਕ ਉਹ ਵਿਅਕਤੀ ਜੋ ਪਰਮਾਤਮਾ ਦੇ ਮਾਰਗ ਉਪਰ ਚਲਦਾ ਹੈ, ਮੁਕਤ ਹੋ ਸਕਦਾ ਹੈ।[35]

ਜਾਤ-ਪਾਤੀ ਪ੍ਰਥਾ ਦੇ ਸੰਬੰਧ ਵਿਚ ਗੁਰੂ ਨਾਨਕ ਸਾਹਿਬ ਦਾ ਮਤ ਬਿਲਕੁਲ ਸਪਸ਼ਟ ਹੈ। ਉਨ੍ਹਾਂ ਨੇ ਇਸ ਦਾ ਸਿਰਿਓਂ ਖੰਡਨ ਕੀਤਾ ਹੈ। ਪਰ ਕੁਝ ਵਿਦਵਾਨਾਂ ਨੇ ਭਿੰਨ ਵਿਚਾਰ ਵੀ ਪ੍ਰਗਟ ਕੀਤੇ ਹਨ, ਜਿਵੇਂ ਇੰਦੂ ਭੂਸ਼ਨ ਬੈਨਰਜੀ ਨੇ ਇਹ ਗੱਲ ਨਹੀਂ ਸਵੀਕਾਰੀ ਕਿ ਗੁਰੂ ਨਾਨਕ ਸਾਹਿਬ ਜਾਤੀ ਪ੍ਰਣਾਲੀ ਦੇ ਵਿਰੁੱਧ ਸਨ।[36] ਗੁਰੂ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ[37] ਦੀਆਂ ਗਵਾਹੀਆਂ ਮੌਜੂਦ ਹਨ ਕਿ ਗੁਰੂ ਸਾਹਿਬ ਜਾਤੀ ਪ੍ਰਣਾਲੀ ਦੇ ਵਿਰੁੱਧ ਸਨ ਉਨ੍ਹਾਂ ਨੇ ਚਾਰੇ ਵਰਣਾਂ ਨੂੰ ਇਕ ਕਰ ਦਿੱਤਾ। ਇਸ ਸੰਬੰਧੀ 16ਵੀਂ ਸਦੀ ਵਿਚ ਰਚੇ ਗ੍ਰੰਥ ਦਾ ਦਬਿਸਤਾਨ-ਏ-ਮਜ਼ਾਹਿਬ ਦੀ ਜਾਣਕਾਰੀ ਬੜੀ ਮਹੱਤਵਪੂਰਨ ਹੈ।

---

[28] ਫਕੜ ਜਾਤੀ ਫਕੜ ਨਾਉ॥ ਸਭਨਾ ਜੀਆ ਇਕਾਛਾਉ। (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 83).

[29] ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੈ॥ (ਉਹੀ, ਪੰਨਾ 469)

[30] ਜਾਤਿ ਜਨਮੁ ਨ ਪੁਛੀਐ ਸਚ ਘਰੁ ਲੇਹੁ ਬਤਾਇ॥ (ਉਹੀ, ਪੰਨਾ 1330)

[31] ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (ਉਹੀ, ਪੰਨਾ 349)

[32] ਭਗਤਾ ਕੀ ਜਾਤਿ ਪਾਤਿ ਏਕੋ ਨਾਮ ਹੈ… (ਉਹੀ, ਪੰਨਾ 429)

[33] ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਵੀਚਾਰੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1198)

[34] ਖਸਮੁ ਵਿਸਾਰਹਿ ਤੇ ਕਮਜਾਤਿ॥ (ਉਹੀ, ਪੰਨਾ 10)

[35] ਜਿਨੀ ਨਾਮ ਧਿਆਇਆ ਗਏ ਮਸਕਤ ਘਾਲਿ॥ (ਉਹੀ, ਪੰਨਾ 8)

[36] ਇੰਦੂ ਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਭਾਗ ਪਹਿਲਾ, ਪੰਨੇ 88-95.

[37] ਭਾਈ ਗੁਰਦਾਸ, ਚਾਰ ਵਰਨ ਇਕ ਵਰਨ ਕਰਾਯਾ॥ (ਭਾਈ ਗੁਰਦਾਸ, 1:23)

**ਸੁੱਚ-ਭਿੱਟ ਦਾ ਖੰਡਨ (UNTOUCHABILITY)**:

ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ,"ਅਸੀਂ ਜਿਸ ਧਰਮ ਨੂੰ ਮੰਨਦੇ ਹਾਂ, ਉਸ ਦੇ ਨਾਂ ਉਪਰ ਅਸਪਰਸ਼ਤਾ ਇਕ ਵੱਡਾ ਕਲੰਕ ਹੈ।[38] ਉਨ੍ਹਾਂ ਦੀ ਟਿੱਪਣੀ ਨਿਸ਼ਚੇ ਹੀ ਹਿੰਦੂ ਮਤ ਦੇ ਉਸ ਵਿਸ਼ਵਾਸ ਬਾਰੇ ਹੈ ਜਿਸ ਅਨੁਸਾਰ ਕੁਝ 'ਨੀਚ' ਲੋਕਾਂ ਦੇ ਛੂਹ ਜਾਣ ਨਾਲ, ਮਨੁੱਖ ਭਿੱਟਿਆ ਜਾਂਦਾ ਹੈ। ਜਾਤੀ-ਵਿਵਸਥਾ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ। ਐਮ.ਐਨ.ਸੀ. ਨਿਵਾਸ ਲਿਖਦਾ ਹੈ ਕਿ "ਹਿੰਦੂ ਧਰਮ ਕੇਵਲ ਇਸ ਅਰਥ ਵਿਚ ਧਰਮ-ਪਰਿਵਰਤਨ ਕਰਾਉਣ ਵਾਲਾ ਨਹੀਂ, ਹੈ, ਜਿਸ ਵਿਚ ਗੈਰ-ਹਿੰਦੂਆਂ ਨੂੰ ਹਿੰਦੂ ਧਰਮ ਵਿਚ ਹੀ ਦੀਖਸ਼ਤ ਕਰਨ ਲਈ ਕੋਈ ਉਪਚਾਰਿਕ ਤੰਤਰ ਨਹੀਂ ਹੈ। ਇਸ ਦਾ ਇਕ ਕਾਰਣ ਜਾਤ-ਵਿਵਸਥਾ ਹੈ ਕਿਉਂਕਿ ਬਿਨਾ ਜਾਤ ਦੇ ਵਿਅਕਤੀ ਦਾ ਸਮਾਜ ਵਿਚ ਕੋਈ ਸਥਾਨ ਨਹੀਂ ਹੈ। ਉਸ ਨੂੰ ਪਤਨੀ ਨਹੀਂ ਮਿਲ ਸਕਦੀ...।"[39] ਭਾਵ ਕਿ ਜਾਤ-ਪਾਤ ਦੇ ਪ੍ਰਬੰਧ ਵਿੱਚੋਂ ਖ਼ੂਨ ਨੂੰ ਸ਼ੁੱਧ ਰੱਖਣ ਦਾ ਖਿਆਲ ਪੈਦਾ ਹੋਇਆ। ਹਿੰਦੂਆਂ ਦੇ ਚਾਰ ਵਰਣਾਂ[40] ਤੋਂ ਇਲਾਵਾ ਇਕ ਹੋਰ ਜਾਤ ਸੀ। ਇਹ ਅਛੂਤ ਸਨ, ਜਿਨ੍ਹਾਂ ਦੀ ਗਿਣਤੀ ਕਿਸੇ ਵਰਣ ਵਿਚ ਨਹੀਂ ਹੁੰਦੀ ਸੀ। ਇਹ ਭਾਰਤ ਦੇ ਮੂਲ ਨਿਵਾਸੀ ਸਨ। ਅਛੂਤ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਜਿਹੜੇ ਅੰਤਰੀਵੀ ਗੁਣਾਂ ਕਰਕੇ ਦੂਸ਼ਿਤ, ਕਲੰਕਤ, ਭੰਡੇ ਹੋਏ ਅਤੇ ਜਾਤ-ਪਾਤ ਦੇ ਰੁਤਬੇ ਤੋਂ ਬਾਹਰ ਹੁੰਦੇ ਸਨ।[41] ਅਜਿਹੀਆਂ ਅਛੂਤ ਸ਼੍ਰੇਣੀਆਂ ਭਾਰਤ ਤੋਂ ਬਿਨਾਂ ਜਾਪਾਨ, ਕੋਰੀਆ, ਤਿੱਬਤ ਅਤੇ ਦੱਖਣੀ ਅਫਰੀਕਾ ਆਦਿ ਦੇਸ਼ਾਂ ਵਿਚ ਮੌਜੂਦ ਹਨ। ਇਸ ਦਾ ਕਾਰਣ ਰੰਗ ਬਾਰੇ ਤੁਅੱਸਬ ਜਾਂ ਨਸਲੀ ਨਫਰਤ ਹਨ। ਅਛੂਤ ਅਪਵਿੱਤਰ ਸਮਝੇ ਜਾਂਦੇ। ਉਨ੍ਹਾਂ ਦੀ ਹਾਜ਼ਰੀ ਨਾਲ ਵਾਤਾਵਰਣ ਦੂਸ਼ਿਤ ਹੋਣ ਦਾ ਵੀ ਵਿਸ਼ਵਾਸ ਸੀ। ਇਨ੍ਹਾਂ ਲੋਕਾਂ ਵਿਚ ਸਫਾਈ ਦਾ ਕੰਮ ਕਰਨ ਵਾਲੇ, ਚਮੜੇ ਦਾ ਕੰਮ ਕਰਨ ਵਾਲੇ, ਨਾਈ, ਧੋਬੀ, ਤੇਲੀ, ਮਿੱਟੀ ਤੇ ਬਰਤਨ ਬਣਾਉਣ ਵਾਲੇ ਹੁੰਦੇ

---

38 "Untouchability is a great blot on the name of faith we propers". Dr. S. RadhaKrishnan, The Present Crisis of Faith, p. 113.

39 एस.एन.श्री निवासः आधुनिक भारत में जातिवाद, पृ. 167-
ਟਿੱਪਣੀ: ਡਾ. ਰਾਧਾਕ੍ਰਿਸ਼ਨਨ ਨੇ ਆਪਣੀ ਪੁਸਤਕ The Hindu View of Life ਦੇ ਪੰਨਾ 28 ਉੱਪਰ ਹਿੰਦੂ ਧਰਮ ਦੀ ਉਸਤਤੀ ਵਿਚ ਲਿਖਿਆ ਹੈ ਕਿ "ਹਿੰਦੂਆਂ ਨੇ ਦੂਜਿਆਂ ਨੂੰ ਆਪਣੇ ਧਰਮ ਵਿਚ ਦੀਖਸ਼ਤ ਕਰਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ।"

40 ਵਰਣ ਦਾ ਅਰਥ 'ਰੰਗ' ਹੈ।

41 "untouchability" is another special variety of caste organization. It refers to the Intrinsically olluted, stigmatized, denigrated and exchluded caste status found in many societies". International Encyclopedia of Social Sciences, Vol. 2, p. 337.

ਸਨ। ਅਗੋਂ ਇਹਨਾਂ ਵਿਚ ਵੀ ਦਰਜੇਬੰਦੀ ਹੋਈ ਹੋਈ ਸੀ। ਭਿੱਟ ਦੇ ਵਿਚਾਰ ਨੇ ਧਰਮ ਜਾਂ ਜਾਦੂ ਦੀ ਪੁੱਠ ਦੇ ਕੇ ਜਾਤਾਂ ਵਿਚਕਾਰ ਅਜਿਹੀਆਂ ਕਾਬੂ ਨਾ ਆਉਣ ਵਾਲੀਆਂ ਕੰਧਾਂ ਖੜੀਆਂ ਕੀਤੀਆਂ ਕਿ ਜਾਤ-ਪਾਤੀ ਸਮਾਜ ਵਿਚ ਸਮਾਜਕ ਭੇਦ-ਭਾਵ ਪੁਖਤਾ ਹੋ ਗਿਆ।[42]

ਗੁਰੂ ਨਾਨਕ ਸਾਹਿਬ ਮਨੁੱਖ ਨੂੰ ਮਨੁੱਖ ਤੋਂ ਨਿਖੇੜਨ ਵਾਲੀ ਅਖੌਤੀ ਪਵਿੱਤਰਤਾ ਦਾ ਖੰਡਨ ਕਰਦਿਆਂ, ਇਸ ਨੂੰ ਸੂਖਮ ਅਰਥਾਂ ਵਿਚ ਲੈਂਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਰੀਰਕ ਸਫਾਈ ਨਾਲ ਕੋਈ ਪਵਿੱਤਰ ਨਹੀਂ ਹੋ ਸਕਦਾ, ਮਨ ਦੀ ਸ਼ੁਧੀ ਨਾਲ ਹੀ ਪਵਿੱਤਰਤਾ ਮੰਨੀ ਜਾ ਸਕਦੀ ਹੈ।[43] ਗੁਰੂ ਜੀ ਦਾ ਭਾਵ ਹੈ ਕਿ ਜੇਕਰ ਮਨ ਪਵਿੱਤਰ ਜਾਂ ਸ਼ੁਧ ਨਹੀਂ ਹੋਇਆ ਤਾਂ ਪਵਿੱਤਰਤਾ ਦਾ ਕੀ ਅਰਥ।[44] ਗੁਰੂ ਨਾਨਕ ਸਾਹਿਬ ਦੇ ਇਸ ਕਥਨ ਵਿਚ ਬੜੀ ਵੱਡੀ ਕ੍ਰਾਂਤੀ ਛਿਪੀ ਹੋਈ ਸੀ ਕਿ ਉਹੀ ਮਨੁੱਖ ਪਵਿੱਤਰ ਹੈ, ਜਿਸ ਦੇ ਮਨ ਵਿਚ ਸੱਚਾ ਨਾਮ ਵਸਿਆ ਹੋਇਆ ਹੈ।[45] ਵਿਸ਼ੇ-ਵਿਕਾਰਾਂ ਦੀ ਮੈਲ ਤੋਂ ਰਹਿਤ ਹੋ ਕੇ ਹੀ ਪਵਿੱਤਰਤਾ ਹਾਸਲ ਕੀਤੀ ਜਾ ਸਕਦੀ ਹੈ।[46] ਉਹੀ ਸੁੱਚਾ ਹੈ ਜਿਸ ਵਿਚ ਸਦਗੁਣ ਹਨ।[47] ਆਸਾ ਦੀ ਵਾਰ ਵਿਚ ਤਤਕਾਲੀਨ ਬ੍ਰਾਹਮਣ ਸਮਾਜ ਦੀ ਅਖੌਤੀ ਪਵਿੱਤਰਤਾ ਦੇ ਪੋਲ ਨੂੰ ਖੋਲ੍ਹਦਿਆਂ, ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਉਹ ਆਪ ਤਾਂ ਚੌਕੇ ਉਪਰ ਲਕੀਰਾਂ ਕਢਕੇ ਸੁੱਚ-ਭਿੱਟ ਦੀ ਦੁਹਾਈ ਪਾਉਂਦੇ ਹਨ, ਪਰ ਆਪ ਨੀਲੇ ਕਪੜੇ (ਮੁਸਲਮਾਨੀ ਲਿਬਾਸ) ਪਾ ਕੇ ਹਾਕਮਾਂ ਨੂੰ ਖੁਸ਼ ਕਰਦੇ ਹਨ।[48]

---

[42] ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 42.

[43] ਸੂਚੇ ਏਹਿ ਨ ਆਖੀਅਹਿ ਬਹਿਨ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472)

[44] ਮਨਿ ਮੈਲੇ ਸੂਚਾ ਕਿਉ ਹੋਇ॥ (ਉਹੀ, ਪੰਨਾ 686)

[45] ਤਨ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥ (ਉਹੀ, ਪੰਨਾ 19)

[46] ਸੋ ਸੂਚਾ ਜਿ ਕਰੋਧੁ ਨਿਵਾਰੇ॥ (ਉਹੀ, ਪੰਨਾ 1059)

[47] ਅਨਦਿਨ ਸੂਚੇ ਹਰਿ ਗੁਣ ਸੰਗਾ॥ (ਉਹੀ, ਪੰਨਾ 354)

[48] ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੇ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472)

ਇਸ ਤਰ੍ਹਾਂ ਮਾਨਵਵਾਦੀ ਸੰਦੇਸ਼ ਨਾਲ ਗੁਰੂ ਨਾਨਕ ਸਾਹਿਬ ਨੇ ਇਨਸਾਨੀ ਭਾਈਚਾਰੇ ਨੂੰ ਛੂਤ-ਛਾਤ ਜਿਹੇ ਲਾਹਨਤ ਭਰੇ ਵਿਸ਼ਵਾਸ ਤੋਂ ਮੁਕਤ ਹੋਣ ਦੀ ਸਿੱਖਿਆ ਦਿੱਤੀ।

ਅੱਜ ਦੇ ਭਾਰਤੀ ਸਮਾਜ ਅਤੇ ਵਿਸ਼ਵ ਭਾਈਚਾਰੇ ਵਿਚ, ਇਸ ਸੰਦੇਸ਼ ਦੀ ਵੱਡੀ ਅਹਿਮੀਅਤ ਹੈ। ਮਹਾਤਮਾ ਗਾਂਧੀ ਨੇ 'ਅਸਪਰਸ਼ਤਾ ਨੂੰ ਪਾਪ' ਕਿਹਾ ਸੀ।[49] ਦੱਖਣੀ ਅਫ਼ਰੀਕਾ ਵਿਚਲੇ ਨਸਲੀ ਵਿਤਕਰਿਆਂ ਨੂੰ ਖ਼ਤਮ ਕਰਨ ਲਈ, ਸਾਰਾ ਸੰਸਾਰ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਇਸ ਪੱਖ ਤੋਂ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਬੜੇ ਲਾਹੇਵੰਦ ਅਤੇ ਪ੍ਰੇਰਨਾਮਈ ਹਨ। ਗੁਰੂ ਨਾਨਕ ਸਾਹਿਬ ਹਮੇਸ਼ਾਂ ਦੱਬੇ-ਕੁਚਲੇ ਅਤੇ ਲਿਤਾੜੇ ਲੋਕਾਂ ਦੀ ਧਿਰ ਬਣੇ।[50]

**ਊਚ-ਨੀਚ ਦਾ ਖੰਡਨ (RANK SOCIETY)**:

ਜਾਤ-ਪਾਤ, ਘਰਾਣੇ, ਅਮੀਰੀ-ਗਰੀਬ ਆਦਿ ਦੇ ਆਧਾਰ ਉਪਰ ਕੁਝ ਨੂੰ ਉੱਚਾ ਗਿਣ ਲੈਣਾ ਅਤੇ ਕਿਸੇ ਨੂੰ ਨੀਚ, ਇਹ ਵੀ ਅਸਮਾਨਤਾ ਪੈਦਾ ਕਰਨ ਵਾਲਾ ਕਾਰਕ ਹੈ। ਪਰ ਗੁਰੂ ਨਾਨਕ ਸਾਹਿਬ ਸਮਾਜਕ ਨਾ-ਬਰਾਬਰੀ ਪੈਦਾ ਕਰਨ ਵਾਲੀ ਕਿਸੇ ਦਰਜਾਬੰਦੀ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਅਨੁਸਾਰ ਨੀਚ ਉਹ ਨਹੀਂ ਜਿਸ ਨੂੰ ਸਮਾਜ ਨੇ ਅਧਿਕਾਰਹੀਣ ਕਰ ਦਿੱਤਾ ਹੈ, ਸਗੋਂ ਨੀਚ ਉਹ ਹੈ, ਜਿਸ ਨੇ ਪਰਮਾਤਮਾ ਨੂੰ ਭੁਲਾ ਦਿੱਤਾ ਹੈ।[51] ਇਹ ਵਿਸ਼ਵਾਸ ਏਨਾ ਪਵਿੱਤਰ ਤੇ ਉਪਕਾਰੀ ਹੈ ਕਿ ਇਹ ਮਨੁੱਖ ਨੂੰ ਨੀਵੀਂ ਜਾਤ ਵਿਚ ਜਨਮੇ ਹੋਣ ਦੀ ਸ਼ਰਮਿੰਦਗੀ ਵਿਚੋਂ ਕੱਢ ਲੈਂਦਾ ਹੈ। ਗਰੀਬਾਂ ਤੇ ਹੀਣ ਬੰਦਿਆਂ ਨੂੰ ਉੱਚਾ ਚੁੱਕ ਲੈਂਦਾ ਹੈ।[52]

ਪ੍ਰਾਚੀਨ ਸਮੇਂ ਤੋਂ ਹੀ ਵਿੱਦਿਆ ਪ੍ਰਾਪਤੀ ਦਾ ਅਧਿਕਾਰ ਵਿਸ਼ੇਸ਼ ਵਰਗ ਲਈ ਹੀ ਰਾਖਵਾਂ ਰਖਿਆ ਗਿਆ ਸੀ। ਵਿਸ਼ੇਸ਼ ਕਰਕੇ ਸ਼ੂਦਰ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਕੋਈ ਅਧਿਕਾਰ ਨਹੀਂ ਸੀ

---

[49] Mahatma Gandhi "Untouchability is a greatest blot on Hinduism" YI, 6-1-1927, p.2.

[50] ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥ (ਉਹੀ, ਪੰਨਾ 15)

[51] ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 10)

[52] ਕ.ਜ.ਅਸ਼ਰਫਿਆਨ, ਗੁਰੂ ਨਾਨਕ, ਪੰਨਾ 52.

ਦਿੱਤਾ ਗਿਆ। ਮੱਧਕਾਲੀ ਸਮਾਜ ਵਿਚ ਬੌਧਿਕ ਪ੍ਰਾਪਤੀ ਦਾ ਅਧਿਕਾਰ ਬ੍ਰਾਹਮਣ ਦਾ ਸੀ। ਇਸ ਵਿਦਿਆ ਦੇ ਏਕਾਧਿਕਾਰ ਨੇ ਬਾਕੀ ਸਮਾਜ ਨੂੰ ਬੌਧਿਕ ਤੌਰ ਤੇ ਪੰਗੂ ਬਣਾ ਦਿੱਤਾ ਸੀ ਅਤੇ ਬ੍ਰਾਹਮਣ (ਵਿਦਵਾਨ) ਵਰਗ ਨੂੰ ਹੰਕਾਰੀ। ਇਕ ਅਗਿਆਨਤਾ ਕਰਕੇ ਸਮਾਜ ਲਈ ਬੋਝ ਬਣ ਰਿਹਾ ਸੀ, ਤਾਂ ਦੂਜਾ ਆਪਣੀ ਹਉਮੈਂ ਕਾਰਣ ਸਮਾਜ ਲਈ ਘਾਤਕ ਸਿਧ ਹੋ ਰਿਹਾ ਸੀ। ਇਸ ਹਉਮੇ ਕਾਰਣ ਬੁਧੀਜੀਵੀ, ਸਮਾਜ ਦੀ ਠੋਸ ਅਗਵਾਈ ਕਰਨ ਦੀ ਥਾਂ ਸ਼ਖ਼ਸੀ ਸ਼ੋਭਾ ਕਮਾਉਣ ਅਤੇ ਮਹਿਫਿਲਾਂ ਦਾ ਸ਼ਿੰਗਾਰਾ ਹੀ ਬਣ ਕੇ ਰਹਿ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਅਨਪੜ੍ਹਤਾ ਅਤੇ ਅਗਿਆਨਤਾ ਦੀ ਜੂਨ ਹੰਢਾ ਰਹੀ ਜਨਤਾ ਉਪਰ ਸ਼ੌਂਕ ਵਿਅਕਤ ਕੀਤਾ ਹੈ।[53] ਤਾਂ ਦੂਜੇ ਪਾਸੇ ਅਖੌਤੀ ਵਿਦਵਾਨਾਂ ਦੀ ਇਸ ਕਰਕੇ ਆਲੋਚਨਾ ਕੀਤੀ ਹੈ ਕਿ ਉਨ੍ਹਾਂ ਦਾ ਗਿਆਨ ਥੋਥਾ ਹੈ ਅਤੇ ਹਉਮੈ ਵਧਾਉਣ ਵਾਲਾ ਹੈ।[54] ਜਿਹੜਾ ਗਿਆਨ ਵਾਦ-ਵਿਵਾਦ ਹੀ ਖੜ੍ਹਾ ਕਰਦਾ ਹੈ, ਉਸ ਦਾ ਕੋਈ ਲਾਭ ਨਹੀਂ ਹੈ। ਵਿਚਾਰਵਾਨ ਤਰ ਜਾਂਦਾ ਹੈ ਅਤੇ ਝਗੜਾਲੂ ਆਪਣਾ ਨਾਸ਼ ਕਰ ਲੈਂਦਾ ਹੈ।[55] ਗੁਰੂ ਨਾਨਕ ਜੀ ਅਨੁਸਾਰ ਜੇ ਵਿਚਾਰਵਾਨ ਹੋਵੇ ਤਾਂ ਉਹ ਖਲਕਤ ਦਾ ਕੋਈ ਭਲਾ ਕਰੇ।[56] ਪਰ ਵਿਦਿਆ ਦੀ ਬਹੁਲਤਾ ਕਰਕੇ ਜੇਕਰ ਕੋਈ ਆਪਣੇ ਆਪ ਨੂੰ ਉੱਚਾ ਅਤੇ ਦੂਜਿਆਂ ਨੂੰ ਨੀਵਾਂ ਸਮਝਦਾ ਹੈ ਤਾਂ ਇਸ ਨੂੰ ਅਣਉਚਿਤ ਦਸਿਆ ਗਿਆ ਹੈ। ਗੁਰੂ ਨਾਨਕ ਸਾਹਿਬ ਦਸਦੇ ਹਨ ਕਿ ਪਰਮਾਤਮਾ ਦੇ ਦਰਬਾਰ ਵਿਚ ਪੜ੍ਹੇ-ਲਿਖੇ ਜਾਂ ਅਨਪੜ੍ਹ ਦਾ ਕੋਈ ਭੇਦ ਨਹੀਂ, "ਜੇਕਰ ਪੜ੍ਹਿਆ-

---

[53] ਅੰਧੀ ਰਯਤਿ ਗਿਆਨ ਵਿਹੂਣੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 469)

[54] ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੈਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣ ਝਾਖ॥ (ਉਹੀ, ਪੰਨਾ 467)

[55] ਖੋਜੀ ਉਪਜੈ ਬਾਦੀ ਬਿਨਸੈ॥ (ਉਹੀ, ਪੰਨਾ 1255)

[56] ਵਿਦਿਆ ਵਿਚਾਰੀ ਤਾਂ ਪਰਉਪਕਾਰੀ॥ (ਉਹੀ, ਪੰਨਾ 356)

ਲਿਖਿਆ ਵਿਅਕਤੀ ਗੁਨਾਹਗਾਰ ਹੋਵੇ ਤਾਂ ਅਨਪੜ੍ਹ ਨੂੰ ਸਜ਼ਾ ਨਹੀਂ ਮਿਲਣੀ, ਸਗੋਂ ਉਸੇ ਨੂੰ ਮਿਲਣੀ ਹੈ ਕਰਮ ਕਰਕੇ ਹੀ ਚੰਗਾ ਜਾਂ ਬੁਰਾ ਨਾ ਬਣਦਾ ਹੈ।"[57]

ਇਸ ਸਮਾਜਿਕ ਬਰਾਬਰੀ ਵਿਚ, ਸਮਾਜਿਕ ਨਿਆਂ ਦਾ ਸਿਧਾਂਤ ਨਿਹਿਤ ਹੈ। ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ, ਨਸਲ, ਰੰਗ, ਲਿੰਗ ਆਦਿ ਉਪਰ ਅਧਾਰਿਤ ਨਾ-ਬਰਾਬਰੀ ਦਾ ਵਿਰੋਧ ਕੀਤਾ। ਭਾਈ ਜੋਧ ਸਿੰਘ ਹੁਰਾਂ ਦਾ ਵਿਚਾਰ ਹੈ "ਸਾਰੇ ਮਨੁੱਖ ਇਕੋ ਜਿਹੇ ਹਨ, ਇਸ ਲਈ ਜਾਤ-ਪਾਤ ਦੇ ਭੇਦ ਮਿਟਣੇ ਚਾਹੀਦੇ ਹਨ। ਇਹ ਪਹਿਲਾ ਭਾਈਚਾਰਕ ਅਸੂਲ ਸੀ, ਜਿਸ ਨੂੰ ਗੁਰਮਤਿ ਨੇ ਦ੍ਰਿੜ ਕਰਾਉਣਾ ਆਰੰਭ ਕੀਤਾ ਸੀ।"[58] "ਗੁਰੂ ਜੀ ਨੇ ਨਾ ਸਿਰਫ ਜਾਤ-ਪਾਤ ਦੀਆਂ ਰੁਕਾਵਟਾਂ ਨੂੰ ਦੂਰ ਕੀਤਾ, ਸਗੋਂ ਉਨ੍ਹਾਂ ਨੇ ਹਿੰਦੂ ਤੇ ਮੁਸਲਮਾਨਾਂ ਵਿਚਾਲੇ ਮੌਜੂਦ ਸਭਿਆਚਾਰਕ-ਧਾਰਮਿਕ ਰੁਕਾਵਟਾਂ ਨੂੰ ਵੀ ਹਟਾਇਆ। ਉਨ੍ਹਾਂ ਨੇ ਹਿੰਦੂ ਸਮਾਜ ਦੀ ਚੌਸਰ (ਵਰਣਾਸ਼ਰਮ) ਨੂੰ ਰੱਦ ਕੀਤਾ ਅਤੇ ਇਸ ਨੂੰ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਉਨਤੀ ਲਈ ਖਤਰਨਾਕ ਦੱਸਿਆ।"[59] ਸਮਾਜ ਦੀ ਸਥਾਪਨਾ ਉਹ ਕਰਨਾ ਚਾਹੁੰਦੇ ਸਨ, ਉਸ ਵਿਚ ਮਨੁੱਖ-ਮਨੁੱਖ ਦਰਮਿਆਨ ਆਪਸੀ-ਸਮਝ ਹੋਣੀ ਸੀ। ਇਸ ਸਮਾਜਿਕ ਬਰਾਬਰੀ ਦੇ ਸਿਧਾਂਤ ਵਿਚ ਹੀ ਵਿਸ਼ਵ ਭਾਈਚਾਰੇ ਦਾ ਸੰਕਲਪ ਸਮਾਇਆ ਹੈ। ਡਾ. ਰਾਧਾਕ੍ਰਿਸ਼ਨਨ ਦਾ ਇਹ ਕਥਨ ਬੜਾ ਢੁਕਵਾਂ ਹੈ ਕਿ ਜਦੋਂ ਮਾਨਵ ਜਾਤੀ ਸੱਚ ਪ੍ਰਤੀ ਜਾਗਰੂਕ ਹੋ ਜਾਵੇਗੀ, ਤਾਂ ਉਸ ਵਿਚ ਵਿਸ਼ਵ ਭਾਈਚਾਰੇ ਦਾ ਵਿਕਾਸ ਹੋਵੇਗਾ ਤੇ ਸਾਰੀ ਸ੍ਰਿਸ਼ਟੀ ਦੇ ਮਹਾਨ ਮੂਲ ਸ੍ਰੋਤ ਪ੍ਰਤੀ ਉਸਨੂੰ ਇਕ ਹੋਣ ਦੀ ਅਨੁਭੂਤੀ ਹੋਣ ਲੱਗੇਗੀ। ਜਿਸ ਵਿਅਕਤੀ ਦਾ ਜੀਵਨ ਈਸ਼ਵਰੀ ਅਨੁਭੂਤੀ ਨਾਲ ਓਤ-ਪੋਤ ਹੈ, ਉਸ ਵਿਚ ਸਾਰੀ ਸ੍ਰਿਸ਼ਟੀ ਲਈ ਪ੍ਰੇਮ ਦਾ ਸੋਮਾ ਫੁਟ ਪੈਂਦਾ ਹੈ। ਉਸ ਦੇ ਹਿਰਦੇ ਵਿਚ ਕਿਸੇ ਲਈ ਘ੍ਰਿਣਾ ਨਹੀਂ ਰਹਿੰਦੀ।"[60]

---

57 ਪੜ੍ਹਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ ਤੇਵੇ ਹੋ ਨਾਉ ਪਚਾਰੀਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 469)

58 ਭਾਈ ਜੋਧ ਸਿੰਹ, ਗੁਰਮਤਿ ਨਿਰ੍ਣਯ, ਪ੍ਰ. 258.

59 Dr. Trilochan Singh, Guru Nanak's Religion, p. 32

60 "When mankind awakes to the truth, universal brotherhood will follows, the at-one-ment with the great fountainhead of all creation. One whose life is rooted in the experience of the supreme spontancously developed to love for all creation. He will be tree from hatred for any man". Dr. S.RadhaKrishanan, Religion and Culture, p.15.

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮਾਜ ਸ਼ਾਸਤਰੀ ਸੰਕਲਪ ਵਿਚ ਸਮਾਜਿਕ ਨਾ-ਬਰਾਬਰੀ ਪੈਦਾ ਕਰਨ ਵਾਲੀ ਹਰ ਤਰ੍ਹਾਂ ਦੀ ਦਰਜੇਬੰਦੀ ਨੂੰ ਰੱਦ ਕੀਤਾ ਗਿਆ ਹੈ, ਪਰ ਮਨੁੱਖ ਉੱਚੇ ਜਾਂ ਨੀਵੇਂ ਹੋਣ ਦਾ ਆਧਾਰ ਅਧਿਆਤਮਕ ਪ੍ਰਾਪਤੀ ਨੂੰ ਜ਼ਰੂਰ ਮੰਨਿਆ ਹੈ। ਇਸ ਨੁਕਤੇ ਦੀ ਚਰਚਾ ਪਿਛਲੇ ਅਧਿਆਇ ਵਿਚ ਕੀਤੀ ਜਾ ਚੁੱਕੀ ਹੈ ਕਿ ਗੁਰਮੁਖ ਸੋਭਾ ਪਾਉਂਦੇ ਹਨ ਅਤੇ ਮਨਮੁਖ ਫਿਟਕਾਰਾਂ।

**ਸੁਤੰਤਰਤਾ ਦਾ ਅਧਿਕਾਰ (Right of Freedom):**

ਸਮਾਜਿਕ ਨੈਤਿਕਤਾ ਵਿਚ ਮਨੁੱਖੀ ਸੁਤੰਤਰਤਾ ਤੋਂ ਉਚੇਰੀ ਕੋਈ ਕੀਮਤ (value) ਨਹੀਂ ਹੈ। ਸੰਯੁਕਤ ਰਾਸ਼ਟਰ ਦੇ ਅਧਿਕਾਰਾਂ ਬਾਰੇ ਐਲਾਨ ਵਿਚ ਕਿਹਾ ਗਿਆ ਹੈ, "ਸਾਰੇ ਮਨੁੱਖ ਜਨਮ ਤੋਂ ਸੁਤੰਤਰ ਹਨ ਅਤੇ ਗੌਰਵ ਅਤੇ ਅਧਿਕਾਰਾਂ ਦੇ ਮਾਮਲੇ ਵਿਚ ਸਮਾਨ ਹਨ।"[61] "ਕੋਈ ਵੀ ਗੁਲਾਮੀ ਜਾਂ ਅਧੀਨਤਾ ਦੀ ਹਾਲਤ ਵਿਚ ਨਹੀਂ ਰਖਿਆ ਜਾਵੇਗਾ। ਗੁਲਾਮੀ ਅਤੇ ਗੁਲਾਮਾਂ ਦਾ ਵਪਾਰ, ਭਾਵੇਂ ਉਹ ਕਿਸੇ ਵੀ ਰੂਪ ਵਿਚ ਹੋਵੇ, ਮਨ੍ਹਾ ਹੋਵੇਗਾ।"[62] ਹਰੇਕ ਮਾਨਵ ਦਾ ਇਹ ਕੁਦਰਤੀ ਹੱਕ ਸਮਝਿਆ ਜਾਣ ਲੱਗਾ ਹੈ ਕਿ ਉਹ ਕੁਝ ਨਿਯਮਾਂ ਵਿਚ ਰਹਿੰਦਿਆਂ ਹੋਇਆਂ, ਸੁਤੰਤਰਤਾ ਮਾਣੇ। ਜਾਨ ਲਾਕ ਆਪਣੀ ਪੁਸਤਕ Of civil government ਵਿਚ ਲਿਖਦਾ ਹੈ:

"Man being born, as has been proved, a title to perfect freedom, and an uncontrolled enjoyment of all the rights and privileges of the law of nature."[63]

ਸੁਤੰਤਰਤਾ ਤੋਂ ਭਾਵ ਹੈ ਕਿ ਦੂਜੇ ਵਿਅਕਤੀ ਦੀ ਅਸਥਿਰ, ਅਨਿਸ਼ਚਤ, ਅਗਿਆਤ ਅਤੇ ਨਿਰੰਕੁਸ਼ ਇੱਛਾ ਉਪਰ ਨਿਰਭਰਤਾ ਤੋਂ ਮੁਕਤੀ। ਪ੍ਰਸਿੱਧ ਦਾਰਸ਼ਨਿਕ ਹੀਗਲ ਲਈ ਸੁਤੰਤਰਤਾ ਅਤੇ

---

[61] Article 1, United Nation Charter on Human Rights.
[62] Article 4, United Nation Charter on Human Rights.
[63] "Man being born free, as has been proved a with to perfect freedom". John Locke, ChaterI, The Interoduction book of civil Government www.barteby.com.

ਅਧਿਕਾਰ ਸਮਾਨਾਰਥੀ ਹਨ।[64] ਸ਼ਾਇਦ ਇਸੇ ਕਰਕੇਵਿਲਿਅਮ ਬਿਵੇਰਿਜਡ ਦਾ ਕਥਨ ਹੈ ਕਿ "ਭੁੱਖਾ ਮਨੁੱਖ ਸੁਤੰਤਰ ਨਹੀਂ ਹੁੰਦਾ।"[65]

ਬਰਾਬਰੀ, ਸੁਤੰਤਰਤਾ ਦੀ ਪਹਿਲੀ ਜਰੂਰੀ ਸ਼ਰਤ ਹੈ। ਜੇਕਰ ਇਕ ਵਿਅਕਤੀ ਦੂਜੇ ਤੋਂ ਵਧੇਰੇ ਸੁਤੰਤਰ ਹੈ ਤਾਂ ਉਹ ਦੂਜੇ ਨੂੰ ਆਪਣਾ ਗੁਲਾਮ ਬਣਾ ਲਵੇਗਾ। ਇਸ ਤਰ੍ਹਾਂ ਸੁਰੱਖਿਆ ਨਿਆਂ, ਮਨੁੱਖੀ ਪ੍ਰਤਿਸ਼ਠਾ ਆਦਿ ਜਿਹੇ ਮਹੱਤਵਪੂਰਣ ਸੰਕਲਪ; ਸੁੰਤਤਰਤਾ ਨਾਲ ਸੰਬੰਧਿਤ ਹਨ। ਇਸ ਪੱਖ ਤੋਂ ਕਿਸੇ ਵਿਅਕਤੀ ਦੀ ਸੁਤੰਤਰਤਾ, ਦੂਜੇ ਵਿਅਕਤੀ ਉਪਰ ਨਿਰਭਰ ਕਰਦੀ ਹੈ। ਇਸ ਮੰਤਵ ਲਈ ਰਾਜ ਕਾਨੂੰਨ ਬਣਾ ਕੇ ਉਨ੍ਹਾਂ 'ਤੇ ਪਹਿਰਾ ਦਿੰਦੇ ਹਨ।

ਸੁਤੰਤਰਤਾ ਦੀ ਕੋਈ ਨਿਸ਼ਚਤ ਪਰਿਭਾਸ਼ਾ ਨਹੀਂ ਹੋ ਸਕਦੀ। ਪਰ ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਸੁਤੰਤਰ ਮਨੁੱਖ ਉਹ ਹੈ ਜਿਹੜਾ ਆਪਣੇ ਟੀਚੇ ਮਿੱਥ ਸਕੇ ਜਾਂ ਵਿਕਲਪ ਚੁਣਨ ਦੀ ਖੁਲ੍ਹ ਰਖਦਾ ਹੋਵੇ। ਸਮਾਜ-ਵਿਗਿਆਨਾਂ ਵਿਚ ਸੁਤੰਤਰਤਾ ਦੇ ਸਿਰਲੇਖ ਹੇਠ ਵਿਚਾਰ ਦੀ ਸੁਤੰਤਰਤਾ, ਬੋਲਣ ਦੀ ਸੁਤੰਤਰਤਾ, ਸੰਘ ਦੀ ਸੁਤੰਤਰਤਾ, ਇਕੱਠੇ ਹੋਣ ਦੀ ਸੁਤੰਤਰਤਾ, ਪੂਜਾ ਦੀ ਸੁਤੰਤਰਤਾ ਆਦਿ ਵਿਸ਼ਿਆਂ ਉਪਰ ਵਿਚਾਰ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਰਾਜਨੀਤੀ ਵਿਚ ਹਿੱਸਾ ਲੈਣ ਅਤੇ ਕਿੱਤੇ ਦੀ ਸੁਤੰਤਰਤਾ ਵੀ ਅਧਿਐਨ ਦਾ ਵਿਸ਼ਾ ਹੁੰਦੇ ਹਨ। ਪਰ ਗੁਰੂ ਨਾਨਕ ਦੇਵ ਜੀ ਨੇ ਸੁਤੰਤਰਤਾ ਨਾਲ ਸੰਬੰਧਤ ਹੇਠ ਲਿਖੇ ਪੱਖਾਂ ਉੱਪਰ ਵਿਚਾਰ ਦਿੱਤੇ ਹਨ:

(ੳ) ਮਨੁੱਖੀ ਬਰਾਬਰੀ (ਇਸ ਉਪਰ ਵਿਚਾਰ ਹੋ ਚੁੱਕਾ ਹੈ)

(ਅ) ਮਨੁੱਖੀ ਪ੍ਰਤਿਸ਼ਠਾ

(ੲ) ਸਮਾਜਿਕ ਨਿਆਂ

(ਸ) ਸਮਾਜਿਕ ਸੁਰੱਖਿਆ

---

64 Hegal, "Social and Political Thoughts" The Universal will is that moment in the Idea of freedom where willing is throught of as state of absolutely unrestricted volition, unfettered by any particular circumstances or limitation whosoever- The pure form of willing. www.jep.citm.edu-hegalsoc.co.in.

65 Sir William Beveridge, "A Starving man is not tree, because till he fed, he cannot have a thought for anything but hows to meet his urgent physical needs: he reduced from a man to an animal". www.miser.org.library.in

**ਮਨੁੱਖੀ ਪ੍ਰਤਿਸ਼ਠਾ (Dignity of Man)**:

ਸਾਰੇ ਧਰਮ, ਸਮਾਜ ਵਿਗਿਆਨ ਅਤੇ ਵਿਗਿਆਨ ਮਨੁੱਖ ਨੂੰ ਸਮਰਪਿਤ ਹਨ। ਸੰਸਾਰ ਵਿਚ ਮਨੁੱਖ ਤੋਂ ਵੱਧ ਕੇ ਮਹੱਤਵਪੂਰਣ ਕੋਈ ਜੀਵ ਨਹੀਂ। ਸਾਰੀ ਪ੍ਰਕਿਰਤੀ ਮਨੁੱਖ ਦੀ ਸੇਵਾ ਵਿਚ ਹੈ। ਇਸੇ ਕਰਕੇ ਗੁਰਬਾਣੀ ਵਿਚ ਮਨੁੱਖ ਨੂੰ ਧਰਤੀ ਦਾ ਸਰਦਾਰ ਕਹਿ ਕੇ ਵਡਿਆਇਆ ਗਿਆ ਹੈ।[66] ਗੁਰਬਾਣੀ ਦੇ ਧਰਮ-ਮੀਮਾਂਸਕ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਨੂੰ ਇਹ ਜਨਮ 84 ਲੱਖ ਜੂਨੀਆਂ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਹ ਮਨੁੱਖਾਂ ਜਨਮ ਬਹੁਤ ਹੀ ਮਹੱਤਵ ਅਤੇ ਸਤਿਕਾਰ ਦਾ ਪਾਤਰ ਹੈ ਕਿਉਂਕਿ ਇਹ ਜੀਵ ਨੂੰ ਫਲ (reward) ਦੇ ਤੌਰ 'ਤੇ ਪ੍ਰਾਪਤ ਹੋਇਆ ਹੈ। ਇਸ ਦਾ ਭਾਵ ਇਹ ਵੀ ਹੈ ਕਿ ਮਨੁੱਖ ਦਾ ਮਨੁੱਖ ਹੋਣਾ ਹੀ ਕਾਫੀ ਹੈ, ਉਸ ਦੇ ਜਿਨਸੀ, ਕੁਲ ਆਦਿ ਵਖਰੇਵੇਂ ਦਾ ਕੋਈ ਉਸਦਾ ਅਧਿਕਾਰ ਨਹੀਂ ਹੈ। ਰਾਜ ਦਾ ਉਦੇਸ਼ ਭਲਾਈ, ਕਲਿਆਣ ਅਤੇ ਸੁਰੱਖਿਆ ਹੈ। ਮਨੁੱਖ ਨੂੰ ਸੁਰੱਖਿਆ ਦੀ ਭਾਵਨਾ ਵਿਚੋਂ ਬੇਸ਼ੁਮਾਰ ਖੁਸ਼ੀ ਪ੍ਰਾਪਤ ਹੁੰਦੀ ਹੈ। ਸੁਰੱਖਿਆ, ਸੁਤੰਤਰਤਾ ਦੀ ਅਮੁਲ ਦੇਣ ਹੈ। ਇਸ ਸੁਰੱਖਿਆ ਦਾ ਆਧਾਰ ਸਵੈ-ਸਤਿਕਾਰ ਅਤੇ ਮਾਨਵ ਪ੍ਰਤਿਸ਼ਠਾ ਹੈ। ਮਨੁੱਖੀ ਪ੍ਰਤਿਸ਼ਠਾ, ਮਨੁੱਖੀ ਅਧਿਕਾਰ ਦੀ ਆਧਾਰ-ਸ਼ਿਲਾ ਹੈ। ਮਨੁੱਖੀ ਪ੍ਰਤਿਸ਼ਠਾ ਲੜਨ ਅਤੇ ਮਰਨ ਦਾ ਆਦਰਸ਼ਕ ਮੁੱਲ ਹੈ। ਮਿਲੀਕੀਆਸ ਜੋਹਨਜ਼ ਦਾ ਕਥਨ ਹੈ ਕਿ "ਜਦੋਂ ਕਿਸੇ ਵਿਅਕਤੀ ਦਾ ਸਨਮਾਨ ਖ਼ਤਮ ਹੋ ਜਾਂਦਾ ਹੈ ਤਾਂ ਸਮਝੋ ਉਸ ਦੀ ਮੌਤ ਹੋ ਗਈ ਹੈ। ਮੇਰੇ ਸਨਮਾਨ ਨੂੰ ਠੇਸ ਲਗਣ ਤੋਂ ਬਿਹਤਰ ਹੋਵੇਗਾ ਕਿ ਮੈਂ ਹਜ਼ਾਰਾਂ ਵਾਰੀ ਮਰ ਜਾਵਾਂ।"[67]

ਗੁਰੂ ਨਾਨਕ ਸਾਹਿਬ ਨੇ ਇਸ ਮਾਨਵ ਪ੍ਰਤਿਸ਼ਠਾ ਲਈ ਪਤਿ ਸ਼ਬਦ ਦਾ ਪ੍ਰਯੋਗ ਕੀਤਾ ਹੈ। ਪੰਜਾਬੀ ਵਿਚ ਇਸ ਸ਼ਬਦ ਤੋਂ ਭਾਵ ਸਤਿਕਾਰ, ਇੱਜਤ ਜਾਂ ਆਦਰ ਹੈ। ਗੁਰੂ ਸਾਹਿਬ ਨੇ ਪਤਿ ਬਿਨਾਂ ਜ਼ਿੰਦਗੀ ਜਿਊਣ ਨੂੰ ਧਿਰਕਾਰਿਆ ਹੈ।[68] ਇਸੇ ਤਰ੍ਹਾਂ ਇਕ ਹੋਰ ਥਾਂ ਆਪ ਜੀ ਨੇ ਫੁਰਮਾਇਆ ਹੈ ਕਿ

---

[66] ਅਵਰ ਜੋਨਿ ਤੇਰੀ ਪਨਿਹਾਰੀ॥
ਇਸ ਧਰਤੀ ਮਹਿ ਤੇਰੀ ਸਿਕਦਾਰੀ॥ (ਮ.ਪ. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 374)

[67] www.awate.com "It is better to he a thousands times than live without dignity".

[68] ਜੇ ਜੀਵੈ ਪਤਿ ਲਥੀ ਜਾਇ॥
ਸਭ ਹਰਾਮ ਜੇਤਾ ਕਿਛ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 142)

ਸਨਮਾਨਪੂਰਵਕ ਜ਼ਿੰਦਗੀ ਬਿਨਾਂ ਧਾਰਮਿਕ ਕ੍ਰਿਆਵਾਂ ਵੀ ਬੇਅਰਥ ਹਨ।[69] ਗੁਰੂ ਸਾਹਿਬ ਨੇ ਇਸ ਮੁੱਦੇ ਵਿਚ ਸਾਰੇ ਮਨੁੱਖਾਂ ਦੀ ਪ੍ਰਤਿਸ਼ਠਾ ਤੋਂ ਇਲਾਵਾ ਇਸਤਰੀਆਂ ਦਾ ਮੁੱਦਾ ਵਿਸ਼ੇਸ਼ ਤੌਰ 'ਤੇ ਉਠਾਇਆ ਹੈ।

**ਇਸਤਰੀ ਦੀ ਪ੍ਰਤਿਸ਼ਠਾ (Dignity of Woman)**:

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਨਹੀਂ, ਸਗੋਂ ਪੁਰਸ਼ ਤੋਂ ਵਧੇਰੇ ਮਹੱਤਵਪੂਰਨ ਦਸ ਕੇ, ਇਸਤਰੀ-ਜਾਤੀ ਦੇ ਸਨਮਾਨ ਦਾ ਮੁੱਦਾ ਰਖਿਆ ਹੈ। ਗੁਰੂ ਨਾਨਕ ਸਾਹਿਬ ਨੇ ਇਸਤਰੀ ਨੂੰ ਨੀਚ ਕਹਿਣ ਵਾਲਿਆਂ ਨੂੰ ਉੱਤਰ ਦਿੱਤਾ ਹੈ ਕਿ ਵੱਡੇ ਵੱਡੇ ਰਾਜਿਆਂ-ਮਹਾਂਰਾਜਿਆਂ ਨੂੰ ਪੈਦਾ ਕਰਨ ਵਾਲੀ, ਨੀਚ ਕਿਵੇਂ ਹੋ ਸਕਦੀ ਹੈ?[70] ਇਹ ਪ੍ਰਸ਼ਨਵਾਚਕ ਉੱਤਰ ਦੱਸਦਾ ਹੈ ਕਿ ਉਹ ਇਸਤਰੀ ਦਾ ਸਤਿਕਾਰ, ਪੁਰਸ਼ ਤੋਂ ਵਧੇਰੇ ਚਾਹੁੰਦੇ ਸਨ। ਦੂਜੀ ਗੱਲ ਇਸ ਤੋਂ ਇਹ ਨਿਕਲਦੀ ਹੈ ਕਿ ਗੁਰੂ ਜੀ ਨੇ ਇਸਤਰੀ ਦੇ ਮਾਂ-ਪੁਣੇ (Motherhood) ਵਾਲੇ ਪੱਖ ਕਰਕੇ, ਉਸਦੀ ਉਸਤਤੀ ਕੀਤੀ ਹੈ। ਇਸਤਰੀ ਦੇ ਗੌਰਵ ਦਾ ਮਾਂ-ਪੁਣੇ ਦਾ ਪੱਖ ਬਹੁਤ ਹੀ ਮਹੱਤਵਪੂਰਣ ਹੈ। ਇਹ ਬੜਾ ਮਹੱਤਵਪੂਰਣ ਨੁਕਤਾ ਹੈ। ਅਜੋਕੇ ਵਿਸ਼ਵ ਵਿਚ ਵੀ ਇਸਤਰੀ ਦੀ ਸਥਿਤੀ ਵਧੇਰੇ ਤਸੱਲੀ ਵਾਲੀ ਨਹੀਂ। ਇਹੀ ਕਾਰਣ ਹੈ ਕਿ ਅੱਜ ਦੇ ਚਿੰਤਕ ਵੀ ਇਸਤਰੀ ਦੀ ਦੁਰਦਸ਼ਾ ਲਈ ਚਿੰਤਤ ਜਾਪਦੇ ਹਨ। ਨਵੰਬਰ 1918 ਈ. ਵਿਚ **ਵੀ.ਈ. ਲੈਨਿਨ** ਨੇ ਲਿਖਿਆ ਸੀ ਕਿ "ਵਰਤਮਾਨ ਸਮੇਂ ਤਕ ਇਕ ਵੀ ਜਨਤੰਤਰ ਔਰਤਾਂ ਨੂੰ ਮੁਕਤ ਕਰਨ ਵਿਚ ਸਮਰੱਥ ਨਹੀਂ ਹੋਇਆ।"[71] ਔਰਤ ਅਜੇ ਵੀ ਘਰੇਲੂ ਗੁਲਾਮ ਬਣੀ ਹੋਈ ਹੈ। ਵਿਸ਼ੇਸ਼ ਕਰਕੇ, ਭਾਰਤ ਦੇ ਇਤਿਹਾਸ ਵਿਚ ਇਸਤਰੀ ਦੁਰਦਸ਼ਾ ਬੜੀ ਤਰਸਯੋਗ ਤੇ ਦੁਖਦਾਈ ਹੈ। ਬੇਸ਼ਕ, ਕਿਸੇ ਪੜਾਅ 'ਤੇ ਭਾਰਤ ਵਿਚ ਇਸਤਰੀ ਦੀ ਪ੍ਰਤੀ ਦ੍ਰਿਸ਼ਟੀਕੋਣ ਵਿਚ ਕੋਈ ਤਬਦੀਲੀ ਨਹੀਂ ਹੋਈ। ਇਸ ਦ੍ਰਿਸ਼ਟੀਕੋਣ ਅਨੁਸਾਰ ਇਸਤਰੀ ਤੇ ਸ਼ੂਦਰ ਦੀ ਹਾਲਤ ਵਿਚ ਵਧੇਰੇ ਅੰਤਰ ਨਹੀਂ ਸੀ।

---

[69] ਪਤਿ ਵਿਣੁ ਪੂਜਾ ਸਤ ਵਿਣੁ ਸੰਜਮ
ਜਤੁ ਵਿਣੁ ਕਾਹੇ ਜਨੇਉ॥

[70] ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ॥ (ਉਹੀ, ਪੰਨਾ 473)

[71] "The Status of Women up to now has been compared to that of a slave; women have been tied to home, and only socialism can save them from this." http://enwikiquote.org/wiki/valadimirLenin

ਇਸਤਰੀ ਤੇ ਸ਼ੂਦਰ ਕੋਲ ਕੋਈ ਧਾਰਮਿਕ ਅਧਿਕਾਰ ਨਹੀਂ ਸਨ।[72] ਬੁੱਧ ਮਤ ਦੇ ਆਗਮਨ ਕਰਕੇ ਵੀ ਇਸਤਰੀ ਦੀ ਅਪਮਾਨਜਨਕ ਸਥਿਤੀ ਵਿਚ ਕੋਈ ਅੰਤਰ ਨਹੀਂ ਆਇਆ ਸੀ। ਸਗੋਂ ਬੁੱਧ ਨੇ ਘਰ ਤੇ ਇਸਤਰੀ ਦਾ ਤਿਆਗ ਕਰ ਦਿੱਤਾ। ਬੁੱਧ ਮਤ ਦਾ ਜੀਵਨ ਦ੍ਰਿਸ਼ਟੀਕੋਣ, ਜਗਤ ਨੂੰ ਦੁੱਖ ਦਾ ਕਾਰਨ ਮੰਨਦਾ ਸੀ ਤੇ ਉਹ ਇਸਤਰੀ ਤੇ ਪਰਿਵਾਰਕ ਜ਼ਿੰਦਗੀ ਤੋਂ ਬਚਣ ਦਾ ਉਪਦੇਸ਼ ਦਿੰਦਾ ਸੀ। ਬਾਅਦ ਵਿਚ ਯੋਗ ਮਤ ਦੇ ਪ੍ਰਭਾਵ ਕਾਰਨ ਇਸਤਰੀ ਦੀ ਦੁਰਦਸ਼ਾ ਵਿਚ ਹੋਰ ਵਾਧਾ ਹੋਇਆ। ਯੋਗ ਮਤ ਨੇ ਸਮਾਜਿਕ ਜੀਵਨ ਨਾਲੋਂ ਤੋੜਦਿਆਂ, ਇਕਾਂਤਵਾਸ ਨੂੰ ਆਪਣਾ ਆਦਰਸ਼ ਬਣਾ ਲਿਆ।[73] ਇਹ ਦ੍ਰਿਸ਼ਟੀਕੋਣ ਭਗਤੀ ਕਾਲ ਤਕ ਵੀ ਤਬਦੀਲ ਨਹੀਂ ਹੋਇਆ।

ਗੁਰੂ ਨਾਨਕ ਸਾਹਿਬ ਨੇ ਭਾਰਤੀ ਧਰਮ ਪਰੰਪਰਾ ਤੋਂ ਉਲਟ ਆਦਮੀ ਤੇ ਇਸਤਰੀ ਨੂੰ ਬਰਾਬਰ ਦਸਦਿਆਂ, ਉਸਦੀ ਸਮਾਜਿਕ ਤੇ ਪਰਿਵਾਰਕ ਮਹੱਤਤਾ ਨੂੰ ਬਿਆਨ ਕੀਤਾ। ਗੁਰੂ ਜੀ ਅਨੁਸਾਰ ਇਹ ਇਸਤਰੀ ਦੀ ਜ਼ਿੰਮੇਵਾਰੀ ਹੈ ਕਿ ਉਹ ਚੰਗੇ ਨਾਗਰਿਕ, ਜੋ ਸਮਾਜ ਦੀ ਉਨਤੀ ਵਿਚ ਸਹਾਇਕ ਹੋਣ, ਪੈਦਾ ਕਰੇ। ਉਸਦੀ ਜਿੰਮੇਵਾਰੀ ਉਸਨੂੰ ਪੈਦਾ ਕਰਨ ਤੱਕ ਹੀ ਸੀਮਤ ਨਹੀਂ, ਸਗੋਂ ਉਸ ਬੱਚੇ ਦੀ ਸੰਭਾਲ ਦੀ ਜਿੰਮੇਵਾਰੀ ਵੀ ਉਸੇ ਦੀ ਹੀ ਹੈ। ਇਸ ਕਰਕੇ ਇਸਤਰੀ ਸੁਭਾਵਕ ਹੀ ਸਤਿਕਾਰ ਦੀ ਪਾਤਰ ਹੈ। ਗੁਰੂ ਨਾਨਕ ਸਾਹਿਬ ਸਮਾਜ ਤੋਂ, ਰਾਜੇ ਤੋਂ ਅਤੇ ਫੌਜ ਤੋਂ ਆਸ ਕਰਦੇ ਹਨ ਕਿ

---

[72] (ੳ) छेवपूजा नैव कुर्यात् स्त्री शूद्रस्तुय पतिं विना,
ज्यस्तपस्तीर्थ सेवा-प्रव्रज्या मन्त्रसाधनम्।। शुक्तनीति 4.5
ਇਸਤਰੀ ਤੇ ਸ਼ੂਦਰ ਪਤੀ ਤੇ ਮਾਲਕ ਦੀ ਸੇਵਾ ਬਿਨਾ ਜਪ, ਤਪ, ਤੀਰਥ, ਸੰਨਿਆਸ, ਮੰਤਰ ਦੀ ਸਾਧਨਾ ਅਤੇ ਦੇਵਤਾ ਦੀ ਪੂਜਾ ਨਹੀਂ ਕਰਨੀ ਚਾਹੀਦੀ।

(ਅ) अविद्रांसमल्कं लोके विद्वांसमपि वा पुनः।। प्रमदा ह्यत्पथं नेतुं कामक्रोध वशानुगम्।।मनुस्मृति 2.214.
ਇਸਤਰੀਆਂ ਕੁਮਾਰਗ ਵਲ ਲੈ ਜਾਂਦੀਆਂ ਹਨ।

(ੲ) नास्ति स्त्रीणां किया मन्त्रैरिति धर्मे व्यवस्थितिः।।
निरिन्द्रिया हनमन्त्राभ स्त्रियों ऽ नृतमिति स्थितिः।। मनुस्मृति 9.18.
ਇਸਤਰੀਆਂ ਦਾ ਸੰਸਕਾਰ ਮੰਤਰਾਂ ਨਾਲ ਨਹੀਂ ਹੁੰਦਾ। ਸਿਮਰਤੀ ਤੇ ਸ਼ਾਸਤਰ ਵਿਚ ਉਨ੍ਹਾਂ ਦਾ ਕੋਈ ਅਧਿਕਾਰ ਨਹੀਂ ਹੁੰਦਾ, ਇਸ ਲਈ ਉਹ ਝੂਠ ਸਮਾਨ ਅਪਵਿੱਤਰ ਹਨ।

[73] सुराज्ये धार्मिके देशे सुभिक्षे निरूपद्रवेए
धनुः प्रमाणयर्यत शिलग्निलजवर्जिते।।
कांते मठिकामध्ये स्थातकां हठयोगिता।। हठयोग प्रदोपिका, 1.12

ਇਸਤਰੀ ਦੀ ਪ੍ਰਤਿਸ਼ਠਾ ਵਿਚ ਕਿਸੇ ਵੀ ਹਾਲਤ ਵਿਚ ਗਿਰਾਵਟ ਨਾ ਆਵੇ। ਬਾਬਰ ਦੇ ਹਮਲੇ ਸਮੇਂ ਉਸ ਦੀਆਂ ਫੌਜਾਂ ਵਲੋਂ ਇਸਤਰੀਆਂ; ਦੇ ਅਪਮਾਨ ਕਰਨ ਬਦਲੇ, ਗੁਰੂ ਨਾਨਕ ਸਾਹਿਬ ਨੇ ਜ਼ੋਰਦਾਰ ਆਵਾਜ਼ ਉਠਾਈ।"[74] ਹਿੰਦੁਸਤਾਨ ਦੀ ਧਰਤਿ ਤੇ ਪਹਿਲੀ ਵਾਰ ਔਰਤ ਲਈ ਠੰਢੀ ਪੌਣ ਰੁਮਕੀ ਅਤੇ ਉਸ ਨੇ ਅਜ਼ਾਦੀ ਦੀ ਹਵਾ ਵਿਚ ਸਾਹ ਲਿਆ। ਸਿੱਖ ਧਰਮ ਨੇ ਹਿੰਦੁਸਤਾਨ ਦੀ ਅੱਧੀ ਲੋਕਾਈ ਔਰਤ ਨੂੰ ਮਨੁੱਖ ਹੋਣ ਦਾ ਹੱਕ ਦਵਾ ਉਸਦੇ ਭਾਗ ਹੀ ਬਦਲ ਦਿੱਤੇ।

ਭਾਰਤੀ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਇਸਤਰੀਆਂ ਨੂੰ ਧਾਰਮਿਕ ਅਧਿਕਾਰ ਤੇ ਜਿੰਮੇਵਾਰੀਆਂ ਦਿੱਤੀਆਂ ਗਈਆਂ। ਧਾਰਮਿਕ ਸਮਾਰੋਹਾਂ (ਸੰਗਤ) ਵਿਚ ਇਸਤਰੀਆਂ ਨੂੰ ਆਉਣ ਦੀ ਖੁਲ੍ਹ ਦਿੱਤੀ ਗਈ।

ਗੁਰੂ ਨਾਨਕ ਸਾਹਿਬ ਨੇ ਇਸਤਰੀ ਨੂੰ ਪ੍ਰਸੂਤ ਦੇ ਦਿਨਾਂ ਵਿਚ ਸਹਿਣ ਵਾਲੀ ਘਿਰਣਾ, ਜਿਹੜੀ ਕਿ ਭਿੱਟ ਦਾ ਰੂਪ ਹੀ ਸੀ, ਦੀ ਵੀ ਨਿੰਦਾ ਕੀਤੀ ਹੈ।[75] ਇਸ ਤਰ੍ਹਾਂ ਗੁਰੂ ਜੀ ਨੇ ਜੀਵ-ਵਿਗਿਆਨਕ ਅਤੇ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਸਤਰੀ ਨੂੰ ਸਨਮਾਨਯੋਗ ਸਥਾਨ ਦਿੱਤਾ ਹੈ।

**ਸਮਾਜਿਕ ਨਿਆਂ (Social Justice)**:

ਇਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਸਾਰੇ ਮਨੁੱਖਾਂ ਨਾਲ ਇਕ-ਸਮਾਨ ਵਰਤਾਉ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਕਾਸ ਦੇ ਬਰਾਬਰ ਮੌਕੇ ਅਤੇ ਅਧਿਕਾਰ ਮਿਲਣੇ ਚਾਹੀਦੇ ਹਨ। ਸਭ ਮਨੁੱਖਾਂ ਨੂੰ ਆਪਣੀ ਯੋਗਤਾ, ਪ੍ਰਤਿਭਾ ਅਤੇ ਮਿਹਨਤ ਦੇ ਆਧਾਰ ਤੇ ਸਿੱਖਿਆ, ਪਦ-ਪ੍ਰਤਿਸ਼ਠਾ ਜਾਂ

---

[74] (ੳ) ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣਿ ਬਹਿਣ ਨ ਮਿਲਨਿ ਹਦੂਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 417)
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥
… … … … …
ਜਿਨ ਕੇ ਬੰਕੇ ਘਰੀ ਨ ਆਇਆ ਤਿਨ ਕਿਉ ਰੈਣਿ ਵਿਹਾਣੀ॥ (ਪੰਨਾ 418)

[75] ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ॥ (ਉਹੀ, ਪੰਨਾ 473)

ਜਾਇਦਾਦ ਬਣਾਉਣ ਦੇ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ, ਕਿਸੇ ਨੂੰ ਵੀ ਜਾਤ, ਧਰਮ, ਖੇਤਰ, ਲਿੰਗ ਜਾਂ ਨਸਲ ਦੇ ਆਧਾਰ ਉਪਰ ਉਨਤੀ ਦੇ ਮੌਕਿਆਂ ਤੋਂ ਵੰਚਿਤ ਨਹੀਂ ਕਰਨਾ ਚਾਹੀਦਾ। ਨਾ ਹੀ ਕਿਸੇ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਸਮਾਜਿਕ ਬਰਾਬਰੀ ਦੇ ਇਸ ਸਿਧਾਂਤ ਦਾ ਭਾਵ ਉਤਪਾਦਨ ਸ੍ਰੋਤਾਂ ਦੀ ਸਮਾਨ ਵੰਡ ਨਹੀਂ। ਸਗੋਂ ਵਿਅਕਤੀ ਦੀਆਂ ਵਿਅਕਤੀਗਤ ਯੋਗਤਾਵਾਂ ਹੀ ਵਧੇਰੇ ਮਹੱਤਵਪੂਰਣ ਰਹਿੰਦੀਆਂ ਹਨ। ਸਮਾਜਿਕ ਅਨਿਆਂ ਦੇ ਮਾਹੌਲ ਵਿਚ ਅਰਾਜਕਤਾ ਫੈਲਦੀ ਹੈ। ਗੁਰੂ ਨਾਨਕ ਦੀ ਸਮਾਜਿਕ ਨੈਤਿਕਤਾ ਦਾ ਆਧਾਰ ਮਾਨਵ-ਹਿਤਕਾਰੀ ਇਨਸਾਫ ਉਪਰ ਹੈ।[76] ਗੁਰੂ ਨਾਨਕ ਨੇ ਹਰ ਤਰ੍ਹਾਂ ਦੀ ਲੁੱਟ-ਖਸੁੱਟ ਦੀ ਵਿਰੋਧਤਾ ਕਰਦਿਆਂ, ਕੁਝ ਅਹਿਮ ਮੁੱਦੇ ਲਏ:

**ਧਾਰਮਿਕ ਸੁਤੰਤਰਤਾ (Right to Freedom of Religion)**:

ਧਰਮ, ਮਨੁੱਖ ਦੇ ਵਿਅਕਤੀਗਤ ਮਾਮਲਿਆਂ ਵਿਚੋਂ ਇਕ ਹੈ। ਧਰਮ ਨੂੰ ਜ਼ਬਰੀ ਠੋਸਿਆ ਨਹੀਂ ਜਾ ਸਕਦਾ। ਪਰ ਜੇਕਰ ਕੋਈ ਆਤੰਕ ਫੈਲਾ ਕੇ ਅਜਿਹਾ ਕਰਦਾ ਵੀ ਹੈ ਤਾਂ ਇਹ ਅਨੈਤਿਕ ਮੰਨਿਆ ਜਾਂਦਾ ਹੈ। ਹਰ ਮਾਨਵ ਇੱਛਤ ਧਰਮ ਅਪਨਾਉਣ ਦੀ ਸੁਤੰਤਰਤਾ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਜ ਵਲੋਂ ਦੂਜੇ ਧਰਮਾਂ ਦੇ ਅਨੁਯਾਈਆਂ ਨਾਲ ਹੁੰਦੇ ਵਿਤਕਰੇ ਦੀ ਨਿੰਦਾ ਕਰਦਿਆਂ, ਇਸ ਨੂੰ ਗੈਰ-ਮਾਨਵੀ ਗਰਦਾਨਿਆ ਹੈ। ਗੁਰੂ ਜੀ ਨੇ ਰਾਜ ਵਲੋਂ ਜਜ਼ੀਏ ਦੇ ਉਗਰਾਹੁਣ ਲਈ ਰਾਜ ਅਤੇ ਇਸ ਦੀ ਅਦਾਇਗੀ ਕਰਨ ਵਾਲਿਆਂ ਬ੍ਰਾਹਮਣਾਂ ਦੀ ਸਖ਼ਤ ਆਲੋਚਨਾ ਕੀਤੀ ਹੈ।[77]

**ਸਭਿਆਚਾਰਕ ਸੁਤੰਤਰਤਾ (Cultural Freedom)**:

ਹਕੂਮਤ ਨੂੰ ਜਾਂ ਕਿਸੇ ਇਕ ਧਿਰ ਨੂੰ, ਦੂਜੇ ਦੀ ਬੋਲੀ ਜਾਂ ਸਭਿਆਚਾਰ ਵਿਚ ਵੀ ਦਖਲ ਨਹੀਂ ਦੇਣਾ ਚਾਹੀਦਾ। ਹਰੇਕ ਵਰਗ ਨੂੰ ਆਪਣੇ ਸਭਿਆਚਾਰ ਨੂੰ ਮਾਨਣ ਦਾ ਹੱਕ, ਅਜੋਕੇ ਲੋਕਤੰਤਰ ਨੇ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਜਬਰੀ ਭਾਸ਼ਾ ਜਾਂ ਸਭਿਆਚਾਰ ਨੂੰ ਠੋਸਣ ਦਾ ਵਿਰੋਧ ਕੀਤਾ ਹੈ।

---

[76] ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰਨਾ 187.

[77] (ੳ) ਦੇਵਲ ਦੇਵਤਿਆ ਕੁ ਲਾਗਾ ਐਸੀ ਕੀਰਤਿ ਚਾਲੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1317)

(ਅ) ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ (ਉਹੀ, ਪੰਨਾ 471)

ਇਨ੍ਹਾਂ ਨੁਕਤਿਆਂ ਉਪਰ ਹੋਰ ਵਿਚਾਰ ਤੀਜੇ ਅਧਿਆਇ ਵਿਚ ਵੀ ਕੀਤੀ ਜਾਵੇਗੀ

ਉਨ੍ਹਾਂ ਨੇ ਹਾਕਮਾਂ ਨੂੰ ਖੁਸ਼ ਕਰਨ ਲਈ, ਆਪਣੇ ਸਭਿਆਚਾਰ ਨੂੰ ਤਿਲਾਂਜਲੀ ਦੇਣ ਵਾਲਿਆਂ ਨੂੰ ਵੀ ਝੰਜੋੜਿਆ ਹੈ।[78]

## ਸਮਾਜਿਕ ਸੁਰੱਖਿਆ ਦਾ ਅਧਿਕਾਰ (Social Security)

ਹਰ ਜੀਵ ਸੁਰੱਖਿਆ ਲੋੜਦਾ ਹੈ। ਸੁਰੱਖਿਆ ਤੋਂ ਭਾਵ ਹੈ ਮਨੁੱਖ ਦੇ ਅਧਿਕਾਰਾਂ ਦੀ ਗਾਰੰਟੀ, ਜੋ ਕਿ ਰਾਜ ਅਤੇ ਕਾਨੂੰਨ ਵਲੋਂ ਦਿੱਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਦੇ ਅਧਿਕਾਰਾਂ ਬਾਰੇ ਐਲਾਨ ਵਿਚ ਕਿਹਾ ਗਿਆ ਹੈ, "ਹਰੇਕ ਵਿਅਕਤੀ ਨੂੰ ਸਮਾਜਿਕ ਸੁਰੱਖਿਆ ਦਾ ਅਧਿਕਾਰ ਪ੍ਰਾਪਤ ਹੈ।"[79] ਜੇਕਰ ਵਿਸ਼ੇਸ਼ ਅਧਿਕਾਰ ਖ਼ਤਮ ਕਰ ਦਿੱਤੇ ਜਾਣ ਅਤੇ ਕਾਨੂੰਨੀ ਅਧਿਕਾਰਾਂ ਨੂੰ ਸੁਰੱਖਿਆ ਦਿੱਤੀ ਜਾਵੇ ਤਾਂ ਕਿਸੇ ਦੀ ਖੁਸ਼ੀ ਵਿਚ ਕੋਈ ਰੁਕਾਵਟ ਨਹੀਂ ਰਹਿ ਸਕਦੀ।[80] ਭਾਵ ਕਿ ਸੁਰੱਖਿਆ ਦਾ ਅਧਿਕਾਰ, ਦੂਜਿਆਂ ਦੀ ਈਮਾਨਦਾਰੀ ਉਪਰ ਅਧਾਰਿਤ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਦੂਜੇ ਦੇ ਅਧਿਕਾਰ ਖੋਹਣ ਨੂੰ ਪਾਪ ਦਸਿਆ ਹੈ; ਜਿਵੇਂ ਮੁਸਲਮਾਨ ਲਈ ਸੂਰ ਦਾ ਮਾਸ ਹਰਾਮ ਹੈ ਅਤੇ ਹਿੰਦੂ ਲਈ ਗਊ ਦਾ ਮਾਸ ਹਰਾਮ ਹੈ, ਉਸੇ ਤਰ੍ਹਾਂ ਮਨੁੱਖ ਲਈ ਕਿਸੇ ਦੂਜੇ ਦਾ ਹੱਕ ਮਾਰਨਾ ਹਰਾਮ ਹੈ।[81] ਗੁਰੂ ਜੀ ਨੇ ਇਸ ਨੂੰ 'ਲਹੂ ਪੀਣ' ਨਾਲ ਵੀ ਤੁਲਨਾ ਦਿੱਤੀ ਹੈ।[82] ਜਨਮਸਾਖੀਆ ਵਿਚ ਵੀ ਮਲਕ ਭਾਗੋ ਦੀ ਕਮਾਈ ਤੋਂ ਬਣੀ ਰੋਟੀ ਦੂਜਿਆਂ ਦੇ ਖ਼ੂਨ-ਪਸੀਨੇ ਤੋਂ ਹੋਣ ਕਰਕੇ, ਉਸ ਚੋਂ, ਖ਼ੂਨ ਨਿਕਲਣ ਦਾ ਬਿਰਤਾਂਤ ਆਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਚਿਤਾਵਨੀ ਦਿੱਤੀ ਹੈ ਕਿ ਜਿਹੜੇ ਲੋਕ ਦੂਜਿਆਂ ਦੇ ਹੱਕ ਹੜੱਪ ਲੈਂਦੇ ਹਨ, ਉਨ੍ਹਾਂ ਨੂੰ ਸਜ਼ਾ ਜ਼ਰੂਰ ਮਿਲੇਗੀ।[83]

---

[78] ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 663)

[79] Article 22, 3.

[80] "If legal privileges are abolished and legal rights protected, no obstacle will stand in the way of anyone's pursuit of happiness."
International Encyclopeadia of Social Science, vol.5, p. 105.

[81] ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141)

[82] ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ (ਉਹੀ, ਪੰਨਾ 140)

[83] (ੳ) ਵਸਤੁ ਪਰਾਈ ਆਪੁਨੀ ਕਰਿ ਜਾਨੈ   ਹਉਮੈ ਵਿਚਿ ਦੁਖੁ ਘਾਲੇ॥ (ਉਹੀ, ਪੰਨਾ 139)
(ਅ) ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ॥ (ਉਹੀ, ਪੰਨਾ 1255)

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਕਿਸੇ ਦੀ ਸਮਾਜਿਕ ਸੁਰੱਖਿਆ ਦਾ ਜ਼ੁੰਮਾ, ਦੂਸਰੇ ਨਾਗਰਿਕਾਂ ਉਪਰ ਦਸਿਆ ਹੈ। ਭਾਵੇਂ ਕਿ ਰਾਜ ਦਾ ਕਰਤੱਵ ਵੀ ਹੈ ਕਿ ਉਹ ਨਾਗਰਿਕਾਂ ਦੀ ਸੁਰੱਖਿਆ ਅਤੇ ਨਿਆਂ ਦਾ ਪ੍ਰਬੰਧ ਕਰੇ, ਪਰ ਗੁਰੂ ਜੀ ਨਾਗਰਿਕਾਂ ਨੂੰ ਅਜਿਹੀ ਮਰਿਆਦਾ ਦੇਣਾ ਚਾਹੁੰਦੇ ਸਨ ਕਿ ਹਰ ਕੋਈ ਹਰ ਕਿਸੇ ਦਾ ਸਨਮਾਨ ਕਰੇ। ਕੋਈ ਬੁਰਾ ਨਹੀਂ ਹੈ।[84] ਹਰੇਕ ਮਨੁੱਖ ਅੰਦਰ ਪਰਮਾਤਮਾ ਬਿਰਾਜਮਾਨ ਦਸਿਆ ਗਿਆ ਹੈ।[85]

**ਵਿਸ਼ਵ ਭਾਈਚਾਰਾ (Universal Brotherhood)**:

ਗੁਰੂ ਨਾਨਕ ਬਾਣੀ ਵਿਚ ਸਮਾਜ ਵਿਚ ਪ੍ਰਚਲਿਤ ਹਰ ਤਰ੍ਹਾਂ ਦੇ ਭਿੰਨ-ਭੇਦ ਨੂੰ ਅਪ੍ਰਵਾਨ ਕਰਦਿਆਂ, ਸਮੁੱਚੀ ਮਾਨਵ ਜਾਤੀ ਨੂੰ ਇਕ ਹੀ ਮੰਨਿਆ ਗਿਆ ਹੈ। ਗੁਰੂ ਨਾਨਕ ਜੀ ਅਨੁਸਾਰ ਜਾਤ, ਧਰਮ, ਖੇਤਰ, ਲਿੰਗ, ਨਸਲ, ਰੰਗ ਆਦਿ ਕਾਰਕ ਮਨੁੱਖ ਨੂੰ ਭਿੰਨ ਨਹੀਂ ਕਰ ਸਕਦੇ। ਉਨ੍ਹਾਂ ਅਨੁਸਾਰ ਸਮੁੱਚੀ ਮਨੁੱਖਤਾ ਦੀ ਏਕਤਾ ਦਾ ਆਧਾਰ ਮਨੁੱਖ ਵਿਚਲੀ ਪਰਮਾਤਮਾ ਦੀ ਜੋਤ ਹੈ। ਇਸ ਲਈ ਸਾਰੇ ਮਨੁੱਖ ਭਾਈ-ਭਾਈ ਹਨ। ਪਰਮਾਤਮਾ ਦਾ ਹੁਕਮ ਸਾਰੇ ਮਨੁੱਖਾਂ ਲਈ ਸਮਾਨ ਕਾਰਜ ਕਰਦਾ, ਦਰਸਾਇਆ ਗਿਆ ਹੈ। ਕੁਦਰਤ ਆਪਣੇ ਸੁਭਾਅ ਅਨੁਸਾਰ ਹਰੇਕ ਮਨੁੱਖ ਨਾਲ ਸਮਾਨ ਵਿਵਹਾਰ ਕਰਦੀ ਹੈ। ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਕੋਈ ਅੰਤਰ ਨਹੀਂ। ਇਕ ਥਾਂ ਜਦੋਂ ਗੁਰੂ ਜੀ ਇਹ ਕਹਿੰਦੇ ਹਨ ਕਿ "ਕੀੜੀ ਜਿਹਾ ਨਿਮਾਣਾ ਮਨੁੱਖ ਵੀ ਫੌਜਾਂ ਨੂੰ ਹਰਾ ਕੇ ਰਾਜ-ਸਿੰਘਾਸਨ ਉਪਰ ਬੈਠ ਸਕਦਾ ਹੈ।"[86] ਤਾਂ ਉਹ ਇਹ ਦਰਸਾਉਣਾ ਚਾਹੁੰਦੇ ਹਨ ਕਿ ਕੋਈ ਵੀ ਕੁਦਰਤੀ ਕਮਜ਼ੋਰ ਜਾਂ ਨੀਵਾਂ ਨਹੀਂ ਹੁੰਦਾ। ਇਸ ਕਰਕੇ ਕਿਸੇ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੀ ਹੋਂਦ ਦੀਆਂ ਸਾਂਝੀਆਂ ਕੜੀਆਂ ਦਸਦਿਆਂ ਫੁਰਮਾਇਆ ਹੈ ਕਿ 'ਪਵਣ ਗੁਰੂ ਹੈ, ਪਾਣੀ ਪਿਤਾ ਹੈ,

---

[84] ਮੰਦਾ ਕਿਸੈ ਨ ਆਖ ਝਗੜਾ ਪਾਵਣਾ॥ (ਉਹੀ, ਪੰਨਾ 566)

[85] ਘਟ ਘਟ ਅੰਤਰਿ ਬ੍ਰਹਮਿ ਲੁਕਾਇਆ
ਘਟਿ ਘਟਿ ਜੋਤ ਸ਼ਬਾਈ॥ (ਉਹੀ, ਪੰਨਾ 597)

[86] ਕੀੜਾ ਥਾਪਿ ਦੇਇ ਪਾਤਿਸ਼ਾਹੀ ਲਸ਼ਕਰ ਕਰੇ ਸੁਆਹੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 144)

ਧਰਤੀ ਮਾਤਾ ਹੈ।'[87] ਇਹ ਪੰਕਤੀਆਂ ਬ੍ਰਹਿਮੰਡੀ ਪੱਧਰ ਉੱਪਰ ਮਨੁੱਖਤਾ ਦਾ ਸੰਬੰਧ ਨਿਰਧਾਰਤ ਕਰਨ ਦੇ ਨਾਲ-ਨਾਲ ਇਹ ਵੀ ਸੰਕੇਤ ਕਰਦੀਆਂ ਹਨ ਕਿ ਮਨੁੱਖਤਾ ਸਾਂਝੇ ਵਾਤਾਵਰਨ ਵਿਚ ਰਹਿ ਰਹੀ ਹੈ।

ਸਮਾਜਿਕ ਬਰਾਬਰੀ ਤੋਂ ਵੀ ਭਰਾਤ੍ਰੀਭਾਵ ਦਾ ਹੋਣਾ ਵਧੇਰੇ ਮਹੱਤਵਪੂਰਨ ਹੈ। ਗੁਰੂ ਨਾਨਕ ਸਾਹਿਬ ਦਾ ਸਾਂਝੀਵਾਲਤਾ ਤੇ ਫਿਰਕੂ ਸਦਭਾਵਨਾ ਦਾ ਉਪਦੇਸ਼ ਆਪਣੇ ਆਪ ਵਿਚ ਸਿੱਖ ਮਿਸ਼ਨ ਨੂੰ ਪੁਰਾਣੇ ਮੱਤਾਂ ਨਾਲੋਂ ਨਿਖੇੜਨ ਵੱਲ ਪਹਿਲਾ ਕਦਮ ਸੀ।[88] ਇਥੇ ਇਹ ਗੱਲ ਕਰਨੀ ਜ਼ਰੂਰੀ ਲਗਦੀ ਹੈ ਕਿ ਗੁਰੂ ਨਾਨਕ ਬਾਣੀ ਵਿਚ ਕਿਸੇ ਰਾਸ਼ਟਰ ਦੀ ਹੱਦ ਨੂੰ ਸਵੀਕਾਰ ਨਹੀਂ ਕੀਤਾ ਗਿਆ। ਉਨ੍ਹਾਂ ਦੀ ਬਾਣੀ ਵਿਚ 'ਹਿੰਦੁਸਤਾਨ' ਸ਼ਬਦ ਕੇਵਲ ਦੋ ਵਾਰ ਆਇਆ ਹੈ। ਇਹ ਜ਼ਿਕਰ ਵੀ ਵਿਸ਼ੇਸ਼ ਸੰਦਰਭ ਵਿਚ ਹੀ ਆਇਆ ਹੈ, ਨਾ ਕਿ 'ਦੇਸ਼ ਭਗਤ' ਦੇ ਅਰਥਾਂ ਵਿਚ। ਗੁਰੂ ਨਾਨਕ ਦੇਵ ਜੀ ਦੀ ਖੁੱਲ੍ਹੀ-ਡੁੱਲੀ ਵਿਚਾਰਧਾਰਾ ਵਿਚ ਦੇਸ਼-ਭਗਤੀ ਦਾ ਕੋਈ ਸਥਾਨ ਨਹੀਂ ਹੈ। ਦੇਸ਼-ਭਗਤੀ ਰਾਸ਼ਟਰਾਂ ਦਰਮਿਆਨ ਦੁਸ਼ਮਣੀ ਅਤੇ ਦੂਰੀ ਵਧਾਉਣ ਵਾਲੀ ਭਾਵਨਾ ਹੈ। ਗੁਰੂ ਨਾਨਕ ਦੇਵ ਜੀ ਲਈ ਸਮੁੱਚਾ ਬ੍ਰਹਿਮੰਡ ਇਕਸੁਰ ਹੈ ਅਤੇ ਉਸ ਵਿਚ ਕੁਝ ਵੀ ਭਿੰਨ ਨਹੀਂ।

ਗੁਰੂ ਨਾਨਕ ਸਾਹਿਬ ਦੀਆਂ ਮਾਨਵਵਾਦੀ ਤੇ ਵਿਸ਼ਵ-ਭਾਈਚਾਰੇ ਨੂੰ ਵਧਾਉਣ ਵਾਲੀਆਂ ਸਿੱਖਿਆਵਾਂ ਦਾ, 16ਵੀਂ ਸਦੀ ਦੇ ਪੰਜਾਬ ਦੇ ਸਭਿਆਚਾਰ ਵਿਚ ਬਹੁਤ ਮਹੱਤਵ ਹੈ। ਇਸਦਾ ਵਰਨਣ ਗਿਆਨੀ ਲਾਲ ਸਿੰਘ ਹੁਰਾਂ ਨੇ ਇਉਂ ਕੀਤਾ ਹੈ:

"...ਬਖੀਲੀ ਤੇ ਤਕੱਬਰੀ ਦਾ ਝੁਲਸਿਆ ਹਿੰਦੂ-ਮੁਸਲਮ ਸਮਾਜ ਇਕ ਦੂਜੇ ਨੂੰ ਸਨੇਹ ਭਰੇ ਨੇਤਰਾਂ ਨਾਲ ਵੇਖਣ ਵਲ ਰੁਚਿਤ ਹੋਇਆ। ਗੁਰਬਾਣੀ ਤੇ ਸੰਗਤ ਦੀ ਦੁਵੱਲੀ ਓਟ ਦੇ ਬਲਿਹਾਰ ਜਾਈਏ ਕਿ ਚੌਹੀਂ ਪਾਸੀਂ ਮਿਲਾਪ ਦੀਆਂ ਸੁਰਾਂ ਛਿੜ ਪਈਆਂ ਤੇ ਘ੍ਰਿਣਾ ਦੀ ਅੱਗ ਠੰਢੀ ਹੋਣੀ ਸ਼ੁਰੂ ਹੋ ਗਈ। ਪੰਜਾਬ ਦੀ ਧਰਤੀ ਮਸਕੀਨ ਤੇ ਕੋਮਲ ਭਾਵੀ ਮੁਸਲਮਾਨ ਗੁਰੂ ਕਾ ਢਾਢੀ ਤੇ ਰਬਾਬੀ ਬਣ

---

[87] ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (ਉਹੀ, ਪੰਨਾ 8)

[88] ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 117.

ਗਿਆ।....ਪੰਜਾਬ ਦੇ ਖਿਚੋਤਾਣ ਵਾਲੇ ਧਰਮ ਖੇਤਰ ਵਿਚ ਅਜਿਹਾ ਕੌਤਕ ਪਿਛਲੀਆਂ 2 ਸਦੀਆਂ ਤੋਂ ਨਜ਼ਰ ਨਹੀਂ ਆਇਆ ਸੀ। ਹੁਣ ਹਿੰਦੂ ਤੇ ਮੁਸਲਮਾਨ ਸਾਂਝੀ ਸੰਗਤ ਤੇ ਪੰਗਤ ਵਿਚ ਬੇਝਿਜਕ ਹੋ ਕੇ ਬੈਠਣ, ਸਾਂਝੀ ਅਰਾਧਣਾ ਕਰਨ ਤੇ ਸਾਂਝੇ ਵਰਤਾਰੇ ਵਿਚ ਸ਼ਿਰਕਤ ਕਰਨ ਲਗ ਪਏ।"[89]

**ਗੁਰੂ ਨਾਨਕ ਦੇਵ ਜੀ ਦਾ ਸਮਾਜਿਕ ਦ੍ਰਿਸ਼ਟੀਕੋਣ**:

ਇਸ ਅਧਿਆਇ ਦੇ ਆਰੰਭ ਵਿਚ ਇਸ ਨੁਕਤੇ ਉਪਰ ਕੁਝ ਵਿਚਾਰ ਹੋ ਚੁੱਕੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦੌਰਾਨ ਸੰਨਿਆਸੀਆਂ, ਬ੍ਰਹਮਚਾਰੀਆਂ, ਤਿਆਗੀਆਂ ਅਤੇ ਜੋਗੀਆਂ ਦਾ ਬਹੁਤ ਬੋਲ-ਬਾਲਾ ਰਿਹਾ ਸੀ। ਜੇ ਇਹ ਕਹਿ ਲਿਆ ਜਾਵੇ ਕਿ ਜੋਗੀ, ਇਨ੍ਹਾਂ ਸਭ ਵਿਚੋਂ ਪ੍ਰਭਾਵਸ਼ਾਲੀ ਸਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਤਰੀ ਭਾਰਤ ਵਿਚ ਜੋਗੀ ਬ੍ਰਾਹਮਣਵਾਦ ਉਪਰ ਵੀ ਭਾਰੂ ਪੈ ਰਹੇ ਸਨ। ਜੋਗੀਆਂ ਨੂੰ ਪਰਾ-ਕੁਦਰਤੀ ਸ਼ਕਤੀਆਂ ਦੇ ਮਾਲਕ, ਜਾਦੂਗਰ, ਸਿਆਣੇ, ਜ਼ਹਿਰਪੀਣੇ ਸਮਝਿਆ ਜਾਂਦਾ ਸੀ। ਇਹ ਜੰਗਲਾਂ-ਪਹਾੜਾਂ ਵਿਚ ਵਿਚਰਦੇ ਅਤੇ ਮੰਗ ਕੇ ਗੁਜਾਰਾ ਕਰਦੇ ਸਨ। ਸਿੱਖ ਮਤ ਦੇ ਬਾਨੀ ਦਾ ਵਾਸਤਾ ਸਭ ਤੋਂ ਵਧੇਰੇ ਇਨ੍ਹਾਂ ਜੋਗੀਆਂ ਨਾਲ ਪਿਆ ਸੀ। ਇਹੀ ਕਾਰਣ ਹੈ ਕਿ ਗੁਰੂ ਨਾਨਕ ਬਾਣੀ ਵਿਚ ਜੋਗ ਮਤ ਦੇ ਹਵਾਲਿਆਂ ਅਤੇ ਰੂਪਕਾਂ ਦੀ ਬਹੁਤਾਤ ਹੈ। ਗੁਰੂ ਨਾਨਕ ਦੇਵ ਜੀ ਨੇ ਕੋਈ ਇਕ ਰਚਨਾ ਜੇ ਸਿਰਫ ਇਕ ਮਤ ਨੂੰ ਸੰਬੋਧਨ ਕਰਕੇ ਲਿਖੀ ਹੈ ਤਾਂ ਉਹ ਵੀ ਇਨ੍ਹਾਂ ਨੂੰ ਸੰਬੋਧਨ ਕਰਕੇ ਲਿਖੀ ਸੀ- ਸਿੱਧ ਗੋਸਟਿ। ਗੁਰੂ ਨਾਨਕ ਦੇਵ ਜੀ ਨੂੰ ਸਿੱਧ-ਜੋਗੀਆਂ ਨਾਲ ਇਹ ਗੁੱਸਾ ਸੀ ਕਿ ਉਹ ਸੰਸਾਰ ਛੱਡ ਕੇ, ਜੰਗਲਾਂ-ਪਹਾੜਾਂ ਵਿਚ ਕਿਉਂ ਛਿਪੇ ਹੋਏ ਹਨ- ਉਨ੍ਹਾਂ ਨੂੰ ਜਗਤ ਦੀ ਰਹਿਨੁਮਾਈ ਕਰਨੀ ਚਾਹੀਦੀ ਹੈ।[90] ਉਹ ਧਰਮ ਨੂੰ ਸਮਾਜ ਤੋਂ ਵੱਖ ਕਰਕੇ ਨਹੀਂ ਦੇਖਦੇ ਸਨ। ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਸਮਾਜ, ਧਰਮ ਦਾ ਇਕ ਹਿੱਸਾ ਹੈ। ਧਾਰਮਿਕ ਆਗੂ ਜਾਂ ਵਿਅਕਤੀ ਨੂੰ ਸਮਾਜਿਕ ਸਮੱਸਿਆਵਾਂ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ, ਸਗੋਂ ਸਮਾਜ ਦੇ ਸਰਗਰਮ ਮੈਂਬਰ ਬਣ ਕੇ ਵਿਚਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਇਸ ਧਰਤੀ ਨੂੰ 'ਕਰਮ ਭੂਮੀ' ਕਹਿ ਕੇ ਸਮਾਜਿਕ ਜੀਵਨ ਜਿਊਣ ਲਈ ਪ੍ਰੇਰਨਾ

---

[89] ਪ੍ਰੋ. ਰਾਮ ਸਿੰਘ ਕੁਲਾਰ (ਪ੍ਰੋ.), ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ, ਪੰਨਾ 27.

[90] ਸਿਧ ਛਪਿ ਬੈਠੇ ਪਰਬਤੀ ਕਉਣ ਜਗਤਿ ਕਉ ਪਾਰਿ ਉਤਾਰਾ॥ (ਭਾਈ ਗੁਰਦਾਸ 1:29)

ਦਿੰਦੇ ਹਨ।[91] ਇਸ ਸੰਸਾਰ ਬਾਰੇ ਗੁਰੂ ਜੀ ਦੇ ਵਿਚਾਰਾਂ ਦੀ ਚਰਚਾ ਪਿਛਲੇ ਅਧਿਆਇ ਵਿਚ ਹੋ ਚੁੱਕੀ ਹੈ। ਉਨ੍ਹਾਂ ਨੂੰ ਛੱਡਦਿਆਂ ਹੋਇਆ ਅਸੀਂ ਕੁਝ ਹੋਰ ਨੁਕਤੇ ਲੈ ਰਹੇ ਹਾਂ, ਜੋ ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਦ੍ਰਿਸ਼ਟੀਕੋਣ ਨੂੰ ਸਮਝਣ ਵਿਚ ਸਾਡੇ ਸਹਾਈ ਹੋਣਗੇ।

**ਗ੍ਰਿਹਸਤ ਬਨਾਮ ਭੀਖ ਮੰਗਣੀ (Householder's Life vs. Begging)**:

ਪਰਿਵਾਰ ਅਤੇ ਬੱਚਿਆਂ ਨੂੰ ਧਾਰਮਿਕ ਮਾਰਗ ਵਿਚ ਰੁਕਾਵਟ ਸਮਝ ਕੇ, ਉਨ੍ਹਾਂ ਦਾ ਤਿਆਗ ਕਰਕੇ ਜੰਗਲਾਂ ਤੇ ਪਹਾੜਾਂ ਵਿਚ ਜਾ ਕੇ ਸਮਾਧੀਆਂ ਲਾਉਣ ਨੂੰ, ਗੁਰੂ ਨਾਨਕ ਸਾਹਿਬ ਨੇ ਸਵੀਕ੍ਰਿਤੀ ਨਹੀਂ ਦਿੱਤੀ। ਗੁਰੂ ਨਾਨਕ ਸਾਹਿਬ ਦਸਦੇ ਹਨ ਕਿ ਗ੍ਰਿਹਸਤ ਤਿਆਗ ਕੇ ਵੀ ਗ੍ਰਿਹਸਤੀਆਂ ਉਪਰ ਨਿਰਭਰਤਾ ਬਣੀ ਰਹਿੰਦੀ ਹੈ। ਇਸ ਸੰਬੰਧੀ ਦੂਜਾ ਮਤ ਉਨ੍ਹਾਂ ਇਹ ਦਿੱਤਾ ਹੈ ਕਿ ਸਾਧੂ ਘਰ-ਬਾਰ ਤਿਆਗ ਕੇ, ਜਦੋਂ ਭੀਖ ਮੰਗਣ ਦੂਜੇ ਲੋਕਾਂ ਦੇ ਘਰਾਂ ਅੰਦਰ ਜਾਂਦੇ ਹਨ ਤਾਂ ਉਹ ਪਰਾਈਆਂ ਨਾਰੀਆਂ ਨੂੰ ਦੇਖ ਕੇ, ਆਪਣੇ ਮਨ ਅੰਦਰ ਵਿਕਾਰ ਪੈਦਾ ਕਰਦੇ ਹਨ।[92] ਗੁਰੂ ਨਾਨਕ ਸਾਹਿਬ ਨੇ ਗ੍ਰਿਹਸਤ ਤਿਆਗ ਕੇ, ਘਰ ਘਰ ਮੰਗਦੇ 'ਆਗੂਆਂ' ਦੇ ਜਾਲ ਤੋਂ ਬਚਣ ਅਤੇ ਕਿਰਤ ਦੀ ਗੌਰਵਤਾ ਦਾ ਐਲਾਨ ਕੀਤਾ ਹੈ।[93] ਉਹ ਦਸਦੇ ਹਨ ਕਿ ਪਰਮਾਤਮਾ ਨਾਲ ਇਕਮਿਕ ਹੋਇਆ ਵਿਅਕਤੀ, ਕਦੇ ਮੰਗ ਨਹੀਂ ਸਕਦਾ।[94] ਜਗਤ ਨੂੰ 'ਸੋਧਣ ਵਾਲੇ' ਘਰ ਘਰ ਮੰਗ ਕੇ ਬੇਇਜ਼ਤ ਹੁੰਦੇ ਹਨ।[95] ਸ: ਦਲਜੀਤ ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਗ੍ਰਿਹਸਤ ਨੂੰ ਰੂਹਾਨੀਅਤ ਦੀ ਸਿਖਲਾਈ ਅਤੇ ਵਿਸਥਾਰ ਦਾ ਸਾਧਨ ਬਣਾਇਆ।[96] ਸ. ਜਗਜੀਤ ਸਿੰਘ ਦਾ ਵਿਚਾਰ ਹੈ ਕਿ "ਆਪਣੇ ਸਿੱਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰੂ ਨਾਨਕ ਸਾਹਿਬ ਨੇ ਗ੍ਰਿਹਸਤ ਨੂੰ ਸਭ ਤੋਂ ਵੱਡੀ ਪਹਿਲ ਦਿੱਤੀ। ਇਹ ਉਨ੍ਹਾਂ ਨੂੰ

---

[91] ਕੇਤੀਆਂ ਕਰਮ ਭੂਮੀ…. (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7)

[92] ਹਾਟੀ ਬਾਟੀ ਨੀਂਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 239)

[93] ਗੁਰੂ ਪੀਰੁ ਸਦਾਏ ਮੰਗਣ ਜਾਇ॥ ਤਾਂ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਉਹੀ, ਪੰਨਾ 1245)

[94] ਨਿਰੰਕਾਰ ਜੋ ਰਹੈ ਸਮਾਇ॥ ਕਾਹੇ ਭੀਖਿਆ ਮੰਗਣਿ ਜਾਇ॥ (ਉਹੀ, ਪੰਨਾ 953)

[95] ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥ (ਉਹੀ, ਪੰਨਾ 1012)

[96] Daljeet Singh, Sikhism, p. 260.

ਆਪਣੇ ਧਾਰਮਿਕ ਸਿੱਧਾਂਤ ਦੀ ਸਮਾਜ ਨਾਲ ਸਾਂਝ ਪਾਉਣ ਲਈ ਕੀਤਾ।"[97] ਇਸ ਸਿਧਾਂਤ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੇ ਉਤਰ-ਅਧਿਕਾਰੀ ਦੀ ਚੋਣ ਸਮੇਂ ਵੀ ਅਹਿਮੀਅਤ ਦਿੱਤੀ। ਬਾਅਦ ਵਿਚ ਸਾਰੇ ਗੁਰੂ ਸਾਹਿਬਾਨ ਵੀ ਗ੍ਰਹਿਸਤੀ ਜੀਵਨ ਗੁਜਾਰਦੇ ਰਹੇ। ਗੁਰੂ ਨਾਨਕ ਸਾਹਿਬ ਦਾ ਗ੍ਰਿਹਸਤ ਬਾਰੇ ਦ੍ਰਿਸ਼ਟੀਕੋਣ ਇਹ ਸੀ ਕਿ ਸੰਸਾਰ ਵਿਚ ਰਹਿਣ ਦੀ ਜੁਗਤ ਸਮਝਾਈ ਹੈ ਕਿ ਜਿਵੇਂ ਕੰਵਲ ਦਾ ਫੁਲ ਅਤੇ ਮੁਰਗਾਬੀ ਪਾਣੀ ਵਿਚ ਰਹਿ ਕੇ ਵੀ ਅਭਿੱਜ ਰਹਿੰਦੇ ਹਨ, ਉਸੇ ਤਰ੍ਹਾਂ ਗੁਰਮੁਖ ਨੂੰ ਸੰਸਾਰ ਵਿਚ ਵਰਤਾਓ ਕਰਨਾ ਚਾਹੀਦਾ ਹੈ।[98] ਇਹ ਸਿੱਧਾਂਤ ਗੁਰੂ ਜੀ ਦੇ ਜੀਵਨ-ਮੁਕਤੀ ਦੇ ਸਿੱਧਾਂਤ ਦਾ ਆਧਾਰ ਹੈ।

'ਅਧਿਆਤਮਿਕ ਜੀਵਨ ਵਿਚ ਗ੍ਰਿਹਸਤੀ ਜੀਵਨ ਨੂੰ ਜ਼ਰੂਰੀ ਸ਼ਰਤਾਂ ਦਸਦਿਆਂ, ਭੀਖ ਮੰਗਣ ਦੀ ਰੁਚੀ ਦੀ ਨਿੰਦਾ ਕਰਨੀ; ਗੁਰੂ ਨਾਨਕ ਸਾਹਿਬ ਦਾ ਕ੍ਰਾਂਤੀਕਾਰੀ ਕਦਮ ਸੀ। ਇਸ ਤੋਂ ਉਲਟ ਸਦੀਆਂ ਤੋਂ ਗ੍ਰਿਹਸਤ ਤਿਆਗ ਕੇ ਭੀਖ ਮੰਗਣ ਵਾਲੇ ਬ੍ਰਹਮਚਾਰੀ ਤੇ ਸਾਧੂ ਲੋਕਾਂ ਦੇ ਆਦਰਸ਼ ਸਨ। ਪੁਰਾਤਨ ਧਰਮ ਗ੍ਰੰਥ ਅਜਿਹੇ ਸਾਧੂਆਂ ਦੀ ਉਸਤਤ ਕਰਕੇ ਹਨ। ਇਹ ਅਜਿਹਾ ਨੁਕਤਾ ਸੀ ਜਿਸ ਉੱਪਰ ਹਿੰਦੂ, ਬੋਧ ਅਤੇ ਯੋਗੀਆਂ ਦੀ ਇਕ ਰਾਇ ਸੀ:

"ਬ੍ਰਹਮਚਾਰੀ ਰੋਜਾਨਾ ਭੀਖ ਮੰਗੇ, ਇਕ ਮਨੁੱਖ ਦਾ ਅੰਨ ਨਾ ਖਾਵੇ। ਬ੍ਰਹਮਚਾਰੀ ਨੂੰ ਭੀਖ ਨਾਲ ਗੁਜ਼ਾਰਾ ਕਰਨ ਨੂੰ ਉਪਵਾਸ ਦੇ ਬਰਾਬਰ ਕਿਹਾ ਗਿਆ ਹੈ।"[99]

"ਪਿਛਲੇ ਜਨਮਾਂ ਦੇ ਸੰਸਕਾਰ ਕਾਰਣ ਸੰਨਿਆਸ ਪ੍ਰਤੀ ਉਸ (ਮਹਾਤਮਾ ਬੁੱਧ) ਵਿਚ ਖਿੱਚ ਸੀ। ਘਰ ਵਿਚ ਉਸਦਾ ਦਿਲ ਨਹੀਂ ਲਗਦਾ ਸੀ। ਜਿਥੇ ਧਨ ਹੁੰਦਾ ਹੈ ਉੱਥੇ ਝਗੜਾ ਹੁੰਦਾ ਹੈ। ਇਹ ਸੋਚ

---

[97] ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 101.

[98] ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 398)

[99] भैक्षेण वर्तयोत्रित्यं नैकात्रादी भवेड़ती।।
भैक्षेण व्रतिनो वृतिरूपवाससमा समृता।। मनुस्मृति 2.188

ਕੇ ਉਸਨੇ ਕਾਮ ਭੋਗ ਨੂੰ ਉਸੇ ਤਰ੍ਹਾਂ ਤਿਆਗ ਦਿੱਤਾ ਜਿਵੇਂ ਆਤਮ ਰੱਖਿਆ ਲਈ ਕੋਈ ਜ਼ਹਿਰ ਤਿਆਗ ਦਿੰਦਾ ਹੈ।"[100]

"ਯੋਗੀ ਨੂੰ ਇਕਾਂਤ ਵਿਚ ਅਤੇ ਉਸ ਰਾਜ ਵਿਚ ਰਹਿਣਾ ਚਾਹੀਦਾ ਹੈ, ਜਿਥੇ ਭੀਖ ਸੌਖਿਆ ਮਿਲ ਸਕੇ।"[101]

ਇਸ ਰੁਚੀ ਨੇ ਭਾਰਤੀ ਸਮਾਜ ਨੂੰ ਕਈ ਪੱਖਾਂ ਤੋਂ ਖੋਖਲਿਆਂ ਕਰ ਦਿੱਤਾ। ਸਮਾਜ ਦੇ ਵਡੇਰੇ ਹਿਤਾਂ ਨੂੰ ਤਿਆਗ ਕੇ, ਕੇਵਲ ਆਪਣੇ ਸੁਖ ਅਰਾਮ ਦੀ ਚਿੰਤਾ ਸੀ। ਇਉਂ ਵਿਅਕਤੀ ਸਮਾਜ ਦੀ ਉਨਤੀ ਲਈ ਕੋਈ ਯੋਗਦਾਨ ਨਹੀਂ ਪਾ ਸਕਦਾ ਸੀ। ਇਸ ਰੁਚੀ ਕਾਰਣ ਭਾਰਤੀ ਸਮਾਜ ਗਰੀਬੀ, ਭੁੱਖ ਤੇ ਕੰਗਾਲੀ ਦੀ ਖੱਡ ਵਿਚ ਜਾ ਪਿਆ। ਦੂਜਾ ਫਰਕ ਇਹ ਆਇਆ ਕਿ ਇਸ ਰੁਚੀ ਨੇ ਭਾਰਤੀ ਸੰਸਕ੍ਰਿਤੀ ਨੂੰ ਸ਼ਹਿਰਾਂ ਦੀ ਥਾਂ ਪਿੰਡਾਂ ਵਿਚ ਕੇਂਦਰਿਤ ਕਰ ਦਿੱਤਾ। ਪਿੰਡਾਂ ਦੀ ਬਜਾਏ ਵੀ ਜੰਗਲਾਂ ਤੇ ਉਜਾੜਾਂ ਵਿਚ। ਇਸ ਕਰਕੇ ਵਪਾਰ ਅਤੇ ਆਰਥਿਕਤਾ ਵਿਚ ਬੜਾ ਨਿਘਾਰ ਆਇਆ। ਗੁਰੂ ਨਾਨਕ ਸਾਹਿਬ ਅਤੇ ਬਾਅਦ ਵਿਚ ਹੋਰਨਾਂ ਗੁਰੂਆਂ ਨੇ ਪਿੰਡਾਂ ਦੀ ਥਾਂ ਸ਼ਹਿਰਾਂ ਨੂੰ ਆਪਣੇ ਕੇਂਦਰ ਬਣਾਇਆ। ਉਨ੍ਹਾਂ ਨੇ ਨਵੇਂ ਸ਼ਹਿਰਾਂ ਦੀ ਸਥਾਪਨਾ ਕਰਕੇ ਪੰਜਾਬ ਵਿਚ ਸ਼ਹਿਰੀ ਸੰਸਕ੍ਰਿਤੀ ਦੀ ਨੀਂਹ ਰੱਖੀ। ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਨਾਂ ਦਾ ਨਵਾਂ ਸ਼ਹਿਰ ਸਥਾਪਿਤ ਕੀਤਾ।

**ਸਮਾਜਿਕ ਮੁਕਤੀ (Social Emanicipation)**;

ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੌਤ ਉਪਰੰਤ ਮੁਕਤੀ ਦੀ ਥਾਂ ਜੀਵਨ-ਮੁਕਤੀ ਉਪਰ ਵਧੇਰੇ ਜ਼ੋਰ ਦਿੱਤਾ ਹੈ। ਇਸ ਮੁਕਤੀ ਦੇ ਸਿਧਾਂਤ ਦੀ ਇਕ ਖਾਸੀਅਤ ਇਹ ਹੈ ਕਿ ਇਸ ਵਿਚ ਜਾਤੀ-ਮੁਕਤੀ ਦੀ ਥਾਂ ਸਮੂਹਿਕ-ਮੁਕਤੀ ਦੀ ਗੱਲ ਹੈ। ਵਿਅਕਤੀ ਦੀ ਕੋਸ਼ਿਸ਼ ਹੋਵੇ ਕਿ ਉਹ ਸਵੈ ਦੀ ਮੁਕਤੀ ਦੇ ਨਾਲ-ਨਾਲ, ਸਮਾਜ ਦੀ ਮੁਕਤੀ ਲਈ ਯਤਨ ਕਰੇ। ਗੁਰੂ ਨਾਨਕ ਦੇਵ ਜੀ ਦੇ

---

[100] जतकमाला, 21.2

[101] सुराज्ये धार्मिके देशे सुभिक्षे निरूपद्रवे।। हठयोग प्रदीपिका, 1.12

ਅਨੁਸਾਰ ਮੁਕਤ ਵਿਅਕਤੀ, ਦੂਜਿਆਂ ਨੂੰ ਵੀ ਤਾਰ ਲੈਂਦਾ ਹੈ,[102] ਉਸ ਦੇ ਨਾਲ ਕਈ ਹੋਰ ਵੀ ਮੁਕਤ ਹੋ ਜਾਂਦੇ ਹਨ।[103] ਇਸ ਤਰ੍ਹਾਂ ਗੁਰੂ ਨਾਨਕ ਬਾਣੀ ਵਿਚ ਜਾਤੀ-ਮੁਕਤੀ ਦੀ ਥਾਂ ਸਮੂਹਿਕ ਮੁਕਤੀ ਦੀ ਮਹੱਤਤਾ ਦ੍ਰਿੜ ਕਰਵਾਈ ਗਈ ਹੈ। ਇਸ ਵਿਚਾਰ ਅਨੁਸਾਰ ਵਿਅਕਤੀ ਨੂੰ ਨਿੱਜਵਾਦ (Individual) ਤਿਆਗ ਕੇ ਸਮੂਹ ਦੀ ਉਨਤੀ ਲਈ ਸਰਗਰਮ ਹੋਣਾ ਚਾਹੀਦਾ ਹੈ।

**ਸਮਾਜਿਕ ਤਬਦੀਲੀ (Social Change)**:

ਡਾ. ਰਾਧਾਕ੍ਰਿਸ਼ਨਨ ਦਾ ਕਥਨ ਹੈ ਕਿ ਜਦੋਂ ਮਨੁੱਖ ਚੇਤਨ ਹੋ ਜਾਵੇਗਾ ਤਾਂ ਉਹ ਇਕ ਅਜਿਹੇ ਸਮਾਜ ਦੀ ਰਚਨਾ ਕਰਨ ਲਈ ਯਤਨ ਕਰੇਗਾ, ਜਿਸ ਵਿਚ ਮਨੁੱਖ ਸੁਤੰਤਰ ਅਤੇ ਨਿਰਭੈ ਹੋ ਕੇ ਰਹਿ ਸਕੇ, ਜਿਸ ਵਿਚ ਮਨੁੱਖ ਕਰਤਾ ਬਣੇ, ਜੜ-ਵਸਤੂ ਨਹੀਂ। ਉਹ ਆਤੰਕ ਅਤੇ ਜੁਲਮ ਦਾ ਵਿਰੋਧ ਕਰੇਗਾ ਅਤੇ ਜਾਤ ਕਰਕੇ ਛੇਕੇ ਵਿਅਕਤੀਆਂ ਅਤੇ ਸ਼ਰਨਾਰਥੀਆਂ ਨਾਲ ਖੜ੍ਹਾ ਹੋਵੇਗਾ। ਉਹ ਗੂੰਗਿਆਂ ਦੀ ਆਵਾਜ਼ ਬਣੇਗਾ।[104] ਜਾਨ ਲਾਕ ਦਾ ਵਿਚਾਰ ਸੀ ਕਿ ਸ਼ਾਸਨ ਦੁਆਰਾ ਰੌਂਦੀ ਗਈ ਸੁਤੰਤਰਤਾ ਦੀ ਬਹਾਲੀ ਲਈ ਵਿਦਰੋਹ ਕਰਨ ਦਾ ਜਨਤਾ ਨੂੰ ਅਧਿਕਾਰ ਹੈ।[105] ਅਜੋਕੇ ਯੁਗ ਵਿਚ ਸਮਾਜਿਕ ਤਬਦੀਲੀ ਦੇ ਘੇਰੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਕੀਮਤਾਂ ਵਿਚ ਤਬਦੀਲੀ ਆ ਜਾਂਦੀ ਹੈ। ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਸਭ ਪੱਖਾਂ ਉਪਰ ਵਿਚਾਰ ਪ੍ਰਾਪਤ ਹੋ ਜਾਂਦੇ ਹਨ। ਇੱਥੇ ਸਿਰਫ ਸਮਾਜਿਕ ਤਬਦੀਲੀ ਦੇ ਕਾਰਕਾਂ (factors) ਦੀ ਹੀ ਵਿਚਾਰ ਕੀਤੀ ਜਾ ਰਹੀ ਹੈ।

ਅਸਾਂ ਦੇਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਅਸਮਾਨਤਾ, ਅਨਿਆਂ ਅਤੇ ਅਤਿਆਚਾਰ ਦੇ ਵਿਰੁੱਧ ਜ਼ਬਰਦਸਤ ਆਵਾਜ਼ ਉਠਾਈ। ਉਹ ਹਮੇਸ਼ਾਂ ਕਮਜ਼ੋਰ ਤੇ ਲਿਤਾੜੇ ਹੋਇਆ ਦੀ ਧਿਰ ਬਣਕੇ, ਉਨ੍ਹਾਂ ਦੇ ਪੱਖ ਪੂਰਦੇ ਰਹੇ। ਉਨ੍ਹਾਂ ਦੀ ਬਾਣੀ ਵਿਚ ਵਿਦਰੋਹ ਦੀ ਸੁਰ ਬੜੀ ਤਿੱਖੀ ਤੇ ਉੱਚੀ ਹੈ। ਨਿਸ਼ਚੇ ਹੀ ਵਿਦਰੋਹ ਜਾਂ ਵਿਰੋਧ, ਕਿਸੇ ਤਬਦੀਲੀ ਲਈ ਕੀਤਾ ਜਾਂਦਾ ਹੈ। ਤਬਦੀਲੀ ਦੇ ਸੰਕਲਪ ਬਿਨਾਂ ਵਿਦਰੋਹ ਦਾ ਕੋਈ ਅਰਥ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ, ਇਨਕਲਾਬ

---

[102] ਮੰਨੇ ਤਰੈ ਤਾਰੇ ਗੁਰਸਿਖ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 3)

[103] ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ (ਉਹੀ ਪੰਨਾ 8)

[104] S.RadhaKrishnan, Religion and Culture, p. 16.

[105] John Locke on Civil Government. www.barteby.com

ਦੀ ਸਥਾਪਨਾ ਕਰਦੀ ਪ੍ਰਤੀਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਹਉਮੈ ਤਿਆਗ ਕੇ ਸੇਵਾ ਅਤੇ ਪਰਉਪਕਾਰ ਕਰਨ ਉਪਰ ਬਲ ਦਿੱਤਾ। ਇਸ ਤੋਂ ਵਧੇਰੇ ਉਨ੍ਹਾਂ ਨੇ ਇਸ ਤਬਦੀਲੀ ਨੂੰ ਯਕੀਨੀ ਬਣਾਉਣ ਲਈ ਦੋ ਰਾਹ ਸੁਝਾਏ-ਇਕ ਸੰਗਤ ਦਾ ਅਤੇ ਦੂਜਾ ਕੁਰਬਾਨੀ ਦਾ।

**ਸੰਗਤ-ਜਥੇਬੰਦੀ (Congregation-Organisation)**:

ਕੋਈ ਵੀ ਇਨਕਲਾਬ ਜਾਂ ਤਬਦੀਲੀ ਜਥੇਬੰਦੀ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਸੰਗਠਨ, ਸਮਾਜਿਕ ਤਬਦੀਲੀ ਦੀ ਗਤੀਸ਼ੀਲਤਾ ਲਈ ਜਿੰਮੇਵਾਰ ਹੁੰਦਾ ਹੈ। ਇਸ ਸੰਗਠਨ ਦੀ ਅਣਹੋਂਦ ਕਾਰਨ, ਕਈ ਇਨਕਲਾਬੀ ਲਹਿਰਾਂ ਦਾ ਬੁਰਾ ਹਸ਼ਰ ਹੋਇਆ। ਉਦਾਹਰਣ ਦੇ ਤੌਰ ਤੇ ਭਗਤੀ ਲਹਿਰ ਨੂੰ ਪੇਸ਼ ਕੀਤਾ ਜਾ ਸਕਦਾ ਹੈ, ਜੋ ਭਗਤਾਂ ਦੇ ਜੀਵਨ ਦੇ ਨਾਲ ਹੀ ਸਮਾਪਤ ਹੋ ਗਈ ਸੀ। ਪਰ ਸਿੱਖ ਲਹਿਰ ਦੀ ਨਿਰੰਤਰਤਾ ਦਾ ਰਾਜ, ਇਸ ਦੇ ਸੰਗਠਨਾਤਮਕ ਰੂਪ ਵਿਚ ਸੀ। ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ, ਉਥੇ ਸੰਗਤ ਦੀ ਸਥਾਪਨਾ ਕਰਦੇ। ਉਨ੍ਹਾਂ ਦੀ ਬਾਣੀ ਵਿਚਲੇ ਹਵਾਲੇ ਦਸਦੇ ਹਨ ਕਿ ਉਨ੍ਹਾਂ ਦੇ ਮਤ ਦੀਆਂ ਸਾਰੀਆਂ ਕ੍ਰਿਆਵਾਂ ਸੰਗਤ ਵਿਚ ਹੀ ਹੁੰਦੀਆਂ ਸਨ। ਇਸੇ ਲਈ ਪ੍ਰੀਤਮ ਸਿੰਘ ਗਿੱਲ ਦਾ ਕਥਨ ਹੈ ਕਿ ਸਿੱਖ ਮਤ ਸੰਗਤੀ ਧਰਮ ਹੈ।[106] ਸਿੱਖ ਮਤ ਸਖ਼ਸੀ ਧਰਮ ਨਹੀਂ ਹੈ। ਸਖ਼ਸੀ ਧਰਮਾਂ ਵਿਚ ਸੰਗਤ ਵਰਗੀ ਸੰਸਥਾ ਦੀ ਜਰੂਰਤ ਨਹੀਂ ਹੁੰਦੀ। ਉਦਾਹਰਣ ਵਜੋਂ ਯੋਗ ਮਤ ਵਿਚ ਦੂਜੇ ਮਨੁੱਖਾਂ ਦੇ ਸੰਗ ਨੂੰ ਯੋਗ ਵਿਰੋਧੀ ਦਸਿਆ ਗਿਆ ਹੈ।[107] ਹਠਯੋਗ ਪ੍ਰਦੀਪਿਕਾ ਵਿਚ ਯੋਗੀ ਨੂੰ ਦੂਜੇ ਮਨੁੱਖਾਂ ਦੀ ਸੰਗਤ ਤੋਂ ਵਰਜਦਿਆਂ ਇਕਾਂਤੀ ਹੋਣ ਦਾ ਉਪਦੇਸ਼ ਦਿੱਤਾ ਹੈ।[108]

ਗੁਰੂ ਨਾਨਕ ਸਾਹਿਬ ਨੇ ਸੰਗਤ ਦੇ ਮਾਧਿਅਮ ਨਾਲ ਮਾਨਸਿਕ ਪਰਿਵਰਤਨ ਕਰਕੇ, ਇਕ ਵਿਸ਼ੇਸ਼ ਤਰ੍ਹਾਂ ਦਾ ਭਾਈਚਾਰਾ ਉਸਾਰਿਆ। ਇਸ ਸੰਗਤ ਵਿਚ ਕੋਈ ਭਿੰਨ-ਭੇਦ ਨਹੀਂ ਸੀ ਕੀਤਾ ਜਾਂਦਾ ਅਤੇ ਸੇਵਾ ਕੇ ਵੰਡ ਤੇ ਛਕਣ ਦੀ ਵਿਹਾਰਕ ਜਾਚ ਸਿਖਾਈ ਜਾਂਦੀ ਸੀ। ਸੰਗਤ ਦੇ ਨਾਲ ਲੰਗਰ ਦੀ ਸੰਸਥਾ ਨੇ ਇਹ ਭਾਵਨਾ ਦਿੱਤੀ ਕਿ ਸਾਰੇ ਪਦਾਰਥ ਸਾਂਝੇ ਹਨ ਅਤੇ ਇਨ੍ਹਾਂ ਉਪਰ ਸਭ ਦੇ ਬਰਾਬਰ

---

[106] Pritam Singh Gill, The Doctrine of Guru Nanak, p. 165.

[107] अत्याचारः प्रयासश्च प्रजल्यो नियमग्रहः।
जनसङ्गश्य लोल्यं च षड्भिर्योगो विनश्यति, हठयोग प्रदीपिका, 1.15

[108] जनसंगपरित्यागात्षड्भिर्योग प्रसिद्ध यति।। वही 1.16

ਅਧਿਕਾਰ ਹਨ। ਗੁਰੂ ਨਾਨਕ ਬਾਣੀ ਵਿਚ ਜਿਸ ਬਰਾਬਰੀ ਦੀ ਗੱਲ ਕੀਤੀ ਗਈ ਹੈ, ਉਸ ਦਾ ਕ੍ਰਿਆਤਮਕ ਰੂਪ ਸੰਗਤ ਸੀ। ਗੁਰੂ ਨਾਨਕ ਬਾਣੀ ਵਿਚ ਸੰਗਤ ਦੀ ਮਹਾਨਤਾ ਦਾ ਕਾਰਣ ਦੂਜਿਆਂ ਤੋਂ ਪ੍ਰਾਪਤ ਹੋਣ ਵਾਲੇ ਗੁਣਾਂ ਕਰਕੇ ਹੈ। ਉਨ੍ਹਾਂ ਦਾ ਕਥਨ ਹੈ ਕਿ ਚੰਗੇ ਇਨਸਾਨਾਂ ਦੀ ਸੰਗਤ, ਮਨੁੱਖ ਨੂੰ ਉਤਮ ਇਨਸਾਨ ਬਣਾਉਂਦੀ ਹੈ ਤੇ ਉਹ ਅਵਗੁਣ ਛਡ ਕੇ ਗੁਣ ਧਾਰਨ ਕਰਦਾ ਹੈ।[109] ਗੁਣਾਂ ਦੀ ਪ੍ਰਾਪਤੀ ਗੁਣੀ ਵਿਅਕਤੀਆਂ ਦੀ ਸੰਗਤ ਵਿਚੋਂ ਹੀ ਹੋਣੀ ਦੱਸੀ ਗਈ ਹੈ।[110] ਸਤਸੰਗਤ ਨੂੰ ਅਜਿਹੀ ਥਾਂ ਦਸਿਆ ਹੈ, ਜਿਥੇ ਗੁਰਮੁਖਾਂ ਦੀ ਸੰਗਤ ਨਾਲ, ਮਨਮੁਖ ਦਾ ਜੀਵਨ ਵੀ ਬਦਲ ਜਾਂਦਾ ਹੈ ਅਤੇ ਉਥੇ ਹੀ ਪਰਮਾਤਮਾ ਮਿਲ ਸਕਦਾ ਹੈ।[111] ਮਨੁੱਖ ਜਿਸ ਕਾਰਜ ਨੂੰ ਦੂਜਿਆਂ ਦੇ ਸਹਿਯੋਗ ਨਾਲ ਕਰਦਾ ਹੈ, ਉਹ ਸਹਿਜੇ ਹੀ ਸੰਪੂਰਨ ਹੋ ਜਾਂਦਾ ਹੈ। ਇਸੇ ਨੁਕਤੇ ਨੂੰ ਗੁਰੂ ਨਾਨਕ ਸਾਹਿਬ ਨੇ ਸਮਝਾਇਆ ਹੈ ਕਿ ਜੇਕਰ ਕੋਈ ਲੱਖਾਂ ਯਤਨ ਵੀ ਕਰ ਲਵੇ, ਬਿਨਾਂ ਸੰਗਤ ਦੇ ਉਸ ਨੂੰ ਆਪਣੇ ਮਿਸ਼ਨ ਵਿਚ ਸਫਲਤਾ ਨਹੀਂ ਮਿਲ ਸਕਦੀ।[112] ਇਸ ਸਹਿਯੋਗ ਦੀ ਭਾਵਨਾ ਦੇ ਨਾਲ-ਨਾਲ ਬਰਾਬਰੀ ਦੀ ਭਾਵਨਾ ਨੂੰ ਵਧਾਉਣ ਕਰਕੇ, ਸੰਗਤ ਦਾ ਸਮਾਜਿਕ ਮਹੱਤਵ ਸਪਸ਼ਟ ਹੈ। ਇਸੇ ਲਈ ਕਪੂਰ ਸਿੰਘ ਨੇ ਸਿੱਖ ਸਮਾਜ ਨੂੰ (Co-operative society) ਕਿਹਾ ਜਾਂਦਾ ਹੈ।[113]

**ਹਿੰਸਾ ਅਤੇ ਕੁਰਬਾਨੀ (Violence and Sacrifice**:

ਭਾਰਤ ਵਿਚ 'ਅਹਿੰਸਾ ਪਰਮੋ-ਧਰਮ ਦਾ ਨਾਹਰਾ' ਆਦਰਸ਼ ਰਿਹਾ। ਇਸ ਵਿਸ਼ਵਾਸ ਕਰਕੇ ਭਾਰਤ ਸਦੀਆਂ ਤਕ ਗੁਲਾਮ ਬਣਿਆ ਰਿਹਾ। ਇਸ ਵਿਸ਼ਵਾਸ ਦੇ ਧਾਰਨੀ ਵਿਦਵਾਨਾਂ ਲਈ, ਇਹ ਗੱਲ

---

109 ਊਤਮ ਸੰਗਤਿ ਊਤਮੁ ਹੋਵੈ। ਗੁਣ ਕਉ ਧਾਵੈ ਅਵਗਣ ਧੋਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 414)

110 ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ॥ (ਉਹੀ, ਪੰਨਾ 1127)

111 ਸਤਸੰਗਿਤ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥
ਗੁਰ ਪਰਸਾਦੀ ਘਟ ਚਾਨਣਾ ਅਨੇਰੁ ਗਵਾਇਆ॥
ਲੋਹਾ ਪਾਰਸਿ ਭੇਟੀਐ ਕੰਚਨ ਹੋਇ ਆਇਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1244)

112 ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥
ਬਿਨ ਸੰਗਤਿ ਸਾਧ ਨ ਧ੍ਰਾਪੀਆ ਬਿਨ ਨਾਵੈ ਦੂਖ ਸੰਤਾਪੁ॥ (ਉਹੀ, ਪੰਨਾ 20)

113 "When explores were beginning to discover that the globe upon which we all leve in a single entity divided only by arbitrary lines of ou own making." Preface of Dr. Gopal Singh's Sri Guru Granth Sahib, Vol. II, p. XV.

ਹਜ਼ਮ ਕਰਨੀ ਕਠਿਨ ਹੁੰਦੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਜ਼ੁਲਮ ਅਤੇ ਅਤਿਆਚਾਰ ਦੇ ਵਿਰੋਧ ਵਿਚ ਕੁਰਬਾਨੀ ਅਤੇ ਹਿੰਸਾ ਦੀ ਲੋੜ ਉਪਰ ਜ਼ੋਰ ਦਿੱਤਾ। ਗੁਰੂ ਨਾਨਕ ਸਾਹਿਬ ਨੇ ਜਿਸ ਪਰਮਾਤਮਾ ਦੀ ਅਰਾਧਨਾ ਕੀਤੀ ਸੀ, ਉਹ ਨਿਰਵੈਰ ਅਤੇ ਨਿਰਭਉ ਸੀ। ਗੁਰੂ ਨਾਨਕ ਸਾਹਿਬ ਦਾ ਪਰਮਾਤਮਾ ਪਾਪੀਆਂ ਜਾਂ ਜ਼ੁਲਮਾਂ ਦਾ ਸੰਘਾਰ ਕਰਨ ਵਾਲਾ ਹੈ।[114] ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਲਈ ਕੁਰਬਾਨੀ ਦੇਣ ਦੀ, ਪਹਿਲੀ ਸ਼ਰਤ ਰੱਖੀ।[115]

ਡਾ. ਰਾਧਾਕ੍ਰਿਸ਼ਨਨ ਨੇ ਗੁਰੂ ਨਾਨਕ ਸਾਹਿਬ ਦੇ ਦਇਆ ਸਿਧਾਂਤ ਨੂੰ ਅਹਿੰਸਾ ਦੇ ਅਰਥਾਂ ਵਿਚ ਲੈਂਦਿਆਂ ਲਿਖਿਆ ਹੈ, "ਨਾਨਕ ਸਾਨੂੰ ਕਹਿੰਦੇ ਹਨ: ਕਿਸੇ ਨਾਲ ਦੁਸ਼ਮਣੀ ਨ ਕਰੋ। ਈਸ਼ਵਰ ਸਭ ਦੇ ਹਿਰਦੇ ਵਿਚ ਹੈ। ਖ਼ਿਮਾ ਉਚਤਮ ਸ਼ਕਤੀ ਸੰਪੰਨ ਪ੍ਰੇਮ ਹੀ ਹੈ।"[116] ਅਸੀਂ ਇੱਥੇ ਬਹਿਸ ਵਿਚ ਨਾ ਪੈਂਦਿਆਂ, ਇਹ ਹੀ ਕਹਾਂਗੇ ਕਿ ਖਿਮਾ ਅਤੇ ਦਇਆ ਨੂੰ ਅਹਿੰਸਾ ਨਾਲ ਰਲਗਡ ਨਹੀਂ ਕੀਤਾ ਜਾ ਸਕਦਾ। ਅਸੀਂ ਇਸ ਵਿਸ਼ੇ ਬਾਰੇ ਡਾ. ਗਿੱਲ ਦੇ ਵਿਚਾਰ ਦਿੰਦੇ ਹਾਂ:

"Guru Nanak Preached all feminine virtues but along with these he laid equal stress upon the masculine virtues of power, courage and bravery."[117]

ਗੁਰੂ ਨਾਨਕ ਸਾਹਿਬ ਦਾ ਆਸ਼ਾ ਭਾਰਤੀ ਲੋਕਾਂ ਦੀ ਮਾਨਸਿਕਤਾ ਨੂੰ ਬਦਲਣਾ ਸੀ ਤਾਂ ਜੋ ਉਹ ਸਮੱਸਿਆਵਾਂ ਤੋਂ ਵੱਖ ਹੋ ਕੇ ਨਾ ਰਹਿਣ, ਸਗੋਂ ਇਜ਼ਤਦਾਰ ਜੀਵਨ ਜਿਉਣ ਲਈ ਸਮਾਜ ਵਿਚ ਸਰਗਰਮ ਹਿੱਸਾ ਲੈਣ। ਸਭ ਦੀ ਬਰਾਬਰੀ, ਆਜ਼ਾਦੀ ਅਤੇ ਖੁਸ਼ਹਾਲੀ ਉਨ੍ਹਾਂ ਦਾ ਨਿਸ਼ਾਨਾ ਸੀ। ਗੁਰੂ ਨਾਨਕ ਦੇਵ ਜੀ ਸਮਝਦੇ ਸਨ ਕਿ ਸਮਾਜਿਕ ਤਬਦੀਲੀ ਦਾ ਆਧਾਰ ਮਨੁੱਖ ਦੇ ਨੈਤਿਕ ਤੇ ਧਾਰਮਿਕ ਵਿਸ਼ਵਾਸ ਹਨ। ਵਿਅਕਤੀ ਜਾਂ ਸਮਾਜ ਦਾ ਆਚਰਣਕ ਅਤੇ ਅਧਿਆਤਮਕ ਵਿਕਾਸ, ਧਰਮ ਉੱਪਰ

---

114 ਅਸੁਰ ਸੰਘਾਰਣ ਰਾਮ ਹਮਾਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1028)

115 (ੳ) ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412)
(ਅ) ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ॥
ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰ ਭਾਲੇ॥ (ਉਹੀ, ਪੰਨਾ 558)

116 Nanak tells us "Keep no feeling of enimity for anyone. God is contained in every basom Forgivences is love at its highest power". S.RadhaKrishnan, Religion and Culture, p. 147.

117 Pritam Singh Gill, The Doctrine of Guru Nanak, p. 125.

ਨਿਰਭਰ ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ ਕਿਸੇ ਧਰਮ ਦੀ ਅੰਦਰੂਨੀ ਮਹਾਨਤਾ ਅਤੇ ਚੰਗਿਆਈ ਦੀ ਕਸੌਟੀ, ਉਸ ਦੀ ਸਮਾਜਿਕ ਪ੍ਰਸੰਗਤਾ ਨੂੰ ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਨੇ ਦਸਿਆ ਕਿ ਧਰਮ ਦੀਆਂ ਜੜ੍ਹਾਂ ਸਮਾਜਿਕ ਜੀਵਨ ਵਿਚ ਲਗੀਆਂ ਹੋਈਆਂ ਹਨ। ਉਹ ਧਰਮ ਨੂੰ ਪਰਿਵਾਰ, ਸਮੁਦਾਇ, ਦੇਸ਼ ਅਤੇ ਸੰਸਾਰ ਤੋਂ ਵੱਖ ਕਰਕੇ ਨਹੀਂ ਦੇਖਦੇ।

ਸਮੁੱਚੀ ਬਾਣੀ ਇਕ ਵਿਸ਼ਵੀ ਸਮਾਜ (Global Society) ਦਾ ਮੁੱਦਾ ਪੇਸ਼ ਕਰਦਿਆਂ, ਸਾਰੇ ਮਾਨਵਾਂ ਵਿਚ ਬਰਾਬਰੀ ਦਾ ਆਧਾਰ ਕਾਨੂੰਨ ਜਾਂ ਨੈਤਿਕਤਾ, ਨੂੰ ਨਹੀਂ, ਸਗੋਂ ਅਧਿਆਤਮਿਕਤਾ ਨੂੰ ਮੰਨਿਆ ਹੈ। ਬਾਣੀ ਵਿਚ ਜਾਤ, ਜਨਮ, ਕੁਲ ਨਸਲ, ਇਲਾਕੇ, ਲਿੰਗ ਆਦਿ ਹਰ ਤਰ੍ਹਾਂ ਦੇ ਵਖਰੇਵੇਂ ਅਪ੍ਰਵਾਨ ਕੀਤੇ ਹਨ। ਉਨ੍ਹਾਂ ਦੀ ਬਾਣੀ ਵਿਚ ਮਾਨਵਵਾਦੀ ਅਤੇ ਪਿਆਰ ਵਾਲਾ ਰਵੱਈਆ ਬੜਾ ਸਪਸ਼ਟ ਹੈ, ਜਿਹੜਾ ਜ਼ੁਲਮ ਅਤੇ ਅਨਿਆਂ ਦਾ ਵਿਰੋਧ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਧਰਮ ਦਾ ਸਮਾਜਿਕ ਮਹੱਤਵ ਦਰਸਾ ਕੇ, ਇਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ। ਇਹ ਗੱਲ ਹੋਰ ਵੀ ਮਹੱਤਵ ਰੱਖਦੀ ਹੈ। ਕਿ ਉਨ੍ਹਾਂ ਦੀ ਧਰਮ-ਮੀਮਾਂਸਾ ਵਿਚ ਵਿਅਕਤੀਗਤ ਮੁਕਤੀ ਦੀ ਥਾਂ ਸਮੂਹਿਕ ਮੁਕਤੀ ਦੀ ਵਿਵਸਥਾ ਹੈ। ਅਸੀਂ ਦੇਖਾਂਗੇ ਕਿ ਗੁਰੂ ਨਾਨਕ ਬਾਣੀ ਵਿਚ ਸਮਾਜ ਅਤੇ ਵਿਅਕਤੀ ਦੀਆਂ ਕਦਰਾਂ ਕੀਮਤਾਂ ਨੂੰ ਬਦਲਣ ਉਤੇ ਜ਼ੋਰ ਦਿੱਤਾ ਹੈ। ਅੱਜ ਕੱਲ ਦੀ ਭਾਸ਼ਾ ਵਿਚ ਇਸ ਨੂੰ ਸਭਿਆਚਾਰਕ ਇਨਕਲਾਬ ਕਿਹਾ ਜਾਂਦਾ ਹੈ। ਵਿਅਕਤੀ ਮੁੱਦਾ ਵੀ, ਬਾਣੀ ਵਿਚ ਸੁਲੱਭ ਹੈ।

ਉਪਰੋਕਤ ਸਾਰੀ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਦਾ ਹਿੰਦੁਸਤਾਨ ਦੀ ਧਰਤੀ ਤੇ ਆਗਾਜ਼ ਅਸਲ ਵਿਚ ਦੱਬੀ-ਕੁਚਲੀ ਲੋਕਾਈ ਦੇ ਭਾਗਾਂ ਵਿਚ ਬਾਰਿਸ਼ੇ-ਰਹਿਮਤ ਸਾਬਤ ਹੋਇਆ। ਹਜ਼ਾਰਾਂ ਸਾਲਾਂ ਤੋਂ ਮਨੁੱਖ ਹੋਣ ਅਹਿਸਾਸ ਹੋ ਭੁੱਲ ਚੁੱਕੀ ਲੋਕਾਈ ਦੇ ਅੰਦਰ ਇਕ ਨਵੀਂ ਰੌਂ ਉਪਜੀ ਜਿਸ ਨੇ ਹਿੰਦੁਸਤਾਨ ਦੇ ਭਾਗ ਬਦਲ ਕੇ ਰੱਖ ਦਿੱਤੇ। ਅਜ਼ਾਦੀ, ਭਾਈਚਾਰਾ ਅਤੇ ਮਨੁੱਖੀ ਏਕਤਾ ਦਾ ਇਲਾਹੀ ਨਾਦ ਧਰਤਿ ਪੰਜਾਬ ਵਿਚੋਂ ਗੂੰਜਿਆ, ਜਿਸ ਨੇ ਸਮਕਾਲ ਦੇ ਸੋਸ਼ਿਤ ਹੋ ਚੁੱਕੇ ਧਰਮਾਂ ਨੂੰ ਸੋਚਣ ਲਾ ਦਿੱਤਾ ਅਤੇ ਲੋਕ ਗੁਰੂ ਨਾਨਕ ਪਾਤਸ਼ਾਹ ਦੀ ਰਹਿਮਤ ਦੇ ਹੱਕਦਾਰ ਹੋ ਮੜ੍ਹਕ ਨਾਲ ਤੁਰਨ ਦਾ ਅਹਿਸਾਸ ਮਾਣਣ ਲੱਗੇ।

# ਅਧਿਆਇ ਚੌਥਾ

# ਗੁਰਬਾਣੀ ਅਤੇ ਔਰਤ ਦਾ ਸਥਾਨ

ਸੱਭਿਅਤਾ ਦੇ ਵਿਕਾਸ, ਸਭਿਆਚਾਰ ਪ੍ਰਗਤੀ ਅਤੇ ਸਮਾਜ ਦੀ ਉੱਚਾਈ ਮਾਪਣ ਦਾ ਸਭ ਤੋਂ ਸਹੀ ਪੈਮਾਨਾ ਸਮਾਜ ਵਿਚ ਇਸਤਰੀ ਨੂੰ ਦਿੱਤਾ ਗਿਆ ਦਰਜਾ, ਗਿਣਿਆ ਜਾਂਦਾ ਹੈ। ਮਨੁੱਖੀ ਸਮਾਜ ਦੇ ਆਦਿ-ਕਾਲ ਤੋਂ ਹੀ ਇਸਤਰੀ ਦਾ ਸਮਾਜ ਦੀ ਉਸਾਰੀ ਵਿਚ ਮਹੱਤਵਪੂਰਨ ਹਿੱਸਾ ਰਿਹਾ ਹੈ। ਸਮਾਜਿਕ ਸੰਬੰਧਾਂ ਅਧੀਨ ਇਸਤਰੀ ਮਨੁੱਖੀ ਜੀਵਨ ਦਾ ਆਧਾਰ ਹੈ। ਸਾਰੀ ਸ੍ਰਿਸ਼ਟੀ, ਚਾਹੇ ਬਨਸਪਤੀ ਹੈ, ਚਾਹੇ ਪ੍ਰਾਣੀ ਜਗਤ, ਸਭ ਦਾ ਮੂਲ ਪੁਰਸ਼ ਅਤੇ ਇਸਤਰੀ ਤੱਤਾਂ ਦਾ ਸੰਯੋਗ ਹੈ। ਇਨ੍ਹਾਂ ਦੋਹਾਂ ਦਾ ਆਦਿ ਕਾਲੀਨ ਰਿਸ਼ਤਾ ਮਨੁੱਖੀ ਸਭਿਅਤਾ ਦੀ ਬੁਨਿਆਦ ਹੈ। ਕਾਮਸੂਤ੍ਰ ਅਨੁਸਾਰ ਇਸਤਰੀ ਦੀ ਵੰਡ ਪੰਜ ਪ੍ਰਕਾਰ ਨਾਲ ਕੀਤੀ ਗਈ ਹੈ। ਜਿਵੇਂ: ਸੰਖਿਨੀ, ਹਸਤਿਨੀ, ਚਤ੍ਰਿਨੀ, ਪਦਮਿਨੀ ਅਤੇ ਪੁਸਚਲੀ।[1] ਇਸੇ ਤਰ੍ਹਾਂ 'ਨਾਰੀ' ਨਰ ਦੀ ਮਦੀਨ, ਇਸਤਰੀ, ਔਰਤ ਹੈ।[2] ਸਮੇਂ-ਸਮੇਂ ਤੇ ਵਿਦਵਾਨਾਂ, ਸਿੱਖਿਆ ਸ਼ਾਸਤਰੀਆਂ, ਵਿਆਕਰਨਵੇਤਾਵਾਂ ਅਤੇ ਗ੍ਰੰਥਕਾਰਾਂ ਨੇ ਇਸਤਰੀ ਨੂੰ ਵੱਖ-ਵੱਖ ਸ਼ਬਦਾਂ ਨਾਲ ਸੰਬੋਧਿਤ ਕੀਤਾ ਹੈ। ਇਸਤਰੀ ਦੇ ਬਾਹਰਮੁਖੀ ਰੂਪ ਨੂੰ ਅਬਲਾ, ਅਲਹਿਯਹੂ, ਔਰਤ, ਅਰਧ ਸਰੀਰੀ, ਅਰਧਾਂਗੀ, ਸੁੰਦਰੀ, ਕਾਮਨੀ, ਕੰਨਿਆ, ਕਿਸ਼ੋਰੀ, ਖਾਤੂਨ, ਚੰਚਲਾ, ਚਪਲਾ, ਜੋਰੂ, ਜਾਯਾ, ਤ੍ਰੀਮਤ, ਨਾਰੀ, ਧਰਮਪਤਨੀ, ਮਹਿਲਾ, ਵਹੁਟੀ, ਵੋਮੈਨ ਅਤੇ ਵਾਈਫ ਅਨੇਕਾਂ ਸ਼ਬਦਾਂ ਰਾਹੀਂ ਚਿਤ੍ਰਿਤ ਕੀਤਾ ਜਾਂਦਾ ਹੈ। ਮੂਲ ਰੂਪ ਵਿਚ ਇਸਤਰੀ, ਪੁਰਸ਼ ਦਾ ਮਾਦਾ ਰੂਪ ਹੈ। ਜੀਵ-ਵਿਗਿਆਨਿਕ ਪੱਧਰ ਅਤੇ ਕੁਦਰਤ ਦੇ ਪੱਧਰ ਤੇ ਵੇਖੀਏ ਤਾਂ ਸੰਤਾਨ ਉਤਪਤੀ ਦੀ ਜ਼ਿੰਮੇਵਾਰੀ ਇਸਤਰੀ ਦੇ ਹਿੱਸੇ ਆਈ ਹੈ। ਪ੍ਰਕਿਰਤੀ ਨੇ ਸਿਰਜਨ-ਸ਼ਕਤੀ ਦਾ ਕੰਮ ਇਸਤਰੀ ਨੂੰ ਦੇ ਕੇ ਉਸ ਨੂੰ ਉਨਾਂ ਹੀ ਜ਼ਰੂਰੀ ਬਣਾ ਦਿੱਤਾ ਹੈ ਜਿੰਨਾ ਸ੍ਰਿਸ਼ਟੀ ਲਈ ਉਹ ਆਪ ਜਰੂਰੀ ਹੈ। ਇਸਤਰੀ ਨੂੰ ਪ੍ਰਕਿਰਤੀ ਤੇ ਸਮਾਜ ਦਾ ਮਹੱਤਵਪੂਰਨ ਅੰਗ ਕਿਹਾ ਗਿਆ ਹੈ। ਇਸਤਰੀ ਦੇ ਗੁਣਾਂ ਅਤੇ ਸੁਭਾਅ ਦੇ ਆਧਾਰ ਤੇ

[1] devapages.wordpress.com

ਬ੍ਰਹਮਵੈਵਰਤ ਵਿਚ ਇਸਤਰੀ ਦੀਆਂ ਤਿੰਨ ਕਿਸਮਾਂ ਮੰਨੀਆਂ ਗਈਆਂ ਹਨ। ਸਾਧਵੀ, ਭੋਗਯਾ ਤੇ ਕੁਲਟਾ।[2]

ਸ਼ੁਰੂ ਤੋਂ ਹੀ ਸਮਾਜ ਵਿਚ ਪੁਰਸ਼ ਦਾ ਰੁਤਬਾ ਸੁਰੱਖਿਅਤ ਅਤੇ ਇਸਤਰੀ ਦੀ ਸਥਿਤੀ ਪੈਦਾਵਾਰ ਦੇ ਸਾਧਨਾਂ ਅਤੇ ਸਮਾਜਿਕ ਪ੍ਰਬੰਧਾਂ ਅਨੁਸਾਰ ਬਦਲਦੀ ਰਹੀ ਹੈ। ਇਸਤਰੀ ਨੂੰ ਮਾਂ, ਭੈਣ, ਧੀ, ਪਤਨੀ ਅਤੇ ਪ੍ਰੇਮਿਕਾ ਦੇ ਰੂਪ ਵਿਚ ਤਾਂ ਸਵੀਕਾਰਿਆ ਗਿਆ ਹੈ ਪਰ ਨਿਰੋਲ ਮਾਨਵੀ ਰੂਪ ਵਿਚ ਉਸ ਦੀ ਹੋਂਦ ਨੂੰ ਕਦੇ ਵੀ ਸਵੀਕ੍ਰਿਤੀ ਹਾਸਿਲ ਨਹੀਂ ਹੋ ਸਕੀ। ਇਥੋਂ ਤੱਕ ਕਿ ਧਰਮ ਕਾਨੂੰਨ ਤੇ ਸਭਿਆਚਾਰ ਵੀ ਇਸਤਰੀ ਦੀ ਸਵੈ-ਪਛਾਣ ਦੀ ਲੋੜ ਤੋਂ ਬੇਮੁੱਖ ਹੀ ਰਹੇ ਹਨ। ਪੁਰਸ਼ ਦਾ ਇਸਤਰੀ ਪ੍ਰਤੀ ਰਵੱਈਆ ਸਦਾ ਉਲਾਰ ਵਾਲਾ ਰਿਹਾ ਹੈ। ਉਹ ਉਸ ਨੂੰ ਆਪਣਾ ਪੂਰਕ ਤਾਂ ਸਮਝਦਾ ਹੈ। ਪਰੰਤੂ ਉਸ ਨੂੰ ਬਰਾਬਰ ਦੇ ਵਿਅਕਤੀ ਦੇ ਰੂਪ ਵਿਚ ਸਵੀਕਾਰ ਨਹੀਂ ਕਰਦਾ ਸਗੋਂ ਸਦੀਆਂ ਤੋਂ ਹੀ ਇਸਤਰੀ ਦੀ ਵਿਤਕਰੇ ਵਾਲੀ ਸਥਿਤੀ ਨੂੰ ਜਾਇਜ਼ ਠਹਿਰਾਉਂਦਾ ਰਿਹਾ ਹੈ। ਇਹੀ ਕਾਰਨ ਹੈ ਕਿ ਇਸਤਰੀ ਨੂੰ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਅਤੇ ਪੈਂਦਾ ਹੈ ਜਿਵੇਂ ਕਿ ਬਾਂਝਪਣ ਦੀ ਸਮੱਸਿਆ, ਨਿਪੁੰਸਕਤਾ ਦੀ ਸਮੱਸਿਆ, ਵਿਧਵਾ ਹੋਣ ਦੀ ਸਮੱਸਿਆ, ਛੁੱਟੜ ਹੋਣ ਦੀ ਸਮੱਸਿਆ, ਉਧਾਲਾ, ਬਲਾਤਕਾਰ, ਦਾਜ, ਵਿਆਹ ਸੰਬੰਧੀ ਚੋਣ, ਪਤੀ ਦੇ ਵਿਆਹ-ਬਾਹਰੇ ਸੰਬੰਧ ਅਤੇ ਜੈਂਡਰ ਸਮੱਸਿਆ ਆਦਿ ਅਨੇਕ ਸਮੱਸਿਆਵਾਂ ਹਨ ਜਿਨ੍ਹਾਂ ਦਾ ਦੁੱਖ ਸਿਰਫ ਇਕੱਲੀ ਇਸਤਰੀ ਨੂੰ ਹੀ ਸਹਿਣ ਕਰਨਾ ਪੈਂਦਾ ਹੈ।

ਭਾਰਤੀ ਸਮਾਜ ਵਿਚ ਇਸਤਰੀ ਦੇ ਬਾਂਝਪਣ ਹੋਣ ਤੇ ਪੁਰਸ਼ ਅਕਸਰ ਹੀ ਦੂਸਰਾ ਵਿਆਹ ਕਰਵਾ ਲੈਂਦਾ ਹੈ। ਬਾਂਝ ਇਸਤਰੀ ਆਪਣੇ ਦੁੱਖ ਨੂੰ ਇਕੱਲਿਆਂ ਹੀ ਭੋਗਦੀ ਹੈ। ਉਸ ਦਾ ਦੁੱਖ ਇਕੱਲੇ ਸੰਤਾਨ ਰਹਿਤ ਹੋਣਾ ਹੀ ਨਹੀਂ ਸਗੋਂ ਉਸ ਨੂੰ ਸਮਾਜਿਕ ਤੌਰ ਤੇ ਨਿਰਾਦਰੀ ਵੀ ਸਹਿਣੀ ਪੈਂਦੀ ਹੈ। ਬਾਂਝਪਨ ਦੇ ਉਲਟ ਜੇ ਪੁਰਸ਼ ਨਿਪੁੰਸਕ ਹੋਵੇ ਤਾਂ ਇਸਦਾ ਦਰਦ ਵੀ ਇਸਤਰੀ ਨੂੰ ਹੀ ਹੰਢਾਉਣਾ ਪੈਂਦਾ ਹੈ। ਸਰੀਰਿਕ ਵਿਗਿਆਨ ਦੇ ਵਿਕਸਤ ਹੋਣ ਤੋਂ ਪਹਿਲਾਂ ਪੁਰਸ਼ ਦੀ ਨਿਪੁੰਸਕਤਾ ਵੀ ਇਸਤਰੀ ਦਾ ਬਾਂਝਪਣ ਹੀ ਹੋ ਨਿਬੜਦਾ ਸੀ। ਅੱਜ-ਕੱਲ੍ਹ ਵੀ ਪੇਂਡੂ ਇਲਾਕਿਆਂ ਵਿਚ ਪੁਰਸ਼ ਦੀ ਨਿਪੁੰਸਕਤਾ

---

2 ਭਾਈ ਕਾਨ੍ਹ ਸਿੰਘ, ਗੁਰਸ਼ਬਦ ਰਤਨਾਕਾਰ, ਪੰਨਾ 699

ਆਮ ਕਰਕੇ ਜ਼ਾਹਿਰ ਨਹੀਂ ਹੁੰਦੀ। ਨਿਪੁੰਸਕ ਪੁਰਸ਼ ਦੀ ਇਸਤਰੀ ਚੱਕੀ ਦੇ ਦੋ ਪੁੜਾਂ ਵਿਚ ਪਿਸਦੀ ਸੀ। ਇਕ ਪਾਸੇ ਤਾਂ ਉਹ ਸਰੀਰਿਕ ਆਨੰਦ ਅਤੇ ਸੰਤਾਨ ਸੁੱਖ ਤੋਂ ਵਾਂਝੀ ਰਹਿੰਦੀ ਸੀ, ਦੂਜੇ ਪਾਸੇ ਉਸ ਨੂੰ ਕਮਜ਼ੋਰ ਸਮਝ ਕੇ ਸਰੀਰਿਕ ਅਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ ਸਨ। ਜਿੱਥੇ ਇਸਤਰੀ ਦੇ ਬਾਂਝਪਣ ਹੋਣ ਤੋਂ ਪੁਰਸ਼ ਹੋਰ ਵਿਆਹ ਕਰਵਾ ਲੈਂਦਾ ਹੈ। ਉੱਥੇ ਪੁਰਸ਼ ਦੇ ਨਿਪੁੰਸਕ ਹੋਣ ਤੇ ਇਸਤਰੀ ਕੋਲ ਆਪਣੇ ਲਗਾਤਾਰ ਸੰਤਾਪ ਭੋਗਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿੰਦਾ।

ਸਾਡੇ ਸਮਾਜ ਦੇ ਸੰਦਰਭ ਵਿਚ ਦੂਸਰੀ ਵੱਡੀ ਸਮੱਸਿਆ ਵਿਧਵਾ ਹੋਣ ਦੀ ਹੈ। ਵਿਧਵਾ ਹੋ ਜਾਣਾ ਇਸਤਰੀ ਦੀ ਮਰਜ਼ੀ ਨਹੀਂ ਸਗੋਂ ਇਕ ਅਣ-ਚਾਹੀ ਘਟਨਾ ਹੈ। ਪਹਿਲੇ ਸਮਿਆਂ ਵਿਚ ਇਸਤਰੀ ਨੂੰ ਪਤੀ ਦੀ ਚਿੱਖਾ ਤੇ ਹੀ ਸਤੀ ਹੋਣਾ ਪੈਂਦਾ ਸੀ। ਜੇ ਉਹ ਸਤੀ ਨਹੀਂ ਸੀ ਹੁੰਦੀ ਤਾਂ ਉਸ ਦੀਆਂ ਜ਼ਿੰਦਗੀ ਨੂੰ ਮਾਣਨ ਦੀਆਂ ਸਮੁੱਚੀਆਂ ਕਿਰਿਆਵਾਂ ਤੇ ਰੋਕ ਲੱਗ ਜਾਂਦੀ ਸੀ। ਉਸ ਨੂੰ ਮਰ ਚੁੱਕੇ ਪਤੀ ਨਾਲ ਮਾਨਸਿਕ ਤੌਰ ਤੇ ਮਰਨਾ ਪੈਂਦਾ ਸੀ। ਉਸ ਦੇ ਕਾਮੁਕ ਜੀਵਨ ਦਾ ਅੰਤ ਤਾਂ ਕੁਦਰਤੀ ਹੋਣਾ ਹੀ ਹੁੰਦਾ ਸੀ ਪਰ ਉਸਦੇ ਪਹਿਰਾਵੇ ਵਰਗੇ ਵਿਅਕਤੀਗਤ ਮਾਮਲਿਆਂ ਤੇ ਵੀ ਰੋਕਾਂ ਲੱਗ ਜਾਂਦੀਆਂ ਸਨ ਅਤੇ ਸਮਾਜਿਕ ਜ਼ਿੰਦਗੀ ਵਿਚ ਹਿੱਸਾ ਲੈਣ ਦੇ ਸਾਰੇ ਮੌਕੇ ਖੋਹ ਲਏ ਜਾਂਦੇ ਸਨ। ਭਾਵੇਂ ਪੰਜਾਬ ਵਿਚ ਵਿਧਵਾ ਵਿਆਹ ਦੀ ਪ੍ਰਥਾ ਸੀ ਪਰ ਇਸ ਨੂੰ ਕੋਈ ਬਹੁਤਾ ਵਧੀਆ ਨਹੀਂ ਸਮਝਿਆ ਜਾਂਦਾ ਸੀ। ਪੰਜਾਬੀ ਸਮਾਜ ਵਿਚ ਵਿਧਵਾ ਦੇ ਪਤੀ ਤੇ ਹੋਰ ਭਰਾ ਤੇ ਚਾਦਰ ਪਾਉਣ ਦਾ ਰਿਵਾਜ ਵੀ ਸੀ। ਅਜਿਹਾ ਕਰਨ ਨਾਲ ਇਸਤਰੀ ਭਾਵੇਂ ਵਿਧਵਾ ਜੀਵਨ ਦੇ ਕਸ਼ਟਾਂ ਭਰੇ ਇਕੱਲਾਵਾਂਝੇ ਸਫਰ ਤੋਂ ਤਾਂ ਕਿਸੇ ਹੱਦ ਤੱਕ ਮੁਕਤ ਹੋ ਜਾਂਦੀ ਸੀ ਪਰ ਇਥੇ ਵੀ ਉਸ ਦੀ ਆਪਣੀ ਮਰਜ਼ੀ ਘੱਟ ਤੇ ਸਮਾਜਿਕ ਫੈਸਲਾ ਵੱਧ ਕੰਮ ਕਰਦਾ ਸੀ। ਜੇਕਰ ਮਰਨ ਵਾਲੇ ਦਾ ਕੋਈ ਭਰਾ ਕੁਆਰਾ ਨਾ ਹੋਵੇ ਤਾਂ ਉਸ ਨੂੰ ਸੌਂਕਣ ਬਣ ਕੇ ਰਹਿਣਾ ਪੈਂਦਾ ਸੀ ਜੋ ਕਿ ਹੋਰ ਵੀ ਦੁਖਦਾਈ ਹੁੰਦਾ ਸੀ।

ਅਗਲੀ ਸਮੱਸਿਆ ਪਤੀ ਵਲੋਂ ਛੱਡੇ ਹੋਣ ਦੀ ਹੈ। ਜਿਸ ਲਈ ਬੜਾ ਘਟੀਆ ਸ਼ਬਦ ਛੁੱਟੜ ਵਰਤਿਆ ਜਾਂਦਾ ਹੈ। ਇਸਤਰੀ ਦਾ ਇਕ ਵਾਰ ਵਿਆਹ ਹੋ ਜਾਵੇ ਤਾਂ ਉਹ ਉਮਰ ਭਰ ਲਈ ਪੁਰਸ਼ ਨਾਲ ਬੱਝ ਜਾਂਦੀ ਹੈ। ਇਸਤਰੀ ਵਲੋਂ ਪੁਰਸ਼ ਨੂੰ ਛੱਡਣ ਦੇ ਬਹੁਤ ਘੱਟ ਕੇਸ ਹੁੰਦੇ ਹਨ। ਪਰ ਪੁਰਸ਼ ਨੂੰ ਇਸਤਰੀ ਸੋਹਣੀ ਨਾ ਲੱਗੇ, ਬਾਂਝ ਹੋਵੇ, ਮਨ ਭਰ ਜਾਵੇ ਜਾਂ ਕਿਸੇ ਹੋਰ ਛੋਟੀ-ਮੋਟੀ ਗੱਲ ਤੇ ਛੱਡ

ਸਕਦਾ ਸੀ। ਪਹਿਲੇ ਸਮਿਆਂ ਵਿਚ ਤਕੜੇ ਲੋਕ ਅਕਸਰ ਗਰੀਬਾਂ ਦੀਆਂ ਕੁੜੀਆਂ ਵਿਆਹ ਕੇ ਛੱਡ ਦਿੰਦੇ ਸਨ। ਪਤੀ ਵਲੋਂ ਛੱਡੀ ਹੋਈ ਇਸਤਰੀ ਲਈ ਸਾਡੇ ਸਮਾਜ ਵਿਚ ਕੋਈ ਥਾਂ ਨਹੀਂ ਹੈ। ਛੱਡੀ ਹੋਈ ਇਸਤਰੀ ਨੂੰ ਬਹੁਤ ਤ੍ਰਿਸਕਾਰ ਸਹਿਣਾ ਪੈਂਦਾ ਹੈ ਭਾਵੇਂ ਉਹ ਬਿਲਕੁਲ ਬੇਕਸੂਰ ਕਿਉਂ ਨਾ ਹੋਵੇ। ਉਧਾਲੇ ਤੋਂ ਭਾਵ ਇਸਤਰੀ ਨੂੰ ਉਸ ਦੀ ਮਰਜ਼ੀ ਜਾਂ ਘਰਦਿਆਂ ਦੀ ਮਰਜ਼ੀ ਤੋਂ ਬਗੈਰ ਜਬਰਦਸਤੀ ਚੁੱਕ ਕੇ ਲੈ ਜਾਣਾ ਤੇ ਆਪਣੇ ਘਰ ਵਸਾ ਲੈਣਾ ਹੈ। ਉਧਾਲੇ ਆਮ ਕਰਕੇ ਜੰਗਾਂ-ਯੁੱਧਾਂ ਜਾਂ ਸੰਕਟ ਦੇ ਸਮੇਂ ਹੀ ਹੁੰਦੇ ਹਨ। ਉਧਾਲੀ ਹੋਈ ਇਸਤਰੀ ਦੀ ਇੱਜ਼ਤ ਦੂਜੀਆਂ ਇਸਤਰੀਆਂ ਦੇ ਮੁਕਾਬਲੇ ਬਹੁਤ ਘੱਟ ਕੀਤੀ ਜਾਂਦੀ ਹੈ। ਉਸ ਨੂੰ ਅਕਸਰ ਬੁਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਉਸ ਦੀ ਹਾਲਤ ਮਜ਼ਦੂਰਾਂ ਵਰਗੀ ਹੁੰਦੀ ਸੀ।

ਬਲਾਤਕਾਰ ਦੀ ਸਮੱਸਿਆ ਬਹੁਤ ਭਿਆਨਕ ਸਮੱਸਿਆ ਹੈ, ਜੋ ਇਸਤਰੀ ਦੀ ਮਰਜ਼ੀ ਤੋਂ ਬਗੈਰ ਹੀ ਉਸ ਨਾਲ ਜਬਰ-ਜਿਨਾਹ ਕੀਤਾ ਜਾ ਸਕਦਾ ਹੈ ਜਾਂ ਘੱਟੋ-ਘੱਟ ਕੋਸ਼ਿਸ਼ ਕੀਤੀ ਜਾਂਦੀ ਹੈ। ਇਸਤਰੀ ਆਪਣੀ ਸਰੀਰਿਕ ਬਣਤਰ ਅਤੇ ਸਰੀਰਿਕ ਸਮਰਥਾ ਦੀ ਘਾਟ ਕਾਰਨ ਮਰਦ ਦੇ ਵਹਿਸ਼ੀਪੁਣੇ ਦਾ ਸ਼ਿਕਾਰ ਹੁੰਦੀ ਹੈ। ਬਲਾਤਕਾਰ ਇਕ ਨਿਤਾਣੀ ਇਸਤਰੀ ਤੇ ਕੀਤਾ ਗਿਆ ਭਿਆਨਕ ਮਾਨਸਿਕ ਅਤੇ ਸਰੀਰਿਕ ਜਬਰ ਹੈ। ਜਿਸ ਦਾ ਡਰ ਹਰ ਇਸਤਰੀ ਦੇ ਮਨ ਵਿਚ ਅਚੇਤ ਹੀ ਕਿਸੇ ਸਮੇਂ ਵਾਪਰਨ ਵਾਲੇ ਕਹਿਰ ਵਜੋਂ ਸਮਾਇਆ ਰਹਿੰਦਾ ਹੈ। ਬਲਾਤਕਾਰ ਦੀ ਸ਼ਿਕਾਰ ਇਸਤਰੀ ਪ੍ਰਤੀ ਹਮਦਰਦੀ ਤਾਂ ਵਿਖਾ ਦਿੰਦਾ ਹੈ ਪਰ ਉਸ ਦੇ ਨਿਰਦੋਸ਼ ਹੋਣ ਦੇ ਬਾਵਜੂਦ ਕੋਈ ਪਰਿਵਾਰ ਉਸ ਨੂੰ ਆਪਣੀ ਨੂੰਹ ਜਾਂ ਪਤਨੀ ਵਜੋਂ ਸਵੀਕਾਰ ਨਹੀਂ ਕਰਦਾ। ਇਸੇ ਕਾਰਨ ਬਲਾਤਕਾਰ ਦੀ ਸ਼ਿਕਾਰ ਇਸਤਰੀ, ਆਪਣੇ ਤੇ ਹੋਏ ਜ਼ੁਲਮ ਨੂੰ ਸਮਾਜ ਦੀਆਂ ਨਜ਼ਰਾਂ ਤੋਂ ਬਚਾ ਕੇ ਚੁੱਪ-ਚਾਪ ਜਰ ਜਾਣ ਵਿਚ ਹੀ ਭਲਾਈ ਸਮਝਦੀ ਹੈ।

ਦਾਜ ਦੀ ਸਮੱਸਿਆ ਵੀ ਇਸਤਰੀ ਲਈ ਇਕ ਭਿਆਨਕ ਬੀਮਾਰੀ ਦਾ ਰੂਪ ਧਾਰਨ ਕਰ ਚੁੱਕੀ ਹੈ। ਪੁਰਾਣੇ ਸਮੇਂ ਵਿਚ ਇਸਤਰੀ ਦਾ ਮੁੱਲ ਤਾਰਿਆ ਜਾਂਦਾ ਸੀ। ਉਸ ਨੂੰ ਪਸ਼ੂਆਂ ਵਾਂਗ ਵੇਚਿਆ ਜਾਂਦਾ ਸੀ। ਪਰ ਤਕਰੀਬਨ ਅਜ਼ਾਦੀ ਤੋਂ ਬਾਅਦ ਪੰਜਾਬ ਦੇ ਮੱਧ ਵਰਗ ਵਿਚ ਉੱਚ ਵਰਗ ਦੀ ਰੀਸੇ ਦਾਜ ਦੇਣ ਦਾ ਰਿਵਾਜ ਚੱਲਿਆ, ਜਿਸ ਵਿਚ ਲੋਭ ਤੇ ਲਾਲਚ ਵੱਧ ਗਿਆ ਅਤੇ ਘੱਟ ਦਾਜ ਲਿਆਉਣ

ਬਦਲੇ ਨੂੰਹਾਂ ਨੂੰ ਸਾੜ ਦੇਣ ਵਰਗੇ ਕਾਲੇ ਕਾਰਨਾਮੇ ਸ਼ੁਰੂ ਹੋਣ ਲੱਗ ਪਏ। ਪਹਿਲਾਂ ਦਾਜ ਜਿੱਥੇ ਇਸਤਰੀ ਦੀ ਲਿਆਕਤ ਦਾ ਪ੍ਰਮਾਣ ਸੀ, ਉਸ ਦਾ ਇਸਤਰੀ ਧਨ ਮੰਨਿਆ ਜਾਂਦਾ ਸੀ, ਹੁਣ ਸਹੁਰੇ ਘਰ ਨੂੰ ਕੁੜੀ ਵਸਾਉਣ ਬਦਲੇ ਦਿੱਤੀ ਜਾਣ ਵਾਲੀ ਰਿਸ਼ਵਤ ਦਾ ਰੂਪ ਅਖ਼ਤਿਆਰ ਕਰ ਗਿਆ ਹੈ। ਬੇਸ਼ਕ ਦਾਜ ਦਾ ਸਮਾਜ ਸੁਧਾਰਕ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ ਅਤੇ ਦਾਜ ਖਾਤਰ ਕੀਤੇ ਜਾਣ ਵਾਲੇ ਕਤਲਾਂ ਨੂੰ ਸਰਕਾਰੀ ਪੱਧਰ ਤੇ ਵਿਸ਼ੇਸ਼ ਕਾਨੂੰਨ ਨਾਲ ਨਜਿਠਿਆ ਵੀ ਜਾਣ ਲਗਾ ਹੈ। ਪਰ ਫਿਰ ਵੀ ਹਾਲੇ ਇਹ ਰਿਵਾਜ ਭਿਆਨਕ ਸਮੱਸਿਆ ਦਾ ਰੂਪ ਧਾਰਨ; ਕਰ ਗਿਆ ਹੈ।

ਅਸੀਂ ਹੁਣ ਤੱਕ ਜਿਨ੍ਹਾਂ ਸਮਾਜਿਕ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ, ਉਹ ਜ਼ਿਆਦਾਤਰ ਪੁਰਾਣੇ ਜਗੀਰਦਾਰੀ ਬਣਤਰ ਵਾਲੇ ਪਰੰਪਰਿਕ ਸਮਾਜ ਦੀਆਂ ਹਨ। ਹੁਣ ਅਸੀਂ ਆਧੁਨਿਕ ਇਸਤਰੀ ਦੀਆਂ ਸਮੱਸਿਆਵਾਂ ਵਲ ਵੀ ਝਾਤ ਮਾਰਾਂਗੇ। ਇਸ ਵਿਚ ਪਹਿਲੀ ਸਮੱਸਿਆ ਵਿਆਹ ਸੰਬੰਧੀ ਚੋਣ ਦੀ ਹੈ। ਅਸੀਂ ਦੇਖਿਆ ਹੈ ਕਿ ਪੁਰਾਣੇ ਸਮੇਂ ਵਿਚ ਵਿਆਹ ਵਿਚ ਲੜਕੀ-ਲੜਕੇ ਦੀ ਕੋਈ ਮਰਜ਼ੀ ਨਹੀਂ ਸੀ ਹੁੰਦੀ। ਮਾਤਾ-ਪਿਤਾ ਆਪਣੀ ਹੈਸੀਅਤ ਅਨੁਸਾਰ ਆਪਣੇ ਲਾਗੀਆਂ ਰਾਹੀਂ ਸ਼ਾਦੀਆਂ ਤੈਅ ਕਰਦੇ ਸਨ। ਪਰ ਫਿਰ ਵੀ ਲੜਕੇ ਦੀ ਮਰਜ਼ੀ ਦੀ ਅਹਿਮੀਅਤ ਸੀ। ਲੜਕੀ ਦੀ ਮਰਜ਼ੀ ਤਾਂ ਬਿਲਕੁਲ ਹੀ ਨਹੀਂ ਪੁੱਛੀ ਜਾਦੀ ਸੀ। ਆਧੁਨਿਕ ਸਮਾਜ ਦੇ ਵਿਚ ਨਵੀਆਂ ਕਦਰਾਂ-ਕੀਮਤਾਂ ਦੇ ਆਉਣ ਨਾਲ ਇਕ-ਦੂਜੇ ਨੂੰ ਵੇਖਣ ਵਿਖਾਉਣ ਦੀ ਰਸਮ ਸ਼ੁਰੂ ਹੋਈ ਪਰ ਇਸ ਵਿਚ ਆਮ ਕਰਕੇ ਸਿਰਫ ਲੜਕੇ ਦੀ ਹੀ ਮਰਜ਼ੀ ਪੁੱਛੀ ਜਾਂਦੀ ਹੈ। ਭਾਵ ਲੜਕਾ ਲੜਕੀ ਨੂੰ ਪਸੰਦ ਕਰਦਾ ਹੈ, ਲੜਕੀ ਲੜਕੇ ਨੂੰ ਨਹੀਂ। ਇਸੇ ਸਮੇਂ ਪ੍ਰੇਮ ਵਿਆਹ ਸਾਹਮਣੇ ਆਉਣ ਲੱਗੇ ਪਰ ਆਮ ਕਰਕੇ ਮਾਪੇ ਅਤੇ ਸਮਾਜ ਇਸ ਨੂੰ ਸਵੀਕਾਰ ਨਹੀਂ ਕਰਦੇ। ਇਸਤਰੀ ਦੇ ਮਨ ਵਿਚ ਆਪਣੇ ਵਰ ਦੀ ਆਪ ਚੋਣ ਕਰਨ ਦੀ ਖਾਹਿਸ਼ ਉਠਣੀ ਸ਼ੁਰੂ ਹੋ ਗਈ। ਇਸ ਲਈ ਉਹ ਸਿਰਫ ਉਮਰ ਦੇ ਹਾਣ ਦੀ ਤਾਂ ਬੌਧਿਕ, ਸਰੀਰਿਕ ਅਤੇ ਵਿਅਕਤੀਗਤ ਗੁਣਾਂ ਦੇ ਹਾਣ ਨੂੰ ਵੀ ਵੇਖਣਾ ਚਾਹੁੰਦੀ ਹੈ। ਇਸ ਸੰਬੰਧੀ ਵੀ ਲੜਕੇ ਦਾ ਹੱਥ ਉੱਚਾ ਰਹਿੰਦਾ ਹੈ, ਲੜਕੀ ਨੂੰ ਆਪਣੀਆਂ ਇੱਛਾਵਾਂ ਦਬਾਉਣੀਆਂ ਪੈਂਦੀਆਂ ਹਨ।

ਆਧੁਨਿਕ ਸਮੇਂ ਦੀ ਇਕ ਹੋਰ ਗੁੰਝਲਦਾਰ ਸਮੱਸਿਆ ਇਸਤਰੀ ਦੇ ਦਰਪੇਸ਼ ਹੈ ਕਿ ਪੁਰਸ਼ ਘਰ ਵਿਚ ਪੁਰਾਣੇ ਜ਼ਮਾਨੇ ਦੀ ਤਰ੍ਹਾਂ ਸੌਂਕਣ ਲਿਆਉਣ ਦੀ ਥਾਂ ਆਪਣੇ ਵਿਆਹ-ਬਾਹਰੇ ਸੰਬੰਧ ਸਿਰਜ

ਲੈਂਦਾ ਹੈ। ਪਰੰਪਰਿਕ ਇਸਤਰੀ ਤਾਂ ਇਸ ਤੇ ਘੁੱਟ-ਘੁੱਟ ਕੇ ਜੀਵਨ ਬਸਰ ਕਰ ਲੈਂਦੀ ਸੀ ਪਰ ਆਧੁਨਿਕ ਇਸਤਰੀ ਕਿਉਂਕਿ ਚੇਤਨ ਹੈ ਇਸ ਲਈ ਅਜਿਹੀ ਸਥਿਤੀ ਵਿਚ ਪਤੀ ਨੂੰ ਸੁਧਾਰ ਲੈਣਾ ਜਾਂ ਛੱਡ ਜਾਣਾ ਠੀਕ ਸਮਝਦੀ ਹੈ। ਆਧੁਨਿਕ ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਜਾਂ ਗੁੰਝਲਾਂ ਇਸੇ ਤਿਕੋਣ ਦੇ ਦੁਆਲੇ ਘੁੰਮਦੀਆਂ ਹਨ। ਇਹ ਸਮੱਸਿਆ ਜਿੰਨੀ ਦੇਖਣ ਨੂੰ ਸਾਧਾਰਨ ਜਾਪਦੀ ਹੈ ਉਨੀ ਹੀ ਜ਼ਿਆਦਾ ਜਟਿੱਲ ਅਤੇ ਇਸਤਰੀ ਲਈ ਮਾਨਸਿਕ ਸੰਤਾਪ ਦਾ ਕਾਰਨ ਵੀ ਬਣਦੀ ਹੈ।

ਇਸ ਸਮੇਂ ਇਕ ਹੋਰ ਸਮੱਸਿਆ ਜੋ ਹੈ ਉਹ ਲਿੰਗ-ਭੇਦ ਦੀ ਹੈ। ਅਸਲ ਵਿਚ ਲਿੰਗ-ਭੇਦ ਉਹ ਹਾਥੀ ਦੀ ਪੈੜ ਹੈ, ਜਿਸ ਵਿਚ ਸਾਰੀਆਂ ਸਮੱਸਿਆਵਾਂ ਜਨਮ ਲੈਂਦੀਆਂ ਅਤੇ ਇਥੇ ਵਿਚ ਪਲਦੀਆਂ ਹਨ। ਆਧੁਨਿਕ ਇਸਤਰੀ ਲਿੰਗ-ਭੇਦ ਨੂੰ ਸਭ ਤੋਂ ਵੱਧ ਤੀਬਰਤਾ ਨਾਲ ਮਹਿਸੂਸ ਕਰਦੀ ਹੈ। ਇਹ ਲਿੰਗ-ਭੇਦ ਗਰਭ ਵਿਚ ਲਿੰਗ ਦਾ ਪਤਾ ਲਗਾ ਕੇ ਕੁੜੀ ਹੋਣ ਤੇ ਮਾਰਨ ਤੋਂ ਸ਼ੁਰੂ ਹੋ ਜਾਂਦੀ ਹੈ। ਹੁਣ ਕੁੜੀ ਨੂੰ ਤਾਂ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ ਜੋ ਬਹੁਤ ਵੱਡਾ ਜ਼ੁਲਮ ਹੈ। ਲੜਕੇ ਹੋਣ ਦੀ ਖੁਸ਼ੀ ਮਨਾਈ ਜਾਂਦੀ ਹੈ ਕਿਉਂਕਿ ਲੋਕ ਸਮਝਦੇ ਹਨ ਕਿ ਖਾਨਦਾਨ ਦੀ ਵੰਸ਼ ਨੂੰ ਲੜਕੇ ਨੇ ਹੀ ਅੱਗੇ ਤੋਰਨਾ ਹੈ।

ਪ੍ਰਾਚੀਨ ਗ੍ਰੰਥਾਂ ਵਿਚ ਇਸਤਰੀ ਨੂੰ ਇਕ ਅਧੂਰੇ ਮਨੁੱਖ ਵਜੋਂ ਪ੍ਰਮਾਣਿਤ ਕਰਨ ਵਾਲੇ ਅਨੇਕ ਪ੍ਰਸੰਗ ਪ੍ਰਾਪਤ ਹਨ। ਅਰਸਤੂ (Aristotle) ਵਰਗੇ ਦਰਸ਼ਨਾਚਾਰੀਆ ਨੇ ਕਿਹਾ ਹੈ ਕਿ ਇਸਤਰੀ ਇਸ ਕਰਕੇ ਇਸਤਰੀ ਹੈ ਕਿਉਂਕਿ ਉਸ ਅੰਦਰ ਕੁਝ ਗੁਣਾਂ ਦੀ ਘਾਟ ਹੁੰਦੀ ਹੈ।[3] ਕਨਫਿਊਸਿਅਸ (Confucious)[4] ਅਨੁਸਾਰ ਇਸਤਰੀ, ਪੁਰਸ਼ ਨਾਲੋਂ ਵੱਖਰੀ ਹੈ ਜਿਵੇਂ ਧਰਤੀ ਆਕਾਸ਼ ਨਾਲੋਂ ਵੱਖਰੀ ਹੈ। ਇਸਤਰੀਆਂ, ਉਹ ਮਨੁੱਖੀ ਜੀਵ ਹਨ ਜਿਹੜੀਆਂ ਪੁਰਸ਼ ਨਾਲੋਂ ਨੀਵੇਂ ਪੱਧਰ ਤੇ ਹਨ ਅਤੇ ਉਹ ਕਦੇ ਵੀ ਪੁਰਸ਼ ਦੀ ਬਰਾਬਰੀ ਨਹੀਂ ਕਰ ਸਕਦੀਆਂ। ਪਾਈਥਾਗੋਰਸ (Pythagoras)[5] ਨੇ ਪੁਰਸ਼ ਨੂੰ ਜਨਮ ਦੇਣ ਵਾਲੇ ਨਿਯਮਾਂ ਨੂੰ ਚੰਗੇ ਅਤੇ ਇਸਤਰੀ ਨੂੰ ਜਨਮ ਦੇਣ ਵਾਲੇ ਨਿਯਮਾਂ ਨੂੰ ਮਾੜੇ ਕਿਹਾ ਹੈ। ਮਨੂ ਸਿਮਰਤੀ ਅਨੁਸਾਰ ਇਸਤਰੀ ਉਹ ਨਹਿਸ਼ ਜੀਵ ਹੈ ਜਿਸਨੂੰ ਅਧੀਨਗੀ ਵਿਚ ਰੱਖਣਾ ਚਾਹੀਦਾ

---

3 www.en.m.w.k.pedia.org, Aristotle in his book politics saw women as subject to men.
4 Laige. Chinees classes 1/103
5 www.nytimes.com "Pythagoras and Gender"

ਹੈ।[6] ਰੋਮਨ ਕਾਨੂੰਨ ਇਸਤਰੀ ਨੂੰ ਸਰਪ੍ਰਸਤੀ ਵਿਚ ਰੱਖਣ ਲਈ ਕਹਿੰਦਾ ਹੈ ਤਾਂ ਕਿ ਉਸ ਦੀ ਮੱਤ-ਬੁੱਧ ਨੂੰ ਛੁਪਾਇਆ ਜਾ ਸਕੇ।[7] ਕੈਨਨ ਦਾ ਕਾਨੂੰਨ ਇਸਤਰੀ ਨੂੰ ਸ਼ੈਤਾਨ ਦਾ ਰਾਹ ਆਖਦਾ ਹੈ। ਕੁਰਾਨ ਵਿਚ ਇਸਤਰੀ ਪ੍ਰਤਿ ਬਹੁਤ ਹੀ ਗਿਲਾਨੀ ਭਰੀ ਭਾਵਨਾ ਵਿਦਮਾਨ ਹੈ।[8]

ਸੰਸਾਰ ਭਰ ਦੇ ਇਤਿਹਾਸ ਦਾ ਅਧਿਐਨ ਕੀਤਿਆਂ ਇਕ ਗੱਲ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਸਮੁੱਚੇ ਤੌਰ ਤੇ ਸਿੱਖ ਧਰਮ ਤੋਂ ਪਹਿਲਾਂ ਪ੍ਰਾਪਤ ਧਰਮ-ਚਿੰਤਨਾਂ ਅਤੇ ਸਭਿਆਚਾਰਾਂ ਵਿਚ ਇਸਤਰੀ ਨੂੰ ਉਸ ਦੀ ਹੋਂਦ ਤੋਂ ਹੀ ਪੁਰਸ਼ ਨਾਲੋਂ ਨੀਵਾਂ ਸਮਝਿਆ ਜਾਂਦਾ ਸੀ। ਉਂਜ ਤਾਂ ਸਾਰਾ ਸੰਸਾਰ ਜਾਂ ਤਾਂ ਇਸਤਰੀ ਪਿੱਛੇ ਨੱਸਦਾ ਰਿਹਾ ਹੈ ਜਾਂ ਇਸਤਰੀ ਤੋਂ ਨੱਸਦਾ ਰਿਹਾ ਅਤੇ ਇਹ ਦੋਵੇਂ ਬਿਰਤੀਆਂ ਉਲਾਰ ਹਨ। ਇਹੀ ਕਾਰਨ ਹੈ ਕਿ ਅਜੇ ਵੀ ਸਾਡਾ ਸਮਾਜ ਨੀਵਾਣ ਵੱਲ ਹੀ ਜਾ ਰਿਹਾ ਹੈ। ਸਮਾਜ ਦੇ ਨਰੋਏਪਨ ਦੇ ਨਾ ਹੋਣ ਦਾ ਕਾਰਨ ਇਸਤਰੀ ਉੱਤੇ ਦਬਾਅ, ਉਸ ਨੂੰ ਤੁੱਛ ਸਮਝਣਾ ਜਾਂ ਉਸ ਨੂੰ ਮਹਿਜ ਐਸ਼ ਦਾ ਸਮਾਨ ਸਮਝਣਾ ਹੈ। ਇਸੇ ਲਈ ਇੱਥੇ ਵੱਖ-ਵੱਖ ਧਰਮਾਂ ਵਿਚ ਇਸਤਰੀ ਦੇ ਸਥਾਨ ਸੰਬੰਧੀ ਕੀਤੀ ਗਈ ਤਰਜਮਾਨੀ ਨੂੰ ਜਾਨਣਾ ਜ਼ਰੂਰੀ ਬਣ ਜਾਂਦਾ ਹੈ। ਹਿੰਦੂ ਧਰਮ, ਬੁੱਧ ਧਰਮ, ਈਸਾਈ ਧਰਮ ਤੇ ਇਸਲਾਮ ਧਰਮ ਵਿਚ ਬੇਸ਼ੱਕ ਕਿਤੇ-ਕਿਤੇ ਇਸਤਰੀ ਨੂੰ ਕੁਝ ਬਰਾਬਰੀ ਤਾਂ ਦਿੱਤੀ ਗਈ ਹੈ ਪਰ ਉਸ ਨੂੰ ਸਹੀ ਸਥਾਨ ਪ੍ਰਾਪਤ ਨਹੀਂ ਹੈ।

ਪੱਛਮੀ ਚਿੰਤਕਾਂ ਨੇ ਇਸਤਰੀ ਨੂੰ 'ਕੁਦਰਤ ਦੀ ਇਕ ਮਜ਼ੇਦਾਰ ਗਲਤੀ' ਆਖ ਕੇ ਨਿੰਦਿਆ ਹੈ। ਅਰਸਤੂ[9] ਵਰਗੇ ਫਿਲਾਸਫਰਾਂ ਨੇ ਇਸ ਨੂੰ ਨਾ ਮੁਕੰਮਲ ਵਸਤੂ ਤੱਕ ਕਿਹਾ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਇਕ ਇਨਸਾਨ ਸਮਝਦੇ ਹੋਏ ਉਸ ਦੀ ਸਮਾਜ ਵਿਚ ਗਿਰੀ ਹੋਈ ਅਵਸਥਾ ਨੂੰ ਚੁੱਕ ਕੇ ਪੁਰਸ਼ ਦੇ ਬਰਾਬਰ ਖੜ੍ਹਾ ਕੀਤਾ ਹੈ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[10]

---

6 ਮਨੂ ਸਿਮਰਤੀ 5/147/48

7 Latoor no: Evolutin of Marriage, pp. 223-24

8 Lane : Speeches of Mohammad, pp. 161-163

9 Aristotle: Economics, p. 117.

10 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 473

ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਪੰਕਤੀਆਂ ਨੂੰ ਆਧਾਰ ਬਣਾ ਕੇ ਹੀ ਹੱਥਲੇ ਅਧਿਆਇ ਨੂੰ ਲਿਖਤ ਰੂਪ ਦਿੱਤਾ ਜਾਵੇਗਾ। ਗੁਰਬਾਣੀ ਅਨੁਸਾਰ ਇਸਤਰੀ ਸਮਾਜ ਦਾ ਮਹੱਤਵਪੂਰਨ ਅੰਗ ਹੈ। ਜਿਸ ਦੇ ਸਾਧਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਕਰਦਿਆਂ ਆਪਣੇ ਮਤ ਦੀ ਸਥਾਪਨਾ ਕੀਤੀ। ਉਸ ਨੂੰ ਪੁਰਸ਼ ਦਾ ਸ਼ਿੰਗਾਰ ਨਹੀਂ ਸਗੋਂ ਸੰਜਮ ਤੇ ਬੰਧੇਜ ਦਾ ਚਿੰਨ੍ਹ ਕਿਹਾ ਹੈ। ਪੁਰਾਣੇ ਇਸਤਰੀ ਗੌਰਵ ਨੂੰ ਘਟਾਉਣ ਵਾਲੇ ਮੁੱਦਈਆ ਨੂੰ ਸੁਚੇਤ ਕਰਦਿਆਂ ਇਹਨਾਂ ਸਭਨਾਂ ਨੂੰ ਉਹਨਾਂ ਨੇ ਦਸਿਆ ਹੈ ਕਿ ਇਸ ਸੰਸਾਰ ਦੀ ਮਰਿਯਾਦਾ ਨੂੰ ਚਲਾਉਣ ਲਈ ਅਕਾਲ ਪੁਰਖ ਵੱਲੋਂ ਆਪਣੀ ਜੋਤਿ ਦੀ ਕਿਰਨ ਰਾਹੀਂ ਮਨੁੱਖ ਦੀ ਰਚਨਾ ਕੀਤੀ ਗਈ। ਜਿਸ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਇਕ ਹਿੱਸੇ ਦਾ ਨਾਮ ਪੁਰਸ਼ ਅਤੇ ਦੂਜੇ ਹਿੱਸੇ ਦਾ ਇਸਤਰੀ ਹੈ। ਗੁਰੂ ਜੀ ਨੇ ਨਾਲ ਹੀ ਸਪਸ਼ਟ ਕੀਤਾ ਹੈ ਕਿ ਮਨੁੱਖੀ ਜੀਵਨ ਇਸਤਰੀ-ਪੁਰਸ਼ ਦੇ ਹਕੀਕੀ ਸੰਜੋਗ ਤੋਂ ਹੀ ਪੈਦਾ ਹੋ ਸਕਦਾ ਹੈ। ਇਸ ਲਈ ਉਹਨਾਂ ਦਾ ਸੰਜੋਗ ਕੇਵਲ ਵਾਸ਼ਨਾ ਦੀ ਨਵਿਰਤੀ ਜਾਂ ਸੰਤਾਨ ਉਤਪਤੀ ਹੀ ਨਹੀਂ ਸਗੋਂ ਵਾਸਤਵ ਵਿਚ ਪਰਮਾਤਮਾ ਅਨੁਭਵ ਲਈ ਅੰਤਿਮ ਜੋਤਿ ਦਾ ਸੰਜੋਗ ਹੈ ਜਿਸ ਦੇ ਜੁੜਨ ਦੀ ਵਿਵਸਥਾ ਵਿਚ ਮਨੁੱਖ ਦੀਆਂ ਪਿਛਲੀਆਂ ਦੋਵੇਂ ਸਧਾਰਨ ਕਾਮਨਾਵਾਂ ਵੀ ਸਹਿਜ ਹੀ ਪੂਰੀਆਂ ਹੋ ਜਾਂਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਸੁਲੱਖਣੀ ਕਹਿ ਕੇ ਨਿਵਾਜਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਪਰਦੇ ਦੀ ਰਸਮ ਦੇ ਵਿਰੁੱਧ ਆਪਣੀ ਨਾ-ਪਸੰਦਗੀ ਹੀ ਪ੍ਰਗਟ ਨਹੀਂ ਕੀਤੀ ਸਗੋਂ ਪਰਦਾ ਕਰਨ ਦੀ ਸਖ਼ਤੀ ਨਾਲ ਮਨਾਹੀ ਕੀਤੀ। ਇਹ ਰਸਮ ਇਸਤਰੀ ਜਾਤੀ ਦੇ ਖਿਲਾਫ ਕੀਤੇ ਧੱਕਿਆਂ ਵਿਚੋਂ ਸਖ਼ਤ ਤੋਂ ਸਖ਼ਤ ਹੈ ਕਿਉਂਕਿ ਇਹ ਇਸਤਰੀ ਨੂੰ ਮਨੁੱਖ ਨੂੰ ਉਕਸਾਉਣ ਵਾਲੀ ਵਸਤੂ ਸਮਝ ਕੇ ਮਨੁੱਖ ਤੋਂ ਛਪਾਉਣ ਲਈ ਜਾਰੀ ਕੀਤਾ ਗਿਆ। ਸਜਾ ਵਿਚਲਤ ਹੋਣ ਵਾਲੇ ਨੂੰ ਮਿਲਣੀ ਚਾਹੀਦੀ ਹੈ। ਸਰੀਰਿਕ ਸੁੰਦਰਤਾ ਤਾਂ ਇਸਤਰੀ ਅਤੇ ਪੁਰਸ਼ ਦੋਹਾਂ ਕੋਲ ਹੀ ਹੈ। ਜੇ ਇਸਤਰੀ ਨੇ ਪੁਰਸ਼ ਨੂੰ ਲੁਭਾਉਣਾ ਹੈ ਤਾਂ ਪੁਰਸ਼ ਦੇ ਜੋਬਨ ਨੇ ਵੀ ਇਸਤਰੀ ਨੂੰ ਖਿੱਚ ਪਾਉਣੀ ਹੈ। ਫਿਰ ਕੇਵਲ ਇਸਤਰੀ ਨੂੰ ਦੋਸ਼ੀ ਸਮਝ ਕੇ ਉਸ ਦੇ ਜੋਬਨ ਤੇ ਪਰਦਾ ਕਿਉਂ? ਗੁਰੂ ਜੀ ਨੇ ਹੁਕਮ ਦਿੱਤਾ ਕਿ ਉਜਵਲ ਕੱਪੜੇ ਪਾ ਕੇ, ਬਗੈਰ ਪਰਦੇ, ਘੁੰਡ ਨਾ ਕੱਢੇ, ਗੁਰੂ ਦਰਬਾਰ ਵਿਚ ਆਵੇ। ਵਿਧਵਾ ਵਿਆਹ

ਦੀ ਆਗਿਆ ਵੀ ਦਿੱਤੀ ਅਤੇ ਸਤੀ ਦੀ ਭੈੜੀ ਰਸਮ ਦੇ ਵਿਰੁੱਧ ਆਵਾਜ਼ ਉਠਾਈ। ਗੁਰੂ ਹਰਗੋਬਿੰਦ ਜੀ ਨੇ ਇਸਤਰੀ ਨੂੰ ਈਮਾਨ ਕਿਹਾ ਸੀ। ਇਸ ਉਪਦੇਸ਼ ਵਿਚ ਜੀਵਨ ਫ਼ਿਲਾਸਫ਼ੀ ਦੀ ਕਿੰਨੀ ਅਸਲੀਅਤ ਬਿਆਨ ਕੀਤੀ ਹੈ। ਇਸਤਰੀ ਨੂੰ ਪੁਰਸ਼ ਦਾ ਈਮਾਨ ਦੱਸਣਾ ਸਮਾਜ ਲਈ ਕਿੰਨੀ ਆਦਰਸ਼ਕ ਗੱਲ ਹੈ? ਸਿੱਖ ਧਰਮ ਚਿੰਤਨ ਵਿਚ ਇਹ ਮੰਨਿਆ ਹੈ ਕਿ ਪੁਰਸ਼ਾਂ ਦਾ ਇਖਲਾਕ ਤੇ ਚਾਲ ਚਲਣ ਚੰਗਾ ਰੱਖਣ ਲਈ ਵਿਅਕਤੀਤਵ ਵਿਚ ਸਹਿਜ ਲਿਆਉਣ ਲਈ ਇਸਤਰੀ ਈਮਾਨ ਹੈ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਸੇ ਕੌਮ ਜਾਂ ਦੇਸ਼ ਦਾ ਧਰਮ, ਈਮਾਨ ਅਤੇ ਸਤਿਕਾਰ ਕੇਵਲ ਇਸਤਰੀਆਂ ਹੀ ਕਾਇਮ ਰੱਖ ਸਕਦੀਆਂ ਹਨ। ਪਿਤਾ ਦੀ ਥਾਂ ਤੇ ਮਾਤਾ ਦੇ ਸੰਸਕਾਰ ਵਧੇਰੇ ਅਸਰ ਪਾਊ ਸਾਬਤ ਹੁੰਦੇ ਹਨ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ-ਪੰਥ ਦੀ ਸਥਾਪਨਾ ਵੇਲੇ ਅੰਮ੍ਰਿਤ ਸੰਸਕਾਰ ਵਿਚ ਗੁਰੂ ਮਹਿਲ ਨੂੰ ਸ਼ਾਮਿਲ ਕੀਤਾ। ਇਸ ਤਰ੍ਹਾਂ ਖਾਲਸੇ ਨੇ ਗੁਰੂ ਪਿਤਾ ਤੋਂ ਬੀਰਤਾ ਅਤੇ ਮਾਤਾ ਹਿੱਸਿਓ ਸੇਵਾ ਕਰਨ ਦੀ ਅਗਵਾਈ ਲਈ ਮਾਤਾ ਸਾਹਿਬ ਦੇਵਾਂ ਨੂੰ ਖਾਲਸੇ ਦੀ ਮਾਤਾ ਥਾਪਣਾ, ਇਸਤਰੀ ਨੂੰ ਬਰਾਬਰ ਦਾ ਅਤੇ ਸਤਿਕਾਰਯੋਗ ਸਥਾਨ ਹੀ ਦੇਣਾ ਹੈ। ਅੰਮ੍ਰਿਤ ਛਕਣ ਅਤੇ ਛਕਾਉਣ ਦਾ ਅਧਿਕਾਰ ਸਿੱਖ ਇਸਤਰੀ ਨੂੰ ਦੇਣਾ ਵੀ ਇਕ ਇਨਕਲਾਬੀ ਕਦਮ ਹੈ।

ਸੰਘਰਸ਼ ਸਮੇਂ ਸਿੰਘਣੀਆਂ, ਸਿੰਘਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਜੂਝਦੀਆਂ ਰਹੀਆਂ ਹਨ। ਅਰਦਾਸ ਵਿਚ "ਜਿੰਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ", ਇਕੱਠੇ ਆਉਣਾ ਇਸਤਰੀ ਦੇ ਜੁਰਅਤ ਭਰੇ ਕਰਤਵਾਂ ਦਾ ਹੀ ਪ੍ਰਗਟਾਵਾ ਹੈ। ਮਾਤਾ ਸੁੰਦਰੀ ਜੀ ਕਈ ਸਾਲ ਪੰਥ ਦੀ ਅਗਵਾਈ ਦਿੱਲੀ ਬੈਠ ਕੇ ਕਰਦੇ ਰਹੇ। ਸਿੱਖ ਬੀਬੀਆਂ ਨੇ ਹਥਿਆਰ ਚੁੱਕ ਕੇ ਦੁਸ਼ਮਣਾਂ ਨੂੰ ਪਛਾੜਿਆ ਹੀ ਨਹੀਂ ਸਗੋਂ ਜੰਗਾਂ-ਯੁੱਧਾਂ ਵਿਚ ਅਗਵਾਈ ਵੀ ਕੀਤੀ। ਰਾਣੀ ਜਿੰਦਾਂ ਬਾਰੇ ਅੰਗਰੇਜ਼ ਲਿਖਾਰੀਆਂ ਨੇ ਲਿਖਿਆ ਹੈ ਕਿ ਜੇਕਰ ਕੋਈ ਇਕ ਮਰਦ ਪੰਜਾਬ ਵਿਚ ਹੈ ਤਾਂ ਉਹ ਸਹੀ ਅਰਥਾਂ ਵਿਚ ਮਾਈ ਜ਼ਿੰਦਾਂ ਹੈ। ਇਸ ਤਰ੍ਹਾਂ ਸਿੱਖ ਧਰਮ ਵਿਚ ਇਸਤਰੀ ਨੂੰ ਹਰ ਪੱਖ ਤੋਂ ਆਜ਼ਾਦੀ ਪ੍ਰਾਪਤ ਹੋਈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਨਾਲ ਹੀ ਉਹਨਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਕੀ ਸੰਤਾਂ, ਭਗਤਾਂ ਦੀ ਬਾਣੀ ਵਿਚ ਇਸਤਰੀ ਦੇ ਸਥਾਨ ਅਤੇ ਭੂਮਿਕਾ ਦੀ ਸਿਧਾਂਤਕ ਸਥਾਪਤੀ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਧਾਰਿਮਕ ਗ੍ਰੰਥ ਹੋਣ ਕਰਕੇ ਇਸ ਨੂੰ ਪ੍ਰਮੁੱਖ

ਸਥਾਨ ਪ੍ਰਾਪਤ ਹੈ ਅਤੇ ਇਸ ਨੂੰ ਸ਼ਬਦ-ਗੁਰੂ ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਤੋਂ ਸਰਬ ਸਮਿਆਂ ਵਾਸਤੇ ਅਗਵਾਈ ਲੈਣ ਦਾ ਆਦੇਸ਼ ਕੀਤਾ ਗਿਆ ਹੈ। ਇਸ ਲਈ ਸਿੱਖ ਧਰਮ-ਚਿੰਤਨ ਦਾ ਇਹ ਮੁੱਖ ਸੋਮਾ ਹੈ। ਗੌਣ ਸੋਮਿਆਂ ਵਿਚ ਭਾਈ ਗੁਰਦਾਸ ਦੀਆਂ ਰਚਨਾਵਾਂ ਨੂੰ ਮੁੱਖ ਸਥਾਨ ਪ੍ਰਾਪਤ ਹੈ। ਇਸ ਲਈ ਸਿੱਖ-ਚਿੰਤਨ ਵਿਚ ਇਸਤਰੀ ਦੇ ਸਥਾਨ ਅਤੇ ਭੂਮਿਕਾ ਅਤੇ ਭਾਰਤੀ ਧਰਮਾਂ ਤੇ ਸਮਾਜ ਵਲੋਂ ਉਸਨੂੰ ਦਲਿਤ ਤੋਂ ਵੀ ਨੀਚੇ ਰਸਾਤਲ ਵੱਲ ਧੱਕਣ ਤੇ ਸਿੱਖ ਧਰਮ ਨਾਲ ਉਸਦਾ ਮਾਨਵ ਸਨਮਾਨ ਸਥਾਪਤ ਕਰਨ ਲਈ ਭਾਈ ਗੁਰਦਾਸ ਦੀਆਂ ਰਚਨਾਵਾਂ ਦੇ ਨਾਲ-ਨਾਲ ਹੋਰ ਸਿੱਖ-ਸਾਹਿਤ ਨੂੰ ਵੀ ਵਿਚਾਰਨ ਦਾ ਯਤਨ ਕਰਾਂਗੇ। ਧਿਆਨ ਰਹੇ ਸਿੱਖ ਧਰਮ ਦੀ ਆਮਦ ਤੋਂ ਪਹਿਲਾ ਜੋ ਦੁਰਦਸ਼ਾ ਔਰਤ ਦੀ ਹਿੰਦੁਸਤਾਨ ਦੀ ਧਰਤੀ ਤੇ ਹੋਈ ਉਸਨੂੰ ਸ਼ਬਦਾਂ ਵਿਚ ਬਿਆਨ ਕਰਨਾ ਵੀ ਸ਼ਾਇਦ ਸੰਭਵ ਨਹੀਂ ਹੈ। ਔਰਤ ਦਾ ਇਕ ਤਰਾਂ ਕੋਈ ਵਜੂਦ ਹੀ ਨਹੀਂ ਸੀ ਤੇ ਉਸ ਦੀ ਜੂਨ ਪਸ਼ੂਆਂ ਤੋਂ ਵੀ ਬਦਤਰ ਸੀ ਉਹ ਘਰ ਦੀ ਚਾਰਦਵਾਰੀ ਦੇ ਅੰਦਰ ਹੀ ਜੀਵਨ ਲੀਲਾ ਭੋਗ ਸੰਸਾਰ ਤੋਂ ਕੂਚ ਕਰ ਜਾਂਦੀ। ਮੁਸਲਮਾਨ ਜਦੋਂ ਜੇਤੂ ਹੋ ਹਿੰਦੁਸਤਾਨ ਦੇ ਮਾਲਕ ਬਣੇ ਤਾਂ ਸਥਿਤੀ ਬਦ ਤੋਂ ਬਦਤਰ ਹੋ ਗਈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦਾ ਰੂਪ:

ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਇੱਕ ਮਰਦ, ਦੂਜਾ ਇਸਤਰੀ। ਦੋਹਾਂ ਦੀ ਸਹਾਇਤਾ ਅਤੇ ਸਹਿਯੋਗ ਨਾਲ ਜੀਵਨ ਚਲਦਾ ਹੈ। ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਦੋਹਾਂ ਦੇ ਗੁਣ ਅਤੇ ਸ਼ਕਤੀਆਂ ਮਿਲਕੇ ਆਦਰਸ਼ ਹੋਂਦ ਬਣਦੇ ਹਨ। ਜਿੱਥੇ ਕੁਦਰਤ ਨੇ ਮਰਦ ਨੂੰ ਸਰੀਰਕ ਸ਼ਕਤੀ, ਦ੍ਰਿੜਤਾ, ਦਲੇਰੀ, ਸਾਹਸ ਅਤੇ ਹਿੰਮਤ ਜੇਹੇ ਗੁਣ ਪ੍ਰਦਾਨ ਕੀਤੇ ਹਨ ਉੱਥੇ ਇਸਤਰੀ ਵਿੱਚ ਕੋਮਲਤਾ, ਨਿਮਰਤਾ, ਪਿਆਰ, ਵਫਾਦਾਰੀ, ਕੁਰਬਾਨੀ, ਹਮਦਰਦੀ, ਬੱਚਿਆਂ ਅਤੇ ਘਰ ਦੀ ਸੰਭਾਲ ਜੇਹੇ ਕੋਮਲ ਜਜ਼ਬੇ ਭਰੇ ਹਨ। ਇੱਕ ਵਿੱਚ ਸਰੀਰਕ ਬਲ ਦੀ ਬਹੁਤਲਾ ਹੈ ਤਾਂ ਦੂਜੇ ਵਿੱਚ ਮਨੋਬਲ ਦੀ ਤੀਬਰਤਾ। ਸਰੀਰਕ ਅਤੇ ਮਾਨਸਿਕ ਪੱਖੋਂ ਦੋਹਾਂ ਵਿੱਚ ਭਿੰਨਤਾ ਹੈ। ਦੋਹਾਂ ਦੇ ਸੁਮੇਲ ਉੱਤੇ ਦੁਨੀਆਂ ਦੀ ਬੁਨਿਆਦ ਨਿਰਭਰ ਹੈ। ਦੂਜੇ ਸ਼ਬਦਾਂ ਵਿੱਚ ਦੇਸ਼ ਦੇ ਇਖਲਾਕ, ਧਰਮ ਅਤੇ ਸਮੁੱਚੇ ਸਮਾਜ ਦੀ ਬਣਤਰ ਉੱਤੇ ਇਸਤਰੀ-ਪੁਰਖ ਦੇ ਸੰਬੰਧਾਂ ਦਾ ਪ੍ਰਭਾਵ ਪੈਂਦਾ ਹੈ। ਹਰ ਮਜ਼ਬ੍ਹ, ਸਮਾਜ ਅਤੇ ਧਰਮ

ਵਿੱਚ ਇਸਤਰੀ ਪ੍ਰਤੀ ਕੋਈ ਨਾ ਕੋਈ ਰਾਏ ਕਾਇਮ ਕੀਤੀ ਗਈ ਹੁੰਦੀ ਹੈ ਜਿਸ ਤੋਂ ਉਸ ਸਮਾਜ ਦੀ ਪ੍ਰਗਤੀ ਦੇ ਪੱਧਰ ਦਾ ਗਿਆਨ ਹੁੰਦਾ ਹੈ।

ਅਸਲ ਵਿੱਚ ਇਸਤਰੀ ਦੀ ਸਮਾਜਿਕ ਸਥਿਤੀ ਦਾ ਪ੍ਰਸ਼ਨ ਅਤਿ ਪ੍ਰਾਚੀਨ ਅਤੇ ਗੰਭੀਰ ਹੈ। ਇਹ ਪ੍ਰਸ਼ਨ ਸਮਕਾਲੀਨ ਸਾਹਿਤ ਵਿੱਚ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਦ੍ਰਿਸ਼ਟੀਕੋਣ ਤੋਂ ਵਾਚਿਆ ਗਿਆ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਨੇ ਜੀਵਨ ਦਾ ਸਰਬ-ਪੱਖੀ ਚਿੱਤਰ ਪ੍ਰਤਖ ਜਾਂ ਪ੍ਰਤੀਕ ਰੂਪ ਵਿੱਚ ਚਿਤਰਿਆ ਹੈ ਜਿਸ ਦੇ ਅਧਿਐਨ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੇ ਸੰਕਲਪ ਦਾ ਨਿਰੀਖਣ ਕੀਤਾ ਜਾ ਸਕਦਾ ਹੈ। ਇਸ ਅਧਿਆਇ ਵਿੱਚ ਕੇਵਲ ਪ੍ਰਤਖ ਸਰੂਪ ਦਾ ਹੀ ਵਰਣਨ ਕੀਤਾ ਜਾਵੇਗਾ।

ਗੁਰਮਤਿ ਅਨੁਸਾਰ ਪਤੀ-ਪਤਨੀ ਦਾ ਮੇਲ ਪਰਮਾਤਮਾ ਅਤੇ ਆਤਮਾ ਦੇ ਮੇਲ ਦਾ ਸਰੂਪ ਹੈ। ਉਹ ਗੁਰੂ ਨੂੰ ਸਾਖਸੀ ਮੰਨ ਕੇ ਜੀਵਨ ਭਰ ਇੱਕਠੇ ਰਹਿਣ ਦੀ ਪ੍ਰਤਿਗਿਆ ਕਰਦੇ ਹਨ ਅਤੇ ਨਿਭਾਉਂਦੇ ਵੀ ਹਨ। ਅਕਾਲ ਪੁਰਖ ਦੇ ਪ੍ਰੇਮ ਵਿੱਚ ਰੱਤੇ ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਸੁਆਮੀ ਵੀ ਕਿਹਾ ਹੈ ਅਤੇ ਪਤੀ ਵੀ। ਕਵਿਤਾ ਅਤੇ ਪ੍ਰੇਮ ਰੰਗ ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਇਸਤਰੀ ਅਤੇ ਬੈ-ਖਰੀਦ ਚਾਕਰ ਕਿਹਾ ਹੈ। ਇਸ ਵਿੱਚ ਸ਼ੱਕ ਨਹੀਂ ਕਿ ਉਸ ਸਮੇਂ ਇਸਤਰੀ ਨੂੰ ਨੀਚ ਮੰਨਿਆ ਜਾਂਦਾ ਸੀ। ਇਸਤਰੀ ਜਾਤੀ ਲਤਾੜੀ ਹੋਈ ਸੀ। ਗੁਰੂ ਜੀ ਨੇ ਤਰਕ ਅਤੇ ਯੁਕਤੀ ਨਾਲ ਇਹ ਸਿੱਧ ਕੀਤਾ ਕਿ ਔਰਤ ਨਿੰਦਣਯੋਗ ਨਹੀਂ ਹੈ। ਉਹ ਤਾਂ ਸਮੁੱਚੇ ਸੰਸਾਰ ਦੀ ਬੁਨਿਆਦ ਹੈ। ਕੇਵਲ ਪਰਮਾਤਮਾ ਹੀ ਇਸਤਰੀ ਤੋਂ ਬਾਹਰ ਹੈ। ਇਹ ਸ੍ਰਿਸ਼ਟੀ ਪ੍ਰਭੂ ਦਾ ਕ੍ਰਿਸ਼ਮਾ ਹੈ, ਉਸੇ ਦਾ ਅਕਸ ਹੈ:

ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।[11]

ਜਦੋਂ ਇਸਤਰੀ ਨੂੰ ਬਹੁਤ ਘਟੀਆ, ਮਰਦ ਉਤੇ ਇੱਕ ਭਾਰ ਅਤੇ ਅਪਵਿੱਤਰ ਕਹਿ ਕੇ ਛੁਟਿਆਇਆ ਜਾਂਦਾ ਹੋਵੇ, ਉਸ ਸਮੇਂ ਇਸਤਰੀ ਨੂੰ ਸਾਰੇ ਜਗਤ ਦੀ ਰਚਨਹਾਰੀ ਕਹਿ ਕੇ ਉਚਿਆਉਣਾ, ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇਕ ਹੈ। ਗੁਰੂ ਸਾਹਿਬ ਨੇ ਨਾ ਕੇਵਲ ਇਸਤਰੀ

---

[11] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 473

ਦੀ ਕਰੁਣਾਮਈ ਪੁਕਾਰ ਹੀ ਸੁਣੀ ਸਗੋਂ ਉਸ ਨਾਲ ਕੀਤੇ ਜਾਂਦੇ ਅਨਿਆਂ ਵਿਰੁੱਧ ਸਮਾਜ ਨੂੰ ਸੁਚੇਤ ਕੀਤਾ। ਉਨ੍ਹਾਂ ਨੇ ਪੁਰਖ ਅਤੇ ਨਾਰੀ ਦੋਹਾਂ ਵਿੱਚ ਹੀ ਉਸ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ। ਪੂਰਨ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਬਿਨਾਂ ਰੋਕ ਟੋਕ ਅਤੇ ਪਰਦੇ ਤੋਂ ਸਾਧ-ਸੰਗਤ ਵਿੱਚ ਸੇਵਾ ਕਰ ਸਕਦੀ ਹੈ। ਜੰਗ ਵਿੱਚ ਜਾ ਸਕਦੀ ਹੈ ਅਤੇ ਅੰਮ੍ਰਿਤ ਛਕ ਕੇ ਸਾਰੇ ਧਾਰਮਿਕ ਕਰਮ ਕਰਦੀ ਹੋਈ ਗੁਰ ਮਰਿਯਾਦਾ ਅਨੁਸਾਰ ਪਵਿੱਤਰ ਜੀਵਨ ਬਤੀਤ ਕਰ ਸਕਦੀ ਹੈ।

### ਕੰਨਿਆਂ ਬਾਰੇ ਵਿਚਾਰ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੇ ਉਤਮ ਅਤੇ ਨੀਚ ਦੋਹਾਂ ਰੂਪਾਂ ਦਾ ਉਲੇਖ ਮਿਲਦਾ ਹੈ। ਪਰ ਇਸ ਗ੍ਰੰਥ ਦਾ ਉਦੇਸ਼ ਅਧਿਆਤਮਕ ਹੋਣ ਕਾਰਨ ਇਸ ਵਿਚਲੇ ਪਤੀ-ਪਤਨੀ ਦੇ ਵਰਣਨ ਰਾਹੀਂ ਪ੍ਰਤਖ ਜਾਂ ਪਰੋਖ ਰੂਪ ਵਿੱਚ ਪਰਮਾਤਮਾ-ਆਤਮਾ ਦੇ ਸੰਬੰਧ ਨੂੰ ਦਰਸਾਇਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੰਨਿਆ ਬਾਰੇ ਬਹੁਤੇ ਵਿਚਾਰ, ਉਪਲਬਧ ਨਹੀਂ ਹਨ ਕਿਉਂਕਿ ਅਧਿਆਤਮਕ ਰਚਨਾ ਹੋਣ ਕਰਕੇ ਜਗਿਆਸੂ ਇਸਤਰੀ ਬਾਰੇ ਹੀ ਜ਼ਿਆਦਾ ਵਰਣਨ ਹੈ। ਛੋਟੀ ਉਮਰ ਦੀ ਬਾਲੜੀ ਨੂੰ ਜਗਿਆਸੂ ਰੂਪ ਵਿੱਚ ਘੱਟ ਹੀ ਚਿਤ੍ਰਿਆ ਹੈ। ਬਚਪਨ ਦਾ ਸਮਾਂ ਖੇਡਣ ਦਾ ਸਮਾਂ ਹੁੰਦਾ ਹੈ। ਬਾਲੜੀ ਉਮਰ ਭੋਲੇਪਣ ਦੀ ਅਵਸਥਾ ਹੈ। ਜਿਥੇ ਕੰਨਿਆ ਦਾ ਹਵਾਲਾ ਦਿੱਤਾ ਗਿਆ ਹੈ, ਉਸ ਨੂੰ ਇਆਣੀ ਅਤੇ ਬਾਲੜੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ ਜੋ ਪਤੀ ਲਈ ਤਾਂਘਦੀ ਹੈ। ਫਿਰ ਉਸਦੀ ਮੰਗਣੀ ਹੁੰਦੀ ਹੈ, ਸਾਹਾ ਰਖਿਆ ਜਾਂਦਾ ਹੈ ਅਤੇ ਵਿਆਹ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਾ ਕਾਲ ਵਿੱਚ ਸਮੁੱਚੇ ਸਮਾਜ ਵਿੱਚ ਹੀ ਭਾਰੀ ਬੇਚੈਨੀ ਸੀ। ਚੋਰੀ-ਡਾਕਾ, ਲੁੱਟ-ਖਸੁੱਟ ਅਤੇ ਮਾਰਧਾੜ, ਆਮ ਘਟਨਾਵਾਂ ਸਨ। ਕਿਸੇ ਦੀ ਵੀ ਜਾਨ ਮਾਲ ਸੁਰਖਿਅਤ ਨਹੀਂ ਸੀ। ਕੁੜੀਆਂ ਦੀ ਹਾਲਤ ਤਰਸਯੋਗ ਸੀ। ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਸੀ ਜਾਂ ਜਨਮ ਦੇਣ ਵਾਲੀ ਜਨਨੀ ਨੂੰ ਵੀ ਅਭਾਗੀ ਹੀ ਮੰਨਿਆ ਜਾਂਦਾ ਸੀ।[12] ਕਿਉਂਕਿ ਧਾੜਵੀ ਕੁੜੀਆਂ ਦੀ ਲੁੱਟ-ਖਸੁੱਟ ਕਰਦੇ ਸਨ। ਜਿਸ ਇਸਤਰੀ ਨਾਲ ਪਤੀ ਨਾਰਾਜ਼ ਹੁੰਦਾ ਸੀ ਜੇਕਰ ਉਹ ਪੁੱਤਰਵੰਤ ਹੋ

[12] ਡਾ. ਗੋਪਾਲ ਸਿੰਘ ਦਰਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸਤਾ, ਪੰਨਾ 75

ਪੈਂਦੀ ਸੀ ਤਾਂ ਫਿਰ ਉਸਦਾ ਇੱਜ਼ਤ ਮਾਣ ਹੋਣ ਲਗ ਪੈਂਦਾ ਸੀ। ਇਸ ਤੋਂ ਪੁੱਤਰ ਦੇ ਜਨਮ ਦੀ ਮਹੱਤਤਾ ਦ੍ਰਿਸ਼ਟੀਗੋਚਰ ਹੁੰਦੀ ਹੈ:-

ਕੈਹਾ ਕੰਚਨੁ ਤੁਟੈ ਸਾਰੁ॥

ਅਗਨੀ ਗੰਢੁ ਪਾਏ ਲੋਹਾਰੁ॥

ਗੋਰੀ ਸੇਤੀ ਤੁਟੈ ਭਤਾਰੁ॥

ਪੁਤੀਂ ਗੰਢੁ ਪਵੈ ਸੰਸਾਰਿ॥[13]

ਪੁੱਤਰ ਦੇ ਜਨਮ ਨੂੰ ਜ਼ਿਆਦਾ ਮਹੱਤਵ ਦੇਣ ਦਾ ਕਾਰਨ ਇਹ ਸੀ ਕਿ ਉਸ ਨਾਲ ਸੰਸਾਰ ਵਿੱਚ ਵੰਸ਼ ਚਲਦਾ ਹੈ ਅਤੇ ਸੰਸਾਰ ਨਾਲ ਸਾਂਝ ਬਣੀ ਰਹਿੰਦੀ ਹੈ। ਗੁਰੂ ਅਮਰਦਾਸ ਜੀ ਨੇ ਕੰਨਿਆ ਨੂੰ ਮਾਰਨ ਦੀ ਵਿਰੁੱਧ ਆਵਾਜ਼ ਉਠਾ ਕੇ ਇਸ ਕੁਕਰਮ ਕਰਨ ਵਾਲਿਆਂ ਨੂੰ ਫਿਟਕਾਰਾਂ ਪਾਈਆਂ:

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥

ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ॥

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥

ਫਿਕਟ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥[14]

ਸਮਾਜਿਕ ਉਥਲ ਪੁਥਲ ਅਤੇ ਲੁੱਟਮਾਰ ਜ਼ਿਆਦਾ ਹੁੰਦੀ ਰਹਿਣ ਕਰਕੇ ਮਾਪੇ ਲੜਕੀਆਂ ਨੂੰ ਛੇਤੀ ਵਿਆਹ ਦੇਂਦੇ ਸਨ। ਸਹੁਰੇ ਘਰ ਜਾ ਕੇ ਉਨ੍ਹਾਂ ਨੂੰ ਆਪਣੇ ਅਗਲੇ ਘਰ ਅਨੁਸਾਰ ਢਲ ਜਾਣ ਵਿੱਚ ਬਹੁਤ ਕਠਿਨਾਈ ਨਹੀਂ ਆਉਂਦੀ ਹੋਵੇਗੀ। ਅਜਿਹੀ ਛੋਟੀ ਅਵਸਥਾ ਵਿੱਚ ਵਿਆਹ ਸੰਬੰਧੀ ਉਸਦੀ ਸਲਾਹ ਲੈਣ ਦਾ ਤਾਂ ਪ੍ਰਸ਼ਨ ਹੀ ਨਹੀਂ ਉੱਠਦਾ:

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ।।[15]

ਕੰਨਿਆ ਨੂੰ ਵਿਆਹ ਸਮੇਂ ਦਾਜ ਦੇਣ ਦਾ ਰਿਵਾਜ ਸੀ। ਗੁਰੂ ਜੀ ਇਸ ਬਾਰੇ ਕਹਿੰਦੇ ਹਨ ਕਿ ਗੁਣਾਂ ਦਾ ਦਾਜ ਇਕੱਠਾ ਕਰਨ ਦੀ ਲੋੜ ਹੈ ਤਾਂ ਹੀ ਪਤੀ ਦੇ ਘਰ ਮਾਣ, ਇੱਜ਼ਤ ਅਤੇ ਪਿਆਰ ਪ੍ਰਾਪਤ

---

[13] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 143

[14] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1413

[15] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 722

ਹੋ ਸਕਦਾ ਹੈ। ਪੁੱਤਰੀ ਦੇ ਘਰੋਂ ਕੁਝ ਵੀ ਲੈਣ ਨੂੰ ਬੁਰਾ ਖਿਆਲ ਕੀਤਾ ਜਾਂਦਾ ਸੀ। ਇੱਥੋਂ ਤਕ ਕਿ ਕੰਨਿਆ ਪੱਖ ਦੇ ਪੁਰੋਹਿਤ ਨੂੰ ਵੀ ਕੁਝ ਵੀ ਲੈਣ ਤੋਂ ਵਰਜਿਆ ਹੈ:

ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ।।
ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ।।
ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ।।[16]

ਧੀਆਂ ਨੂੰ ਮਾਪੇ ਆਪਣੀ ਵਿੱਤ ਅਨੁਸਾਰ ਧਨ-ਮਾਲ ਦੇਂਦੇ ਸਨ। ਧੀ ਦੇ ਘਰ ਦਾ ਅੰਨ ਵੀ ਨਹੀਂ ਖਾਧਾ ਜਾਂਦਾ ਸੀ। ਉਹ ਪਿਤਾ ਦੇ ਘਰੋਂ ਦਾਤਾਂ ਲੈਣ ਦੀ ਅਧਿਕਾਰੀ ਹੈ ਪਿਤਾ ਨੂੰ ਦੇਣ ਦੀ ਨਹੀਂ।ਮਾਪੇ ਉਸ ਨੂੰ ਪਤੀ-ਘਰ ਅਨੁਕੂਲ ਸਾਰੀ ਸਿਖਿਆ ਦੇਂਦੇ ਸਨ ਅਤੇ ਘਰ ਦੇ ਕੰਮ ਕਾਜ ਵੀ ਸਿਖਾਏ ਜਾਂਦੇ ਸਨ। ਨਿਮਰਤਾ, ਹਲੀਮੀ ਅਤੇ ਮਿਠ-ਬੋਲੜੀ ਹੋਣ ਦਾ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਸੀ। ਸਰਵ-ਗੁਣ ਸੰਪੰਨ ਕੰਨਿਆ ਜਦੋਂ ਵਿਆਹੁਤਾ ਰੂਪ ਵਿੱਚ ਪਤੀ ਘਰ ਲਈ ਪ੍ਰਸਥਾਨ ਕਰਦੀ ਸੀ ਤਾਂ ਮਾਪੇ ਉਸਦੇ ਨਵਜੀਵਨ ਦੀ ਸਫ਼ਲਤਾ ਦੀ ਕਾਮਨਾ ਕਰਦੇ ਸਨ। ਉਸ ਦੇ ਖੇਡਾਂ ਵਾਲੇ ਘਰ ਦੀਆਂ ਯਾਦਾਂ ਉਸਦੇ ਨਾਲ ਜਾਂਦੀਆਂ ਸਨ ਪਰ ਭਾਵੀ ਜੀਵਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਇਨ੍ਹਾਂ ਯਾਦਾਂ ਨੂੰ ਦਿਲ ਦੀ ਕਿਸੇ-ਡੂੰਘੀ ਨੁੱਕਰੇ ਦੱਬ ਦੇਂਦਾ ਸੀ। ਉਹ ਸਹੁਰੇ ਘਰ ਪ੍ਰਤਿ ਫਰਜ਼ ਪੂਰਤੀ ਦੇ ਅਹਿਸਾਸ ਨਾਲ ਨਵ-ਜੀਵਨ ਆਰੰਭਦੀ ਸੀ।

### ਪਤਨੀ ਰੂਪ:

ਭਾਰਤੀ ਨਾਰੀ ਲਈ ਉਸਦਾ ਪਤੀ ਉਸਦੇ ਨਿਰਬਾਹ, ਪ੍ਰੇਮ ਅਤੇ ਜੀਵਨ ਦਾ ਆਧਾਰ ਹੁੰਦਾ ਹੈ। ਇਸ ਲਈ ਗ੍ਰਹਿਸਥ ਧਰਮ ਸਰਵੋਤਮ ਮੰਨਿਆ ਗਿਆ ਹੈ। ਗ੍ਰਹਿਸਥੀ ਦਾ ਆਧਾਰ ਵਿਆਹ ਹੈ। ਵਿਆਹ ਭਾਵੇਂ ਸੰਸਾਰ ਵਿੱਚ ਕੀਤੇ ਜਾਂਦੇ ਹਨ ਪਰ ਵਾਸਤਵ ਵਿੱਚ ਇਹ ਧੁਰੋਂ ਲਿਖੇ ਹੋਏ ਸੰਯੋਗ ਹੁੰਦੇ ਹਨ। ਕੋਈ ਵਿਅਕਤੀ ਆਪਣੀ ਮਰਜ਼ੀ ਨਾਲ ਵਿਆਹ ਨਹੀਂ ਕਰਾਉਂਦਾ ਸਗੋਂ ਵਾਹਿਗੁਰੂ ਨੇ ਜਿੱਥੇ ਅਤੇ ਜਿਸ ਨਾਲ ਸੰਬੰਧ ਭਾਗਾਂ ਵਿੱਚ ਲਿਖ ਦਿੱਤਾ ਹੈ, ਉਥੇ ਹੀ ਉਸਦਾ ਵਿਆਹ ਹੁੰਦਾ ਹੈ।

---

[16] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥[17]

ਅਤੇ ਸੰਜੋਗ ਧੁਰ ਦਰਗਾਹੋਂ ਲਿਖੇ ਹੁੰਦੇ ਹਨ। ਇਹ ਜੋੜ ਵਾਹਿਗੁਰੂ ਦੁਆਰਾ ਜੋੜੇ ਜਾਂਦੇ ਹਨ:

"ਧਨ ਪਿਰ ਮੇਲੁ ਭਇਆ

ਪ੍ਰਭਿ ਆਪਿ ਮਿਲਾਇਆ ਰਾਮ॥"[18]

ਇਸ ਲਈ ਗੁਰੂ ਗ੍ਰੰਥ ਦੀ ਬਾਣੀ ਵਿੱਚ ਇੱਕ ਨਾਰੀ ਵਿਆਹ ਦੀ ਹੀ ਆਗਿਆ ਹੈ। ਹੋਰ ਕਿਸੇ ਪ੍ਰਕਾਰ ਦੇ ਸੰਬੰਧ ਬੁਰੇ ਹਨ ਆਚਰਨ-ਹੀਣਤਾ ਦੇ ਪ੍ਰਤੀਕ ਹਨ। "ਏਕਾ ਨਾਰੀ ਸਦਾ ਜਤੀ" ਦੇ ਫਲਸਫੇ ਨੂੰ ਅੱਜ ਦੇ ਵਿਗਿਆਨ ਅਤੇ ਮਨੋਵਿਗਿਅਨ ਨੇ ਅੰਦਰੂਨੀ ਅਤੇ ਬਾਹਰੀ ਵਿਕਾਸ ਲਈ ਲਾਜ਼ਮੀ ਮੰਨਿਆ ਹੈ।

ਬੇਮੁਖ ਹੋਏ ਪਤੀ ਨੂੰ ਰਿਝਾਉਣ ਲਈ, ਮੋਹਿਤ ਕਰਨ ਲਈ ਪਤਨੀ ਸੋਲ੍ਹਾ ਸ਼ਿੰਗਾਰ ਕਰਦੀ ਹੈ ਪਰ ਉਸਦੀ ਤਸੱਲੀ ਨਹੀਂ ਹੁੰਦੀ। ਉਹ ਆਪਣੀਆਂ ਸਹੇਲੀਆਂ ਨੂੰ ਪੁਛਦੀ ਹੈ ਕਿ ਉਹ ਕਿਹੜਾ ਸ਼ਿੰਗਾਰ ਕਰੇ ਅਤੇ ਕਿਹੜੇ ਗੁਣ ਧਾਰਨ ਕਰੇ ਤਾਂ ਜੋ ਪਤੀ ਦਾ ਮਨ ਜਿੱਤ ਲਵੇ ਅਤੇ ਪਤੀ ਉਸਦੇ ਵਸ ਹੋ ਜਾਵੇ:

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੇ ਕੰਤੁ॥[19]

---

[17] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 788

[18] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 439

[19] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1384

ਇਸਤਰੀ ਨਿਰਮਤਾ, ਖਿਮਾ ਅਤੇ ਮਿਠਾਸ ਨਾਲ ਸਹਿਜ ਅਵਸਥਾ ਅਤੇ ਸੰਤੋਖ ਵਿੱਚ ਵਿਚਰਦੀ ਹੋਈ ਆਪਣੇ ਸਤਿਗੁਰੂ ਦੀ ਸਿਖਿਆ ਉਤੇ ਪੂਰੀ ਤਰ੍ਹਾਂ ਅਮਲ ਕਰੇ; ਸੁਰਤ ਪ੍ਰਭੂ ਨਾਲ ਜੋੜੀ ਰਖੇ। ਇਸ ਰਸਤੇ ਤੇ ਚਲ ਕੇ ਹੀ ਮਿਲਾਪ ਦੀ ਆਨੰਦ ਅਵਸਥਾ ਪ੍ਰਾਪਤ ਹੋ ਸਕਦੀ ਹੈ:

"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥

ਸਹਜਿ ਸੰਤੋਖਿ ਸੀਗਾਰਿਆ ਮਿਠਾ ਬੋਲਣੀ॥[20]

ਦੁੱਖ ਅਤੇ ਸੁੱਖ ਮਨੁੱਖੀ ਜੀਵਨ ਵਿਚ ਆਉਂਦੇ ਹੀ ਰਹਿੰਦੇ ਹਨ। ਸਮੇਂ ਸਮੇਂ ਗ੍ਰਹਿਸਥੀ ਵਿੱਚ ਇਸਤਰੀ ਨੂੰ ਔਕੜਾਂ ਵਿੱਚ ਲੰਘਣਾ ਪੈਂਦਾ ਹੈ। ਜੇਕਰ ਅਜਿਹੇ ਸਮੇਂ ਵਿੱਚ ਉਹ ਸਵੈ-ਸੰਜਮ ਗੁਆ ਬੈਠਦੀ ਹੈ ਤਾਂ ਜੀਵਨ ਦੀ ਗੱਡੀ ਡਾਵਾਂਡੋਲ ਹੋ ਸਕਦੀ ਹੈ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਪੰਜ ਵਿਕਾਰਾਂ ਤੋਂ ਸਵੈ ਦੀ ਰੱਖਿਆ ਕਰਨ ਦਾ ਮਾਰਗ ਦੱਸਿਆ:

ਕਾਮੁ ਕ੍ਰੋਧ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥

ਹੋਇ ਨਿਮਾਣੀ ਸੇਵ ਕਮਾਵਹਿ ਤਾਂ ਪ੍ਰੀਤਮ ਹੋਵਹਿ ਮਨਿ ਪਿਆਰੀ॥[21]

ਪੰਜ ਵਿਕਾਰਾਂ ਤੋਂ ਨਿਰਲੇਪ ਰਹਿਣ ਵਾਲੀ ਹੀ ਪਤੀ ਨੂੰ ਪਿਆਰੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਵੀ ਇਸ ਸੰਬੰਧੀ ਲਿਖਦੇ ਹਨ:-

ਮਨ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥[22]

## ਮਾਂ ਜਣਨੀ ਦੇ ਰੂਪ ਵਿਚ:

ਗੁਰਬਾਣੀ ਵਿੱਚ ਮਾਂ ਦਾ ਦਰਜਾ ਸਭ ਤੋਂ ਉੱਪਰ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਵਾਲੇ ਸਾਰੇ ਗੁਣ ਮਾਂ ਵਿੱਚ ਸਮੋਏ ਹੋਏ ਹਨ। ਬੱਚੇ ਦੇ ਜਨਮ ਲਈ ਮਾਤਾ ਪਿਤਾ ਦੋਨਾਂ ਦਾ ਸੰਯੋਗ ਪ੍ਰਵਾਨ ਕੀਤਾ ਗਿਆ ਹੈ। ਪਰ ਮਾਂ ਦੀ ਅਹਿਮੀਅਤ ਨੂੰ ਵਿਲੱਖਣ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ ਮਾਂ

---

[20] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 17

[21] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 377

[22] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 359

ਬਣਨ ਸਮੇਂ ਜੋ ਅਨੰਦ ਉਸ ਨੂੰ ਮਿਲਦਾ ਹੈ, ਉਹ ਬਿਆਨ ਨਹੀਂ ਕਰ ਸਕਦੀ। ਗੁਰਬਾਣੀ ਦਾ ਫਰਮਾਨ ਹੈ:

ਸਤਿਗੁਰ ਸਾਚੈ ਦੀਆ ਭੇਜਿ॥
ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥
ਮਾਤਾ ਕੈ ਮਨਿ ਬਹੁਤੁ ਬਿਗਾਸੁ॥1॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥
ਮਿਟਿਆ ਸੋਗੁ ਮਹਾ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥
ਸਾਚੇ ਸਾਹਿਬ ਕੈ ਮਨਿ ਭਾਵੈ॥2॥
ਵਧੀ ਵੇਲਿ ਬਹੁ ਪੀੜੀ ਚਾਲੀ॥
ਧਰਮ ਕਲਾ ਹਰਿ ਬੰਧਿ ਬਹਾਲੀ॥
ਮਨ ਚਿੰਦਿਆ ਸਤਿਗੁਰੂ ਦਿਵਾਇਆ॥
ਭਏ ਅਚਿੰਤ ਏਕ ਲਿਵ ਲਾਇਆ॥3॥[23]

ਮਾਂ ਉਹ ਹਸਤੀ ਹੈ ਜੋ ਹਰ ਪਲ ਗਰਭ ਵਿਚ ਬੱਚੇ ਨੂੰ ਪਾਲਦੀ ਹੈ। ਉਸ ਦੇ ਜਨਮ ਤੋਂ ਬਾਅਦ ਆਪ ਗਿੱਲੀ ਥਾਂ 'ਤੇ ਸੌਂ ਕੇ ਉਸ ਨੂੰ ਸੁੱਕਾ ਰੱਖਦੀ ਹੈ। ਘਰੇਲੂ ਕੰਮ ਕਰਦਿਆ ਹੋਇਆਂ ਵੀ ਮਾਂ ਦਾ ਧਿਆਨ ਹਰ ਪਲ ਬੱਚੇ ਵਿੱਚ ਹੀ ਹੁੰਦਾ ਹੈ, ਇਸ ਪ੍ਰਥਾਇ ਗੁਰਬਾਣੀ ਫੁਰਮਾਨ ਹੈ:

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥

[23] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 396

ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥[24]

ਬੱਚੇ ਦੀ ਭੁੱਖ ਪਿਆਸ ਦਾ ਅਹਿਸਾਸ ਮਾਂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਹੋ ਸਕਦਾ। ਬੱਚੇ ਨੂੰ ਬੋਲਣਾ, ਤੁਰਨਾ ਸਿਖਾਉਣਾ ਸਭ ਮਾਂ ਦੀ ਜਿੰਮੇਵਾਰੀ ਹੁੰਦੀ ਹੈ। ਬੱਚਾ ਸਭ ਤੋਂ ਪਹਿਲਾ ਲਫਜ਼ ਮਾਂ ਹੀ ਬੋਲਣਾ ਸਿੱਖਦਾ ਹੈ। ਬੱਚੇ ਦੀ ਅਸਲੀ ਪਛਾਣ ਉਸ ਦੀ ਮਾਂ ਤੋਂ ਹੁੰਦੀ ਹੈ। ਮਾਂ ਬੱਚੇ ਨੂੰ ਕੇਵਲ ਜਨਮ ਹੀ ਨਹੀਂ ਦਿੰਦੀ ਸਗੋਂ ਪਾਲਣਹਾਰੀ ਵੀ ਹੁੰਦੀ ਹੈ। ਵਿਅਕਤੀ ਹਰ ਦੁੱਖ-ਸੁੱਖ ਆਪਣੀ ਮਾਂ ਨਾਲ ਹੀ ਸਾਂਝਾ ਕਰਦਾ ਹੈ। ਗੁਰਬਾਣੀ ਇਸ ਗੱਲ ਦੀ ਗਵਾਹ ਹੈ ਕਿ ਗੁਰੂ ਸਾਹਿਬਾਨ ਆਪਣੀ ਅੰਤਰ ਆਤਮਾ ਦੀ ਆਵਾਜ਼ ਨੂੰ ਮਾਂ ਨਾਲ ਸਾਂਝਾ ਕਰਦੇ ਹਨ।[25] ਗੁਰਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਇਸ ਗੱਲ ਦੀ ਪ੍ਰੋੜਤਾ ਕਰਦੀਆਂ ਹਨ:

ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥

ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ॥

ਹਉ ਵੰਞਾ ਕੁਰਬਾਣੁ ਸਾਈ ਆਪਣੇ।

ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ॥[26]

ਮਾਂ ਬੱਚੇ ਨੂੰ ਸਿੱਖਿਆ ਦੇਣ ਵਾਲੀ ਸਭ ਤੋਂ ਪਹਿਲੀ ਗੁਰੂ ਹੈ। ਸਾਡੀਆਂ ਮਾਤਾਵਾਂ ਘਰੇਲੂ ਕੰਮ ਕਾਜ ਕਰਦੀਆਂ ਗੁਰਬਾਣੀ ਉਚਾਰਦੀਆਂ ਸਨ। ਬੱਚਾ ਜਦੋਂ ਸੁੱਤਾ ਉਠਦਾ ਸੀ ਤਾਂ ਉਸ ਦੇ ਕੰਨੀ ਪਹਿਲੀ ਆਵਾਜ਼ ਗੁਰਬਾਣੀ ਦੀ ਕੋਈ ਤੁਕ ਹੀ ਪੈਂਦੀ ਸੀ। ਗੁਰਬਾਣੀ ਵਿਚ 'ਮਤਿ ਮਾਤਾ', 'ਪਿਤਾ ਸੰਤੋਖ' ਕਹੇ ਜਾਣ ਦਾ ਭਾਵ ਵੀ ਇਹ ਹੈ ਕਿ ਸਿਖਿਆਦਾਤੀ ਕੇਵਲ ਮਾਂ ਹੀ ਹੋ ਸਕਦੀ ਹੈ। ਜਦੋਂ ਮਾਂ ਸਮਝਾ ਰਹੀ ਹੋਵੇ ਤਾਂ ਪਿਤਾ ਨੇ ਸੰਤੋਖ ਰੱਖਣਾ ਹੈ ਰੋਕ ਟੋਕ ਨਹੀਂ ਕਰਨੀ। ਜੇਕਰ ਪਿਤਾ ਵਿੱਚ ਬੋਲਣ ਲੱਗ ਪਵੇ ਤਾਂ ਬੱਚੇ ਦੀ ਘਾੜਤ ਠੀਕ ਨਹੀਂ ਘੜੀ ਜਾ ਸਕਦੀ। ਮਾਤਾ ਤਾਂ 'ਧਰਤ ਮਹਤ' ਹੈ, ਜਿਵੇਂ ਧਰਤੀ ਸਾਨੂੰ ਦੇਂਦੀ ਨਹੀਂ ਥੱਕਦੀ। ਉਸੇ ਤਰ੍ਹਾਂ ਅਸੀਂ ਮਾਂ ਕੋਲੋਂ ਸਭ ਕੁਝ ਪਾ ਸਕਦੇ ਹਾਂ, ਜੇ ਅਸੀਂ ਮਾਂ

---

24 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 168

25 ਡਾ. ਮਲਕਿੰਦਰ ਕੌਰ, ਮਾਂ ਦਾ ਗੁਰਮਤਿ ਸਰੋਕਾਰ, ਅੰਤਰ-ਰਾਸ਼ਟਰੀ ਕਾਨਫ਼ਰੰਸ "Women and Development Issues and Initiatives", ਪੰਨਾ 763

26 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 397

ਦਾ ਸਤਿਕਾਰ ਕਰੀਏ। ਮਾਂ ਨੂੰ ਹੀ ਸਮਝ ਹੈ ਕਿ ਕਿਹੜੀ ਗੱਲ ਕਿਸ ਸਮੇਂ ਕਹਿਣੀ ਹੈ। ਮਾਂ ਦੀ ਅਸੀਸ ਵਿੱਚ ਜਿੱਥੇ ਭਾਵਨਾ ਹੈ ਉੱਥੇ ਭਾਵ ਵੀ ਹੈ। ਮਾਤਾ ਭਾਨੀ ਜੀ ਗੁਰੂ ਅਰਜਨ ਦੇਵ ਜੀ ਨੂੰ ਅਸੀਸ ਰੂਪ ਵਿਚ ਕਹਿੰਦੇ ਹਨ:

ਪੂਤਾ ਮਾਤਾ ਕੀ ਆਸੀਸ
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
ਸਦਾ ਭਜਹੁ ਜਗਦੀਸ।।[27]

ਇਸੇ ਅਸੀਸ ਸਦਕਾ ਬੀਬੀ ਭਾਨੀ ਦਾ ਲਾਲ ਸਰਬ ਸਾਂਝੇ ਧਰਮ-ਗ੍ਰੰਥ ਅਤੇ ਸਰਬ ਸਾਂਝੇ ਧਰਮ - ਮੰਦਰ ਹਰਿਮੰਦਰ ਸਾਹਿਬ ਦੀ ਸਿਰਜਣਾ ਕਰਦਾ ਹੈ ਤੇ "ਤੇਰਾ ਕੀਆ ਮੀਠਾ ਲਾਗੈ" ਨੂੰ ਸਤਿ ਕਰ ਮੰਨਦਾ ਹੈ। ਇਸੇ ਅਸੀਸ ਸਦਕਾ ਹੀ ਦਸਮੇਸ਼ ਪਿਤਾ ਨੇ ਖਾਲਸੇ ਦੀ ਸਾਜਨਾ ਕੀਤੀ।

**ਮਾਂ ਖਿਮਾ ਦੀ ਮੂਰਤ:**

ਬੱਚਾ ਅਨੇਕਾਂ ਗਲਤੀਆਂ ਕਰਦਾ ਹੈ। ਪਰ ਮਾਂ ਮਾਫ਼ ਕਰ ਦਿੰਦੀ ਹੈ।

ਸੁਤੁ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਿ ਨ ਰਾਖਸਿ ਤੇਤੇ॥
.... .... .... ....
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥
ਤਾ ਭੀ ਚੀਤਿ ਨ ਰਾਖਸਿ ਮਾਇਆ॥[28]

ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ ਮਾਂ ਸਦਾ ਖਿਮਾ ਦੇ ਰੂਪ ਵਿਚ ਹੀ ਵਿਚਰਦੀ ਹੈ। ਭਾਵੇਂ ਬੱਚਾ ਜਿੰਨੀ ਵੱਡੀ ਗਲਤੀ ਕਿਉਂ ਨਾ ਕਰੇ ਮਾਂ ਉਸ ਵੇਲੇ ਤਾਂ ਥੱਪੜ ਮਾਰ ਦਿੰਦੀ ਹੈ ਪਰ ਨਾਲ ਹੀ ਥਾਪੜਾ ਵੀ ਤਿਆਰ ਰੱਖਦੀ ਹੈ। ਜਦੋਂ ਅਸੀਂ ਸਿੱਖ ਤਵਾਰੀਖ ਵੱਲ ਵੇਖਦੇ ਹਾਂ ਤਾਂ ਮਾਤਾ ਤ੍ਰਿਪਤਾ ਦੀ ਉਦਾਹਰਣ ਆਪ ਮੁਹਾਰੇ ਸਾਹਮਣੇ ਆ ਜਾਂਦੀ ਹੈ ਕਿ ਪਿਤਾ ਕਾਲੂ ਦੇ ਕ੍ਰੋਧ ਤੋਂ ਕਿਵੇਂ ਬੁੱਕਲ ਵਿਚ ਲੈ ਕੇ ਬਚਾਉਂਦੇ ਹੋਣਗੇ।ਮਾਂ ਤਾ ਖਿਮਾ ਦੀ ਪੁੰਜ ਹੈ।

---

[27] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 496

[28] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 478

## ਮਾਂ ਮਾਰਗ ਦਰਸ਼ਕ ਦੇ ਰੂਪ ਵਿੱਚ:

ਬੱਚਾ ਆਪਣੀ ਜ਼ਿੰਦਗੀ ਵਿਚ ਕਿਸੇ ਵੀ ਮੁਕਾਮ 'ਤੇ ਪਹੁੰਚ ਜਾਵੇ ਮਾਂ ਹਰ ਮੁਕਾਮ ਤੇ ਸਹੀ ਸੇਧ ਦਿੰਦੀ ਹੈ ਤੇ ਅਗਵਾਈ ਪ੍ਰਦਾਨ ਕਰਦੀ ਹੈ। ਸਿੱਖ ਇਤਿਹਾਸ ਦੀ ਪੜਚੋਲ ਕੀਤਿਆਂ ਪਤਾ ਲਗਦਾ ਹੈ ਕਿ ਮਾਤਾ ਗੰਗਾ ਦੀ ਪ੍ਰੇਰਨਾ ਸਦਕਾ ਹੀ ਗੁਰੂ ਹਰਿਗੋਬਿੰਦ ਜੀ ਅਕਾਲ ਤਖਤ ਦੀ ਸਥਾਪਨਾ ਕਰਦੇ ਹਨ। ਮਾਤਾ ਨਾਨਕੀ ਜੀ ਨੇ ਆਪਣੇ ਪੁੱਤਰ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਆਪਾ ਦੂਜਿਆਂ ਦੀ ਖਾਤਰ ਕੁਰਬਾਨ ਕਰਨ ਲਈ ਤਿਆਰ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਸਾਹਿਬ ਜੀ ਦਾ ਪਹਿਲਾ ਨਾਮ ਮਾਤਾ ਦੇ ਨਾਮ ਤੇ ਚੱਕ ਨਾਨਕੀ ਰੱਖਿਆ। ਧੰਨ ਮਾਤਾ ਗੁਜਰੀ ਜੀ ਜਿਨ੍ਹਾਂ ਨੇ ਮਾਤਾ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਅਜਿਹੀ ਸਿੱਖਿਆ ਦਿੱਤੀ ਕਿ ਡਾਢੇ ਬਿਖੜੇ ਸਮੇਂ ਗੁਰੂ ਦੀਆਂ ਜਿੰਮੇਵਾਰੀਆਂ ਨਿਭਾਉਣ ਦੇ ਯੋਗ ਹੋ ਗਏ।[29] ਮਾਤਾ ਗੁਜਰੀ ਜੀ ਸਿੱਖਿਆ ਉਤੇ ਚਲਦੇ ਛੋਟੇ ਸਾਹਿਬਜ਼ਾਦੇ (ਜੋਰਾਵਰ ਸਿੰਘ ਅਤੇ ਫਤਿਹ ਸਿੰਘ) ਸਰਹੰਦ ਦੇ ਸੂਬੇਦਾਰ ਦੇ ਧਰਮ ਪਰਿਵਰਤਨ ਦੇ ਮਨਸੂਬਿਆ ਨੂੰ ਨਿਕਾਰ ਕੇ ਸ਼ਹੀਦੀ ਜ਼ਾਮ ਪੀ ਗਏ। ਇਹਨਾਂ ਮਾਤਾਵਾਂ ਦੇ ਅਸੀਸ ਸਦਕਾ ਇੱਕ ਉੱਤਮ ਪੰਥ 'ਖਾਲਸਾ ਪੰਥ' ਸਿਰਜਿਆ ਗਿਆ।

## ਮਾਂ ਸਿੱਖਿਆਦਾਤੀ ਦੇ ਰੂਪ ਵਿੱਚ:

ਗੁਰੂ ਸਾਹਿਬਾਨ ਨੇ ਇਸਤਰੀ ਨੂੰ ਜਨਨੀ ਰੂਪ ਵਿੱਚ ਸਭ ਤੋਂ ਵੱਧ ਮਹੱਤਤਾ ਅਤੇ ਆਦਰ ਦੇਣ ਲਈ ਉਸ ਨੂੰ ਮਹਾਂਪੁਰਖਾਂ ਅਤੇ ਪੈਗੰਬਰਾਂ ਦੀ ਜਨਮਦਾਤੀ ਕਹਿ ਕੇ ਸਨਮਾਨਿਆ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥[30]

---

[29] ਡਾ. ਮਹਿੰਦਰ ਕੌਰ, ਗੁਰੂ ਮਹਿਲ ਗਾਥਾ, ਪੰਨਾ 5

[30] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473

ਉਸ ਕਾਲ ਵਿੱਚ ਔਰਤ ਬਾਰੇ ਅਜਿਹੇ ਵਿਚਾਰ ਦੇਣਾ ਕ੍ਰਾਂਤੀਕਾਰੀ ਕਦਮ ਸੀ। ਗੁਰੂ ਨਾਨਕ ਦੇਵ ਜੀ ਇਹ ਮੰਨਦੇ ਸਨ ਕਿ ਮਹਾਨ ਪੁਰਸ਼ਾਂ ਦੀਆਂ ਮਾਵਾਂ ਮਹਾਨ ਹੁੰਦੀਆਂ ਹਨ ਜੋ ਆਪਣੇ ਬੱਚਿਆਂ ਵਿੱਚ ਮਹਾਨਤਾ ਭਰਦੀਆਂ ਹਨ। ਉਨ੍ਹਾਂ ਨੇ ਇਸਤਰੀ ਸੰਬੰਧੀ ਕਈ ਬੁਰਾਈਆਂ ਦਾ ਖੰਡਨ ਕੀਤਾ ਹੈ। ਜਣੇਪੇ ਸਮੇਂ ਜੱਚਾ ਅਤੇ ਬੱਚਾ ਦੋਹਾਂ ਨੂੰ ਹੀ ਅਪਵਿੱਤਰ ਮੰਨਿਆਂ ਜਾਂਦਾ ਸੀ। ਇਥੋਂ ਤੱਕ ਕਿ ਉਹ ਘਰ ਵੀ ਸੂਤਕ ਵਾਲਾ ਮੰਨਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਝੂਠੇ ਸੂਤਕ ਦੀ ਵਿਰੋਧਤਾ ਕਰਦੇ ਹੋਏ ਮਨੁੱਖ ਨੂੰ ਸੱਚਾ ਸੂਤਕ ਮੰਨਣ ਲਈ ਪ੍ਰੇਰਿਆ:

ਮਨ ਕਾ ਸੂਤਕ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅੱਖੀ ਸੂਤਕੁ ਵੇਖਣਾਂ ਪਰਤ੍ਰਿਆ ਪਰ ਧਨ ਰੂਪ॥[31]

ਸਿਰਫ ਔਰਤ ਹੀ ਨਹੀਂ ਮਰਦ ਵੀ ਸੂਤਕ ਦਾ ਸ਼ਿਕਾਰ ਹੋ ਜਾਂਦਾ ਹੈ ਜਦੋਂ ਉਹ ਉਪਰੋਕਤ ਭੈੜੀਆਂ ਵਾਦੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸਤਰੀ ਜਨਨੀ ਰੂਪ ਵਿੱਚ ਪਿਆਰ ਦੇ ਸੋਮੇ ਵਿੱਚ ਸਿਖਰ ਹੈ, ਉਦਾਰਤਾ ਦੀ ਪੁੰਜ ਹੈ ਅਤੇ ਤਿਆਗ ਦੀ ਮੂਰਤ ਹੈ:-

ਸੁਤੁ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਿ ਨ ਰਾਖਸਿ ਤੇਤੇ॥
ਰਾਮਈਆ ਹਉ ਬਾਰਿਕੁ ਤੇਰਾ॥
ਕਾਹੇ ਨ ਖੰਡਸਿ ਅਵਗਨੁ ਮੇਰਾ॥[32]

ਇਸਤਰੀ ਦੀ ਕੁੱਖ ਤੋਂ ਜਨਮ ਲੈਣ ਵਾਲੇ ਮਨੁੱਖ ਗ੍ਰਹਿਸਥ ਦਾ ਤਿਆਗ ਕਰਕੇ ਜੰਗਲਾਂ ਵਿੱਚ ਭਟਕਦੇ ਹਨ ਤਾਂ ਇਸਦੇ ਲਈ ਜਨਨੀ ਹੀ ਦੋਸ਼ੀ ਕਹੀ ਗਈ ਹੈ। ਦੂਜੇ ਸ਼ਬਦਾਂ ਵਿੱਚ ਗੁਰੂ ਜੀ ਨੇ ਇਨਸਾਨ ਦੇ ਜੀਵਨ ਉੱਤੇ ਮਾਤਾ ਦੀ ਅਮਿੱਟ ਛਾਪ ਕਬੂਲੀ ਹੈ। ਮਾਂ ਸੁਚੱਜੀ ਹੈ ਤਾਂ ਉਹ ਹੀ ਸੰਤਾਨ ਨੂੰ ਠੀਕ ਰਸਤੇ ਲਾ ਸਕਦੀ ਹੈ। ਭਾਈ ਗੁਰਦਾਸ ਜੀ ਵੀ ਕਹਿੰਦੇ ਹਨ:-

---

31 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472

32 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 478

ਨਾਨਕ ਆਖੈ ਭੰਗਰਨਾਥ, ਤੇਰੀ ਮਾਉ ਕੁਚਜੀ ਆਈ॥

ਭਾਂਡਾ ਧੋਇ ਨਾ ਜਾਤਿਓਨ ਭਾਇ ਕੁਚਜੇ ਫੂਲ ਸੜਾਈ॥[33]

ਹਰ ਜਨਨੀ ਅੰਦਰ ਪੁੱਤਰ ਪ੍ਰਾਪਤੀ ਦੀ ਰੀਝ ਹੁੰਦੀ ਹੈ ਕਿਉਂਕਿ ਪੁੱਤਰ ਤੋਂ ਹੀ ਵੰਸ਼ ਅੱਗੇ ਚਲਦਾ ਹੈ:

ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ॥

ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ॥

ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ॥[34]

## ਮਾਂ ਰਹਿਨੁਮਾ ਦੇ ਰੂਪ ਵਿੱਚ:

ਗੁਰਬਾਣੀ ਵਿੱਚ ਮਾਂ ਦੀ ਮਮਤਾ ਆਪਣੇ ਪੁੱਤਰ ਨੂੰ ਦਾਤਾ, ਭਗਤ ਅਤੇ ਸੂਰਮਾ ਵੇਖਣ ਦੀ ਇੱਛੁਕ ਹੈ:

ਉਦਰੈ ਮਾਹਿ ਆਇ ਕੀਆ ਨਿਵਾਸੁ॥

ਮਾਤਾ ਕੈ ਮਨਿ ਬਹੁਤੁ ਬਿਗਾਸੁ॥

ਜੰਮਿਆ ਪੂਤੁ ਭਗਤੁ ਗੋਵਿੰਦ ਕੁ॥

ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥[35]

ਭਗਤ ਨਾਮਦੇਵ ਜੀ ਵੀ ਮਾਤਾ ਅਤੇ ਬਾਲਕ ਦੀ ਪ੍ਰੀਤ ਨੂੰ ਭਗਤ ਹਰੀ ਦੀ ਪ੍ਰੀਤ ਨਾਲ ਤੋਲਦੇ ਹਨ:

ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ॥

ਐਸਾ ਹਰਿ ਸੇਤੀ ਮਨੁ ਰਾਤਾ॥[36]

ਮਾਂ ਆਪਣੇ ਬੱਚੇ ਨੂੰ ਬੜੇ ਪਿਆਰ ਨਾਲ ਪਾਲਦੀ ਹੈ। ਅੰਦਰ ਬਾਹਰ ਵੜਦਿਆਂ ਉਸਦੀ ਸਿਹਤ ਦਾ ਧਿਆਨ ਰੱਖਦੀ ਹੈ। ਪਿਆਰ ਪੁਚਕਾਰ ਕੇ ਉਸਦੇ ਮੂੰਹ ਵਿੱਚ ਗਰਾਹੀਆਂ ਅਤੇ ਚੂਰੀ ਕੁੱਟ ਕੇ ਦੇਂਦੀ ਹੈ। ਇਵੇਂ ਹੀ ਹਰੀ ਆਪਣੇ ਸਿੱਖਾਂ ਨੂੰ ਪਿਆਰ ਕਰਦਾ ਹੈ:-

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥

---

33 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 40

34 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 165

35 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 396

36 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1164

ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥

ਤਿਉ ਸਤਿਗੁਰੁ ਗੁਰੁਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥[37]

ਮਾਂ ਨਾਲ ਪੁੱਤਰ ਦੇ ਪਿਆਰ ਦਾ ਅਟੁੱਟ ਸੰਬੰਧ ਉਸੇ ਤਰ੍ਹਾਂ ਹੈ ਜਿਵੇਂ ਮਛਲੀ ਦਾ ਜਲ ਨਾਲ ਅਤੇ ਸਤਿਗੁਰੂ ਦਾ ਗੁਰਸਿੱਖ ਨਾਲ। ਦੋਵੇਂ ਇੱਕ ਦੂਜੇ ਤੋਂ ਵਿਛੜ ਕੇ ਤੜਪਦੇ ਹਨ, ਬੇਚੈਨ ਰਹਿੰਦੇ ਹਨ ਪਰ ਮੇਲ ਹੋ ਜਾਣ ਤੇ ਖਿੜ ਜਾਂਦੇ ਹਨ। ਜਦੋਂ ਪੁੱਤਰ ਚੰਗੀ ਚੀਜ਼ ਖਾਂਦਾ ਹੈ ਤਾਂ ਮਾਂ ਬਹੁਤ ਖੁਸ਼ ਹੁੰਦੀ ਹੈ ਜਿਵੇਂ ਮਛਲੀ ਜਲ ਵਿੱਚ ਖੁਸ਼ ਰਹਿੰਦੀ ਹੈ ਅਤੇ ਗੁਰੂ ਨੂੰ ਚੇਲੇ ਦੇ ਮੂੰਹ ਵਿੱਚ ਕੁਝ ਪਾ ਕੇ ਖੁਸ਼ੀ ਹੁੰਦੀ ਹੈ:

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥

ਮੀਨੇ ਪ੍ਰੀਤਿ ਭਈ ਜਲਿ ਨਾਇ॥

ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥[38]

ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਨਨੀ ਪੂਜਣਯੋਗ ਹੈ, ਸਦਗੁਣਾਂ ਦੀ ਖਾਣ ਹੈ ਜਿਸ ਵਿੱਚੋਂ ਬੱਚਿਆਂ ਨੂੰ ਨਿੱਘ, ਪਿਆਰ, ਸੁਰਖਿਆ ਅਤੇ ਜੀਵਨ ਸੇਧ ਮਿਲਦੀ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਦਰਸ਼ ਇਸਤਰੀ ਦਾ ਰੂਪ:

ਭਾਰਤੀ ਆਦਰਸ਼ ਅਨੁਸਾਰ ਪਤੀ ਹੀ ਪਤਨੀ ਦੀ ਭਗਤੀ ਅਤੇ ਸੇਵਾ ਦਾ ਕੇਂਦਰ ਹੈ। ਗੁਣਵੰਤੀ ਆਪਣੇ ਕੰਤ ਨੂੰ ਰਿਝਾ ਕੇ ਸਾਰੀਆਂ ਖਾਹਿਸ਼ਾਂ ਪੂਰੀਆਂ ਕਰ ਸਕਦੀ ਹੈ। ਗੁਰੂ ਸਾਹਿਬ ਨੇ ਇਸਤਰੀ-ਗੁਣਾਂ ਨੂੰ ਸਰਵੋਤਮ ਮੰਨਿਆ ਹੈ ਜਿਨ੍ਹਾਂ ਨੂੰ ਧਾਰ ਕੇ ਸੱਚੇ ਸਾਈਂ ਨੂੰ ਰਿਝਾਇਆ ਜਾ ਸਕਦਾ ਹੈ। ਜਿਸ ਇਸਤਰੀ ਦਾ ਪਤੀ ਉਸ ਨਾਲ ਖੁਸ਼ ਹੈ, ਉਸ ਨੂੰ ਦੁਨੀਆਂ ਦੀਆਂ ਸਭ ਖੁਸ਼ੀਆਂ ਹਾਸਲ ਹੋ ਜਾਂਦੀਆਂ ਹਨ। ਗੁਰੂ ਜੀ ਵਾਹਿਗੁਰੂ ਨੂੰ ਭਤਾਰ, ਪ੍ਰਭੂ, ਪ੍ਰੀਤਮ-ਪਤੀ, ਪਿਰ, ਕੰਤ, ਹਰੀ, ਸੁਆਮੀ, ਸ਼ਹੁ, ਸਾਹਿਬ, ਮੋਹਨ, ਅਕਾਲ-ਪੁਰਖ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਆਪਣੇ ਆਪ ਨੂੰ ਉਸਦੀ ਨਾਰ, ਚੇਰੀ, ਦਾਸੀ, ਮੁੰਧ, ਧਰ, ਕਾਮਣੀ ਕਹਿੰਦੇ ਹਨ।

37 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 168

38 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 164

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਕ ਰਚਨਾ ਹੈ ਜਿਸ ਵਿੱਚ ਪਰਮਾਤਮਾ ਨੂੰ ਪੁਰਖ ਮੰਨ ਕੇ ਭਗਤ ਨੂੰ ਇਸਤਰੀ ਮੰਨਿਆ ਹੈ। ਇਸ ਇਸਤਰੀ ਦੇ ਆਦਰਸ਼ ਸਰੂਪ ਨੂੰ 'ਗੁਰਮੁਖ' ਚਿਤ੍ਰਿਤ ਕੀਤਾ ਹੈ ਜਿਸ ਵਿੱਚ ਸਾਰੇ ਉੱਤਮ ਗੁਣ ਹੁੰਦੇ ਹਨ। ਇੱਕ ਇਸਤਰੀ ਘਰ, ਸਮਾਜ ਅਤੇ ਸੰਸਾਰ ਵਿੱਚ ਵਿਚਰਦੀ ਹੋਈ ਆਪਣੇ ਬਹੁ-ਭਾਂਤੀ ਫਰਜ਼ ਪੂਰੇ ਕਰਦੀ ਹੈ। ਉਸੇ ਨੂੰ ਸੰਕੇਤਕ ਭਾਸ਼ਾ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰੂਪਮਾਨ ਕੀਤਾ ਹੈ।

ਗ੍ਰਹਿਸਥ ਜੀਵਨ ਦਾ ਸ਼ਿੰਗਾਰ ਇਸਤਰੀ ਹੀ ਹੁੰਦੀ ਹੈ। ਇਸਤਰੀ ਦਾ ਆਧਾਰ ਪਤੀ-ਖਸਮ ਹੈ ਜਿਸ ਨੂੰ ਖੁਸ਼ ਰਖਣਾ ਉਸ ਦੇ ਜੀਵਨ ਦਾ ਇੱਕ ਮਾਤਰ ਉਦੇਸ਼ ਹੈ। ਇਸਦੀ ਪ੍ਰਾਪਤੀ ਲਈ ਇਸਤਰੀ ਆਪਣੇ ਅੰਦਰ ਗੁਣ ਧਾਰਨ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਣਵੰਤੀ ਸ਼ੀਲ ਇਸਤਰੀ ਨੂੰ ਗੁਰਮੁਖ ਦੀ ਸੰਗਿਆ ਦਿੱਤੀ ਗਈ ਹੈ, ਉਸ ਦੁਆਰਾ ਦਿੱਤੇ ਦੁਖ ਨੂੰ ਵੀ ਸੁਖ ਕਰਕੇ ਜਾਣਦੀ ਹੈ ਰਜ਼ਾ ਵਿੱਚ ਰਾਜ਼ੀ ਰਹਿੰਦੀ ਹੋਈ ਸਹਿਜ ਅਵਸਥਾ ਵਿੱਚ ਵਿਚਰਦੀ ਹੈ, ਆਪਣੇ ਆਪ ਵਿੱਚੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਜਿਹੇ ਵਿਕਾਰ ਤਿਆਗ ਕੇ ਨਿਤਨੇਮ ਅਤੇ ਸੇਵਾ ਵਿੱਚ ਲੀਨ ਰਹਿੰਦੀ ਹੈ। ਵਖਾਵੇ ਦੇ ਸ਼ਿੰਗਾਰ ਦੀ ਥਾਂ ਗੁਣਾਂ ਨਾਲ ਆਪਾ ਸ਼ਿੰਗਾਰਦੀ ਹੈ। ਇਹ ਗੁਣ ਔਰਤ ਵਿੱਚ ਬਚਪਨ ਤੋਂ ਭਰਨ ਦੀ ਲੋੜ ਹੈ। ਪੁੱਤਰੀ ਰੂਪ ਵਿੱਚ ਉਸ ਨੂੰ ਪਿਤਾ ਪ੍ਰਤੀ ਵਫਾਦਾਰ, ਆਗਿਆਕਾਰ ਅਤੇ ਸੇਵਾ-ਭਾਵੀ ਹੋਣ ਦੀ ਲੋੜ ਹੈ ਤਾਂ ਪਤਨੀ-ਰੂਪ ਵਿੱਚ ਪਤੀ ਪ੍ਰਤੀ ਨਿਸ਼ਠਾਵਾਨ ਅਤੇ ਮਾਤਾ ਰੂਪ ਵਿੱਚ ਬੱਚਿਆਂ ਲਈ ਸਰਬੰਸ ਤਿਆਗਣ ਦੇ ਸਮਰਥ। ਹਰ ਹਾਲਾਤ ਵਿੱਚ ਉਸ ਅੰਦਰ ਲਗਭਗ ਇਹੋ ਜਿਹੇ ਗੁਣਾਂ ਦੀ ਹੋਂਦ ਜ਼ਰੂਰੀ ਮੰਨੀ ਗਈ ਹੈ। ਇੱਕ ਆਦਰਸ਼ ਇਸਤਰੀ ਵਿੱਚ ਮੁੱਖ ਗੁਣ ਇਸ ਪ੍ਰਕਾਰ ਹਨ:-

### I. ਪਤੀਵਰਤਾ:

ਭਾਰਤੀ ਇਸਤਰੀ ਤੋਂ ਮਨ, ਬਚਨ ਅਤੇ ਕਰਮ ਦੁਆਰਾ ਪਤੀਵਰਤਾ ਹੋਣ ਦੀ ਆਸ ਕੀਤੀ ਜਾਂਦੀ ਹੈ। ਪਤੀ ਵਿੱਚ ਇਕ ਨਿਸ਼ਠਾ ਨਾ ਰਖਣ ਵਾਲੀ ਇਸਤਰੀ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ। ਪ੍ਰਾਚੀਨ ਆਦਰਸ਼ ਅਨੁਸਾਰ ਤਾਂ ਮੰਗੇਤਰ ਵੀ ਪੂਰਾ ਪਤੀ ਹੁੰਦਾ ਸੀ ਅਤੇ ਜੇ ਕਿਸੇ ਕਾਰਨ ਵਸ ਮੰਗ ਟੁੱਟ ਜਾਂਦੀ ਸੀ ਜਾਂ ਮੰਗੇਤਰ ਗੁਜਰ ਜਾਂਦਾ ਸੀ ਤਾਂ ਕੰਨਿਆ ਨੂੰ ਵਿਧਵਾ ਵਾਲਾ ਜੀਵਨ

ਬਤੀਤ ਕਰਨਾ ਪੈਂਦਾ ਸੀ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੇ ਇਸਦਾ ਖੰਡਨ ਕੀਤਾ ਹੈ। ਅੱਜ ਵੀ ਪਤਨੀ ਦੇ ਲਈ ਪਤੀ ਹੀ ਅੰਤਿਮ ਸਚਾਈ ਹੈ, ਪਤੀ ਹੀ ਇਸ਼ਟ ਹੈ ਅਤੇ ਪਤੀ ਨਾਲ ਹੀ ਸਾਰੀ ਦੁਨੀਆਂ ਹੈ। ਪਤੀ-ਵਿਹੂਣੀ ਇਸਤਰੀ ਦਾ ਜੀਵਨ ਘੋਰ ਨਰਕੀ ਹੁੰਦਾ ਸੀ। ਜਿਸ ਨਾਲ ਪਤੀ ਗੁੱਸੇ ਹੋ ਜਾਂਦਾ ਸੀ ਜਾਂ ਇਸਤਰੀ ਨੂੰ ਤਿਆਗ ਦੇਂਦਾ ਸੀ ਉਸਦੀ ਹਾਲਤ ਬੜੀ ਤਰਸਯੋਗ ਹੋ ਜਾਂਦੀ ਸੀ:-

ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ॥
ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ॥
ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥[39]

ਉਹ ਹੀ ਇਸਤਰੀ ਪਤੀ ਦੇ ਖੁਸ਼ ਹੋ ਜਾਣ ਤੇ ਹਰ ਤਰਫ ਹਰਿਆ ਭਰਿਆ ਵੇਖਦੀ ਅਤੇ ਖੁਸ਼ੀਆਂ ਮਹਿਸੂਸ ਕਰਦੀ ਸੀ। ਦੋਹਾਂ ਹਾਲਤਾਂ ਦੀ ਤੁਲਨਾ ਕੀਤੀ ਗਈ ਹੈ:

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥[40]

ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿਧਾਂਤ ਅਤੇ ਸਿੱਖ ਗੁਰੂ ਸਾਹਿਬਾਨ ਦੇ ਨਿੱਜੀ ਜ਼ਿੰਦਗੀ ਵਿਚ ਮਰਦ ਅਤੇ ਔਰਤ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਪਤੀ ਨੂੰ ਖੁਸ਼ ਕਰਨ ਲਈ ਇਸਤਰੀ ਨੂੰ ਗੁਣਾਂ ਨਾਲ ਆਪਾ ਸ਼ਿੰਗਾਰਨ ਦਾ ਉਪਦੇਸ਼ ਕੀਤਾ ਗਿਆ ਹੈ:

ਕਾਮਣਿ ਗੁਣਵੰਤੀ ਹਰਿ ਪਾਏ॥ ਭੈ ਭਾਇ ਸੀਗਾਰੁ ਬਣਾਏ॥
ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ॥[41]

ਜੋ ਕੁਝ ਪਤੀ ਕਹੇ, ਉਸ ਨੂੰ ਤੁਰੰਤ ਮੰਨਣਾ ਚਾਹੀਦਾ ਹੈ। ਕਿਸੇ ਤਰ੍ਹਾਂ ਦੀ ਸ਼ੰਕਾ ਜਾਂ ਦਲੀਲ ਵਿੱਚ ਨਹੀਂ ਪੈਣਾ ਚਾਹੀਦਾ:

---

39 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1102

40 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1095

41 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 123

ਜੋ ਪਿਰੁ ਕਰੈ ਸੁ ਧਨ ਤਤੁ ਮਾਨੈ॥

ਪਿਰ ਧਨਹਿ ਸੀਗਾਰਿ ਰਖੈ ਸੰਗਾਨੈ॥[42]

ਜੋ ਸੱਚੀ ਸੁਹਾਗਣ ਹੈ, ਉਹ ਆਪਣੇ ਪਤੀ ਦਾ ਸਹਾਰਾ ਬਣਦੀ ਹੈ। ਉਸ ਦੇ ਮਨੋਭਾਵ ਬੁਝ ਲੈਂਦੀ ਹੈ ਅਤੇ ਆਪਣੇ ਅੰਦਰੋਂ ਪੰਜ ਵਿਕਾਰ ਤਿਆਗ ਕੇ ਆਪਾ ਸਮਰਪਣ ਕਰਦੀ ਹੈ:-

ਸਹ ਕੀ ਸਾਰ ਸੁਹਾਗਨਿ ਜਾਨੈ॥

ਤਜਿ ਅਭਿਮਾਨੁ ਸੁਖ ਰਲੀਆ ਮਾਨੈ॥

ਤਨੁ ਮਨੁ ਦੇਇ ਨ ਅੰਤਰੁ ਰਾਖੈ॥

ਅਵਰਾ ਦੇਖਿ ਨ ਸੁਨੈ ਅਭਾਖੈ॥[43]

ਸੁਹਾਗਣ ਲਈ ਸ਼ਿੰਗਾਰ ਦਾ ਮਹੱਤਵ ਪਤੀ ਦੇ ਕੋਲ ਹੋਣ ਸਮੇਂ ਹੀ ਹੈ। ਜੇ ਪਤੀ ਰੁਸਿਆ ਹੈ ਤਾਂ ਉਸ ਨੂੰ ਮਨਾਉਣ ਦੀ ਲੋੜ ਹੈ, ਫਿਰ ਸੋਲ੍ਹਾਂ ਸ਼ਿੰਗਾਰ ਕਰੇ। ਵਰਨਾ ਕੀਤਾ ਹੋਇਆ ਸ਼ਿੰਗਾਰ ਪਤੀ ਵਿਛੋੜੇ ਵਿੱਚ ਦੁਖਦਾਈ ਜਾਪੇਗਾ:-

ਕਾਮਣਿ ਤਉ ਸੀਗਾਰੁ ਕਰਿ ਜਾਂ ਪਹਿਲਾਂ ਕੰਤੁ ਮਨਾਇ॥

ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ॥[44]

ਇੱਕ ਪਤੀਵਰਤਾ ਇਸਤਰੀ ਕਿਸ ਪ੍ਰਕਾਰ ਦਾ ਸ਼ਿੰਗਾਰ ਕਰੇ ਕਿ ਪਤੀ ਉਸ ਨਾਲ ਸਦਾ ਖੁਸ਼ ਰਹੇ ਅਤੇ ਪ੍ਰੀਤ ਕਰੇ:-

ਭਉ ਸੀਗਾਰੁ ਤਬੋਲ ਰਸ ਭੋਜਨੁ ਭਾਉ ਕਰੇਇ॥

ਤਨੁ ਮਨੁ ਸਉਪੈ ਕੰਤ ਕਉ ਤਉ ਨਾਨਕ ਭੋਗੁ ਕਰੇਇ॥[45]

---

42 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1072

43 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793

44 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 788

45 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 788

ਕੇਵਲ ਤਨ ਹੀ ਨਾ ਸ਼ਿੰਗਾਰੇ ਮਨ ਨੂੰ ਵੀ ਪਤੀ ਪ੍ਰੇਮ ਦੇ ਰੰਗ ਵਿੱਚ ਰੰਗ ਲਵੇ। ਹਰ ਪਾਸੇ ਅਤੇ ਹਰ ਸਥਾਨ ਤੇ ਉਸ ਨੂੰ ਕੰਤ ਅੰਗ ਸੰਗ ਜਾਪੇ:-

ਪੇਈਅੜੈ ਧਨ ਕੰਤੁ ਸਮਾਲੇ।। ਗੁਰ ਪਰਸਾਦੀ ਵੇਖੈ ਨਾਲੇ।।

ਪਿਰ ਕੇ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ।।[46]

## II. ਸੁਘੜ ਸਿਆਣੀ:

ਇਸੇ ਦੇ ਨਾਲ ਇਸਤਰੀ ਘਰੇਲੂ ਕੰਮ ਕਾਜ ਵਿੱਚ ਨਿਪੁੰਨ ਹੋਵੇ। ਰਹਿਣ ਸਹਿਣ ਵਿੱਚ ਸਾਫ-ਸੁਥਰੀ, ਸਿਲਾਈ ਕਢਾਈ ਵਿੱਚ ਮਾਹਿਰ, ਘਰ ਦੀ ਸੰਭਾਲ ਕਰਨ ਵਾਲੀ, ਰਸੋਈ ਦੇ ਕੰਮਾਂ ਵਿੱਚ ਨਿਪੁੰਨ ਹੋਵੇ ਤਾਂ ਹੀ ਉਹ ਪਤੀ ਦੀ ਪਿਆਰੀ ਹੋ ਸਕਦੀ ਹੈ:-

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ॥

ਜੇ ਘਰੁ ਰਾਖਹਿ ਬੁਰਾ ਨਾ ਚਾਖਹਿ ਹੋਵਹਿ ਕੰਤ ਪਿਆਰੀ॥[47]

ਸਮਾਜ ਦੇ ਵਿਚ ਮਰਦ ਔਰਤ ਦੇ ਕਾਰਜ ਨਿਰਧਾਰਤ ਹਨ। ਨਿਖੱਟੂ ਭਾਵੇਂ ਮਰਦ ਹੋਵੇ ਜਾਂ ਔਰਤ ਉਸਨੂੰ ਕੋਈ ਪਸੰਦ ਨਹੀਂ ਕਰਦਾ। ਪਤੀ ਦੀ ਹਰ ਆਗਿਆ ਨੂੰ ਬਿਨਾਂ ਕਿੰਤੂ ਕੀਤੇ ਮੰਨਦੀ ਹੋਈ ਖੁਸ਼ੀ ਖੁਸ਼ੀ ਨਾਲ ਸਦਾ ਕਾਰਜ ਕਰੇ ਉਹ ਸੁਹਾਗਣ ਧੰਨ ਹੈ, ਪ੍ਰਸੰਸਾ ਦੀ ਪਾਤਰ ਹੈ:-

ਆਗਿਆਕਾਰੀ ਸਦਾ ਸੋਹਾਗਣਿ ਆਪਿ ਮੇਲੀ ਕਰਤਾਰਿ॥

ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੁੋਹਾਗਣਿ ਨਾਰਿ॥[48]

ਇੱਕ ਦੁਸਰੇ ਦੇ ਕੰਮ ਆਉਣਾ ਇੱਕ ਸਦਾਚਾਰਕ ਗੁਣ ਹੈ। ਇਸ ਗੁਣ ਨੂੰ ਗ੍ਰਹਿਣ ਕਰਨ ਵਾਲਾ ਵਿਅਕਤੀ ਪ੍ਰਸ਼ੰਸਾਂ ਦੇ ਕਾਬਿਲ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਵੇਂ ਪ੍ਰਕ੍ਰਿਤੀ ਨੇ ਪੁਰਸ਼ ਅਤੇ ਇਸਤਰੀ ਨੂੰ ਇੱਕ ਦੂਜੇ ਦੇ ਪੂਰਕ ਬਣਾਇਆ ਹੈ ਪਰ ਗ੍ਰਹਿਸਥ ਵਿੱਚ ਪਤਨੀ ਦੀ ਅਧੀਨਗੀ ਉਤੇ ਹੀ ਜ਼ੋਰ ਦਿੱਤਾ ਗਿਆ ਹੈ। ਪਤੀ ਭਾਵੇਂ ਉਸ ਨੂੰ ਪਿਆਰ ਕਰਕੇ, ਸਤਿਕਾਰ ਦੇਵੇ ਪਤਨੀ ਨੂੰ ਮੁਸ਼ਕਿਲ ਤੋਂ

---

46 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 129

47 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1171

48 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 785

ਮੁਸ਼ਕਿਲ ਹਾਲਾਤ ਵਿੱਚ ਵੀ ਪਤੀ ਪ੍ਰਤਿ ਵਫਾਦਾਰੀ, ਅਨੰਤ ਪ੍ਰੇਮ ਅਤੇ ਅਟੱਲ ਵਿਸ਼ਵਾਸ ਰੱਖਣਾ ਪੈਂਦਾ ਹੈ। ਆਦਿ ਗ੍ਰੰਥ ਵਿੱਚ ਵੀ ਸੁਹਾਗਣ ਨੂੰ ਹਰ ਹਾਲਤ ਵਿੱਚ ਪਤੀਵਰਤ ਧਰਮ ਤੇ ਕਾਇਮ ਰਹਿ ਕੇ ਹਰ ਸਮੇਂ ਪਤੀ ਨੂੰ ਆਪਣੇ ਨਾਲ ਹੀ ਮਹਿਸੂਸ ਕਰਨ ਦਾ ਉਪਦੇਸ਼ ਦਿੱਤਾ ਹੈ ਜੇ ਪਤੀ ਤੋਂ ਵੱਖ ਰਹਿਣਾ ਵੀ ਪਵੇ ਤਾਂ ਉਹ ਸਦਾ ਉਸ ਨੂੰ ਮਿਲਣ ਲਈ ਹੀ ਅਰਜੋਈਆਂ ਕਰਦੀ ਰਹੇ:-

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ

ਹਉ ਤਿਸੁ ਪਹਿ ਆਪ ਵੇਚਾਈ॥

— — — — — — — — —

ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ॥

ਜੇ ਮਾਰਿ ਕਢਹਿ ਭੀ ਧਿਆਈ॥[49]

ਜਾਂ

ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੂ ਪੂਰਾ ਰਾਮ॥

ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ॥

ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ॥

ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਿਨ ਸੁਖੁ ਪਾਏ॥

**ਇਥੇ ਅਸੀਂ ਔਰਤ ਨਾਲ ਸਬੰਧਤ ਵਿਸ਼ੇ ਤੇ ਗੱਲ ਕਰ ਰਹੇ ਹਾਂ, ਪਰ ਇਹ ਦੋਵਾਂ ਵਾਸਤੇ ਜ਼ਰੂਰੀ ਹੈ**:

## III. ਗੁਣਵੰਤੀ:

ਗੁਣਵੰਤੀ ਆਦਰਸ਼ ਇਸਤਰੀ ਦੁਆਰਾ ਕਿਸੇ ਹਾਲਤ ਵਿੱਚ ਵੀ ਆਪਣੇ ਪਤੀ ਪ੍ਰਤਿ ਵਿਮੁਖਤਾ ਸਹਿਣ ਨਹੀਂ ਕੀਤੀ ਜਾ ਸਕਦੀ। ਪਤੀ-ਪਰਮੇਸ਼ਵਰ ਮੰਨਣਾ ਹੀ ਉਸਦੇ ਜੀਵਨ ਦੀ ਸੇਧ ਹੈ। ਆਪਣੀਆਂ ਸਭ ਇੱਛਾਵਾਂ ਅਤੇ ਖਾਹਿਸ਼ਾਂ ਨੂੰ ਮਾਰ ਕੇ ਵੀ ਪਤੀ ਦੇ ਨਾਲ ਹੀ ਜੀਵਨ ਦੀ ਡੋਰ ਬੰਨ੍ਹੀ ਰਖਣਾ ਵਿਆਹ ਦਾ ਮਨੋਰਥ ਹੈ:-

ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥

---

[49] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 757

ਤਿਸੁ ਨਾਰੀ ਕਉ ਦੁਖੁ ਨ ਜਮਾਨੈ॥

ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥

ਧੰਨੁ ਸਤੀ ਦਰਗਹ ਪਰਵਾਨਿਆ॥[50]

ਇਕ ਦੂਸਰੇ ਉਤੇ ਨਿਰਭਰਤਾ ਲਈ ਕੁਝ ਇਛਾਵਾਂ ਨੂੰ ਦਬਾਉਣ ਨਾਲ ਕਈ ਹੋਰ ਮਨੋਰਥ, ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ, ਦੂਸਰੇ ਦੀ ਖੁਸ਼ੀ ਪ੍ਰਾਪਤ ਹੋ ਸਕਦੀ ਹੈ।

ਪਤੀ ਨੂੰ ਪਰਮੇਸ਼ਵਰ ਦਾ ਦਰਜਾ ਪ੍ਰਦਾਨ ਕੀਤਾ ਗਿਆ ਹੈ ਜਿਸ ਤੋਂ ਪਤੀਵਰਤਾ ਇਸਤਰੀ ਦੇ ਕਠੋਰ ਜੀਵਨ ਦੀ ਝਲਕ ਮਿਲਦੀ ਹੈ ਪਰ ਇਸਦਾ ਭਾਵ ਇਹ ਨਹੀਂ ਕਿ ਪਰਿਵਾਰ ਵਿੱਚ ਉਸਦੀ ਮਹੱਤਤਾ ਘੱਟ ਸੀ। ਸਗੋਂ ਗੁਣਵੰਤੀ ਨਾਰੀ ਪਤੀ ਨੂੰ ਆਪਣੇ ਵੱਸ ਵਿੱਚ ਕਰ ਲੈਂਦੀ ਹੈ ਅਤੇ ਪਰੋਖ ਰੂਪ ਵਿੱਚ ਪਰਿਵਾਰ ਉੱਤੇ ਹੁਕਮ ਚਲਾਂਦੀ ਸੀ। ਪਤੀ ਉਸ ਉਪਰ ਖੁਸ਼ ਹੋ ਜਾਂਦਾ ਸੀ ਤਾਂ ਕਈ ਵਾਰੀ ਬਾਕੀ ਸਹੁਰੇ ਪਰਿਵਾਰ ਤੋਂ ਉਸਨੂੰ ਵੱਖ ਵੀ ਰਖ ਲੈਂਦਾ ਸੀ ਅਤੇ ਪਤਨੀ ਨੂੰ ਉਸਦੀ ਪਸੰਦ ਦੀਆਂ ਸਭ ਵਸਤੂਆਂ ਵੀ ਉਪਲਬਧ ਕੀਤੀਆਂ ਜਾਂਦੀਆਂ ਸਨ। ਪਰ ਇਹ ਸਨਮਾਨਤ ਪਦਵੀ ਤਾਂ ਹੀ ਪ੍ਰਾਪਤ ਹੁੰਦੀ ਸੀ ਜਦੋਂ ਉਹ ਔਗੁਣ ਰਹਿਤ ਹੋ ਨਿਸ਼ਕਾਮ ਸੇਵਾ ਕਰਕੇ ਪਤੀ ਨੂੰ ਖੁਸ਼ ਕਰ ਲੈਂਦੀ ਸੀ:-

ਸਸੂ ਤੇ ਪਿਰਿ ਕੀਨੀ ਵਾਖਿ॥

ਦੇਰ ਜਿਠਾਣੀ ਕੀ ਚੂਕੀ ਸੰਤਾਪਿ॥

ਘਰ ਕੇ ਜਿਠੇਰੇ ਕੀ ਚੂਕੀ ਕਾਣਿ॥

ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥[51]

ਜਦੋਂ ਤੱਕ ਉਹ ਆਪਣੇ ਅੰਦਰੋਂ ਔਗੁਣ ਕੱਢ ਕੇ ਸਦ ਗੁਣ ਧਾਰਨ ਨਹੀਂ ਕਰਦੀ ਉਦੋਂ ਤੱਕ ਉਹ ਪਤੀ ਨੂੰ ਪ੍ਰਾਪਤ ਨਹੀਂ ਸੀ ਕਰ ਸਕਦੀ। ਗੁਣਵੰਤੀ ਇਸਤਰੀ ਨੂੰ ਆਚਾਰਵੰਤੀ ਗੁਰਮੁਖ, ਸੁਚੱਜੀ, ਸੋਭਾਵੰਤੀ, ਸ਼ੀਲਵੰਤੀ ਤੇ ਸੁਹਾਗਣ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ ਜੋ ਹਰ ਤਰ੍ਹਾਂ ਦੇ

[50] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 185

[51] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 370

ਹਾਲਾਤ ਵਿੱਚ ਖੁਸ਼ੀ ਖੁਸ਼ੀ ਸਮਾਂ ਬਤੀਤ ਕਰਦੀ ਹੋਈ ਪਤੀ-ਚਰਨਾ ਨਾਲ ਜੁੜੀ ਰਹਿੰਦੀ ਹੈ। ਉਹ ਸੱਚ ਨੂੰ ਪ੍ਰਾਪਤ ਕਰ ਲੈਂਦੀ ਹੈ:

ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥[52]

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿੱਚ ਫਸੀ ਇਸਤਰੀ ਦਾ ਸਾਰਾ ਜੀਵਨ ਹੀ ਵਿਅਰਥ ਹੈ, ਨਿਰਉਦੇਸ਼ ਹੈ:

ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ॥
ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥[53]

ਦੂਜੇ ਸ਼ਬਦਾਂ ਵਿੱਚ ਸੁਹਾਗਣ ਅਖਵਾਉਣ ਲਈ ਪਤੀ ਦਾ ਸਾਥ ਜ਼ਰੂਰੀ ਹੈ ਅਤੇ ਪਤੀ ਦੇ ਸੰਗ ਲਈ ਗੁਣਵਾਨ ਹੋਣਾ ਜ਼ਰੂਰੀ ਹੈ। ਸਰੀਰ ਦੇ ਵੱਖ-ਵੱਖ ਅੰਗਾਂ ਵਿੱਚ ਡਰ, ਭਉ, ਭਾਉ ਅਤੇ ਨਿਮਰਤਾ ਦਾ ਵਾਸਾ ਹੋਵੇ ਤਾਂ ਹੀ ਪਤੀ ਨੂੰ ਪਿਆਰੇ ਲਗ ਸਕਦੇ ਹੋ:

ਭੈ ਕੀਆ ਦੇਹਿ ਸਲਾਈਆਂ ਨੈਣੀ ਭਾਵ ਕਾ ਕਰਿ ਸੀਗਾਰੋ।।
ਤਾਂ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।।[54]

ਕੁਝ ਇਸੇ ਤਰ੍ਹਾਂ ਦੇ ਵਿਚਾਰ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੀਆਂ ਤੁਕਾਂ ਵਿੱਚ ਦਿੱਤੇ ਹਨ:-

ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ॥
ਸਦ ਹੀ ਸੇਜੈ ਰਵੈ ਭਤਾਰੁ॥[55]

ਲੋਕ ਵਖਾਵੇ ਦਾ ਸ਼ਿੰਗਾਰ ਕਿਸੇ ਕੰਮ ਨਹੀਂ। ਇਹ ਤਾਂ ਵਿਕਾਰ ਦੀ ਨਿਸ਼ਾਨੀ ਹੈ। ਸੂਹਾ ਵੇਸ ਕਰਨਾ ਮਨ ਵਿੱਚ ਹਉਮੈ ਰਖਣਾ ਦਾ ਪ੍ਰਤੀਕ ਹੈ। ਗੁਰੂ ਸਾਹਿਬਾਨ ਨੇ ਸਾਦਾ ਵੇਸ ਅਤੇ ਸਾਦਾ ਜੀਵਨ ਜਿਉਣ ਦੀ ਤਾਕੀਦ ਕੀਤੀ ਹੈ। ਗੁਣਵੰਤੀ ਹਉਮੈ ਦਾ ਤਿਆਗ ਕਰਨ ਹਿਤ ਕ੍ਰੋਧ ਦਾ ਤਿਆਗ ਕਰਕੇ

---

52 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 36-37

53 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 950

54 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 722

55 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 357

ਖਿਮਾਂ ਅਤੇ ਨਿਮਰਤਾ ਦਾ ਚੋਲਾ ਪਾਉਂਦੀ ਹੈ। ਤਾਂ ਹੀ ਉਹ ਪੇਕੇ ਅਤੇ ਸਹੁਰੇ ਆਦਰ ਮਾਣ ਪ੍ਰਾਪਤ ਕਰਕੇ ਜਗ ਵਿੱਚ ਜੱਸ ਖਟਦੀ ਹੈ:-

ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥

ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸੈਸਾਰੁ॥"[56]

## IV. ਸੱਤ, ਸੰਤੋਖ ਵਾਲੀ:

ਜਦੋਂ ਤੱਕ ਇਸਤਰੀ ਸਤ, ਸੰਤੋਖ ਅਤੇ ਸੱਚ ਦਾ ਪੱਲਾ ਫੜੀ ਰੱਖਦੀ ਹੈ ਉਸਨੂੰ ਪਤੀ ਆਪਣੇ ਤੋਂ ਦੂਰ ਨਹੀਂ ਕਰਦਾ। ਉਸ ਨੂੰ ਵਿਛੋੜੇ ਦਾ ਦੁਖ ਨਹੀਂ ਸਹਿਣਾ ਪੈਂਦਾ:-

ਸਤ ਸੰਤੋਖੁ ਸਦਾ ਸਚੁ ਪਲੈ ਬੋਲੈ ਪਿਰ ਭਾਏ॥

ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥[57]

ਉਹ ਸਾਰੇ ਪਰਿਵਾਰ ਵਿਚ ਪ੍ਰੇਮ ਪਿਆਰ ਨਾਲ ਵਿਚਰਦੀ ਅਤੇ ਆਪਣੇ ਹਿੱਸੇ ਦਾ ਕੰਮ ਕਰਦੀ ਹੋਈ ਪ੍ਰਸ਼ੰਸਾ ਦੀ ਪਾਤਰ ਬਣਦੀ ਹੈ:-

ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ॥

ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ॥[58]

ਇਥੋਂ ਤੱਕ ਕਿ ਜੇ ਪਤੀ ਮਰ ਜਾਵੇ ਤਾਂ ਵਿਧਵਾ ਨੂੰ ਨਾਲ ਸੜਨ ਦੀ ਲੋੜ ਨਹੀਂ ਸਗੋਂ ਉੱਤਮ ਗੁਣ ਧਾਰਨ ਕਰਦੇ ਹੋਏ ਪਤੀ ਦੀ ਯਾਦ ਵਿੱਚ ਸਮਾਂ ਬਿਤਾਉਣ ਅਤੇ ਪਤੀਵਰਤਾ ਧਰਮ ਉੱਤੇ ਅਟੱਲ ਰਹਿਣ ਦੀ ਲੋੜ ਤੇ ਜ਼ੋਰ ਦਿੱਤਾ ਹੈ। ਸਤੀ ਹੋਣ ਨੂੰ ਕਾਇਰਤਾ ਦੀ ਨਿਸ਼ਾਨੀ ਦੱਸਿਆ ਗਿਆ ਹੈ ਮਨੁੱਖਾ ਜਨਮ ਅਨਮੋਲ ਹੈ ਭੈੜੀਆਂ ਪ੍ਰਥਾਵਾਂ, ਰੀਤਾਂ ਨੂੰ ਸਖਤੀ ਨਾਲ ਬੰਦ ਕਰਨ ਦੀ ਤਾਕੀਦ ਕੀਤੀ ਗਈ ਹੈ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥

ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥

---

[56] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 786

[57] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 764

[58] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1088

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨ੍ਹਿ॥[59]

ਗੁਰਬਾਣੀ ਅਨੁਸਾਰ, ਜਿਥੇ ਸਤੁ, ਸੰਤੋਖ ਅਤੇ ਨਿਮਰਤਾ ਦੀ ਲੋੜ ਹੈ, ਉਥੇ ਧਰਮ ਅਤੇ ਦਇਆ ਦਾ ਵੀ ਪੱਲਾ ਘੁੱਟ ਕੇ ਫੜੀ ਰਖਣਾ ਜ਼ਰੂਰੀ ਹੈ:-

ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥[60]

ਸੰਜਮੀ ਜੀਵਨ ਬਿਤਾਉਣ ਲਈ ਤਨੋਂ ਮਨੋਂ ਅਨੁਸ਼ਾਸਨ ਬੱਧ ਹੋਣਾ ਜ਼ਰੂਰੀ ਹੈ। ਸਰੀਰ ਦੇ ਸੰਜਮ ਵਿੱਚ ਤੜਕ ਭੜਕ ਵਾਲੇ ਪਹਿਰਾਵੇ ਤੋਂ ਦੂਰ ਰਹਿੰਦੇ ਹੋਏ ਸਾਦਾ ਪਰ ਸਾਫ਼ ਸੁਥਰਾ ਪਹਿਰਾਵਾ ਰਖਣਾ ਅਤੇ ਮਾਨਸਿਕ ਸੰਜਮ ਵਿੱਚ ਮਨ ਨੂੰ ਕਿਸੇ ਪ੍ਰਕਾਰ ਦੇ ਵੀ ਵਿਕਾਰ ਵਲੋਂ ਮੋੜਣਾ ਸ਼ਾਮਿਲ ਹੈ:-

ਜਪ ਤਪ ਸੰਜਮ ਦੇਉ ਜਤੀ ਰੀ॥

ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ॥[61]

ਦਇਆ, ਸੰਤੋਖ ਅਤੇ ਸੰਜਮ ਜਿਹੇ ਗੁਣਾਂ ਵਾਲੀ ਸੁਘੜ ਗ੍ਰਿਹਣੀ ਆਪਣੇ ਘਰ ਹੀ ਨਹੀਂ ਸਮੁੱਚੇ ਸਮਾਜ ਵਿੱਚ ਸੋਭਾ ਪਾਉਂਦੀ ਹੈ। ਸਭ ਉਸਦੀ ਇੱਜ਼ਤ ਕਰਦੇ ਹਨ:-

ਜੇ ਧਨ ਖਸਮੈ ਚਲੈ ਰਜਾਈ

ਦਰਿ ਘਰਿ ਸੋਭਾ ਮਹਲਿ ਬੁਲਾਈ॥[62]

ਜਦੋਂ ਪਤੀ ਦੂਰ ਹੈ ਤਾਂ ਉਸ ਨੂੰ ਹੀ ਸਿਮਰਨਾ ਹੈ। ਗੁਰੂ ਨਾਨਕ ਦੇਵ ਜੀ ਵੀ ਇਹੀ ਉਪਦੇਸ਼ ਦੇਂਦੇ ਹਨ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥

ਮਿਲਿ ਕੈ ਕਰਹ ਕਹਾਣੀਆਂ ਸੰਮ੍ਰਥ ਕੰਤ ਕੀਆਹ॥[63]

---

59 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787

60 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 379

61 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 739

62 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 85

63 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 17

ਇਸ ਤਰ੍ਹਾਂ ਹਰ ਸਮੇਂ ਪਤੀ ਨੂੰ ਯਾਦ ਕਰਨ ਨਾਲ ਉਸ ਦੇ ਮਨ ਨੂੰ ਵੀ ਖਿੱਚ ਪੈਂਦੀ ਹੈ। ਪਤਨੀ ਦੀ ਪ੍ਰੀਤ ਦਾ ਬੱਝਾ ਉਹ ਘਰ ਪਰਤ ਪੈਂਦਾ ਹੈ। ਉਸ ਸਮੇਂ ਗੁਣਵੰਤੀ ਸੁਹਾਗਣ ਦਾ ਮਨ ਰੂਪੀ ਕਮਲ ਖਿੜ ਪੈਂਦਾ ਹੈ:-

ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ॥
ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁੰਨੀ ਹਮਾਰੀ॥[64]

## V. ਸੋਭਾਵੰਤੀ:

ਇਕ ਆਦਰਸ਼ ਇਸਤਰੀ ਨੂੰ ਚੰਗੇ ਬੁਰੇ ਦੀ ਪਹਿਚਾਣ ਹੁੰਦੀ ਹੈ। ਉਹ ਆਪਣੀ ਸੂਝ ਬੂਝ ਸਦਕਾ ਮੌਕੇ ਅਨੁਸਾਰ ਕਾਰਜ ਕਰਕੇ ਸਭ ਨੂੰ ਖੁਸ਼ ਰੱਖਣ ਵਿੱਚ ਸਮਰੱਥ ਹੁੰਦੀ ਹੈ ਅਤੇ ਆਪ ਵੀ ਖੁਸ਼ੀਆਂ ਪ੍ਰਾਪਤ ਕਰਦੀ ਹੈ:-

ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ॥
ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ॥[65]

ਇਸਦੇ ਉਲਟ ਦੁਹਾਗਣ, ਮਨਮੁਖ ਜਾਂ ਛੁੱਟੜ ਮੋਹ-ਮਾਇਆ ਦੇ ਜਾਲ ਵਿੱਚ ਫਸੀ ਰਹਿੰਦੀ ਹੈ। ਉਸਦੀ ਗਿਆਨ ਨੇਤਰ ਵਾਲੀ ਅੱਖ ਸਦਾ ਬੰਦ ਹੀ ਰਹਿੰਦੀ ਹੈ:-

ਮਨਮੁਖਿ ਸੂਤਾ ਮਾਇਆ ਮੋਹਿ ਪਿਆਰ॥
ਗੁਰਮੁਖਿ ਜਾਗੈ ਗੁਣ ਗਿਆਨ ਬੀਚਾਰਿ॥[66]

ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ॥
ਮੋਹਿ ਚਾਤ੍ਰਿਕ ਤੁਮ੍ਹ ਬੂੰਦ ਤ੍ਰਿਪਤਉ ਮੁਖਿ ਪਰੈ॥[67]

---

64 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 544
65 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 426
66 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 160
67 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 847

ਜਿਸ ਤਰ੍ਹਾਂ ਮਛਲੀ ਪਾਣੀ ਤੋਂ ਬਿਨਾਂ ਜਿਊਂਦੀ ਨਹੀਂ ਰਹਿ ਸਕਦੀ; ਚਾਤ੍ਰਿਕ ਸੁਆਂਤੀ ਬੂੰਦ ਲਈ ਬਿਹਬਲ ਰਹਿੰਦਾ ਹੈ ਪਰ ਬੂੰਦ ਦੇ ਮੂੰਹ ਵਿੱਚ ਪੈਣ ਪਿਛੋਂ ਸ਼ਾਤ ਹੋ ਜਾਂਦਾ ਹੈ। ਜਿਵੇਂ ਚਕਵੀਂ ਸੂਰਜ ਨੂੰ ਅਤੇ ਚਕੋਰ ਚੰਨ ਨੂੰ ਤਾਂਘਦਾ ਹੈ ਇਵੇਂ ਆਦਰਸ਼ ਇਸਤਰੀ ਵੀ ਹਰ ਸਮੇਂ ਪਤੀ ਲਈ ਤਾਂਘਦੀ ਹੈ। ਜਿਵੇਂ ਜਲ-ਕਮਲ ਤੇ ਦੁਧ-ਪਾਣੀ ਦਾ ਮਿਲਾਪ ਹੈ, ਉਵੇਂ ਹੀ ਪਤੀ-ਪਤਨੀ ਦਾ ਪਿਆਰ ਅਤੁੱਟ ਹੈ:-

ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ
ਕਵਨ ਬਿਧੀ ਨ ਧੀਜੀਐ॥
ਖਾਨ ਪਾਨ ਸੀਗਾਰ ਬਿਰਥੇ
ਹਰਿ ਕੰਤ ਬਿਨੁ ਕਿਉ ਜੀਜੀਐ॥[68]

ਇਹ ਮਿਲਾਪ ਧੁਰੋਂ ਆਪ ਪਰਮਾਤਮਾ ਨੇ ਕਰਵਾਇਆ ਹੈ। ਜਿਨ੍ਹਾਂ ਨੂੰ ਪਤੀ ਛੱਡ ਗਏ ਹਨ, ਉਨ੍ਹਾਂ ਦਾ ਜੀਵਨ ਮਰਨ ਤੋਂ ਵੀ ਭੈੜਾ ਹੈ। ਉਹ ਹਰ ਸਮੇਂ ਪਤੀ ਵਿਯੋਗ ਵਿੱਚ ਸੜਦੀਆਂ ਰਹਿੰਦੀਆਂ ਹਨ:-

ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰਹਿ ਜਲੰਤ॥[69]

ਜਿਨ੍ਹਾਂ ਨੂੰ ਪਤੀ ਦਾ ਸਾਥ ਮਿਲਦਾ ਹੈ ਉਹ ਵੀ ਹੰਕਾਰ ਨਹੀਂ ਕਰਦੀਆਂ ਸਗੋਂ ਇਸ ਮੇਲ ਦਾ ਸਿਹਰਾ ਵਾਹਿਗੁਰੂ ਨੂੰ ਦੇਂਦੀਆਂ ਹਨ ਕਿ ਉਸੇ ਦੀ ਕਿਰਪਾ ਨਾਲ ਇਹ ਸੁਲੱਖਣੀ ਘੜੀ ਆਈ ਹੈ:-

ਧਨ ਪਿਰ ਮੇਲੁ ਭਇਆ ਪ੍ਰਭ ਆਪਿ ਮਿਲਾਇਆ ਰਾਮ॥
ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ॥[70]

---

[68] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 542-543

[69] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 791

[70] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 439

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:-

ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ॥
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ॥[71]

**ਪਰਮਾਤਮਾ ਹੀ ਆਪਣੀ ਕ੍ਰਿਪਾ ਨਾਲ ਦੋ ਰੂਹਾਂ ਦਾ ਮੇਲ ਕਰਵਾਉਂਦਾ ਹੈ।**

## VI. ਸਚਿਆਰੀ:

ਪਤੀ ਨੂੰ ਹਿਰਦੇ ਵਿੱਚ ਵਸਾਈ ਰਖਣ ਦੇ ਨਾਲ ਹੀ ਉਸ ਨੂੰ ਆਪਣੇ ਆਚਾਰ, ਵਿਹਾਰ ਅਤੇ ਬਾਣੀ ਦੁਆਰਾ ਮੋਹ ਲੈਣ ਦਾ ਗੁਣ ਵੀ ਪਤਨੀ ਵਿੱਚ ਹੋਣਾ ਚਾਹੀਦਾ ਹੈ ਤਾਂ ਜੋ ਪਤੀ ਵਿਮੁਖ ਨਾ ਹੋਵੇ:

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਿ ਧਾਰੁ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਾਤਾਰੁ॥[72]

ਫਿੱਕਾ ਬੋਲਣ ਨਾਲ ਸੁਣਨ ਵਾਲੇ ਦਾ ਦਿਲ ਦੁਖੀ ਹੁੰਦਾ ਹੈ; ਕ੍ਰੋਧਿਤ ਹੋ ਜਾਂਦਾ ਹੈ ਜਿਸਦੇ ਨਤੀਜੇ ਕਈ ਵਾਰੀ ਬੜੇ ਭਿਆਨਕ ਨਿਕਲਦੇ ਹਨ। ਸਰੀਰ ਦੇ ਫੱਟ ਤਾਂ ਸਮੇਂ ਨਾਲ ਮਿਲ ਜਾਂਦੇ ਹਨ ਬੋਲੀ ਦਾ ਜ਼ਖਮ ਜੋ ਦਿਲ ਵਿੱਚ ਹੋ ਜਾਂਦਾ ਹੈ ਉਹ ਸਾਰੀ ਜ਼ਿੰਦਗੀ ਨਹੀਂ ਭਰਦਾ। ਜਿੰਨੀ ਵਾਰੀ ਉਸ ਗੱਲ ਦੀ ਯਾਦ ਆਉਂਦੀ ਹੈ, ਉਸਦੀ ਚੋਭ ਮਹਿਸੂਸ ਹੁੰਦੀ ਹੈ। ਇਸ ਲਈ ਬਾਰ ਬਾਰ ਉਕਸਾਏ ਜਾਣ ਤੇ ਵੀ ਇਸਤਰੀ ਨੂੰ ਕੌੜੇ ਅਤੇ ਚੁਭਵੇਂ ਬਚਨ ਮੂੰਹੋਂ ਨਹੀਂ ਕਢਣੇ ਚਾਹੀਦੇ:-

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ॥[73]

ਸਹਿਜ਼ਤਾ, ਮਿੱਠੀ ਬਾਣੀ ਉਹ ਗੁਣ ਹਨ ਜਿਨ੍ਹਾ ਨਾਲ ਦੁਸ਼ਮਣ ਨੂੰ ਵੀ ਦੋਸਤ ਬਣਾਇਆ ਜਾ ਸਕਦਾ ਹੈ। ਗੁਰੂ ਸਾਹਿਬਾਨ ਸਾਨੂੰ ਇਨ੍ਹਾਂ ਗੁਣਾਂ ਨੂੰ ਧਾਰਣ ਦਾ ਉਪਦੇਸ਼ ਦਿੰਦੇ ਹਨ।

---

[71] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 436

[72] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 31

[73] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1384

## VII. ਨਿਮਰਤਾ:

ਹੰਕਾਰ ਤਿਆਗ ਕੇ ਨਿਮਰਤਾ ਧਾਰਨੀ ਅਤਿ ਕਠਿਨ ਕੰਮ ਹੈ ਜਦੋਂ ਹਉਮੈ ਨੂੰ ਮਨ ਵਿੱਚ ਮਾਰ ਦੇਈਏ ਤਾਂ ਦੂਜਿਆਂ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ। ਪਤੀ ਦੀ ਖੁਸ਼ੀ ਲਈ ਮਨ ਨਿਰਮਲ ਕਰਨ ਅਤੇ ਹਲੀਮੀ ਦਾ ਗਹਿਣਾ ਪਾਉਣ ਦੀ ਲੋੜ ਹੈ। ਹਉਮੈ ਵੱਡਾ ਰੋਗ ਹੈ। ਅਜਿਹਾ ਔਗੁਣ ਜੋ ਪਤੀ-ਮਿਲਾਪ ਵਿੱਚ ਸਦਾ ਰੁਕਾਵਟ ਬਣਦਾ ਹੈ। ਪਤੀ-ਸੰਯੋਗ ਲਈ ਮਨ ਵਿੱਚੋਂ ਹਉਮੈਂ ਦੀ ਮੈਲ ਧੋਣੀ ਪੈਂਦੀ ਹੈ:-

ਮਨ ਮਹਿ ਮਨੂਆ ਜੇ ਮਰੇ ਤਾ ਪਿਰੁ ਰਾਵੈ ਨਾਰਿ॥
ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥[74]

ਮਨ ਦੀ ਇਸ ਸ਼ੁਧੀ ਉਪਰੰਤ ਸਰੀਰਕ ਸ਼ਿੰਗਾਰ ਅਤੇ ਉੱਤਮ ਗੁਣਾਂ ਨਾਲ ਆਪਾ ਨਿਖਾਰਣ ਦੀ ਲੋੜ ਹੈ:

ਹਉਮੈ ਖੋਇ ਕਰੇ ਸੀਗਾਰੁ।। ਤਉ ਕਾਮਣਿ ਸੇਜੈ ਰਵੇ ਭਤਾਰੁ।।
ਤਉ ਨਾਨਕ ਕੰਤੈ ਮਨਿ ਭਾਵੈ।। ਛੋਡਿ ਵਡਾਈ ਆਪਣੇ ਖਸਮ ਸਮਾਵੈ।।[75]

ਸਰੀਰ ਦੀ ਸ਼ੁੱਧਤਾ, ਸਾਫ ਕਪੜੇ ਪਹਿਨਣ ਨੂੰ ਸਿਹਤਮੰਦ ਜੀਵਨ ਦੀ ਪੂੰਜੀ ਮੰਨਿਆ ਗਿਆ ਹੈ। ਵਡਿਆਈ ਦਾ ਤਿਆਗ ਕਰਕੇ ਏਨੇ ਨਿਮਰ ਹੋਣ ਦੀ ਲੋੜ ਹੈ ਕਿ ਆਪਣੇ ਆਪ ਦੀ ਵੱਖਰੀ ਹੋਂਦ ਹੀ ਮਹਿਸੂਸ ਨਾ ਹੋਵੇ ਭਾਵ ਸਮੁੱਚਾ ਵਿਅਕਤਿਤਵ ਹੀ ਪਤੀ ਵਿੱਚ ਸਮਾ ਜਾਵੇ:-

ਹਉਮੈ ਜਾਈ ਤਾ ਕੰਤ ਕਮਾਈ॥
ਤਉ ਕਾਮਣਿ ਪਿਆਰੇ ਨਾਂਵ ਨਿਧਿ ਪਾਈ॥[76]

---

[74] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 58

[75] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 357

[76] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 750

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥[77]

ਪਤੀ ਸਾਹਮਣੇ ਹੋਰ ਕੋਈ ਚਲਾਕੀ ਜਾਂ ਚਤੁਰਾਈ ਨਹੀਂ ਹੋਣੀ ਚਾਹੀਦੀ। ਅਭਿਮਾਨ ਤਿਆਗ ਕੇ ਹਰ ਸਮੇਂ ਸੇਵਾ ਵਿੱਚ ਲੀਨ ਰਹਿਣ ਦੀ ਲੋੜ ਹੈ:-

ਅਨਿਕ ਭਾਂਤਿ ਕਰਿ ਸੇਵਾ ਕਰੀਐ॥

ਜੀਉ ਪ੍ਰਾਨ ਧਨੁ ਆਗੈ ਧਰੀਐ॥

ਪਾਨੀ ਪੱਖਾ ਕਰਉ ਤਜਿ ਅਭਿਮਾਨੁ॥

ਅਨਿਕ ਬਾਰ ਜਾਈਐ ਕੁਰਬਾਨੁ॥[78]

ਜਦੋਂ ਤੱਕ ਇਸਤਰੀ ਅੰਦਰ ਹੰਕਾਰ ਹੈ, ਉਹ ਸੱਚੀ ਸੇਵਾ ਨਹੀਂ ਕਰ ਸਕਦੀ। ਇਸ ਲਈ ਉਸ ਨੂੰ ਬਾਰ ਬਾਰ ਇਹੀ ਹਦਾਇਤ ਕੀਤੀ ਗਈ ਹੈ ਕਿ ਉਹ ਹੀਣੀ, ਨਿਮਰ ਅਤੇ ਨਿਮਾਣੀ ਹੋ ਕੇ ਪਤੀ ਦੀ ਸੇਵਾ ਕਰੇ ਤਾਂ ਹੀ ਉਹ ਭੌਤਿਕ ਅਤੇ ਆਤਮਿਕ ਖੁਸ਼ੀਆਂ ਪ੍ਰਾਪਤ ਕਰ ਸਕਦੀ ਹੈ:-

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥

ਮਾਨੈ ਹੁਕਮੁ ਤਜੈ ਅਭਿਮਾਨੈ॥

ਪ੍ਰਿਅ ਸਿਉ ਰਾਤੀ ਰਲੀਆ ਮਾਨੈ॥[79]

ਜਦੋਂ ਇਸਤਰੀ ਏਨੀ ਨਿਮਾਣੀ ਹੋ ਜਾਂਦੀ ਹੈ ਕਿ ਉਸਦਾ ਸਾਰਾ ਆਪ ਪਤੀ ਨੂੰ ਸਮਰਪਿਤ ਹੋ ਜਾਂਦਾ ਹੈ।

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥[80]

---

77 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 722

78 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 791

79 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 737

80 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 558

ਗੁਣ ਰੂਪੀ ਮੋਤੀਆਂ ਦੀ ਮਾਲਾ ਨਾਲ ਆਪਾ ਸ਼ਿੰਗਾਰਦੇ ਹੋਏ ਪਤੀ ਨੂੰ ਧਿਆਉਣ ਦੀ ਲੋੜ ਹੈ:-

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥[81]

ਜਦੋਂ ਮਨੁੱਖ ਲੋਭ ਮੋਹ, ਹੰਕਾਰ, ਤਿਆਗ, ਕੇ ਸਦਗੁਣ ਗ੍ਰਹਿਣ ਕਰ ਲੈਂਦਾ ਹੈ ਤਾਂ ਪ੍ਰਭੂਪਤੀ ਉਸਨੂੰ ਆਪਣੀਆਂ ਬਖ਼ਸ਼ਿਸ਼ਾਂ ਨਾਲ ਮਾਲਾ ਮਾਲ ਕਰ ਦਿੰਦਾ ਹੈ ਅਤੇ ਅੰਤ ਵਿੱਚ ਅਜੇਹੀ ਅਵਸਥਾ ਨੂੰ ਪਹੁੰਚ ਜਾਂਦੀ ਹੈ ਕਿ ਅੰਜਨ ਵਿੱਚ ਨਿਰੰਜਨ ਦੀ ਪ੍ਰਾਪਤੀ ਕਰਦੀ ਹੈ:-

ਪਰਹਰਿ ਕਾਮ ਕ੍ਰੋਧ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥

ਤਜਿ ਕਾਮੁ ਕਾਮਿਨੀ ਮੋਹੁ ਤਜੇ ਤਾਂ ਅੰਜਨ ਮਾਹਿ ਨਿਰੰਜਨ ਪਾਵੈ॥[82]

ਅਸਲ ਵਿੱਚ ਤਾਂ ਪਤੀ-ਪਤਨੀ ਦਾ ਵਿਆਹ ਹੋਣਾ ਸਿਰਫ਼ ਸਮਾਜਿਕ ਬੰਧਨ ਹੀ ਨਹੀਂ ਸਗੋਂ ਅਧਿਆਤਮਕ ਸੁਮੇਲ ਦਾ ਪ੍ਰਤੀਕ ਹੈ। ਧਨ-ਪਿਰ ਸਹਿਜ ਅਵਸਥਾ ਵਿੱਚ ਵਿਚਰਦੇ ਹਨ ਪਰ ਉਦੋਂ ਹੀ ਜਦੋਂ ਗੁਰੂ ਗਿਆਨ ਦੇਵੇ:-

ਧਨ ਪਿਰ ਕਾ ਇਕ ਹੀ ਸੰਗਿ ਵਾਸਾ

ਵਿਚਿ ਹਉਮੈ ਭੀਤਿ ਕਰਾਰੀ॥

ਗੁਰਿ ਪੂਰੇ ਹਉਮੈ ਭੀਤਿ ਤੋਰੀ

ਜਨ ਨਾਨਕ ਮਿਲੇ ਬਨਵਾਰੀ॥[83]

ਪਤੀ ਪਤਨੀ ਵਿੱਚ ਇੱਕ ਕੰਡਾ-ਚੁਭਦਾ ਰਹਿੰਦਾ ਹੈ, ਉਹ ਹੈ ਹੰਕਾਰ। ਇਹ ਹਉਮੈ ਰੂਪੀ ਹਨੇਰੇ ਨੂੰ ਤੋੜਨ ਲਈ ਗੁਰੂ ਗਿਆਨ ਦਾ ਦੀਵਾ ਜਗਾਉਂਦਾ ਹੈ। ਇਸਤਰੀ ਨੂੰ ਵਿਸ਼ੇਸ਼ ਗੁਣ ਧਾਰਨ ਦੀ ਪ੍ਰੇਰਨਾ ਦਿੰਦੇ ਹੋਏ ਬਾਬਾ ਫਰੀਦ ਜੀ ਫਰਮਾਉਂਦੇ ਹਨ:-

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥[84]

---

[81] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 359

[82] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141

[83] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1263

[84] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1394

ਪਤੀ ਨੂੰ ਵਸ ਵਿੱਚ ਕਰਨ ਲਈ ਆਪੇ ਨੂੰ ਵਸ ਕਰਨ ਦੀ ਲੋੜ ਹੁੰਦੀ ਹੈ। ਮਨ ਜਿੱਤ ਲੈਣ ਉਪਰੰਤ ਹੀ ਸੰਸਾਰ ਜਿਤਿਆ ਜਾ ਸਕਦਾ ਹੈ:-

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ॥
ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ॥[85]

ਵਖਾਵੇ ਅਤੇ ਪਾਖੰਡ ਨਾਲ ਕਦੇ ਮਾਲਕ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਉਹ ਅੰਦਰ ਦੀਆਂ ਰਮਜ਼ਾਂ ਬੁੱਝਣ ਦੇ ਸਮਰੱਥ ਹੈ। ਪਤਨੀ ਦਾ ਸ਼ਿੰਗਾਰ ਪਤੀ ਲਈ ਹੀ ਹੁੰਦਾ ਹੈ। ਜੇਕਰ ਉਹ ਘਰ ਨਾ ਹੋਵੇ ਤਾਂ ਇਹ ਦੁਖਦਾਈ ਹੁੰਦਾ ਹੈ ਅਤੇ ਜੇ ਉਹ ਘਰ ਆ ਜਾਵੇ ਤਾਂ ਸਭ ਕੁਝ ਚੰਗਾ ਚੰਗਾ ਲਗਦਾ ਹੈ।

ਪਤੀ ਪਤਨੀ ਦੀ ਆਪਸੀ ਸਾਂਝ, ਸੂਝ-ਬੂਝ ਅਤੇ ਮਿਲਵਰਤਣ ਹੋਵੇ ਤਾਂ ਸਭ ਪਾਸੇ ਸੁੱਖ ਨਜ਼ਰ ਆਉਂਦਾ ਹੈ:

ਸਤੁ ਸੀਗਾਰੁ ਭਉ ਅੰਜਨੁ ਪਾਇਆ॥
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ॥
ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥[86]

**VIII. ਨਿਸ਼ਕਾਮ:**

ਇਸਤਰੀ ਨੂੰ ਵਿਵਹਾਰ ਵਜੋਂ ਸੁੱਚੀ ਅਤੇ ਸੱਚੀ ਹੋ ਕੇ ਨਿਸ਼ਕਾਮ ਸੇਵਾ ਕਰਨੀ ਚਾਹੀਦੀ ਹੈ:-

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਿਰ ਚਿਟਵੀਆਹ॥

[85] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6
[86] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 737

ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰ ਖੜੀਆਹ॥

ਨਾਲਿ ਖਸਮੈ ਰਤੀਆ ਮਾਣਹਿ ਸੁਖ ਰਲੀਆਹ॥[87]

ਇਹ ਗੁਣ ਹਰੇਕ ਵਿਅਕਤੀ ਵਿਚ ਹੋਣੇ ਚਾਹੀਦੇ ਹਨ। ਜੋ ਤਨੋ ਮਨੋ ਪਤੀ ਦੀ ਸੇਵਾ ਵਿਚ ਲੀਨ ਹਨ, ਉਹਨਾਂ ਨਾਲ ਫਰੇਬਣਾਂ ਕਦੇ ਮੁਕਾਬਲਾ ਨਹੀਂ ਕਰ ਸਕਦੀਆਂ। ਨਿਰਮਲ ਮਨ ਵਾਲੀ ਇਸਤਰੀ ਹੀ ਆਦਰਸ਼ ਇਸਤਰੀ ਬਣਨ ਦੇ ਸਮੱਰਥ ਹੁੰਦੀ ਹੈ।

**IX. ਨਿਤ-ਨੇਮੀ:**

ਆਦਿ ਗ੍ਰੰਥ ਅਨੁਸਾਰ ਆਦਰਸ਼ ਇਸਤਰੀ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਜੀਵਨ ਵਿੱਚ ਵਿਚਰਦੀ ਹੋਈ ਗ੍ਰਿਹਸਥੀ ਦੇ ਸਾਰੇ ਫਰਜ਼ ਪੂਰੇ ਕਰੇ; ਪਤੀ ਅਤੇ ਪਰਿਵਾਰ ਨਾਲ ਸਨੇਹ ਅਤੇ ਪਿਆਰ ਨਾਲ ਵਿਚਰੇ; ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰੇ ਪੇਕੇ ਘਰ ਦਾ ਮਾਣ ਵਧਾਵੇ; ਪਰ ਇਸਦੇ ਨਾਲ ਹੀ ਇਸ ਤੋਂ ਵੱਧ ਜ਼ਰੂਰੀ ਹੈ ਉਸਦਾ ਉਸ ਸੱਚੇ ਪਰਮਾਤਮਾ, ਵਾਹਿਗੁਰੂ, ਸ੍ਰਿਸ਼ਟੀ ਦੇ ਕਰਤਾ ਨੂੰ ਯਾਦ ਰੱਖਣਾ, ਪਰ ਘਰ, ਪਤੀ, ਬੱਚਿਆਂ ਅਤੇ ਸਮਾਜ ਪ੍ਰਤੀ ਆਪਣੀ ਜਿੰਮਵੇਰੀ ਵਲੋਂ ਬੇਮੁੱਖ ਹੋ ਕੇ ਨਹੀਂ ਸਗੋਂ:-

ਬਕੈ ਨ ਬੋਲੈ ਖਿਮਾ ਧਨੁ ਸੰਗ੍ਰਿਹੈ ਤਾਮਸੁ ਨਾਮਿ ਜਲਾਏ॥

ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ॥[88]

ਸਾਧੂਆਂ ਵਾਲੇ ਨਿਰਲੇਪਤਾ ਦੇ ਗੁਣ ਧਾਰਨ ਕਰੇ। ਸਰੀਰ ਜਦੋਂ ਕੰਮ ਵਿੱਚ ਲਗਿਆ ਹੋਵੇ ਉਦੋਂ ਚਿਤ ਉਸ ਵਾਹਿਗੁਰੂ ਨਾਲ ਜੁੜਿਆ ਹੋਵੇ। ਹਰ ਤਰ੍ਹਾਂ ਦੇ ਸ਼ਿੰਗਾਰ ਨਾਮ ਸਿਮਰਨ ਬਿਨਾ ਵਿਅਰਥ ਹਨ:-

ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ॥

ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ॥[89]

---

[87] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 85

[88] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1013

[89] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1308

ਇਸ ਨਾਮ ਦੀ ਪ੍ਰਾਪਤੀ ਲਈ ਇਸਤਰੀ ਨੂੰ ਨਿਤਨੇਮ ਕਰਨਾ ਚਾਹੀਦਾ ਹੈ। ਅੰਮ੍ਰਿਤ ਵੇਲੇ ਸਿਮਰਨ ਕਰੇ, ਭੋਜਨ ਪਕਾਉਂਦੇ ਸਮੇਂ ਰਸਨਾ ਤੋਂ ਸ਼ੁੱਧ ਬਾਣੀ ਅਤੇ ਨਾਮ ਦਾ ਸਿਮਰਨ ਕਰੇ ਤਾਂ ਜੋ ਉਸ ਭੋਜਨ ਨੂੰ ਖਾਣ ਵਾਲਿਆਂ ਅੰਦਰ ਸ਼ੁੱਧਤਾ ਦਾ ਸੰਚਾਰ ਹੋਵੇ। ਬਾਣੀ ਪੜ੍ਹਨ ਸੁਣਨ ਨਾਲ ਮਨ ਵਿੱਚੋਂ ਹਰ ਤਰ੍ਹਾਂ ਦੇ ਵਿਕਾਰਾਂ ਦਾ ਨਾਸ ਹੋ ਜਾਂਦਾ ਹੈ:-

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ

ਸਭਿ ਕਿਲਵਿਖ ਪਾਪ ਦੋਖ ਲਹਿ ਜਾਵੇ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ॥

ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥[90]

ਘਰ ਦੇ ਕੰਮਾਂ ਤੋਂ ਵਿਹਲੇ ਹੋ ਕੇ ਜਾਂ ਕੰਮ ਕਰਦੇ ਹੋਏ ਸਿਮਰਨ ਕਰਨ ਨਾਲ ਬਿਰਤੀ ਇਕਾਗਰ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਆਤਮਿਕ ਸ਼ਕਤੀ ਵਧਣ ਲਗਦੀ ਹੈ:-

ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ॥

ਗੁਰਮੁਖਿ ਸਬਦ ਕਾਮਈਐ ਹਰਿ ਵਸੈ ਮਨਿ ਆਇ॥[91]

ਸਾਧ ਸੰਗਤ ਵਿੱਚ ਜਾਣ ਨਾਲ, ਸੇਵਾ ਕਰਨ ਨਾਲ, ਮਨ ਵਿੱਚ ਨਿਮਰਤਾ ਅਤੇ ਹਲੀਮੀ ਆ ਜਾਂਦੀ ਹੈ। ਮਾਨ, ਮੋਹ, ਹੰਕਾਰ, ਵਡਿਆਈ ਛੁੱਟ ਜਾਂਦੀ ਹੈ। ਐਸ਼ ਦੀਆਂ ਵਸਤੂਆਂ ਧਨ, ਦੌਲਤ ਸਭ ਵਿਅਰਥ ਜਾਪਦੇ ਹਨ:-

ਤਜਿ ਮਾਨ ਮੋਹ ਵਿਕਾਰ ਮਿਥਿਆ

ਜਪਿ ਰਾਮ ਰਾਮ ਰਾਮ॥

ਮਨ ਸੰਤਨਾ ਕੈ ਚਰਨਿ ਲਾਗੁ॥[92]

ਇਸ ਸ੍ਰਿਸ਼ਟੀ ਦੇ ਹਰ ਜੀਵ ਅਤੇ ਇਸ ਸਰੀਰ ਦੇ ਹਰ ਅੰਗ ਨੂੰ ਹਰੀ ਦੇ ਦਰਸ਼ਨ ਦਾ ਹੱਕ ਹੈ। ਹਰ ਪੁਰਸ਼ ਇਸਤਰੀ ਨੂੰ ਹਰੀ ਮਿਲਾਪ ਦਾ ਅਧਿਕਾਰ ਹੈ। ਸਿੱਖ ਧਰਮ ਵਿਚ ਔਰਤ ਧਾਰਮਿਕ

---

[90] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305

[91] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 67

[92] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 409

ਅਤੇ ਸਮਾਜਿਕ ਕਾਰਜਾਂ ਵਿਚ ਮਰਦ ਦੇ ਬਰਾਬਰ ਹਿੱਸਾ ਪਾਉਂਦੀ ਹੈ। ਔਰਤ ਵੀ ਅਧਿਆਤਮਕ ਖੇਤਰ ਵਿੱਚ ਪ੍ਰਗਤੀ ਕਰ ਸਕਦੀ ਹੈ:

ਸੇ ਨੇਤ੍ਰ ਪਰਵਾਣੁ ਜਿਨੀ ਦਰਸਨ ਪੇਖਾ॥
ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ॥
ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ
ਹਉ ਬਲਿ ਤਿਲ ਸੰਗਿ ਪਛਾਣਾ ਜੀਉ॥[93]

ਇੱਕ ਨਿੱਤਨੇਮੀ ਇਸਤਰੀ ਆਪਣੇ ਬੱਚਿਆਂ ਨੂੰ ਵੀ ਨਿੱਤਨੇਮੀ ਬਣਾ ਸਕਦੀ ਹੈ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਔਰਤ ਦਾ ਨਿਵੇਕਲਾ ਸਥਾਨ ਅਤੇ ਅਨੇਕਾਂ ਗੁਣ ਦੱਸੇ ਗਏ ਹਨ।

## ਸਿੱਖ ਪੰਥ ਵਿੱਚ ਔਰਤਾਂ ਦਾ ਨਿਵੇਕਲਾ ਸਥਾਨ:

ਅਰਦਾਸ ਵਿੱਚ ਜਦ ਸਾਰੇ ਖੜ੍ਹੇ ਹੋ ਕੇ ਜਿਨ੍ਹਾ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ ਆਖਦੇ ਹਾਂ ਤਾਂ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਿੱਖ ਘਰ ਵਿੱਚ ਔਰਤ ਦਾ ਸਥਾਨ ਕਿਸ ਹੱਦ ਤੱਕ ਨਿਵੇਕਲਾ ਹੈ। ਗੁਰਬਾਣੀ ਅਨੁਸਾਰ ਔਰਤ ਉਹ ਹੈ ਜਿਸ ਵਿੱਚ ਅਚਾਰ ਹੈ, ਸੋਚ ਹੈ, ਆਤਮਿਕ ਹੁਲਾਰਾ ਦੇਣ ਦੀ ਸ਼ਕਤੀ ਹੈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਸਾਖੀ ਹੈ ਕਿ ਜਦ ਬਾਬਾ ਗੁਰਦਿਤਾ ਜੀ ਦਾ ਜਨਮ ਹੋਇਆ ਤਾਂ ਮਾਤਾ ਗੰਗਾ ਜੀ ਨੇ ਅਸੀਸ ਦਿੰਦੇ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਕਿਹਾ ਜ਼ੋੜੀ ਰਲੇ ਤਾਂ ਉਸ ਵੇਲੇ ਮੀਰੀ ਪੀਰੀ ਦੇ ਮਾਲਕ ਨੇ ਕਿਹਾ ਮਾਂ ਬੇਟੇ ਤਾਂ ਪੰਜ ਹੋਣਗੇ ਪਰ ਅਸੀਸ ਦੇਣੀ ਤਾਂ ਇਹ ਦਿਓ ਕਿ "ਸੀਲ ਖਾਨ ਕੰਨਿਆ ਇੱਕ ਹੋਵੇ" ਇੱਥੋਂ ਪ੍ਰਤੀਤ ਹੁੰਦਾ ਹੈ ਕਿ ਧੀ ਦਾ ਰੋਲ ਸਾਡੇ ਘਰ ਕੀ ਹੈ। ਜਿਸ ਘਰ ਵਿੱਚ ਬੱਚੀ ਨਹੀਂ ਉੱਥੇ ਨਾਂ ਸਭਿਆਚਾਰ ਹੈ ਨਾਂ ਹੀ ਬੋਲ-ਚਾਲ ਦਾ ਸਲੀਕਾ। ਗੁਰਬਾਣੀ ਵਿੱਚ ਸਤਿ ਮਾਤਾ, ਪਿਤਾ ਸੰਤੋਖ ਕਹੇ ਜਾਣ ਦਾ ਭਾਵ ਇਹੀ ਸੀ ਕਿ ਸਿੱਖਿਆ ਦਾਤੀ ਕੇਵਲ ਮਾਂ ਹੀ ਹੋ ਸਕਦੀ ਹੈ। ਪਿਤਾ ਨੇ ਸੰਤੋਖ ਰੱਖਣਾ ਹੈ। ਮਾਤਾ ਤਾਂ 'ਧਰਤ ਮਹਤ' ਹੈ। ਜਿਵੇਂ ਧਰਤੀ ਦੇਂਦੀ ਥੱਕਦੀ ਨਹੀਂ। ਮਾਂ ਖਿਮਾਂਸੀਲ ਹੈ। ਮਾਂ ਦੀ ਤਾਂ ਅਸੀਸ ਵਿੱਚ ਜਿੱਥੇ ਭਾਵਨਾ ਹੈ ਉੱਥੇ ਭਾਵ

---

[93] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 103

ਵੀ ਹੈ। ਉਹ ਅਸੀਸ ਪੜ੍ਹਨ ਨਾਲ ਸੰਬੰਧ ਰੱਖਦੀ ਹੈ ਜੋ ਮਾਤਾ ਭਾਨੀ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ:

ਪੂਤਾ ਮਾਤਾ ਕੀ ਆਸੀਸ।।
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
ਸਦਾ ਭਜਹੁ ਜਗਦੀਸ।।[94]

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਸਤ ਸਾਲ ਨਿਰੋਲ ਮਾਤਾ ਗੁਜਰੀ ਪਾਸ ਪਟਨਾ ਸਾਹਿਬ ਵਿੱਚ ਗੁਜਾਰੇ। ਇਸੇ ਤਰ੍ਹਾਂ ਭੈਣ ਦੇ ਰੂਪ ਵਿੱਚ ਬੇਬੇ ਨਾਨਕੀ ਸਨ ਜੋ ਗੁਰੂ ਜੀ ਤੋਂ ਪੰਜ ਸਾਲ ਵੱਡੇ ਸਨ। ਸਭ ਤੋਂ ਪਹਿਲਾਂ ਨਾਨਕੀ ਜੀ ਨੇ ਗੁਰਮਤਿ ਨੂੰ ਜਾਣਿਆ ਅਤੇ ਸਿੱਖੀ ਧਾਰਨ ਕੀਤੀ। ਬੇਬੇ ਨਾਨਕੀ ਨੇ ਗੁਰੂ ਨਾਨਕ ਜੀ ਨੂੰ ਵੀਰ ਕਰਕੇ ਨਹੀਂ ਪੀਰ ਕਰਕੇ ਜਾਣਿਆ। ਫਿਰ ਜਦ ਸ੍ਰੀ ਗੁਰੂ ਨਾਨਕ ਜੀ ਸੰਸਾਰ ਨੂੰ ਸੱਚਾਈ ਦੇ ਰਾਹ ਪਾਉਣ ਲਈ ਸੁਲਤਾਨਪੁਰ ਤੋਂ ਗਏ ਤਾਂ ਭੈਣ ਨਾਨਕੀ ਜੀ ਕੋਲੋਂ ਇੱਕ ਰੁਪਿਆ ਲੈ ਕੇ ਫਿਰੰਦੇ ਪਾਸੋਂ ਰਬਾਬ ਬਣਵਾ ਕੇ ਭਾਈ ਮਰਦਾਨਾ ਜੀ ਨੂੰ ਦਿੱਤੀ ਤਾਂ ਕਿ ਭੈਣ ਦੀ ਮਿੱਠੀ ਯਾਦ ਸਦਾ ਨਾਲ ਰਹੇ।

ਨਾਰੀ ਸਿੱਖੀ ਦੇ ਹਰ ਮਹੱਤਵਪੂਰਨ ਮੋੜ ਤੇ ਮਰਦ ਦੇ ਨਾਲ ਖੜੀ ਨਜ਼ਰ ਆ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਪਿੱਛੇ ਮਾਤਾ ਸੁਲੱਖਣੀ ਦਾ ਧੀਰਜ ਅਤੇ ਬੇਬੇ ਨਾਨਕੀ ਦੀ ਉਡੀਕ ਗੁਰੂ ਅਮਲ ਵਿੱਚ ਬਰਾਬਰ ਭਾਗੀਦਾਰ ਰਹੀ ਹੈ। ਮਾਤਾ ਖੀਵੀ ਜੀ ਦੀ ਦੇਖ-ਰੇਖ ਵਿੱਚ ਤਿਆਰ ਹੁੰਦੇ ਲੰਗਰ ਦੀਆਂ ਸਿਫ਼ਤਾਂ ਤੋਂ ਸਿੱਖ-ਪੰਥ ਜਾਣੂ ਹੈ।[95] ਬੀਬੀ ਭਾਨੀ ਅਤੇ ਮਾਤਾ ਗੰਗਾ ਨੇ ਸਿੱਖੀ ਸੇਵਾ ਨੂੰ ਵਿਹਾਰ ਵਿੱਚ ਲਾਗੂ ਕਰਕੇ ਮਿਸਾਲ ਕਾਇਮ ਕੀਤੀ ਹੈ। ਮਾਤਾ ਗੁਜਰੀ ਜੀ ਨੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਪੂਰਾ ਸਾਥ ਦਿੱਤਾ। ਜਦੋਂ ਗੁਰੂ ਜੀ ਸ਼ਹੀਦ ਹੋਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੌਂ ਸਾਲਾਂ ਦੇ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ ਦੀ ਅਗਵਾਈ ਤੇ ਨੈਤਿਕ ਸਮਰਥਨ ਸਦਾ ਪ੍ਰਾਪਤ ਕੀਤਾ। ਉਨਾਂ ਨੇ ਆਪਣੇ ਪੋਤਰਿਆਂ ਨੂੰ ਵੀ ਧਰਮ ਨਾ ਛੱਡਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਵੱਲੋਂ ਦਿੱਤੀ

---

94 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 496

95 ਡਾ. ਗੁਰਮੀਤ ਸਿੰਘ, ਸਮਾਜ ਅਤੇ ਨਾਰੀ: ਸਿੱਖ ਦ੍ਰਿਸ਼ਟੀਕੋਣ, ਪੰਨਾ 756

ਕੁਰਬਾਨੀ ਨੂੰ ਸਮੁੱਚੀ ਕੌਮ ਸਦਾ ਨਤਮਸਤਕ ਹੁੰਦੀ ਰਹੇਗੀ। ਇਸੇ ਕੁਰਬਾਨੀਆਂ ਕਰਕੇ ਹੀ ਸਿੱਖ ਜਗਤ ਹਮੇਸ਼ਾ ਕਾਇਮ ਰਹੇਗਾ। ਸਿੱਖ ਅਮਲ ਦੇ ਸਿੱਖਰ ਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕੀਤੀ। ਇਸ ਮਹਾਨ ਕਾਰਜ ਨੂੰ ਮਾਤਾ ਸਾਹਿਬ ਦੇਵਾਂ ਜੀ ਵੱਲੋਂ ਭੇਂਟ ਕੀਤੇ ਪਤਾਸ਼ੇ ਅੰਮ੍ਰਿਤ ਜਲ ਵਿੱਚ ਪ੍ਰਵਾਨ ਕੀਤੇ ਗਏ।

ਸਿੱਖ ਕੌਮ ਦੀ ਸੂਖਮ ਸੂਰਤਿ, ਸਿਮਰਣ ਅਤੇ ਕ੍ਰਿਤ ਦੀ ਸੁੱਚਤਾ ਵਿੱਚ ਇਸਤਰੀ ਦੀ ਕੋਮਲਤਾ ਅਤੇ ਦ੍ਰਿੜ੍ਹਤਾ ਵੀ ਸ਼ਾਮਿਲ ਹੈ। ਸਿੱਖ ਵਿਹਾਰ ਵਿੱਚ ਨਾਰੀ ਮਹਾਨਤਾ ਨੂੰ ਸਵੀਕਾਰਨ ਕਰਕੇ ਇਹ ਹਰ ਕਾਰਜ ਵਿੱਚ ਮਰਦ ਦੇ ਨਾਲ ਖੜੀਆਂ ਹਨ। ਇੱਥੋਂ ਤੱਕ ਕਿ ਖਾਲਸੇ ਰੂਪ ਵਿੱਚ ਮੌਤ ਦੇ ਭੈਅ ਤੋਂ ਮੁਕਤ ਨਾਰੀ ਮਰਦਾਂ ਨੂੰ ਵੰਗਾਰ ਸਕਦੀ ਹੈ। ਮਾਈ ਭਾਗੋ ਨੇ ਗੁਰੂ ਨੂੰ ਬੇਦਾਵਾ ਦੇ ਕੇ ਘਰਾਂ ਨੂੰ ਵਾਪਸ ਪਰਤੇ ਸਿੰਘਾਂ ਨੂੰ ਅਜਿਹੀ ਵੰਗਾਰ ਪਾਈ ਸੀ ਕਿ ਉਹ ਵਾਪਸ ਜੰਗ ਵਿੱਚ ਜਾ ਲੜਨ ਲਈ ਤਿਆਰ ਹੋ ਗਏ ਸਨ ਅਤੇ ਉਨ੍ਹਾਂ ਨੇ ਗੁਰੂ ਕਾਜ ਲਈ ਸ਼ਹੀਦੀਆਂ ਦੇ ਕੇ ਖਾਲਸਾ ਪੰਥ ਵਿੱਚ ਮੁਕਤਿਆਂ ਦੀ ਉਪਾਧੀ ਪ੍ਰਾਪਤ ਕੀਤੀ।

# ਨਿਸ਼ਕਰਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਵਿਰਸੇ ਦੇ ਅਦੁਤੀ ਧਰਮ ਗ੍ਰੰਥ ਹੋਣ ਦੇ ਨਾਲ-ਨਾਲ ਮੱਧਕਾਲੀਨ ਭਾਰਤ ਦੀ ਮੁੱਲਵਾਨ ਸਮਾਜਿਕ ਅਤੇ ਸੱਭਿਆਚਾਰਕ ਧਰੋਹਰ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਿਤ ਇਸ ਪਾਵਨ ਗ੍ਰੰਥ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਸੂਫੀਆਂ, ਭੱਟਾਂ ਦੀ ਬਾਣੀ ਵੀ ਸ਼ਾਮਲ ਹੈ ਜੋ ਇਸ ਪਾਵਨ ਗ੍ਰੰਥ ਨੂੰ ਸਰਬ-ਸਾਝਾਂ ਹੋਣ ਦਾ ਮਹੱਤਵ ਪ੍ਰਦਾਨ ਕਰਦੀ ਹੋਈ ਸਾਨੂੰ ਸਹੀ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲ ਵਿੱਚ ਸੰਕਲਿਤ ਇੱਕ ਅਜਿਹਾ ਪਾਵਨ ਗ੍ਰੰਥ ਹੈ ਜਿਸ ਰਾਹੀਂ ਪੁਰਾਤਨ ਸੰਸਕ੍ਰਿਤੀ, ਵਿਚਾਰਧਾਰਾਵਾਂ ਅਤੇ ਵਿਭਿੰਨ ਫਲਸਫਿਆਂ ਦੇ ਨਾਲ-ਨਾਲ ਸਮਕਾਲੀ ਵਿਚਾਰਧਾਰਾਵਾਂ ਨਾਲ ਇੱਕੋ ਸਮੇਂ ਕੀਤਾ ਗਿਆ ਸੰਵਾਦ ਪ੍ਰਸਤੁਤ ਹੁੰਦਾ ਹੈ। ਇਹ ਸੰਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲ ਜੁੜਦਾ ਹੈ। ਗੁਰਬਾਣੀ ਰਚਨਾ ਦਾ ਮਾਧਿਅਮ ਲੋਕ ਭਾਸ਼ਾ ਹੈ। ਸ਼ਾਇਦ ਇਹੋ ਇੱਕ ਗ੍ਰੰਥ ਹੈ ਜੋ ਗਿਆਨ, ਤਰਕ ਅਤੇ ਫਲਸਫੇ ਦਾ ਧਾਰਨੀ ਹੁੰਦਾ ਹੋਇਆ ਵੀ ਜਨ ਸਧਾਰਨ ਨੂੰ ਸੰਬੋਧਿਤ ਹੈ। ਗੁਰਬਾਣੀ ਦੀ ਵਿਚਾਰਧਾਰਾ ਸੱਤਾ ਵਿਹੂਣੇ ਵਰਗਾਂ, ਸਧਾਰਨ ਲੋਕਾਂ ਦੀ ਵਿਚਾਰਧਾਰਾ ਹੈ। ਆਮ ਲੋਕਾਈ ਦਾ ਪੱਖ ਪੂਰਨ ਵਾਲੀ ਇਹ ਵਿਚਾਰਧਾਰਾ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਅਵਾਜ਼ ਬੁਲੰਦ ਕਰਦੀ ਹੈ। ਸਾਮੰਤਵਾਦ ਦੀ ਕੱਟੜ ਮਜ਼ਹਬੀ ਨੀਤੀ ਅਤੇ ਆਰਥਿਕ ਲੁੱਟ-ਖਸੁੱਟ ਦਾ ਵਿਰੋਧ ਕਰਦੀ ਹੈ ਅਤੇ ਬ੍ਰਾਹਮਣਵਾਦੀ ਕਰਮਕਾਂਡ ਦਾ ਖੰਡਨ ਕਰਦੀ ਹੈ। ਗੁਰਬਾਣੀ ਦੀ ਵਿਚਾਰਧਾਰਾ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਸੰਘਰਸ਼ ਕਰਨ ਦੀ ਪ੍ਰੇਰਨਾ ਨੂੰ ਵੀ ਜਗਾਉਂਦੀ ਹੈ।

ਭਾਰਤੀ ਸਮਾਜਿਕ ਸੰਰਚਨਾ ਅਨੁਸਾਰ, ਇੱਥੋਂ ਦੇ ਦਲਿਤ ਦੀ ਪਛਾਣ, ਪਰਿਭਾਸ਼ਾ ਅਤੇ ਸਰੂਪ ਨੂੰ ਸਮਝਣਾ ਜ਼ਰੂਰੀ ਹੈ। ਜੇਕਰ ਮਾਰਕਸੀ ਸਮਾਜ-ਸ਼ਾਸਤਰੀ ਦ੍ਰਿਸ਼ਟੀ ਤੋਂ ਬਾਹਰਮੁਖੀ ਰੂਪ ਵਿੱਚ ਦਲਿਤ ਦੀ ਪਛਾਣ, ਪਰਿਭਾਸ਼ਾ ਅਤੇ ਸਰੂਪ ਦੀ ਚਰਚਾ ਕਰਨੀ ਹੈ ਤਾਂ ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਉਹ ਵਰਗ ਹੈ ਜਿਹੜਾ ਸਦੀਆਂ ਤੋਂ ਪੈਦਾਵਰੀ ਸਾਧਨਾਂ, ਸਮਾਜਿਕ ਰੁਤਬੇ, ਸੱਭਿਆਚਾਰਕ ਗੌਰਵ, ਧਾਰਮਿਕ ਆਧਾਰਾਂ, ਰਾਜਨੀਤਿਕ ਆਧਾਰਾਂ ਅਤੇ ਕਲਾਵਾਂ ਤੋਂ ਵਿਛੁੰਨਿਆਂ ਹੋਇਆ ਹੈ। ਭਾਰਤੀ

ਦਲਿਤ ਦੀ ਵਿਭਿੰਨ ਸੱਭਿਆਚਾਰਾਂ ਅਤੇ ਸਮਾਜੀ-ਆਰਥਿਕ ਬਣਤਰਾਂ ਤੋਂ ਗੁਣਾਤਮਕ ਰੂਪ ਵਿੱਚ ਇਹ ਭਿੰਨਤਾ ਹੈ ਕਿ ਇਸ ਨੂੰ ਤਾਂ ਸਦੀਆਂ ਭਰ ਮਨੁੱਖ ਹੋਣ ਦਾ ਰੁਤਬਾ ਵੀ ਹਾਸਲ ਨਹੀਂ ਰਿਹਾ। ਇਹ ਵਰਗ ਅਧਿਕਾਰਾਂ ਤੋਂ ਵਿਛੁੰਨਿਆਂ ਹੋਇਆ ਹਮੇਸ਼ਾਂ ਹਾਸ਼ੀਆਗਤ ਰਿਹਾ ਹੈ। ਸਾਡੇ ਦੇਸ਼ ਵਿੱਚ ਜਮਾਤੀ ਤੇ ਜਾਤੀ ਵੰਡ ਸਮਾਜੀ ਹਕੀਕਤ ਦੇ ਦੋ ਪਹਿਲੂ ਹਨ। ਹਥਲੇ ਖੋਜ-ਪ੍ਰਬੰਧ ਵਿੱਚ ਹਾਸ਼ੀਆਗਤ ਵਰਗ ਵਿੱਚ ਜਿਸ ਦੂਜੀ ਧਿਰ ਸੰਬੰਧੀ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਉਹ ਔਰਤ ਹੈ। ਔਰਤ ਮਨੁੱਖੀ ਜੀਵਨ ਦਾ ਬੁਨਿਆਦੀ ਅੰਗ ਹੈ। ਆਦਿ ਯੁੱਗ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸਕ ਵਿਕਾਸ ਦੇ ਬਿਰਤਾਂਤ ਵਿੱਚ ਇਹ ਹਮੇਸ਼ਾਂ ਹੀ ਲਤਾੜੀ ਜਾਂਦੀ ਰਹੀ ਹੈ। ਜਿੱਥੇ ਇਸ ਨੂੰ ਆਰਥਿਕ ਵਸੀਲਿਆਂ ਤੋਂ ਵਾਂਝੇ ਕੀਤਾ ਗਿਆ ਉੱਥੇ ਸਮਾਜਿਕ ਤੇ ਸੱਭਿਆਚਾਰਕ ਤੌਰ ’ਤੇ ਮਰਦ ਦੇ ਅਧੀਨ ਕਰਦਿਆਂ ਇਸ ਨੂੰ ਰਾਜਸੀ ਪਿੜ ਤੋਂ ਲਗਭਗ ਬਾਹਰ ਹੀ ਰੱਖਿਆ ਜਾਂਦਾ ਰਿਹਾ। ਔਰਤ ਨੂੰ ਹੁਣ ਤੱਕ ਜੀਵਨ ਦੇ ਹਰ ਇੱਕ ਪੜਾਅ ’ਤੇ ਸਰੀਰਿਕ ਤੇ ਮਾਨਸਿਕ ਤਸੀਹੇ ਸਹਿਣੇ ਪਏ ਹਨ। ਵੇਦਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਗ੍ਰੰਥਾਂ ਵਿੱਚ ਵੀ ਇਸ ਨੂੰ ਕੋਈ ਸਨਮਾਨਯੋਗ ਥਾਂ ਨਹੀਂ ਦਿੱਤੀ ਗਈ। ਪਰ ਇਹ ਇਕ ਅਜਿਹਾ ਪੱਖ ਹੈ ਜਿਸ ਨੂੰ ਅਣਗੌਲਿਆ ਕਰਨਾ ਕਦਾਚਿਤ ਵਾਜਬ ਨਹੀਂ। ਇਸ ਖੋਜ ਵਿਸ਼ੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਧੀਨ ਇਹਨਾਂ ਦੋਨਾਂ ਮੁੱਖ ਮੁੱਦਿਆਂ ਉੱਪਰ ਕੰਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਬਾਣੀ ਦੀ ਵਿਚਾਰਧਾਰਾ ਅਧੀਨ ਉਸ ਸਮੇਂ ਫੈਲੇ ਧਾਰਮਿਕ ਪਖੰਡਾਂ, ਕਰਮਕਾਂਡਾਂ, ਤੀਰਥਾਂ, ਵਰਤਾਂ ਵਹਿਮਾਂ-ਭਰਮਾਂ ਬਾਰੇ ਸਚੇਤ ਕੀਤਾ ਗਿਆ ਹੈ। ਮੱਧਕਾਲੀਨ ਸਮੇਂ ਦੇ ਆਮ ਲੋਕ ਜਿਵੇਂ-ਜਿਵੇਂ ਗੁਰਬਾਣੀ ਨਾਲ ਜੁੜਦੇ ਗਏ ਉਵੇਂ-ਉਵੇਂ ਉਹਨਾਂ ਵਿੱਚ ਜਾਗਰੂਕਤਾ ਵਧਦੀ ਗਈ, ਕੁਰੀਤੀਆਂ ਜੇ ਪੂਰੀ ਤਰ੍ਹਾਂ ਦੂਰ ਨਹੀਂ ਹੋਈਆਂ ਤਾਂ ਬਹੁਤ ਹੱਦ ਤੱਕ ਘੱਟ ਜ਼ਰੂਰ ਗਈਆਂ। ਇਹ ਸੰਦੇਸ਼ ਮਿਲਿਆ ਕਿ ਜਾਤ-ਪਾਤ ਵਰਗੀ ਲਾਹਨਤ ਤੋਂ ਛੁਟਕਾਰਾ ਪਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੁੜਿਆ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਪਾਵਨ ਗ੍ਰੰਥ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਇੱਕ ਸਰਬ ਸਾਂਝਾ ਗ੍ਰੰਥ ਹੈ। ਦੁਨੀਆਂ ਦੇ ਸਾਰੇ ਪਵਿੱਤਰ ਗ੍ਰੰਥਾਂ ਵਿੱਚੋਂ ਇਹ ਸਭ ਤੋਂ ਆਧੁਨਿਕ ਗ੍ਰੰਥ ਹੈ।

ਨੋਬਲ ਇਨਾਮ ਜੇਤੂ ਸ੍ਰੀਮਤੀ ਪਰਲ ਐਸ ਬੱਕ ਨੇ ਲਿਖਿਆ ਹੈ ਕਿ ਉਸਨੇ ਦੁਨੀਆਂ ਦੇ ਕਈ ਮਹਾਨ ਧਰਮਾਂ ਦੇ ਗ੍ਰੰਥ ਪੜ੍ਹੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਜਿਸ ਤਰ੍ਹਾਂ ਦਿਲ ਅਤੇ ਦਿਮਾਗ ਨੂੰ ਪ੍ਰਭਾਵਿਤ ਕਰਦੀ ਹੈ ਉਸਦਾ ਕੋਈ ਮੁਕਾਬਲਾ ਨਹੀਂ।[1] ਇਸੇ ਤਰ੍ਹਾਂ ਡੰਕਨ ਗਰੀਨਲੀਜ਼ (Duncan Greenlees) ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਆਉਣ ਵਾਲੇ ਸਮਿਆਂ ਵਿੱਚ ਵੀ ਪੀੜ੍ਹੀ ਦਰ ਪੀੜ੍ਹੀ ਰਾਹ ਦਸੇਰਾ ਮੰਨਿਆ ਹੈ।[2] ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਪ੍ਰਸਿੱਧ ਫਿਲਾਸਫਰ ਡਾ. ਰਾਧਾ ਕ੍ਰਿਸ਼ਨਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮਨੁੱਖ ਦੀ ਸਦੀਵੀ ਅੰਦਰਲੀ ਸਚਾਈ ਦੀ ਅਵਾਜ਼ ਕਿਹਾ ਹੈ। ਦੁਨੀਆਂ ਦੇ ਜਿੰਨੇ ਵੀ ਧਾਰਮਿਕ ਗ੍ਰੰਥ ਹਨ ਜੇਕਰ ਉਹਨਾਂ ਦੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇੱਕ ਗੱਲ ਮੁੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਇਹ ਸਾਰੇ ਗ੍ਰੰਥ ਸੰਬੰਧਿਤ ਧਰਮ ਦੇ ਮੋਢੀਆਂ ਵੱਲੋਂ ਆਪ ਨਹੀਂ ਲਿਖੇ ਗਏ ਬਲਕਿ ਉਹਨਾਂ ਦੇ ਜੀਵਨ ਕਾਲ ਤੋਂ ਬਹੁਤ ਬਾਅਦ ਸ਼ਰਧਾਲੂਆਂ ਨੇ ਉਹਨਾਂ ਦੇ ਕਥਨਾਂ ਅਤੇ ਉਹਨਾਂ ਦੁਆਰਾ ਨਿਰਧਾਰਿਤ ਅਸੂਲਾਂ ਨੂੰ ਕਲਮਬੱਧ ਕੀਤਾ। ਇਸਦੇ ਉਲਟ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਲ ਕਰਦੇ ਹਾਂ ਤਾਂ ਇਸ ਪਾਵਨ ਗ੍ਰੰਥ ਦੀ ਪ੍ਰਮਾਣਿਕਤਾ ’ਤੇ ਕੋਈ ਕਿੰਤੂ-ਪ੍ਰੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਇਹ ਪ੍ਰਮਾਣਿਕ ਤੱਥ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨ, ਸੰਤਾਂ, ਭਗਤਾਂ, ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਨੂੰ ਇਕੱਤਰ ਕਰਨ ਦਾ ਉਪਰਾਲਾ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਜਾਤ-ਪਾਤ ਦਾ ਖੰਡਨ ਕਰਨ ਵਾਲੀ ਹੈ। ਇਸਦਾ ਸਭ ਤੋਂ ਵੱਡਾ ਉਦਾਹਰਨ ਇਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਹੋਰ ਭਗਤਾਂ ਦੀ ਬਾਣੀ ਦੀ ਚੋਣ ਕਰਨ ਵੇਲੇ ਭਗਤਾਂ ਦੀ ਜਾਤ-ਪਾਤ ਦਾ ਧਿਆਨ ਨਹੀਂ ਰੱਖਿਆ ਸਗੋਂ ਇਹ ਦੇਖਿਆ ਕਿ ਉਹਨਾਂ ਦੀ ਰਚਨਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ ਹੈ। ਗੁਰਬਾਣੀ ਇਕ ਪਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ ਦੀ ਧਾਰਨੀ ਹੈ ਅਤੇ ਸਮੂਹ ਮਾਨਵ ਜਾਤੀ

[1] www.sikhiwiki.org

[2] www.scribd.com "Duncan Greenlees, Gospal of Guru Granth Sahib Ji

ਉਸਦੀ ਇੱਕ ਸੰਤਾਨ ਹੈ। ਗੁਰਬਾਣੀ ਅਨੁਸਾਰ ਦਰਗਾਹੇ ਮੁੱਲ ਪੈਣਾ ਹੈ, ਕੀਤੇ ਚੰਗੇ ਕੰਮਾਂ ਦਾ। ਉੱਥੇ ਜਾਤ-ਪਾਤ ਦੀ ਕੋਈ ਪੁੱਛ ਪਰਤੀਤ ਨਹੀਂ ਹੋਣੀ।

ਜਾਤਿ ਜਨਮ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

(ਗੁਰੂ ਗ੍ਰੰਥ ਪੰਨਾ 1330)

ਮੱਧਕਾਲੀਨ ਮਾਨਵ-ਇਤਿਹਾਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਤੇ ਸੰਪਾਦਨ ਮਨੁੱਖਤਾ ਲਈ ਇਤਿਹਾਸਕ ਦੇਣ ਹੈ ਜਿਸ ਦਾ ਮਾਣ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੈ। ਬਾਰਵੀਂ ਤੋਂ ਸਤਾਰ੍ਹਵੀਂ ਸਦੀ ਤੱਕ ਦੇ ਸਮੇਂ ਵਿੱਚ ਵੱਖ-ਵੱਖ ਪ੍ਰਾਂਤਾਂ ਦੀ ਜਨਮ-ਭੂਮੀ ਨੂੰ ਭਾਗ ਲਾਉਂਦਿਆਂ, ਇਹ ਧਰਤ ਨੂੰ ਸੁਹਾਵੀ ਤੇ ਹਰਿਆਵਲੀ ਬਣਾਉਣ ਵਾਲੇ ਛੇ ਸਿੱਖ ਗੁਰੂਆਂ ਤੇ ਤੀਹ ਮਹਾਂਪੁਰਖਾਂ ਦੀ 'ਧੁਰ ਕੀ ਬਾਣੀ' ਇਸ ਪਾਵਨ ਗ੍ਰੰਥ ਵਿੱਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਇਲਾਹੀ ਬਾਣੀ ਦਾ ਵੱਡਾ ਹਿੱਸਾ ਤਾਂ ਲੋਕ ਮਾਨਸ ਦੀ ਚੇਤਨਾ ਵਿੱਚ ਇਸ ਤਰ੍ਹਾਂ ਘਰ ਕਰ ਗਿਆ ਹੈ ਕਿ ਇਸ ਨੂੰ ਪੜ੍ਹਨ, ਸੁਣਨ ਅਤੇ ਵਿਚਾਰਨ ਇਸਦੇ ਗਾਇਨ ਅਤੇ ਲਈ ਕੰਨ, ਨੇਤਰ ਅਤੇ ਮਨ ਅਤੇ ਕੰਠ ਵਾਰ-ਵਾਰ ਲੋਚਦੇ ਹਨ। ਇਸ ਪਾਵਨ ਗ੍ਰੰਥ ਦੇ ਸ਼ਬਦ ਹਰ ਪਲ ਹਰ ਘੜੀ ਤਰੋਤਾਜ਼ਾ ਰੱਖਦੇ ਹਨ ਅਤੇ ਖਿੜੇ ਗੁਲਾਬ ਵਰਗੀ ਖੁਸ਼ਬੋ ਨਿਰੰਤਰ ਆਉਂਦੀ ਰਹਿੰਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਪਾਵਨ ਗ੍ਰੰਥ ਦੇ ਬਾਣੀਕਾਰਾਂ ਨੇ ਜਨ ਸਾਧਾਰਨ ਦੇ ਦੁਖ-ਦਰਦ ਨੂੰ ਸਮਝਿਆ, ਫਿਰ ਵਿਸ਼ਲੇਸ਼ਣ ਕੀਤਾ ਅਤੇ ਇਸ ਉਪਰੰਤ ਇਸ ਦਾ ਹੱਲ ਪ੍ਰਸਤੁਤ ਕੀਤਾ। ਇੱਥੋਂ ਤੱਕ ਕਿ ਭਗਤ ਨਾਮਦੇਵ, ਕਬੀਰ ਅਤੇ ਰਵਿਦਾਸ ਜੀ ਵਰਗੇ ਮਹਾਂਪੁਰਸ਼ਾਂ ਨੇ ਤਾਂ ਆਪਣੇ ਵਰਗ ਦਾ ਦਰਦ ਆਪ ਹੰਢਾਇਆ ਅਤੇ ਇਸ ਨੂੰ ਮਿਟਾਉਣ ਦਾ ਮਾਰਗ ਦਰਸਾਇਆ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਵੱਲੋਂ ਸਿਰਜੇ ਮਾਨਵ ਹਿਤੂ ਸਿਧਾਂਤ ਅਮਲੀ ਜੀਵਨ ਵਿੱਚੋਂ ਉਪਜੇ ਹਨ, ਜੋ ਅੱਜ ਵੀ ਅਨੁਕਰਣ ਯੋਗ ਹਨ। ਇਹ ਸਿਧਾਂਤ ਕੇਵਲ ਬੌਧਿਕ ਸੰਵਾਦ ਰਚਾਉਣ ਦੀ ਜੁਗਤ ਨਹੀਂ ਹਨ ਸਗੋਂ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਲਈ ਸਿੱਖਿਆ ਦਿੰਦੇ ਹਨ। ਮਨੁੱਖ ਦੀ ਪਹਿਚਾਣ ਉਸ ਦੇ ਕਰਮ ਤੋਂ ਹੁੰਦੀ ਹੈ। ਜਿਹੜਾ

ਵੀ ਸਿਧਾਂਤ ਮਾਨਵ-ਜੀਵਨ ਵਿੱਚ ਅਮਲੀ ਰੂਪ ਧਾਰਨ ਨਹੀਂ ਕਰ ਸਕਦਾ ਉਹ ਸਿਧਾਂਤ ਨਹੀਂ ਕੇਵਲ ਦਿਖਾਵਾ ਅਤੇ ਭੇਖ ਹੁੰਦਾ ਹੈ। ਜਿਸ ਸਮੇਂ ਕਥਨੀ ਅਤੇ ਕਰਨੀ ਵਿੱਚ ਇਕਸੁਰਤਾ ਤੇ ਇਕਸਾਰਤਾ ਦੀ ਸਾਂਝ ਟੁੱਟ ਜਾਵੇ ਉਸ ਸਮੇਂ ਮਾਨਵ-ਮਨ ਆਪਹੁਦਰਾ ਬਣ ਜਾਂਦਾ ਹੈ। ਉਸ ਦੀ ਰੁਚੀ ਸਵਾਰਥ ਪ੍ਰਧਾਨ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਮਾਨਵ ਸੋਚ ਸੱਚ, ਨੇਕੀ, ਸੇਵਾ, ਪਰਉਪਕਾਰ ਆਦਿ ਦੇ ਗੁਣਾਂ ਦੀ ਡੋਰ ਢਿੱਲੀ ਛੱਡ ਦਿੰਦੀ ਹੈ ਅਤੇ ਉਸ ਵਿਚਲੀ ਸਰਬ-ਸਾਂਝੀਵਾਲਤਾ ਵਾਲੀ ਭਾਵਨਾ ਦਬ ਜਾਂਦੀ ਹੈ। ਇਸ ਪੱਖੋਂ ਸ੍ਰੀ ਗੁਰੂ ਸਾਹਿਬ ਜੀ ਦੇ ਬਾਣੀਕਾਰਾਂ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਹੀ ਇਹ ਹੈ ਕਿ ਉਹਨਾਂ ਨੇ ਅਜਿਹੇ ਸਿਧਾਂਤਾਂ ਦੀ ਸਿਰਜਣਾ ਕੀਤੀ ਜੋ ਵਿਵਹਾਰਕ ਪੱਧਰ ’ਤੇ ਮਾਨਵ ਜੀਵਨ ਵਿੱਚ ਕਾਰਜਸ਼ੀਲ ਹੋ ਕੇ ਆਦਰਸ਼ ਮਨੁੱਖ ਬਣਾਉਣ ਦੇ ਸਮਰੱਥ ਹਨ। ਉਹਨਾਂ ਦਾ ਮਤ ਬੜਾ ਸਪੱਸ਼ਟ ਹੈ ਕਿ ਸਿਧਾਂਤ ਅਮਲ ਵਿੱਚੋਂ ਹੀ ਉਪਜਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਰੂਹਾਨੀਅਤ ਦੇ ਇਲਾਵਾ ਸਾਨੂੰ ਭਾਸ਼ਾਈ ਸੰਸਕ੍ਰਿਤੀ ਵੀ ਦਿੱਤੀ ਹੈ। ਇਸ ਪਾਵਨ ਬਾਣੀ ਵਿੱਚ ਲੋੜ ਅਨੁਸਾਰ ਕਈ ਜ਼ਬਾਨਾਂ ਦੇ ਸ਼ਬਦ ਹਨ। ਆਪਣੀ ਗੱਲ ਕਹਿ ਸਕਣਾ ਇੱਕ ਕਲਾ ਹੈ ਤੇ ਗੱਲ ਇਸ ਤਰ੍ਹਾਂ ਕਹਿਣਾ ਕਿ ਦੂਜਿਆਂ ਨੂੰ ਬਰਾਬਰ ਸਮਝ ਆ ਜਾਏ ਇੱਕ ਵੱਡੀ ਕਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਇਸ ਕਲਾ ਦੇ ਭਰਪੂਰ ਦਰਸ਼ਨ ਹੁੰਦੇ ਹਨ ਅਤੇ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਉਹਨਾਂ ਦੀ ਵਰਤੋਂ ਵਿੱਚ ਸਪੱਸ਼ਟਤਾ ਦਾ ਪਹਿਲੂ ਪੂਰਨ ਤੌਰ ’ਤੇ ਉਜਾਗਰ ਹੈ। ਮੂਲ ਮੰਤਰ ਦੀ ਨਵੇਕਲੀ ਬੁਨਿਆਦੀ ਅਹਿਮੀਅਤ ਹੈ।

ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਨ-ਵਿਵਸਥਾ ਦੀ ਮਿਥ ਨੂੰ ਰੁਹਾਨੀ ਧਰਾਤਲ ਉੱਤੇ ਰੱਦ ਕਰ ਦਿੰਦਾ ਹੈ। ਇਹ ਪਾਰਗਾਮੀ ਹਸਤੀ (ਬ੍ਰਹਮ) ਦੇ ਸਾਹਮਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਸਥਾਪਿਤ ਕਰਦਾ ਹੈ ਅਤੇ ਜਾਤਿ ਦੀ ਥਾਂਵੇਂ ਜੋਤਿ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।

ਹੱਥ ਦੀਆਂ ਪੰਜ ਉਂਗਲਾਂ ਬਰਾਬਰ ਤਾਂ ਨਹੀਂ ਹੁੰਦੀਆਂ ਪਰ ਪੰਜਾਂ ਦੀ ਸਾਂਝੀਵਾਲਤਾ ਵਿੱਚ ਸ਼ਕਤੀ ਹੁੰਦੀ ਹੈ। ਇਸੇ ਤਰ੍ਹਾਂ ਸਾਰੇ ਮਨੁੱਖ ਇੱਕ ਦੂਜੇ ਦੇ ਬਰਾਬਰ ਤਾਂ ਨਹੀਂ ਹੁੰਦੇ ਪਰ 'ਸਭੈ ਸਾਂਝੀਵਾਲ ਸਦਾਇਣ' ਅਤੇ 'ਏਕ ਪਿਤਾ ਏਕਸ ਕੇ ਹਮ-ਬਾਰਿਕ' ਦੇ ਅਸੂਲ ਮੁਤਾਬਕ ਇੱਕ ਸੁੰਦਰ ਸਮਾਜ ਸਿਰਜ

ਸਕਦੇ ਹਨ। ਉੱਤਮ-ਨੀਚ ਦੇ ਰੱਬੀ ਵਰਤਾਰੇ ਨੂੰ ਸਮਝਣ ਲਈ ਜਪੁਜੀ ਸਾਹਿਬ ਦੀ ਦੂਸਰੀ ਪਉੜੀ ਵਿੱਚ 'ਹੁਕਮੀ ਉਤਮ ਨੀਚ' ਨੂੰ ਤੇਤੀਵੀਂ ਪਉੜੀ ਦੀ ਅਖਰੀਲੀ ਪੰਕਤੀ 'ਨਾਨਕ ਉਤਮ ਨੀਚ ਨਾ ਕੋਇ' ਦੇ ਨਾਲ ਪੜ੍ਹਿਆ ਜਾ ਸਕਦਾ ਹੈ। ਗੁਰਬਾਣੀ ਤੋਂ ਨਰੋਏ ਸਮਾਜ ਦੀ ਉਸਾਰੀ ਲਈ ਸਾਂਝੀਵਾਲਤਾ, ਬਰਾਬਰੀ ਤੇ ਅਜ਼ਾਦੀ ਦੀ ਸੇਧ ਮਿਲਦੀ ਹੈ। ਭਗਤ ਰਵੀਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 345 'ਤੇ ਇਲਾਹੀ ਸ਼ਹਿਰ ਬੇਗਮਪੁਰਾ ਦਾ ਵੇਰਵਾ ਇਸ ਤਰ੍ਹਾਂ ਦਿੰਦੀ ਹੈ।

ਬੇਗਮਪੁਰਾ ਸਹਰ ਕੋ ਨਾਉ

ਦੂਖੁ ਅੰਦੋਹੁ ਨਹੀਂ ਤਿਹਿ ਠਾਉ।

ਨਾ ਤਸਵੀਸ ਖਿਰਾਜ ਨ ਮਾਲੁ

ਖਉਫੁ ਨ ਖਤਾ ਨ ਤਰਸ ਜਵਾਲ

ਅਬ ਮੋਹਿ ਖੂਬ ਵਤਨਗਹ ਪਾਈ

ਉਹਾਂ ਖੈਰਿ ਸਦਾ ਮੇਰੇ ਭਾਈ। ਰਹਾਉ॥

----

ਕਹਿ ਰਵਿਦਾਸ ਖਲਾਸ ਚਮਾਰਾ

ਜੋ ਹਮ ਸਹਰੀ ਸੁ ਮੀਤ ਹਮਾਰਾ।

(ਗੁਰੂ ਗ੍ਰੰਥ ਪੰਨਾ, 345)

ਰੱਬ ਨਾਲ ਮੇਲ ਵਾਲੀ ਆਤਮਿਕ ਦਸ਼ਾ, ਜੋ ਉਪਰੋਕਤ ਬਾਣੀ ਵਿੱਚ ਅੰਕਿਤ ਹੈ, ਰੱਬੀ ਘਰ ਵਿੱਚ ਹੀ ਹੋ ਸਕਦੀ ਹੈ। ਇਸ ਰੱਬੀ ਘਰ ਵਿਚ ਸਦੀਵੀ ਸੁਖ, ਸ਼ਾਂਤੀ ਅਜ਼ਾਦੀ ਤੇ ਆਨੰਦ ਹੈ। ਇਸ ਰੱਬੀ ਘਰ ਨੂੰ ਭਗਤ ਜੀ ਨੇ ਇੱਕ ਆਦਰਸ਼ਕ ਲੋਕ-ਰਾਜ ਨਾਲ ਤੁਲਨਾਇਆ ਹੈ ਜਿੱਥੇ ਕਿਸੇ ਨਿਵਾਸੀ ਨੂੰ ਕੋਈ ਡਰ, ਗਮ, ਵਿਤਕਰੇ, ਬੰਦਸ਼ ਜਾਂ ਪਾਬੰਦੀ ਨਹੀਂ। ਐਸੀ ਸਾਂਝੀਵਾਲਤਾ ਦਾ ਸਤਿਯੁਗੀ ਸੁਪਨਾ ਕਲਜੁਗ ਵਿੱਚ ਗੁਰਬਾਣੀ ਰਾਹੀਂ ਸਾਡੇ ਸਾਹਮਣੇ ਆਉਂਦਾ ਹੈ। ਸਿੱਖ ਸ਼ਬਦ-ਮਾਡਲ ਦੀ ਭੂਮਿਕਾ ਨੂੰ ਸਿੱਖ ਧਰਮ ਚਿੰਤਨ ਦਾ ਵਿਲੱਖਣ ਯੋਗਦਾਨ ਪਰਵਾਨ ਕੀਤਾ ਜਾ ਸਕਦਾ ਹੈ। ਸਿੱਖ ਧਰਮ ਚਿੰਤਨ ਵਿੱਚ ਪੂਰਬ ਨਿਸ਼ਚਿਤ ਕੁਝ ਵੀ ਨਹੀਂ ਹੈ। ਜੇ ਅਜਿਹਾ ਭਰਮ ਕਿਸੇ ਅਵੇਚਤਨ ਦਾ ਹਿੱਸਾ ਹੈ ਤਾਂ ਵੀ ਉਸ ਨੂੰ 'ਨਾਮ

ਜਪਣ, ਕਿਰਤ ਕਰਨ ਅਤੇ ਵੰਡ ਛਕਣਾ ਦੀ ਜੁਗਤ ਰਾਹੀਂ ਸਚੇਤ ਅਤੇ ਅਚੇਤ ਵਿੱਚ ਸਤੁੰਲਨ ਸਥਾਪਿਤ ਕਰਨ ਦੀ ਹਦਾਇਤ ਦੇਣਾ ਸ਼ਬਦ-ਮਾਡਲ ਦਾ ਮੁੱਢਲਾ ਸਰੋਕਾਰ ਹੈ। ਸਹਿਜ ਇਸ ਦੀ ਸੰਗਯਾ ਹੈ ਅਤੇ ਰਹਿਤ ਮਰਯਾਦਾ ਇਸ ਦਾ ਮਾਧਿਅਮ ਹੈ। ਪਰ ਆਗਾਜ਼ ਨੂੰ ਅੰਤ ਅਤੇ ਮਾਧਿਅਮ ਨੂੰ ਮੰਜ਼ਲ ਸਮਝ ਲੈਣ ਦੇ ਭਰਮ ਤੋਂ ਮੁਕਤ ਹੋ ਕੇ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਇਸ ਦਾ ਇੱਕੋ ਇੱਕ ਰਾਹ ਹੈ ਕਿ ਸ਼ਬਦ ਗੁਰੂ ਦਾ ਪ੍ਰਸੰਗ ਸਮਝਿਆ ਜਾਵੇ। ਇਸ ਸਫਰ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਪਰ ਇਸ ਦਾ ਪ੍ਰਮਾਣਿਕ ਬਾਣੀ ਸ੍ਰੋਤ ਸ੍ਰੀ ਗੁਰੂ ਅਰਜਨ ਦੇਵ ਹੱਥੋਂ 1604 ਈ. ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਹੋਣ ਨਾਲ ਹੋਇਆ। ਇਸ ਨਾਲ ਇਹ ਸਥਾਪਿਤ ਹੋਇਆ ਸੀ ਕਿ ਸਿੱਖ ਗੁਰੂ ਦਾ ਹੈ ਪਰ ਸਿੱਖਾਂ ਦੀਆਂ ਕਮਜ਼ੋਰੀਆਂ ਗੁਰੂ ਦੀਆਂ ਕਮਜ਼ੋਰੀ ਨਹੀਂ ਹਨ।[3]

ਦਲਿਤ ਅਤੇ ਔਰਤ ਅਜਿਹੇ ਵਿਸ਼ੇ ਹਨ ਜੋ ਹਾਸ਼ੀਆਗਤ ਸ਼੍ਰੇਣੀ ਵਿੱਚ ਰੱਖੇ ਜਾ ਸਕਦੇ ਹਨ। ਹਾਸ਼ੀਆਗਤ ਸਮੂਹ ਪ੍ਰਭਾਵੀ ਸਮੂਹਾਂ ਨਾਲ ਆਪਣੇ ਸੰਬੰਧਾਂ ਵਿੱਚੋਂ ਹੀ ਆਪਣੀ ਪਛਾਣ ਦਰਸਾਉਂਦੇ ਨਜ਼ਰ ਆਉਂਦੇ ਹਨ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਹਨਾਂ ਨੀਵੇਂ ਨਿਤਾਣੇ ਅਤੇ ਦਬੇ-ਕੁਚਲੇ ਲੋਕਾਂ ਦਾ ਪੱਖ ਪੂਰਦੇ ਹਨ ਜੋ ਤਤਕਾਲੀਨ ਵਿਵਸਥਾ ਵਿੱਚ ਧਾਰਮਿਕ ਵਿਤਕਰੇ, ਆਰਥਿਕ ਸ਼ੋਸ਼ਣ ਅਤੇ ਸਮਾਜਿਕ ਅਨਿਆਂ ਦਾ ਸ਼ਿਕਾਰ ਹਨ।

ਹਾਸ਼ੀਆਗਤ ਸ਼ਬਦ ਸੱਬਾਲਟਰਨ ਅੰਗਰੇਜ਼ੀ ਸ਼ਬਦ (Subaltern) ਦਾ ਪੰਜਾਬੀ ਰੂਪ ਹੈ। ਇਸ ਸ਼ਬਦ ਦਾ ਇੱਕ ਲੰਬਾ ਇਤਿਹਾਸ ਹੈ। ਮੱਧਕਾਲੀ ਇੰਗਲੈਂਡ ਵਿੱਚ ਇਹ ਸ਼ਬਦ ਗੁਲਾਮਾਂ ਅਤੇ ਕਿਸਾਨਾਂ ਲਈ ਵਰਤਿਆ ਜਾਂਦਾ ਸੀ। 1770 ਤੱਕ ਇਸ ਨੂੰ ਮਿਲਟਰੀ ਦੇ ਛੋਟੇ ਰੈਂਕਾਂ ਲਈ ਵਰਤਿਆ ਜਾਣ ਲੱਗਾ। ਹਾਸ਼ੀਆਗਤ ਸ਼੍ਰੇਣੀਆਂ ਦਾ ਸ਼ੋਸ਼ਿਤ ਸ਼੍ਰੇਣੀਆਂ ਵਜੋਂ ਅਧਿਐਨ ਅਸਲ ਵਿੱਚ 1966 ਵਿੱਚ **ਗ੍ਰਾਮਸੀ** ਦੀ ਰਚਨਾ "**ਮਾਡਰਨ ਪ੍ਰਿੰਸ**" ਸਾਹਮਣੇ ਆਉਣ ਨਾਲ ਵਿਕਸਿਤ ਹੋਇਆ। ਹਰੀਜਨ, ਦਲਿਤ, ਨਿਮਨ ਵਰਗ, ਹਾਸ਼ੀਆਗਤ ਵਰਗ ਇਹ ਸਭ ਜਾਤ-ਪਾਤ ਦੇ ਹੀ ਅੰਗ ਹਨ। ਗੁਰੂ

[3] ਡਾ. ਸਰਬਜਿੰਦਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨ ਜੁਗਤਿ, ਪੰਨਾ-32.

ਸਾਹਿਬਾਨ ਨੇ ਜਾਤ-ਪਾਤ ਵਿੱਚ ਗ੍ਰਸਿਤ ਇਸ ਸਮਾਜ ਵਿੱਚ ਇੱਕ ਚਾਨਣ ਦੀ ਕਿਰਨ ਜਗਾਈ ਅਤੇ ਮਨੁੱਖਾਂ ਨੂੰ ਇਹਨਾਂ ਤੰਗ ਵਲਗਣਾਂ ਵਿੱਚੋਂ ਕੱਢ ਕੇ ਇੱਕ ਸੰਤੁਲਿਤ ਅਤੇ ਰਿਸ਼ਟ-ਪੁਸ਼ਟ ਸਮਾਜ ਦੀ ਸਿਰਜਣਾ ਕੀਤੀ, ਜਿਸ ਵਿੱਚ ਸਾਰੇ ਵਰਗਾਂ ਦੇ ਲੋਕ ਜਾਤ-ਪਾਤ ਜਿਹੀ ਬੁਰਾਈ ਤੋਂ ਦੂਰ ਰਹਿ ਕੇ ਸਮਾਜ ਦੀ ਤਰੱਕੀ ਅਤੇ ਅਗਵਾਈ ਲਈ ਕੰਮ ਕਰਨ ਲੱਗੇ।

"ਦਲਿਤ" ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ-ਦਬਿਆ, ਕੁਚਲਿਆ ਜਾਂ ਲਿਤਾੜਿਆ ਹੋਇਆ। ਅਜੋਕੇ ਸੰਦਰਭ ਵਿੱਚ ਇਸਦੀ ਵਰਤੋਂ ਅਤਿਆਚਾਰ ਦੇ ਸ਼ਿਕਾਰ ਲੋਕਾਂ ਜਾ ਦਮਿਤ ਵਰਗਾਂ ਲਈ ਕੀਤੀ ਜਾਂਦੀ ਹੈ ਜਿਸਦਾ ਸਮਾਨਾਂਤਰ ਅੰਗਰੇਜ਼ੀ ਸ਼ਬਦ 'the oppressed' ਹੈ। ਇਸ ਸ਼ਬਦ ਦੀ ਵਰਤੋਂ ਪਹਿਲੀ ਵਾਰ ਮਹਾਰਾਸ਼ਟਰ ਦੇ ਕ੍ਰਾਂਤੀਕਾਰੀ ਸਮਾਜ ਸੁਧਾਰਕ ਆਗੂ ਅਤੇ ਗ਼ੈਰ-ਬ੍ਰਾਹਮਣ ਲਹਿਰ (ਸੱਤਿਆਸ਼ੋਧਕ ਸਮਾਜ) ਦੇ ਬਾਨੀ **ਜੋਤੀਬਾ ਫੂਲੇ** ਨੇ ਕੀਤੀ। ਉਸ ਨੇ ਭਾਰਤੀ ਸਮਾਜ ਦੀ ਜਾਤੀ-ਪ੍ਰਥਾ ਹੱਥੋਂ ਪੀੜਤ ਅਤੇ ਦਮਿਤ ਅਛੂਤ ਜਾਤੀਆਂ ਨੂੰ ਦਲਿਤ ਦਾ ਨਾਮ ਦਿੱਤਾ।

ਗੁਰਬਾਣੀ ਇੱਕ ਅਜਿਹੇ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਉਪਰਾਲਾ ਕਰਦੀ ਹੈ ਜੋ ਨਿੱਜ ਕੇਂਦਰਿਤ ਜਾਂ ਹਉਮੈਂਪਾਰੀ ਜੀਵਨ-ਜਾਚ ਦੀ ਤੰਗ ਵਲਗਣ ਵਿੱਚੋਂ ਨਿਕਲ ਕੇ ਆਪੇ ਅਤੇ ਬ੍ਰਹਿਮੰਡ ਨਾਲ ਇੱਕਸੁਰ ਹੋ ਕੇ ਜਿਉਂ ਸਕੇ ਅਤੇ ਹਰ ਕਿਸਮ ਦੇ ਮਸਨੂਈ ਵਿਤਕਰਿਆਂ ਤੋਂ ਨਿਰਲੇਪ ਹੋ ਕੇ ਵਿੱਚਰ ਸਕੇ। ਇਸ ਮੰਤਵ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ-ਪ੍ਰਬੰਧ ਨੂੰ ਨਿਰੋਲ ਰੁਹਾਨੀਅਤ ਦੇ ਪਰਮਾਰਥਿਕ, ਸਮਾਜਿਕ ਅਤੇ ਰਾਜਨੀਤਿਕ ਯਥਾਰਥ ਨਾਲ ਜੋੜ ਕੇ ਸਮਝਣਾ ਚਾਹੀਦਾ ਹੈ। ਹਾਸ਼ੀਆਗਤ ਵਰਗ ਨਾਲ ਸੰਬੰਧਿਤ ਦਲਿਤ ਸ਼ਬਦ ਦਾ ਕੋਸ਼ੀ ਅਰਥ ਹੈ- ਦਬਿਆ-ਕੁਚਲਿਆ ਜਾਂ ਲਿਤਾੜਿਆ ਹੋਇਆ ਮਨੁੱਖ। ਪਰ ਅਜੋਕੇ ਸਮੇਂ ਵਿੱਚ ਇਸ ਦੀ ਵਰਤੋਂ ਸਨਾਤਨੀ ਵਰਨ-ਵਿਵਸਥਾ ਜਾਂ ਜਾਤੀ ਪ੍ਰਥਾ ਅਨੁਸਾਰ ਪਛੜੀਆਂ ਸ਼੍ਰੇਣੀਆਂ, ਪਛੜੇ ਕਬੀਲਿਆਂ ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਸਮੁੱਚੇ ਭਾਰਤ ਵਿੱਚ ਦਲਿਤ ਚੇਤਨਾ ਨਾਲ ਸੰਬੰਧਿਤ ਇਹ ਪਹਿਲਾ ਮਹੱਤਵਪੂਰਨ ਪਾਵਨ ਗ੍ਰੰਥ ਹੈ।

ਸੱਚ ਤਾਂ ਇਹ ਹੈ ਕਿ ਸਭ ਤੋਂ ਪਹਿਲਾਂ ਮੱਧਕਾਲੀਨ ਭਾਰਤ ਵਿੱਚ ਸੰਤਾਂ, ਭਗਤਾਂ ਅਤੇ ਗੁਰੂ-ਸਾਹਿਬਾਨ ਨੇ ਜਾਤੀ-ਪ੍ਰਥਾ ਹੱਥੋਂ ਪੀੜਤ ਵਰਗਾਂ ਦੇ ਪੱਖ ਵਿੱਚ ਅਵਾਜ਼ ਬੁਲੰਦ ਕੀਤੀ।

ਪ੍ਰਾਚੀਨ ਭਾਰਤੀ ਸਮਾਜ ਵਿੱਚ ਵਰਨ-ਵੰਡ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਧਸ ਚੁੱਕੀਆਂ ਸਨ ਕਿ ਇੱਥੇ ਕੋਈ ਵੀ ਵਿਚਾਰਧਾਰਾ ਇਸਦੇ ਪਰਛਾਵੇਂ ਤੋਂ ਅਛੂਤੀ ਨਹੀਂ ਰਹਿ ਸਕਦੀ ਸੀ। ਦੂਜੇ ਅਧਿਆਇ ਵਿੱਚ ਵਰਨ-ਵੰਡ ਨਾਲ ਸੰਬੰਧਿਤ ਸਾਹਿਤ ਦਾ ਅਸੀਂ ਪ੍ਰਾਚੀਨ ਕਾਲ ਦੇ ਅਤੇ ਮੱਧਵਰਤੀ ਕਾਲ ਦੇ ਸਾਹਿਤ ਅਧੀਨ ਅਧਿਐਨ ਕੀਤਾ ਹੈ ਅਤੇ ਭਾਰਤੀ ਸਮਾਜ ਵਿਚਲੀ ਵਰਨ-ਵੰਡ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਪੁਰਾਤਨ ਗ੍ਰੰਥ ਰਿਗਵੇਦ ਵਿੱਚ ਵਰਨ-ਵੰਡ ਵਿਵਸਥਾ ਦਰਸਾਈ ਹੈ। ਰਿਗਵੇਦ ਦਾ ‘ਪੁਰਸਸੂਤਕ’ ਸਲੋਕ ਇਸ ਗੱਲ ਦੀ ਗਵਾਹੀ ਭਰਦਾ ਹੈ। ‘ਪੁਰਸਸੂਤਕ’ ਤੋਂ ਭਾਰਤੀ ਸਮਾਜ ਦੇ ਚਤੁਰਵਰਨ ਦਾ ਅਰੰਭ ਮੰਨਿਆ ਜਾਂਦਾ ਹੈ। ਇਹ ਸਿਰਫ ਚਾਰ ਵਰਨਾਂ ਦੀ ਗਿਣਤੀ ਹੀ ਨਹੀਂ ਕਰਦਾ ਸਗੋਂ ਉਹਨਾਂ ਦੇ ਹਿੱਸੇ ਦੇ ਕਾਰਜ ਵੀ ਦਰਸਾਉਂਦਾ ਹੈ। ਸੋ ਜ਼ਾਹਰਾ ਤੌਰ ’ਤੇ ਅਸੀਂ ਆਖ ਸਕਦੇ ਹਾਂ ਕਿ ਰਿਗਵੇਦ ਵਿੱਚ ਸ਼ੂਦਰ ਵਰਨ ਦੀ ਵਿਵਸਥਾ ਸੀ ਜੋ ਨਿਮਨ ਵਰਗ ਦੇ ਤੌਰ ’ਤੇ ਜਾਣਿਆ ਜਾਂਦਾ ਸੀ ਅਤੇ ਇਸ ਨੂੰ ਉਪਰਲੇ ਵਰਨਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਸਿਮ੍ਰਿਤੀ ਸਾਹਿਤ ਇਸ ਪ੍ਰਥਾ (ਵਰਨ-ਵੰਡ) ਨੂੰ ਧਾਰਮਿਕ ਰੂਪ ਦਿੰਦਾ ਹੈ। ਇਸ ਅਨੁਸਾਰ ਕਿੱਤੇ ਆਧਾਰਿਤ ਵਰਨ-ਵੰਡ ਪਿਛਲੇ ਜਨਮ ਵਿੱਚ ਕੀਤੇ ਕਰਮਾਂ ਦਾ ਫਲ ਹੈ। ਇਸ ਜਨਮ ਵਿੱਚ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣ ਨਾਲ ਹੀ ਅਗਲੇ ਜਨਮ ਵਿੱਚ ਉੱਚ ਜਾਤੀ ਪ੍ਰਾਪਤ ਹੋ ਸਕਦੀ ਹੈ। ਬ੍ਰਾਹਮਣ ਭਾਵੇਂ ਇਖਲਾਕਹੀਣ ਹੀ ਹੋਵੇ ਪੂਜਣਯੋਗ ਹੈ ਅਤੇ ਸ਼ੂਦਰ ਚਾਹੇ ਸਦਾਚਾਰੀ ਹੋਵੇ ਆਦਰ ਯੋਗ ਨਹੀਂ ਹੈ। ਚਾਣਕਿਆ ਦਾ ਅਰਥਸ਼ਾਸਤਰ ਇੱਕ ਪ੍ਰਾਚੀਨ ਰਚਨਾ ਮੰਨੀ ਗਈ ਹੈ। ਚਾਣਕਿਆ ਨੇ ਆਪਣੀ ਇਸ ਪੁਸਤਕ ਵਿੱਚ ਰਾਜ, ਰਾਜੇ ਦੀਆਂ ਜ਼ਿੰਮੇਵਾਰੀਆਂ, ਪਰਜਾ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ਾਂ, ਸਮਾਜ ਵਿਚਲੀ ਵਰਨ-ਵੰਡ ਅਤੇ ਉਸ ਵੰਡ ਅਨੁਸਾਰ ਨਿਸ਼ਚਿਤ ਕੀਤੇ ਕੰਮਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ।

ਚਾਣਕਿਆ ਨੇ ਸ਼ੂਦਰ ਲਈ ਬਹੁਤ ਨੀਵੇਂ ਪੱਧਰ ਦੇ ਕੰਮ ਦਰਸਾਏ ਹਨ ਅਤੇ ਉਹਨਾਂ ਪ੍ਰਤੀ ਜ਼ਾਲਮ ਰਵੱਈਆ ਰੱਖਿਆ ਹੈ। ਅਰਥਸ਼ਾਸਤਰ ਵਿੱਚ ਆਇਆ ਹੈ ਕਿ ਜੇ ਸ਼ੂਦਰ ਕਿਸੇ ਉੱਚ ਜਾਤੀ ਦੇ ਵਿਅਕਤੀ ਨੂੰ ਛੂਹ ਵੀ ਲੈਂਦਾ ਹੈ ਤਾਂ ਉਸਦੀ ਸਜ਼ਾ **50** ਪੰਨ ਹੈ। ਅਗਲੇ ਅਧਿਆਇ ਵਿੱਚ ਗੁਰਬਾਣੀ ਅਧੀਨ ਗੁਰੂ ਸਹਿਬਾਨ ਨੇ ਜਾਤ-ਪਾਤ ਨੂੰ ਨਾ ਸਿਰਫ ਨਕਾਰਿਆ ਬਲਕਿ ਸਮਾਜ ਨੂੰ ਸਨੇਹਾ ਦਿੱਤਾ ਕਿ ਚੰਗੇ ਗੁਣ ਅਤੇ ਆਚਰਨ ਵਾਲਾ ਵਿਅਕਤੀ ਹੀ ਉੱਤਮ ਵਿਅਕਤੀ ਹੁੰਦਾ ਹੈ**,** ਅਖੌਤੀ ਉੱਚ ਜਾਤੀ ਵਿੱਚ ਜਨਮ ਲੈਣ ਨਾਲ ਕੋਈ ਉੱਤਮ ਨਹੀਂ ਹੋ ਸਕਦਾ।

ਗੁਰੂ ਕਾਲ ਦੌਰਾਨ ਔਰਤ ਅਤਿਆਚਾਰ ਦੀ ਸ਼ਿਕਾਰ ਸੀ। ਉਸ ਨੂੰ ਇੱਕ ਵਸਤੂ ਦੀ ਤਰ੍ਹਾਂ ਸਮਝਿਆ ਜਾਂਦਾ ਸੀ। ਮਨੂਵਾਦੀ ਸੋਚ ਨੇ ਉਸ ਨੂੰ ਮਨੁੱਖ ਹੋਣ ਦੇ ਅਧਿਕਾਰ ਤੋਂ ਵੀ ਵਾਂਝਾ ਕੀਤਾ ਹੋਇਆ ਸੀ। ਅਜਿਹੇ ਸਮੇਂ ਗੁਰੂ ਨਾਨਕ ਦੇਵ ਜੀ ਉਸਦੇ ਹੱਕ ਵਿੱਚ ਨਿੱਤਰਦੇ ਹੋਏ ਉਸ ਦੇ ਸਰਬ ਸ੍ਰੇਸ਼ਠ ਹੋਣ ਦਾ ਪ੍ਰਮਾਣ ਤੱਥਾਂ ਸਹਿਤ ਦਿੰਦੇ ਹਨ। ਇਹਨਾਂ ਧਰਮ-ਪ੍ਰਵਰਤਕਾਂ ਦੇ ਕ੍ਰਾਂਤੀਕਾਰੀ ਪ੍ਰਵਚਨ ਦੀ ਪ੍ਰਤੀਨਿਧ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿੱਚ ਪ੍ਰਾਪਤ ਹੈ। ਜਿਵੇਂ ਪਹਿਲਾਂ ਦੱਸਿਆ ਹੈ, ਬਹੁਤ ਸਾਰੇ ਭਗਤ ਬਾਣੀਕਾਰ ਖੁਦ ਦਲਿਤ ਜਾਤੀਆਂ ਵਿੱਚੋਂ ਹਨ ਅਤੇ ਆਪਣੀ ਦਲਿਤ ਸਥਿਤੀ ਬਾਰੇ ਨਾ ਸਿਰਫ ਪੂਰੀ ਤਰ੍ਹਾਂ ਚੇਤਨ ਹਨ ਸਗੋਂ ਅਜਿਹੀ ਭੇਦ-ਭਾਵ ਵਾਲੀ ਨੀਤੀ ਉਪਰ ਪੂਰੀ ਤਰ੍ਹਾਂ ਕਟਾਖਸ਼ ਕਰਦੇ ਹਨ। ਭਗਤ ਕਬੀਰ ਜੀ ਅਜਿਹੀ ਭੇਦ-ਭਾਵ ਵਾਲੀ ਨੀਤੀ ਵਿਰੁੱਧ ਬਹੁਤ ਤਿੱਖੇ ਕਟਾਖਸ਼ ਨਾਲ ਕ੍ਰਾਂਤੀਕਾਰੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੇ ਹਨ।

ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਨਾਮਦੇਵ ਜੀ ਨੇ ਅਨੇਕਾਂ ਮਿਸਾਲਾਂ ਦੇ ਕੇ ਜਾਤੀ-ਪ੍ਰਥਾ ਦੇ ਮਸਨੂਈ ਪਰ ਦਮਨਕਾਰੀ ਤੰਤਰ ਨੂੰ ਵਿਸਥਾਪਿਤ ਕਰਨ ਦਾ ਜ਼ੋਰਦਾਰ ਉਪਰਾਲਾ ਕੀਤਾ ਹੈ। ਭਗਤ ਬਾਣੀ ਰਾਹੀਂ ਉਹਨਾਂ ਨੇ ਕਿਤੇ ਰੂਹਾਨੀ ਵਿਵੇਕ ਰਾਹੀਂ, ਕਿਧਰੇ ਵਿਅੰਗ ਰਾਹੀਂ ਅਤੇ ਕਿਧਰੇ ਕਟਾਖਸ਼ ਰਾਹੀਂ ਜਾਤ-ਪਾਤ ਦਾ ਖੰਡਨ ਕੀਤਾ ਹੈ। ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦਾ ਪ੍ਰਵਚਨ ਇਸੇ ਲਈ ਸਮਾਜਿਕ ਅਤੇ ਸੱਭਿਆਚਾਰਕ ਧਰਾਤਲ ਉੱਤੇ ਕ੍ਰਾਂਤੀ ਦਾ ਸਰਚਸ਼ਮਾ ਬਣ ਕੇ ਉੱਭਰਦਾ ਹੈ। ਇਹ ਗੁਰਬਾਣੀ ਰਾਹੀਂ ਮੁਗਲ-ਸਾਮੰਤਵਾਦ ਦੀ ਕੱਟੜ ਮਜ਼ਹਬੀ ਨੀਤੀ ਅਤੇ ਹਕੂਮਤੀ

ਤੱਸ਼ਦਦ ਦਾ ਮੁਕਾਬਲਾ ਕਰਨ ਲਈ ਨੈਤਿਕ ਮਨੋਬਲ ਪੈਦਾ ਕਰਦਾ ਹੈ ਅਤੇ ਦੂਸਰੇ ਪਾਸੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਦੇ ਮਾਨਵ-ਦੋਖੀ ਕਿਰਦਾਰ ਨੂੰ ਵੀ ਉਘਾੜਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਹਾਸ਼ੀਆਗਤ ਵਰਗ ਨੂੰ ਸੋਝੀ ਦੇ ਕੇ ਅਜਿਹਾ ਸੰਕਲਪ ਪੇਸ਼ ਕਰਦੀ ਹੈ ਜੋ ਪਾਰਲੌਕਿਕ ਨਹੀਂ ਸਗੋਂ ਇਹਲੌਕਿਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿਧਾਂਤਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿੱਚ ਸਰਬੱਤ ਦਾ ਭਲਾ, ਕਿਰਤ ਕਰੋ ਅਤੇ ਵੰਡ ਛਕੋ, 'ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ' ਦੇ ਸਿਧਾਂਤ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਸਨ। ਗੁਰੂ ਨਾਨਕ ਦੇਵ ਜੀ ਕਿਰਤ ਦੇ ਨਾਲ-ਨਾਲ ਵੰਡ ਦੀ ਗੱਲ ਵੀ ਕਰਦੇ ਹਨ ਜੋ ਕਿ ਬ੍ਰਾਹਮਣਵਾਦੀ ਆਰਥਿਕ ਤੇ ਸਮਾਜਿਕ ਵਿਵਸਥਾ ਨੂੰ ਸਿੱਧੀ ਲਲਕਾਰ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਉੱਚੀਆਂ ਤੇ ਨੀਵੀਂਆਂ ਜਾਤਾਂ ਦਾ ਭੁਲੇਖਾ ਪਾਉਣ ਵਾਸਤੇ ਵੇਦਾਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਮੰਨਦੇ ਹਨ।

ਤੀਜੇ ਗੁਰੂ ਅਮਰਦਾਸ ਜੀ ਇਸ ਤੋਂ ਵੀ ਇੱਕ ਕਦਮ ਅੱਗੇ ਗਏ। ਜੋ ਲੰਗਰ ਵਿੱਚ ਭੋਜਨ ਕਰ ਕੇ ਨਹੀਂ ਸੀ ਆਉਂਦਾ ਉਹ ਉਹਨਾਂ ਦੇ ਦਰਸ਼ਨ ਨਹੀਂ ਸੀ ਕਰ ਸਕਦਾ। ਉਹਨਾਂ ਦੇ ਲੰਗਰ ਵਿੱਚ ਕੋਈ ਭੇਦ-ਭਾਵ ਨਹੀਂ ਸੀ। ਹਿੰਦੂਆਂ ਨੇ ਬਾਦਸ਼ਾਹ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਜੀ ਨੇ ਚਾਰੇ ਜਾਤਾਂ ਦਾ ਭੇਦ-ਭਾਵ ਮਿਟਾ ਦਿੱਤਾ ਹੈ। ਕਸੂਰ ਦੇ ਹਿੰਦੂ ਗਵਰਨਰ ਨੇ ਆਪਣੇ ਬਾਗ ਵਿੱਚ ਗੁਰੂ ਅਮਰਦਾਸ ਜੀ ਨੂੰ ਤੰਬੂ ਲਾਉਣ ਦੀ ਸਹੂਲਤ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ: "ਉਸ (ਗੁਰੂ ਜੀ) ਨੇ ਉੱਚੀਆਂ ਤੇ ਨੀਵੀਂਆਂ ਸਭ ਜਾਤਾਂ ਦੇ ਬੰਦੇ ਆਪਣੇ ਨਾਲ ਰਲਾ ਲਏ ਹਨ। ਇਹ ਬੰਦੇ ਇੱਕ ਪੰਗਤ ਵਿੱਚ ਬੈਠ ਕੇ ਉਸ (ਗੁਰੂ ਜੀ) ਨਾਲ ਤੇ ਹੋਰਨਾ ਨਾਲ ਭੋਜਨ ਖਾਂਦੇ ਹਨ। ਜੇ ਉਸ (ਗੁਰੂ ਜੀ) ਨੇ ਅਛੂਤਾਂ ਦਾ ਗੁਰੂ ਹੋਣਾ ਪ੍ਰਵਾਨ ਕਰ ਲਿਆ ਹੈ ਤਾਂ ਉਸ ਦੀ ਮਰਜ਼ੀ ਪਰ ਮੈਂ ਆਪਣੇ ਨਿਵਾਸ ਥਾਂ ਦੇ ਲਾਗੇ ਉਸ (ਗੁਰੂ ਜੀ) ਨੂੰ ਨਹੀਂ ਆਉਣ ਦੇਵਾਂਗਾ।" ਗੁਰੂ ਅਰਜਨ ਦੇਵ ਜੀ ਨੇ ਸਦੂ (ਬੁਧੂ) ਘੁਮਾਰ ਨੂੰ ਦੱਸਿਆ ਕਿ ਗੁਰੂ ਨਾਨਕ ਜੀ ਨੇ ਚਾਰੇ ਜਾਤਾਂ ਦੇ ਇੱਕ ਸਾਂਝੀ ਥਾਂ ਰੋਟੀ ਖਾਣ ਦੀ ਰੀਤ ਸ਼ੁਰੂ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਚਾਰੇ ਜਾਤਾਂ ਨੂੰ ਇੱਕ ਥਾਂ ਮਿਲਾ ਦਿੱਤਾ। ਇਸੇ ਗੁਰੂ ਜੀ ਨੇ ਭਾਈ ਬਿਧੀਆ ਨੂੰ ਦੱਸਿਆ ਕਿ ਰੂਪਚੰਦ (ਜੋ ਤਰਖਾਣ ਸੀ) ਉਹਨਾਂ ਨੂੰ ਬਹੁਤ ਪਿਆਰਾ ਲਗਦਾ ਹੈ।

ਚਾਰ ਵਰਨ ਬਣਨ ਕਰਕੇ ਜਗਤ ਵਿੱਚ ਗਿਲਾਨ ਪੈਦਾ ਹੋ ਗਈ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਸ਼ੁਰੂ ਤੋਂ ਹੀ ਗੁਰੂ ਨਾਨਕ ਸਾਹਿਬ ਦਾ ਸਮਾਜੀ ਮਨੋਰਥ ਬਰਾਬਰੀ ਵਾਲਾ ਸਮਾਜ ਪੈਦਾ ਕਰਨ ਖ਼ਾਤਰ ਸਿੱਖ ਪੰਥ ਕਾਇਮ ਕਰਨਾ ਸੀ।

ਜਨਮ ਸਾਖੀਆਂ ਵੀ ਇਸ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ। ਗੁਰੂ ਨਾਨਕ ਸਾਹਿਬ ਦੀਆਂ ਸਾਰੀਆਂ ਪ੍ਰਚਾਰ ਉਦਾਸੀਆਂ ਵਿੱਚ ਭਾਈ ਮਰਦਾਨਾ ਸਭ ਤੋਂ ਪਹਿਲਾਂ ਦਾ ਤੇ ਹਮੇਸ਼ਾਂ ਨਾਲ ਰਹਿਣ ਵਾਲਾ ਸਾਥੀ ਰਿਹਾ। ਭਾਈ ਮਰਦਾਨਾ ਮੁਸਲਮਾਨ ਵੀ ਸੀ ਤੇ ਨੀਵੀਂ ਜਾਤ ਦਾ ਵੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਲਈ ਕੁਰਬਾਨੀ ਦਿੱਤੀ ਤਾਂ ਕਿ ਉਹਨਾਂ ਦਾ ਧਰਮ ਬਚ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਨੇਤਾਵਾਂ ਵਜੋਂ ਪੰਜ ਪਿਆਰੇ ਚੁਣੇ। ਉਹਨਾਂ ਵਿੱਚੋਂ ਇੱਕ ਜੱਟ, ਇੱਕ ਨਾਈ, ਇੱਕ ਛੀਂਬਾ ਤੇ ਇੱਕ ਝਿਊਰ ਸੀ। ਨਾਈ, ਛੀਂਬਾ ਤੇ ਝਿਊਰ ਸ਼ੂਦਰ ਸਨ। ਜੱਟ, ਵੈਸ਼ਯ ਤੇ ਸ਼ੂਦਰਾਂ ਨੂੰ ਨਿਖੇੜਨ ਵਾਲੀ ਹੱਦ ਉੱਤੇ ਹੁੰਦਾ ਹੈ। ਅੰਮ੍ਰਿਤ ਛਕਾਉਣ ਦੀ ਰਸਮ ਵੇਲੇ ਗੁਰੂ ਸਾਹਿਬ ਨੇ ਹਦਾਇਤ ਕੀਤੀ ਕਿ ਜਿਨ੍ਹਾਂ ਨੂੰ ਉਹਨਾਂ ਨੇ ਖਾਲਸਾ ਸਜਾਇਆ ਹੈ ਉਹ ਆਪਣੀਆਂ ਪਿਛਲੀਆਂ ਜਾਤਾਂ ਭੁੱਲ ਜਾਣ ਤੇ ਸਾਰੇ ਇੱਕ ਦੂਜੇ ਨੂੰ ਭਰਾ ਸਮਝਣ, ਅਰਥਾਤ ਇੱਕ ਟੱਬਰ ਦੇ ਜੀਅ। ਇਸ ਤੋਂ ਇਲਾਵਾ ਨਾਬਰਾਬਰੀ, ਵਰਗ-ਵੰਡ, ਸਮਾਜਿਕ ਅਸਮਾਨਤਾ, ਲਿੰਗ-ਭੇਦ, ਸਤੀ-ਪ੍ਰਥਾ, ਵੇਸਵਾਗਿਰੀ, ਵਿਧਵਾ ਪ੍ਰਤੀ ਮਾੜੇ ਵਤੀਰੇ ਅਤੇ ਦਹੇਜ ਪ੍ਰਥਾ ਆਦਿ ਦੀਆਂ ਬੁਰਾਈਆਂ ਵਿਰੁੱਧ ਅਵਾਜ਼ ਉਠਾਈ।

ਕਿਸੇ ਵੀ ਦੇਸ਼ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਉਸ ਸਮੇਂ ਇਸਤਰੀ ਨੂੰ ਕੀ ਦਰਜਾ ਦਿੱਤਾ ਗਿਆ ਹੈ। ਜਦੋਂ ਅਸੀਂ ਪੁਰਾਤਨ ਇਤਿਹਾਸ ਨੂੰ ਵਾਚਦੇ ਹਾਂ ਤਾਂ ਇਹ ਤੱਥ ਸਾਡੇ ਸਾਹਮਣੇ ਆਉਂਦਾ ਹੈ ਕਿ ਵੈਦਿਕ ਕਾਲ ਵਿੱਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਸੀ।

ਚੌਥੇ ਅਧਿਆਇ ਵਿੱਚ ਔਰਤ ਦੀ ਸਥਿਤੀ ਦਾ ਪ੍ਰਗਟਾਵਾ ਕੀਤਾ ਹੈ। ਚੰਗੇ ਸਮਾਜ ਵਿੱਚ ਇਸਤਰੀ ਦੀ ਮਹਾਨਤਾ ਕੇਵਲ ਇਸ ਗੱਲ ਵਿੱਚ ਨਹੀਂ ਕਿ ਉਹ ਗੁਰੂਆਂ, ਪੀਰਾਂ, ਫਕੀਰਾਂ ਦੀ

ਜਨਮਦਾਤੀ ਹੈ ਬਲਕਿ ਸਮਾਜ ਨੂੰ ਸ਼ਿਸ਼ਟਾਚਾਰ ਸਿਖਾਉਣ ਅਤੇ ਸਭਿਅਕ ਬਣਾਉਣ ਵਾਲੀ ਹੈ। ਸਮਾਜ ਦੀ ਰਚਨਾ ਔਰਤ ਦੀ ਹੋਂਦ ਤੋਂ ਬਿਨਾਂ ਸੰਭਵ ਹੀ ਨਹੀਂ। ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਹਮੇਸ਼ਾਂ ਉਸ ਦੇ ਹੱਕਾਂ ਤੋਂ ਵੰਚਿਤ ਰੱਖਿਆ ਹੈ। ਵੱਖ-ਵੱਖ ਧਰਮਾਂ ਵਿੱਚ ਇਸ ਨੂੰ ਮੁਕਤੀ ਦੇ ਰਾਹ ਵਿੱਚ ਰੁਕਾਵਟ ਮੰਨਦੇ ਹੋਏ ਤ੍ਰਿਸਕਾਰਿਆ ਗਿਆ ਹੈ। ਸਨਾਤਨ ਧਰਮ, ਜੈਨ ਧਰਮ ਸਭ ਨੇ ਔਰਤ ਦੀ ਘੋਰ ਨਿੰਦਾ ਕੀਤੀ। ਰਾਮਾਨੁਜ ਅਤੇ ਸ਼ੰਕਰਦੇਵ ਵੀ ਇਸਤਰੀ ਨੂੰ ਵੈਸ਼ਨਵ ਧਰਮ ਵਿੱਚ ਦਾਖਲ ਨਹੀਂ ਸਨ ਕਰਦੇ। ਬੇਸ਼ੱਕ ਬੁੱਧ ਧਰਮ ਨੇ ਇਸਤਰੀ ਨਾਲ ਹੋ ਰਹੇ ਅਤਿਆਚਾਰ ਵਿਰੁੱਧ ਅਵਾਜ਼ ਉੱਠਾਈ ਪਰ ਇਸਤਰੀ ਨੂੰ ਮੁਕਤੀ ਦੇ ਰਾਹ ਦਾ ਰੋੜਾ ਉਹ ਵੀ ਸਮਝਦੇ ਹਨ। ਇਸ ਵਿਚਾਰਧਾਰਾ ਦੇ ਉਲਟ ਸਿੱਖ ਧਰਮ ਦੇ ਮੋਢੀ ਸਮਾਜ ਸੁਧਾਰਕ ਮਹਾਨ ਕ੍ਰਾਂਤੀਕਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਚੰਗੇ, ਨਰੋਏ ਸਮਾਜ ਦੀ ਉਸਾਰੀ ਲਈ ਇਸਤਰੀ ਨੂੰ ਵਿਸ਼ੇਸ਼ ਸਥਾਨ ਦਿੱਤਾ। ਗੁਰੂ ਨਾਨਕ ਸਾਹਿਬ ਨੇ ਅਰੰਭ ਤੋਂ ਨਾਰੀ-ਜੁਗਤ ਨੂੰ ਆਦਰਯੋਗ ਸਥਾਨ ਦਿੱਤਾ। ਗੁਰੂ ਜੀ ਦੇ ਮਾਤਾ ਜੀ ਤ੍ਰਿਪਤਾ, ਭੈਣ ਨਾਨਕੀ, ਬੀਬੀ ਸੁਲਖੱਣੀ ਜੀ ਦਾ ਉਹਨਾਂ ਦੇ ਜੀਵਨ ਵਿੱਚ ਬਹੁਤ ਖਾਸ ਸਥਾਨ ਸੀ। ਬੇਬੇ ਨਾਨਕੀ ਜੀ ਦਾ ਗੁਰੂ ਨਾਨਕ ਸਾਹਿਬ ਦੇ ਪਰਿਵਾਰਿਕ ਜੀਵਨ ਵਿੱਚ ਯੋਗਦਾਨ ਸਰਬ ਵਿਖਿਆਤ ਹੈ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਨੇ ਲੰਗਰ ਦੀ ਸੇਵਾ ਇਤਨੀ ਨਿਪੁੰਨਤਾ ਨਾਲ ਕੀਤੀ ਕਿ ਸੱਤਾ ਬਲਵੰਡ ਰਾਮਕਲੀ ਦੀ ਵਾਰ ਵਿੱਚ ਉਹਨਾਂ ਦੀ ਸੇਵਾ ਬਾਰੇ ਲਿਖਣ ਤੋਂ ਰਹਿ ਨਾ ਸਕੇ।

ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪ੍ਰਡਾਲੀ।
ਲੰਗਿਰ ਦਉਲਤਿ ਵੰਡੀਪੈ ਰਸੁ ਲੰਗ ਅਮ੍ਰਿਤ ਖੀਰ ਘਿਆਲੀ।

ਲੰਗਰ ਦੀ ਸ਼ੁਰੂਆਤ ਮਾਤਾ ਸੁਲੱਖਣੀ ਜੀ ਨੇ ਕੀਤੀ ਤੇ ਮਾਤਾ ਖੀਵੀ ਜੀ ਨੇ ਉਸ ਨੂੰ ਖਾਸ ਤਰਤੀਬ ਦੇ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ 22 ਮੰਜੀਆਂ ਦੀ ਸਥਾਪਨਾ ਕੀਤੀ ਤਾਂ ਇਸਤਰੀ ਦੇ ਸਨਮਾਨ ਹਿੱਤ ਦੋ ਮੰਜੀਆਂ ਇਸਤਰੀ ਪ੍ਰਚਾਰਕਾਂ ਲਈ ਸਥਾਪਿਤ ਕੀਤੀਆਂ। ਬੀਬੀ ਭਾਨੀ ਜੀ ਸਪੁੱਤਰੀ ਸ੍ਰੀ ਗੁਰੂ ਅਮਰਦਾਸ ਜੀ ਸਿੱਖ ਇਤਹਾਸ ਵਿੱਚ ਸਰਬ ਵਿਖਿਆਤ ਹੈ। ਬੀਬੀ ਭਾਨੀ ਜੀ ਦੀ ਸੇਵਾ ਨੇ ਇਹ ਸਥਾਪਿਤ ਕਰ ਦਿੱਤਾ ਕਿ ਲੜਕੇ ਅਤੇ ਲੜਕੀ ਵਿੱਚ ਕੋਈ ਅੰਤਰ ਨਹੀਂ, ਸੇਵਾ ਦੋਵੇਂ ਹੀ

ਕਰ ਸਕਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚ ਉਹਨਾਂ ਦੀ ਸੁਪਤਨੀ ਮਨਸਾ ਦੇਵੀ ਦਾ ਅਹਿਮ ਸਥਾਨ ਹੈ। ਬੀਬੀ ਭਾਨੀ ਜੀ ਦੀ ਸ਼ਾਦੀ ਸ੍ਰੀ ਗੁਰੂ ਰਾਮਦਾਸ ਜੀ ਨਾਲ ਹੋਈ ਤਾਂ ਉਦੋਂ ਉਹ ਘੁੰਘਣੀਆਂ ਵੇਚਦੇ ਹੁੰਦੇ ਸਨ। ਬੀਬੀ ਭਾਨੀ ਜੀ ਨੇ ਸਹੁਰੇ ਘਰ ਦੀ ਗਰੀਬੀ ਨਹੀਂ ਦੇਖੀ ਸਗੋਂ ਪਿਤਾ ਦੇ ਹੁਕਮ ਅੱਗੇ ਸਿਰ ਨਿਵਾ ਦਿੱਤਾ ਸੀ। ਬੀਬੀ ਭਾਨੀ ਤੋਂ ਬਾਅਦ ਮਾਤਾ ਗੰਗਾ ਜੀ ਦਾ ਸਿੱਖ ਇਤਿਹਾਸ ਵਿਚ ਉੱਤਮ ਸਥਾਨ ਹੈ। ਮਾਤਾ ਗੰਗਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਖੁਦ ਬਾਬਾ ਬੁੱਢਾ ਜੀ ਪਾਸ ਪੁੱਤਰ ਦੀ ਦਾਤ ਦਾ ਵਰ ਲੈਣ ਲਈ ਗਏ। ਮਾਤਾ ਗੰਗਾ ਜੀ ਨੇ ਇਹ ਸਾਬਤ ਕਰ ਦਿੱਤਾ ਕਿ ਦਾਤ ਕੋਈ ਵੀ ਹੋਵੇ ਨਿਮ੍ਰਤਾ ਨਾਲ ਮੰਗਣ ਨਾਲ ਪ੍ਰਾਪਤ ਹੋ ਸਕਦੀ ਹੈ।

ਇਸੇ ਤਰ੍ਹਾਂ ਮਾਤਾ ਦਾਮੋਦਰੀ ਜੀ, ਮਾਤਾ ਮਹਾਂ ਦੇਵੀ ਜੀ ਅਤੇ ਮਾਤਾ ਨਾਨਕੀ ਜੀ ਦਾ ਸਿੱਖ ਇਤਿਹਾਸ ਵਿੱਚ ਅਹਿਮ ਯੋਗਦਾਨ ਹੈ। ਮਾਤਾ ਗੁਜਰੀ ਜੀ ਨੌਵੇਂ ਗੁਰੂ ਕੇ ਮਹਿਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਸਨ। ਮਾਤਾ ਗੁਜਰੀ ਜੀ ਨੇ ਸਿੱਖੀ ਆਦਰਸ਼ ਦੀ ਪਾਲਣਾ ਜਾਨ ਹੂਲ ਕੇ ਕੀਤੀ। ਅੰਤਾਂ ਦੇ ਦੁੱਖ ਵਿੱਚ ਵੀ ਨਾਮ ਬਾਣੀ ਦਾ ਓਟ ਆਸਰਾ ਲੈਣ, ਆਪਣੇ ਆਦਰਸ਼ ਲਈ ਜਾਨ ਕੁਰਬਾਨ ਕਰ ਦੇਣ, ਜ਼ੁਲਮ ਦਾ ਟਾਕਰਾ ਅਣਖ ਨਾਲ ਕਰਨ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਵੱਡੇ ਸ਼ਾਹਿਬਜ਼ਾਦਿਆਂ ਦੀ ਸ਼ਹਾਦਤ ਕਾਰਨ ਹੀ ਸਿੱਖ ਕੌਮ ਦੇ ਸਰਬੰਸਦਾਨੀ ਦਸਮੇਸ਼ ਪਿਤਾ ਦੀ ਕੌਮ ਸਦਾ ਅਮਰ ਹੋ ਗਈ। ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ ਅਤੇ ਮਾਤਾ ਸਾਹਿਬ ਦੇਵਾ ਜੀ ਦਾ ਸਿੱਖ ਇਤਿਹਾਸ ਵਿੱਚ ਅਨਮੋਲ ਸਥਾਨ ਹੈ। 1699 ਈ. ਵਿਚ ਖਾਲਸਾ ਪੰਥ ਦੀ ਸਿਰਜਣਾ ਉਪਰੰਤ ਸਿੱਖ ਨਾਰੀ ਦੀ ਹਾਲਤ ਵਿੱਚ ਬਹੁਤ ਸੁਧਾਰ ਆਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਸਮੇਂ ਜੇ ਮਰਦ ਨੂੰ ਸਿੰਘ ਭਾਵ ਸ਼ੇਰ ਬਣਾਇਆ ਤਾਂ ਔਰਤ ਨੂੰ ਕੌਰ ਭਾਵ ਰਾਜ ਕੁਮਾਰ ਦਾ ਦਰਜ਼ਾ ਦਿੱਤਾ। ਮਰਦਾਂ ਵਾਂਗ ਇਸਤਰੀਆਂ ਨੂੰ ਵੀ ਬਿਨਾਂ ਕਿਸੇ ਭੇਦ-ਭਾਵ ਦੇ ਅੰਮ੍ਰਿਤਪਾਨ ਕਰਵਾਇਆ। ਮਾਤਾ ਸਾਹਿਬ ਕੌਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਤਕਰੀਬਨ 40 ਸਾਲ ਸਿੱਖ ਪੰਥ ਦੀ ਰਹਿਨੁਮਾਈ ਕੀਤੀ। ਮਾਈ ਭਾਗੋ ਨੇ ਤਾਂ ਇਹ ਸਿੱਧ ਕਰ ਦਿੱਤਾ ਕਿ ਜਿੱਥੇ ਔਰਤ ਵਿੱਚ ਤਿਆਗ ਹੈ ਅਤੇ ਉਹ ਸੇਵਾ-ਸਿਮਰਨ ਦੀ ਪੁੰਜ ਤੇ ਪ੍ਰਚਾਰਕ ਹੋ ਸਕਦੀ ਹੈ ਉੱਥੇ ਉਹ ਜ਼ਰੂਰਤ ਪੈਣ 'ਤੇ

ਆਪਣੇ ਗੁਰੂ ਲਈ ਮਰ ਮਿਟਣ ਨੂੰ ਵੀ ਤਿਆਰ ਹੋ ਸਕਦੀ ਹੈ, ਯੁੱਧ ਵਿੱਚ ਭਾਗ ਲੈ ਸਕਦੀ ਹੈ। ਉਸ ਅੰਦਰ ਅਥਾਹ ਵਿਸ਼ਵਾਸ ਸੀ ਜਿਸ ਸਦਕਾ ਉਸ ਨੇ ਡੋਲਦੇ ਹੋਏ ਸਿੱਖਾਂ ਨੂੰ ਸਾਵਧਾਨ ਕਰ ਕੇ ਗੁਰੂ ਨਾਲ ਮੇਲ ਦਿੱਤਾ ਤੇ ਟੁੱਟੀ ਗੰਢਵਾ ਦਿੱਤੀ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਇਸਤਰੀ ਨੂੰ ਬਹੁਤ ਆਦਰਯੋਗ ਸਥਾਨ ਹਾਸਲ ਹੈ ਜਿਸ ਦਾ ਕੁਝ ਵੇਰਵਾ ਇਸ ਖੋਜ-ਪ੍ਰਬੰਧ ਵਿਚ ਵੀ ਦਿੱਤਾ ਗਿਆ ਹੈ। ਇਸ ਖੋਜ-ਪ੍ਰਬੰਧ ਵਿੱਚ ਇਸਤਰੀ ਦੇ ਵੱਖ-ਵੱਖ ਰੂਪਾਂ ਦਾ ਜ਼ਿਕਰ ਕੀਤਾ ਹੈ। ਕੰਨਿਆ ਰੂਪ ਵਿੱਚ, ਪਤਨੀ ਰੂਪ ਵਿੱਚ, ਜਨਨੀ ਰੂਪ ਵਿੱਚ ਗੁਰੂ ਸਾਹਿਬਾਨ ਨੇ ਅਨੇਕਾਂ ਉਦਾਹਰਨਾਂ ਰਾਹੀਂ ਇਸਤਰੀ ਨੂੰ ਉੱਚਾ ਦਰਜਾ ਦਿੱਤਾ ਹੈ। ਮਾਂ ਯਾਨਿ ਜਨਨੀ ਰੂਪ ਵਿੱਚ ਤਾਂ ਗੁਰੂ ਜੀ ਨੇ ਉਸ ਨੂੰ ਉਚਾਈ ਦੀਆਂ ਸਿਖਰਾਂ 'ਤੇ ਪਹੁੰਚਾ ਦਿੱਤਾ। ਮਮਤਾ ਦੀ ਮੂਰਤ, ਖਿਮਾ ਦੀ ਮੂਰਤ, ਮਾਰਗਦਰਸ਼ਕ, ਸਿੱਖਿਆਦਾਤੀ ਅਤੇ ਰਹਿਨੁਮਾ ਦੇ ਰੂਪ ਵਿੱਚ ਉਸ ਦੀ ਉਪਮਾ ਕੀਤੀ ਹੈ। ਇਸ ਖੋਜ-ਪ੍ਰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਦਰਸ਼ ਇਸਤਰੀ ਦੇ ਰੂਪ ਦਾ ਵਰਣਨ ਕਰਨ ਦੀ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਹੈ। ਗੁਰਬਾਣੀ ਅਨੁਸਾਰ ਇਸਤਰੀ ਪਤੀਵਰਤਾ, ਸੁਘੜ ਸਿਆਣੀ, ਗੁਣਵੰਤੀ, ਸੱਤ-ਸੰਤੋਖ ਵਾਲੀ, ਸੋਭਾਵੰਤੀ, ਸਚਿਆਰੀ, ਨਿਮਰਤਾ ਨਾਲ ਭਰਪੂਰ, ਨਿਸ਼ਕਾਮ ਸੇਵਾ ਕਰਨ ਵਾਲੀ, ਨਿਤਨੇਮੀ ਆਦਿ ਗੁਣਾਂ ਨਾਲ ਭਰਪੂਰ ਹੈ। ਖੋਜ-ਪ੍ਰਬੰਧ ਦੇ ਚੌਥੇ ਅਧਿਆਇ ਵਿੱਚ ਇਹਨਾਂ ਗੁਣਾਂ 'ਤੇ ਚਾਨਣਾ ਪਾਉਣਾ ਦੀ ਕੋਸ਼ਿਸ਼ ਕੀਤੀ ਗਈ ਹੈ।

ਵੈਦਿਕ ਕਾਲ ਤੋਂ ਬਾਅਦ ਹੌਲੀ-ਹੌਲੀ ਸਥਿਤੀ ਬਦਲਣੀ ਸ਼ੁਰੂ ਹੋ ਗਈ। ਜਦੋਂ ਤੱਕ ਇਸਲਾਮ ਧਰਮ ਨੇ ਭਾਰਤ ਵਿੱਚ ਪ੍ਰਵੇਸ਼ ਨਹੀਂ ਸੀ ਕੀਤਾ ਉਦੋਂ ਤੱਕ ਹਾਲਤ ਏਨੀ ਬੁਰੀ ਨਹੀਂ ਸੀ। ਤੁਰਕਾਂ ਦੇ ਭਾਰਤ ਵਿੱਚ ਆਉਣ ਨਾਲ ਰਾਜਨੀਤਿਕ, ਆਰਥਿਕ, ਧਾਰਮਿਕ ਜੀਵਨ ਅਤੇ ਭਾਸ਼ਾ ਤੇ ਸਮਾਜ ਦੇ ਪ੍ਰਚਲਿਤ ਨਿਯਮਾਂ ਵਿੱਚ ਵੀ ਅਨੇਕ ਪਰਿਵਰਤਨ ਆਏ ਜਿਨ੍ਹਾਂ ਦਾ ਸਭ ਤੋਂ ਮਾੜਾ ਅਸਰ ਇਸਤਰੀ ਉਪਰ ਪਿਆ। ਅਨੇਕਾਂ ਤਰੀਕਿਆਂ ਰਾਹੀਂ ਔਰਤ ਦਾ ਸ਼ੋਸ਼ਣ ਹੋ ਰਿਹਾ ਸੀ, ਚਾਹੇ ਉਹ ਹਿੰਦੂ ਔਰਤ ਸੀ ਚਾਹੇ ਮੁਸਲਮਾਨ ਔਰਤ। ਔਰਤ ਦੀ ਦਸ਼ਾ ਤਰਸਯੋਗ ਸੀ। ਬਾਲ ਵਿਆਹ, ਬੇਜੋੜ ਵਿਆਹ, ਬਹੁ-ਵਿਆਹ, ਭਰੂਣ ਹੱਤਿਆ, ਸਤੀ ਦੀ ਰਸਮ, ਬੇਔਲਾਦ ਇਸਤਰੀ ਜੀਵਨ, ਦਾਜ ਪ੍ਰਥਾ, ਕੁੱਖ ਵਿੱਚ

ਕਤਲ ਅਜਿਹੀਆਂ ਪ੍ਰਥਾਵਾਂ ਸਨ ਜਿਨ੍ਹਾਂ ਰਾਹੀਂ ਔਰਤ ਦਾ ਮਾਨਸਿਕ ਅਤੇ ਸਰੀਰਿਕ ਸ਼ੋਸ਼ਣ ਹੁੰਦਾ ਰਹਿੰਦਾ ਸੀ। ਸਮਾਜ ਵਿੱਚ ਇਸਤਰੀ ਦੀ ਤਰਸਯੋਗ ਹਾਲਤ ਲਈ ਜ਼ਿੰਮੇਵਾਰ ਸਥਿਤੀਆਂ ਨੂੰ ਬਦਲਣ ਅਤੇ ਇਸਤਰੀ ਨੂੰ ਨਵੇਂ ਰੂਪ ਵਿੱਚ ਪੇਸ਼ ਕਰਨ ਲਈ ਸਿੱਖ ਗੁਰੂ ਸਾਹਿਬਾਨ ਨੇ ਮਹੱਤਵਪੂਰਨ ਕਾਰਜ ਕੀਤੇ। ਸੰਗਤ ਵਿੱਚ ਬਿਨਾਂ ਪਰਦੇ ਇਸਤਰੀ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਕੇਵਲ ਪੁਰਸ਼ਾਂ ਨੂੰ ਹੀ ਸਿੱਖਿਅਤ ਕਰਨ ਦੇ ਉਪਰਾਲੇ ਨਹੀਂ ਕੀਤੇ ਬਲਕਿ ਇਸਤਰੀ ਸਿੱਖਿਆ ਦੇ ਪ੍ਰਸਾਰ ਲਈ ਵੀ ਯਤਨ ਕੀਤੇ।

ਜਦ ਇਸਤਰੀ ਨੂੰ ਬਹੁਤ ਘਟੀਆ, ਮਰਦ ਉੱਤੇ ਇੱਕ ਭਾਰ ਅਤੇ ਅਪਵਿੱਤਰ ਕਹਿ ਕੇ ਛੁਟਿਆਇਆ ਜਾਂਦਾ ਹੋਵੇ ਤਦ ਉਸ ਨੂੰ ਸਾਰੇ ਜਗਤ ਦੀ ਰਚਨਹਾਰੀ ਕਹਿ ਕੇ ਉਚਿਆਉਣਾ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇਕ ਹੈ। ਗੁਰੂ ਸਾਹਿਬ ਨੇ ਨਾ ਕੇਵਲ ਇਸਤਰੀ ਦੀ ਕਰੁਣਾਮਈ ਪੁਕਾਰ ਹੀ ਸੁਣੀ ਸਗੋਂ ਉਸ ਨਾਲ ਹੁੰਦੇ ਅਨਿਆਂ ਵਿਰੁੱਧ ਸਮਾਜ ਨੂੰ ਸਚੇਤ ਕੀਤਾ। ਉਹਨਾਂ ਨੇ ਪੁਰਖ ਅਤੇ ਨਾਰੀ ਦੋਵਾਂ ਵਿੱਚ ਹੀ ਉਸ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ ਹੈ। ਦੋਵਾਂ ਨੂੰ ਪੂਰਨ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਬਿਨਾਂ ਰੋਕ-ਟੋਕ ਅਤੇ ਪਰਦੇ ਤੋਂ ਸਾਧ-ਸੰਗਤ ਵਿੱਚ ਸੇਵਾ ਕਰ ਸਕਦੀ ਹੈ, ਜੰਗ ਵਿੱਚ ਜਾ ਸਕਦੀ ਹੈ ਅਤੇ ਅੰਮ੍ਰਿਤ ਛਕ ਕੇ ਸਾਰੇ ਧਾਰਮਿਕ ਕਰਮ ਕਰਦੀ ਹੋਈ ਗੁਰ ਮਰਯਾਦਾ ਅਨੁਸਾਰ ਪਵਿੱਤਰ ਜੀਵਨ ਬਤੀਤ ਕਰ ਸਕਦੀ ਹੈ।

ਇਸੇ ਤਰ੍ਹਾਂ ਚੌਥੇ ਅਧਿਆਇ ਵਿੱਚ ਔਰਤ ਦੇ ਤਿੰਨ ਵਿਲੱਖਣ ਰੂਪ ਕੰਨਿਆ ਦਾ ਰੂਪ, ਪਤਨੀ ਦਾ ਰੂਪ, ਅਤੇ ਮਾਂ ਦਾ ਰੂਪ ਦਰਸਾਏ ਹਨ। ਗੁਰੂ ਸਾਹਿਬਾਨ ਨੇ ਮਾਂ ਵਜੋਂ ਔਰਤ ਨੂੰ ਸਭ ਤੋਂ ਉੱਚਤਮ ਰੂਪ ਪ੍ਰਦਾਨ ਕੀਤਾ ਹੈ। ਜਗਤ ਜਨਣੀ ਕਹਿ ਕੇ ਸੰਬੋਧਿਤ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਦੇ ਪ੍ਰਵਚਨ ਵਜੋਂ ਦਬੇ-ਕੁਚਲੇ, ਨੀਵੇਂ ਨਿਤਾਣੇ ਵਰਗਾਂ ਅਤੇ ਔਰਤਾਂ ਨੂੰ ਆਤਾਮ-ਸਨਮਾਨ ਨਾਲ ਜਿਊਂਣ ਦਾ ਰਾਹ ਦਰਸਾਉਂਦੇ ਹਨ। ਗੁਰਬਾਣੀ ਦੀ ਵਿਚਾਰਧਾਰਾ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਸੰਘਰਸ਼ ਕਰਨ ਦੀ ਪ੍ਰੇਰਨਾ ਜਗਾਉਂਦੀ ਹੈ।

ਇਹ ਮਨੁੱਖ-ਮਾਤਰ ਦੀ ਬੁਨਿਆਦੀ ਏਕਤਾ ਅਤੇ ਸਮਾਨਤਾ ਦਾ ਅਜਿਹਾ ਧਰਾਤਲ ਤਲਾਸ਼ ਕਰਦੀ ਹੈ ਜਿੱਥੇ ਕੁਲੀਨ ਵਰਗ ਅਤੇ ਹਾਸ਼ੀਆਗਤ ਵਰਗ ਦਾ ਵਿਤਕਰਾ ਮਿਟ ਜਾਂਦਾ ਹੈ।

ਉੱਤਰੀ ਭਾਰਤ ਵਿਚਲੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਗਤੀਵਿਧੀਆਂ ਵਿੱਚ ਪੰਜਾਬ ਦਾ, (ਪੰਜਾਬ ਜਿਹੜਾ ਕਿ ਹਰ ਹਮਲਾਵਰ ਲਈ ਪ੍ਰਵੇਸ਼ ਦੁਆਰਾ ਬਣਿਆ) ਵਿਸ਼ੇਸ਼ ਯੋਗਦਾਨ ਰਿਹਾ ਹੈ, ਵਿਭਿੰਨ ਜਾਤੀਆਂ, ਸੱਭਿਆਚਾਰਾਂ ਨਾਲ ਸਿੰਚੀ ਇਹ ਪਾਵਨ ਧਰਤੀ ਗੁਰੂਆਂ, ਪੀਰਾਂ, ਭਗਤਾਂ ਦੀ ਧਰਤੀ ਹੈ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿਧਾਂਤ ਸਿਰਜੇ। ਸਰਬੱਤ ਦਾ ਭਲਾ, ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ ਲਿਆਂਦੇ। ਜਿਹੜੇ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਕਿਰਤ ਦੇ ਨਾਲ-ਨਾਲ ਵੰਡ ਦੀ ਗੱਲ ਕਰਦੇ ਹਨ, ਜੋ ਬ੍ਰਾਹਮਣਵਾਦੀ ਆਰਥਿਕ ਤੇ ਸਮਾਜਿਕ ਵਿਵਸਥਾ ਨੂੰ ਖੁੱਲ੍ਹੇ ਤੌਰ 'ਤੇ ਲਲਕਾਰਦੀ ਹੈ। ਗੁਰੂ ਸਾਹਿਬਾਨ ਦੀ ਲੰਬੀ ਪਰੰਪਰਾ ਵਿੱਚ ਉਹਨਾਂ ਦੇ ਬਹੁਤੇ ਸ਼ਰਧਾਲੂ ਨਿਮਨ ਜਾਤੀਆਂ ਵਿੱਚੋਂ ਆਏ। ਲੰਗਰ ਤੇ ਪੰਗਤ ਦੇ ਸਿਧਾਤਾਂ ਨੇ ਜਾਤੀ ਪ੍ਰਥਾ ਨੂੰ ਕਮਜ਼ੋਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸਿੱਖ ਕੌਮ ਦਾ ਬੀਜ ਬਾਬੇ ਨਾਨਕ ਨੇ ਬੀਜਿਆ ਉਸ ਨੂੰ ਪੂਰੀ ਤਰ੍ਹਾਂ ਸਿੰਚ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਖਾਲਸਾ ਪੰਥ ਦੇ ਨੇਤਾਵਾਂ ਵਜੋਂ ਪੰਜ ਪਿਆਰੇ ਚੁਣੇ। ਉਹਨਾਂ ਵਿੱਚੋਂ ਇੱਕ ਜੱਟ, ਇੱਕ ਨਾਈ, ਇੱਕ ਛੀਂਬਾ, ਇੱਕ ਝਿਊਰ ਅਤੇ ਇੱਕ ਖੱਤਰੀ ਵੀ ਸੀ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਚਾਰ ਵਰਨਾਂ ਨੂੰ ਇੱਕ ਕਰਨ ਦੀ ਕੋਸ਼ਿਸ਼ ਕੀਤੀ।

ਚਤੁਰ ਰਨ ਮੈਂ ਕੋਊ ਅੰਮ੍ਰਿਤ ਛਕੈ
ਉਹ ਮੇਰਾ ਸਰੂ ਪਹੈ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜਾਂ ਦੇ ਦੋ ਸਦੀਆਂ ਪਹਿਲਾਂ ਉਲੀਕੇ ਬਰਾਬਰਤਾ ਦੇ ਸੰਕਲਪ ਨੂੰ ਪੂਰਾ ਕੀਤਾ। ਉਹਨਾਂ ਨੇ ਖਾਲਸੇ ਦੀ ਵਾਗਡੋਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਸੌਂਪੀ ਜਿਹੜੇ ਖੁਦ ਨੀਵੀਂ ਸਮਝੀ ਜਾਂਦੀ ਜਾਤੀ ਦੇ ਸਨ। ਇਸ ਪ੍ਰਕਾਰ ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ

ਦਸਵੇਂ ਗੁਰੂ ਸਾਹਿਬਾਨ ਤੱਕ ਸਭ ਨੇ ਜਾਤ-ਪਾਤ ਦੀ ਕਰੜੀ ਆਲੋਚਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਦੀ ਮਹੱਤਤਾ ਦੱਸੀ ਅਤੇ ਘਰ ਘਰ ਹੋਵੇ ਧਰਮਸਾਲ ਦਾ ਜ਼ਿਕਰ ਕੀਤਾ ਤਾਂ ਕਿ ਊਚ-ਨੀਚ ਦਾ ਭੇਦ-ਭਾਵ ਮਿਟਾ ਕੇ ਸੰਗਤਾਂ ਜੁੜਨ ਤੇ ਪਰਮਾਤਮਾ ਦਾ ਨਾਮ ਲੈਣ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਸਤੇ 'ਤੇ ਚਲਦਿਆਂ ਹੋਇਆਂ ਪੰਗਤ ਦੀ ਸਥਾਪਨਾ ਕੀਤੀ। ਪੰਗਤ ਵਿੱਚ ਬੈਠ ਕੇ ਚਾਹੇ ਉਹ ਰਾਜਾ ਅਕਬਰ ਸੀ ਚਾਹੇ ਗਰੀਬ ਬੰਦਾ ਸਭ ਨੂੰ ਇੱਕ ਸਮਾਨ ਲੰਗਰ ਮਿਲਦਾ ਸੀ। ਬੂਟੇ ਸ਼ਾਹ ਲਿਖਦਾ ਹੈ ਕਿ ਗੁਰੂ ਘਰ ਵਿਚ ਵੀਹ ਹਜ਼ਾਰ ਸੰਗਤਾਂ ਲਈ ਹਰ ਰੋਜ਼ ਲੰਗਰ ਪੱਕਦਾ ਸੀ। ਕਾਫਲਿਆਂ ਦੇ ਕਾਫਲੇ ਹਰ ਰੋਜ਼ ਲੰਗਰ ਛਕਦੇ ਸਨ ਤੇ ਇਹ ਸਭ ਕੁਝ ਮਾਤਾ ਖੀਵੀ ਦੀ ਨਿਗਰਾਨੀ ਹੇਠ ਹੁੰਦਾ ਸੀ। ਮਾਤਾ ਖੀਵੀ ਨੇ ਆਪਣੀ ਮਿਹਨਤ, ਪਿਆਰ, ਸੇਵਾ, ਸਤਿਕਾਰ ਸਦਕਾ ਲੰਗਰ ਦੀ ਸੇਵਾ ਨੂੰ ਪੱਕੇ ਪੈਰੀ ਖੜ੍ਹਾ ਕੀਤਾ। ਅੱਜ ਵੀ ਲੰਗਰ ਦੀ ਸੇਵਾ ਕਿੰਨੇ ਪਿਆਰ, ਸਤਿਕਾਰ ਨਾਲ ਕੀਤੀ ਜਾਂਦੀ ਹੈ। ਅੱਜ ਵੀ ਗੁਰੂ ਘਰ ਦੇ ਦਰਵਾਜ਼ੇ ਚੌਵੀ ਘੰਟੇ ਸੰਗਤ ਲਈ ਖੁੱਲ੍ਹੇ ਰਹਿੰਦੇ ਹਨ। ਜਾਤ-ਮਜ਼ਹਬ ਆਦਿ ਦਾ ਕੋਈ ਭੇਦ-ਭਾਵ ਨਹੀਂ ਕੀਤਾ ਜਾਂਦਾ। ਇਸ ਪ੍ਰਕਾਰ ਦੂਜੇ ਪਾਤਸ਼ਾਹ ਨੇ ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ ਸੌਂਪ ਕੇ ਇਸਤਰੀਆਂ ਨੂੰ ਵੀ ਉੱਚਾ ਚੁੱਕਿਆ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਔਰਤਾਂ ਉੱਪਰ ਹੋ ਰਹੇ ਅਤਿਆਚਾਰਾਂ ਦੀ ਘੋਰ ਨਿੰਦਾ ਕੀਤੀ। ਸਤੀ ਅਤੇ ਪਰਦੇ ਦੀ ਰਸਮ ਦੀ ਨਿੰਦਾ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਕਾ ਚੱਕ (ਅਮ੍ਰਿਤਸਰ) ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰਬ-ਸਾਂਝੇ ਪਾਵਨ ਗ੍ਰੰਥ ਦੀ ਸੰਪਾਦਨਾ ਕਰ ਕੇ ਸਿੱਖ ਕੌਮੀਅਤ ਉੱਤੇ ਪੱਕੀ ਮੋਹਰ ਲਗਾ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਜਾਤਾਂ ਨੂੰ ਉੱਚਾ ਚੁੱਕਣ ਲਈ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਚਾਰ ਦਰਵਾਜ਼ਿਆਂ ਵਾਲੇ ਸ੍ਰੀ ਹਰਮਿੰਦਰ ਸਾਹਿਬ ਦੀ ਸਥਾਪਨਾ ਕੀਤੀ ਜਿੱਥੇ ਕੋਈ ਵੀ ਵਿਅਕਤੀ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੋ ਕੇ ਹਰਿ (ਰੱਬ) ਦੇ ਦਰਸ਼ਨ ਕਰ ਸਕਦਾ ਹੈ। ਦਸਵੰਧ ਦੀ ਪ੍ਰਥਾ ਦਾ ਅਰੰਭ ਕੀਤਾ। ਕਰਤਾਰਪੁਰ ਸਾਹਿਬ ਅਤੇ ਛੇਹਰਟਾ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਹਰਗੋਬਿੰਦ ਜੀ ਨੇ ਮੀਰੀ-ਪੀਰੀ ਨਾਂ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖ ਕੌਮ ਦੀ ਰੱਖਿਆ ਕੀਤੀ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਾਂ ਕਸ਼ਮੀਰੀ

ਪੰਡਤਾਂ ਦੀ ਪੁਕਾਰ ਸੁਣ ਕੇ ਧਰਮ ਦੀ ਰਾਖੀ ਲਈ ਅਦੁਤੀ ਸ਼ਹਾਦਤ ਦਿੱਤੀ। ਭਗਤੀ ਦੇ ਸ਼ਾਬਦਿਕ ਅਰਥ ਹਨ- ਸ਼ਰਧਾ, ਵਿਸ਼ਵਾਸ, ਸਿਮਰਨ, ਸੇਵਾ, ਪੂਜਾ, ਉਪਾਸਨਾ ਆਦਿ। ਮੱਧਕਲੀਨ ਭਗਤਾਂ ਨੇ ਵੇਦਾਂ, ਉਪਨਿਸ਼ਦਾਂ ਤੋਂ ਲੈ ਕੇ ਸ਼ੰਕਰਚਾਰੀਆ ਦੇ ਅਦਵੈਤਵਾਦ, ਗੀਤਾ ਦੇ ਕਰਮਯੋਗ, ਨਾਥ ਮਤ, ਜੈਨ-ਮਤ, ਬੁੱਧ ਮਤ, ਸੂਫ਼ੀ ਮਤ ਆਦਿ ਸਰੋਤਾਂ ਤੋਂ ਅਨੇਕ ਵਿਚਾਰ ਅਤੇ ਪ੍ਰਭਾਵ ਗ੍ਰਹਿਣ ਕੀਤੇ। ਵੇਦਾਂ ਵਿੱਚ ਭਗਤੀ ਦੇ ਸ਼ਰਣਾਗਤੀ ਭਾਵ ਕਰਮ, ਗਿਆਨ ਆਦਿ ਦੇ ਵੀ ਦਰਸ਼ਨ ਹੁੰਦੇ ਹਨ, ਜੋ ਭਗਤੀ ਦੇ ਬੀਜ ਰੂਪੀ ਤੱਤ ਮੰਨੇ ਜਾਂਦੇ ਹਨ। ਉਪਨਿਸ਼ਦਾਂ ਵਿੱਚ ਪ੍ਰਭੂ ਦਾ ਨਾਮ 'ਓਮ' ਕਰਕੇ ਅੰਕਿਤ ਹੈ। ਵੇਦਾਂ ਤੋਂ ਲੈ ਕੇ ਪੁਰਾਣਾਂ ਤੱਕ ਭਗਤੀ ਭਾਵਨਾ ਲੋਕਾਂ ਦੇ ਜੀਵਨ ਦਾ ਅਟੁੱਟ ਹਿੱਸਾ ਬਣ ਗਈ ਸੀ। ਭਗਤੀ ਲਹਿਰ ਦਾ ਅਰੰਭ ਦਸਵੀਂ ਸਦੀ ਦੇ ਸ਼ੁਰੂ ਵਿੱਚ ਦੱਖਣ ਤੋਂ ਹੋਇਆ ਮੰਨਿਆ ਜਾਂਦਾ ਹੈ। ਭਗਤੀ ਲਹਿਰ ਨੂੰ ਉੱਤਰੀ ਭਾਰਤ ਵਿੱਚ ਅਸਲ ਹੁਲਾਰਾ ਭਗਤ ਰਾਮਾਨੰਦ ਜੀ ਵੇਲੇ ਮਿਲਿਆ। ਉਹਨਾਂ ਨੇ ਅਸਲ ਵਿੱਚ ਇੱਕ ਰੱਬ ਦਾ ਸੰਦੇਸ਼ ਦਿੱਤਾ ਅਤੇ ਕਰਮ ਕਾਂਡ ਵਿਰੁੱਧ ਅਵਾਜ਼ ਉਠਾਈ। ਉਹਨਾਂ ਦੇ ਅੱਗੇ 12 ਚੇਲੇ ਸਨ ਜਿਨ੍ਹਾਂ ਵਿੱਚ ਪ੍ਰਮੁੱਖ ਭਗਤ ਕਬੀਰ, ਰਵਿਦਾਸ, ਧੰਨਾ, ਪੀਪਾ ਅਤੇ ਸੈਣ ਸਨ ਅਤੇ ਇਹਨਾਂ ਦੀ ਬਾਣੀ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਗਤ ਕਬੀਰ ਜੀ ਨੇ ਪੰਡਤਾਂ ਦੇ ਕਰਮ-ਕਾਂਡ ਅਤੇ ਮੂਰਤੀ ਪੂਜਾ ਦਾ ਵਿਰੋਧ ਕੀਤਾ। ਕਬੀਰ ਨੇ ਜਾਤ-ਪਾਤ ਦੀ ਨਿਖੇਧੀ ਕੀਤੀ। ਹੱਥੀ ਕੰਮ ਕਰਨ ਨੂੰ ਪ੍ਰਮੁੱਖਤਾ ਦਿੱਤੀ। ਉਹ ਸ਼ਿਰੋਮਣੀ ਭਗਤਾਂ ਵਿੱਚੋਂ ਇੱਕ ਹਨ। ਦੂਸਰੇ ਭਗਤ ਨਾਮਦੇਵ ਜੀ ਨੇ ਕਿਹਾ ਕਿ ਧਾਰਮਿਕ ਪੱਖ-ਪਾਤ ਨੂੰ ਛੱਡ ਕੇ ਰੱਬ ਦੀ ਇੱਕੋ ਹੋਂਦ ਨੂੰ ਸਵੀਕਾਰ ਕਰੋ। ਭਗਤ ਕਬੀਰ ਜੀ ਜੁਲਾਹੇ ਸਨ ਤਾਂ ਭਗਤ ਨਾਮਦੇਵ ਜੀ ਦੀ ਜਾਤ ਛੀਂਬਾ ਸੀ। ਭਗਤ ਕਬੀਰ ਜੀ ਨੇ ਜਾਤ-ਪਾਤ ਦੀਆਂ ਦੀਵਾਰਾਂ ਵਿੱਚ ਜਕੜੇ ਸਮਾਜ ਵਿੱਚ ਪੁਜਾਰੀ ਸ਼੍ਰੇਣੀ ਦੀ ਵਿਰੋਧਤਾ ਕਰਦੇ ਹੋਏ ਲਿਖਿਆ ਹੈ:

ਜੋ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥

ਤਉ ਆਨ ਬਾਟ ਕਾਹੇ ਨਹੀਂ ਆਇਆ॥

ਭਗਤ ਰਵਿਦਾਸ ਜੀ ਚਮਾਰ ਜਾਤ ਨਾਲ ਸੰਬੰਧਿਤ ਸਨ। ਪਰ ਉਹਨਾਂ ਨੇ ਆਪਣੇ ਭਗਤੀ ਮਾਧਿਅਮ ਰਾਹੀਂ ਦੱਸ ਦਿੱਤਾ ਕਿ ਜਾਤ-ਪਾਤ ਨਾਲ ਕੋਈ ਵੱਡਾ ਛੋਟਾ ਨਹੀਂ। ਉਹਨਾਂ ਨੇ ਮੂਰਤੀ ਪੂਜਾ

ਦਾ ਵਿਰੋਧ ਕੀਤਾ। ਭਗਤ ਰਾਮਾਨੰਦ ਜੀ ਜਾਤ ਦੇ ਬ੍ਰਾਹਮਣ ਸਨ। ਉਹ ਪਹਿਲੇ ਵੈਸ਼ਨਵ ਭਗਤ ਸਨ ਜਿਨ੍ਹਾਂ ਨੇ ਨੀਵੀਂ ਜਾਤ ਦੇ ਲੋਕਾਂ ਨੂੰ ਵੀ ਆਪਣਾ ਅਨੁਯਾਈ ਬਣਾਇਆ ਜਿਵੇਂ ਭਗਤ ਰਵਿਦਾਸ ਅਤੇ ਧੰਨਾ ਆਦਿ। ਭਗਤ ਜੈ ਦੇਵ ਜੀ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਗਤ ਤ੍ਰਿਲੋਚਨ ਜੀ ਨੇ ਵੀ ਸਰਗੁਣ ਭਗਤੀ ਦੀ ਥਾਂ ਨਿਰਗੁਣ ਭਗਤੀ ਉੱਪਰ ਜ਼ੋਰ ਦਿੱਤਾ। ਭਗਤ ਧੰਨਾ ਜੀ ਜੱਟ ਹੁੰਦੇ ਹੋਏ ਹੱਥੀਂ ਕਿਰਤ ਨੂੰ ਪ੍ਰਮੁੱਖਤਾ ਦਿੰਦੇ ਸਨ। ਉਹਨਾਂ ਦੇ ਪੂਜਾ ਦੇ ਵਿਲੱਖਣ ਸਿਧਾਂਤ ਸਨ। ਉਹ ਇੱਕ ਰੱਬ ਦੀ ਪੂਜਾ ਨੂੰ ਮੰਨਦੇ ਸਨ।

ਭਗਤ ਸੈਣ ਜੀ ਜਾਤ ਦੇ ਨਾਈ ਸਨ। ਉਹਨਾਂ ਦਾ ਪਵਿੱਤਰ ਸ਼ਬਦ ਧਨਾਸਰੀ ਰਾਗ ਵਿੱਚ ਦਰਜ ਹੈ। ਭਗਤ ਪੀਪਾ ਜੀ ਰਾਜਪੂਤ ਸਨ। ਉਹਨਾਂ ਨੇ ਗੁਰੂ ਮੰਤਰ ਰਾਮਾਨੰਦ ਜੀ ਪਾਸੋਂ ਲਿਆ। ਭਗਤ ਭੀਖਣ ਅਤੇ ਭਗਤ ਸਧਨਾ ਜੀ ਇਸਲਾਮ ਧਰਮ ਨਾਲ ਸੰਬੰਧਿਤ ਸਨ। ਭਗਤ ਪਰਮਾਨੰਦ, ਭਗਤ ਸੂਰਦਾਸ ਅਤੇ ਭਗਤ ਬੇਣੀ ਜੀ ਬ੍ਰਾਹਮਣ ਜਾਤ ਨਾਲ ਸੰਬੰਧਿਤ ਸਨ ਅਤੇ ਭਗਤ ਫ਼ਰੀਦ ਜੀ ਇਸਲਾਮ ਧਰਮ ਨਾਲ ਸੰਬੰਧਿਤ ਸਨ। ਇਸ ਪ੍ਰਕਾਰ 15 ਭਗਤ ਸਾਹਿਬਾਨ ਦੇ ਵੱਖ-ਵੱਖ ਧਰਮਾਂ, ਵੱਖ-ਵੱਖ ਜਾਤਾਂ ਨਾਲ ਸੰਬੰਧਿਤ ਹੋਣ 'ਤੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਯੋਗ ਥਾਂ ਦੇ ਕੇ ਸਨਮਾਨਿਆ। ਇਸ ਤਰ੍ਹਾਂ ਇਹ ਸੰਸਾਰ ਦਾ ਪਹਿਲਾ ਅਜਿਹਾ ਧਰਮ-ਗ੍ਰੰਥ ਹੈ ਜਿਸ ਵਿੱਚ ਵੱਖ-ਵੱਖ ਧਰਮਾਂ, ਵੱਖ-ਵੱਖ ਸੱਭਿਆਚਾਰਾਂ, ਬੋਲੀਆਂ ਅਤੇ ਜਾਤਾਂ ਦੇ ਮਨੁੱਖਾਂ ਨੂੰ ਥਾਂ ਦੇ ਕੇ ਮਾਨਵ ਸਨਮਾਨ ਨੂੰ ਸਿਖਰ 'ਤੇ ਪਹੁੰਚਾਇਆ ਗਿਆ ਹੈ। ਗੁਰੂ ਜੀ ਨੇ ਸਾਨੂੰ ਦੱਸ ਦਿੱਤਾ ਕਿ ਜਨਮ ਜਾਤ ਦੀ ਉੱਤਮਤਾ ਨੂੰ ਨਕਾਰਦਾ ਹੈ ਅਤੇ ਬੌਧਿਕ ਉੱਤਮਤਾ ਨੂੰ ਪ੍ਰਵਾਨ ਕਰਦਾ ਹੈ। ਭਗਤ ਬਾਣੀ ਤੋਂ ਬਾਅਦ ਭੱਟ ਬਾਣੀ ਸੰਕਲਿਤ ਹੈ। ਸੰਸਕ੍ਰਿਤ ਦੇ ਸ਼ਬਦ 'ਭ੍ਰਿਤਾ' ਦਾ ਪੰਜਾਬੀ ਰੁਪਾਂਤਰਣ 'ਭਟ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਬਾਣੀ ਪੰਨਾ 1389 ਤੋਂ ਸ਼ੁਰੂ ਹੁੰਦੀ ਹੈ। ਪੰਜਾਬ ਦੇ ਭੱਟ ਜਾਤ ਦੇ ਸਾਰਸ਼ਤ ਬ੍ਰਾਹਮਣ ਸਨ। ਉੱਚੀਆਂ ਜਾਤਾਂ ਦੇ ਬ੍ਰਾਹਮਣ, ਭੱਟਾਂ ਨੂੰ ਆਪਣੇ ਨਾਲੋਂ ਨੀਵੀਂ ਜਾਤ ਦੇ ਬ੍ਰਾਹਮਣ ਸਮਝਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਭਾ ਜਦੋਂ ਭੱਟਾਂ ਦੇ ਕੰਨੀ ਪਈ ਤਾਂ ਇਹ ਗੁਰੂ ਦਰਬਾਰ ਵਿੱਚ ਪੁੱਜੇ। ਭੱਟਾਂ ਨੇ ਗੁਰੂ ਸਾਹਿਬਾਨ ਦੀ ਉਸਤਤ ਵਿੱਚ ਸ਼ਬਦ ਰਚਨਾ ਵੀ

ਕੀਤੀ। ਭੱਟਾਂ ਅਤੇ 4 ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੇਵਾ ਦਾ ਸੰਕਲਪ ਇੱਕ ਹੋਰ ਮਹਾਨ ਇਨਕਲਾਬੀ ਧਾਰਮਿਕ ਸੰਕਲਪ ਹੈ। ਹਿੰਦੁਸਤਾਨ ਵਿੱਚ ਸੇਵਾ ਵੀ ਜਾਤ-ਪਾਤੀ ਸਮਾਜਿਕ ਦਰਜੇਬੰਦੀ ਨਾਲ ਸਦੀਆਂ ਤੋਂ ਜੁੜੀ ਰਹੀ ਹੈ। ਇਸੇ ਕਾਰਨ ਸੇਵਾ ਅਤੇ ਸੇਵਕ ਦੋਵਾਂ ਨੂੰ ਨੀਵੇਂ ਸਮਝਿਆ ਜਾਂਦਾ ਸੀ। ਸੇਵਾ ਕਰ ਕੇ ਮਨੁੱਖ ਸਮਾਜਿਕ ਨੀਵੇਂਪਨ ਦਾ ਸ਼ਿਕਾਰ ਹੁੰਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਸੇਵਾ ਨੂੰ ਜੋ ਕਦੇ ਸਮਾਜ ਵਿੱਚ ਲਾਹਨਤ ਸਮਝੀ ਜਾਂਦੀ ਸੀ, ਦਰਗਾਹ ਦੀ ਪਉੜੀ ਬਣਾ ਦਿੱਤਾ ਗਿਆ। ਦੂਸਰੇ ਸ਼ਬਦਾਂ ਵਿੱਚ ਗੁਰੂ ਗ੍ਰੰਥ ਦੀ ਬਾਣੀ ਨੇ 'ਸੇਵਾ' ਅਤੇ ਕਿਰਤ ਦੋਹਾਂ ਨੂੰ ਉਚਿਆ ਕੇ ਸਮਾਜ ਵਿੱਚ ਸੇਵਕ ਅਤੇ ਕਿਰਤੀ ਦਾ ਦਰਜਾ ਉੱਚਾ ਕੀਤਾ। ਇਹ ਸੇਵਾ ਦੀ ਬਦੌਲਤ ਹੀ ਹੈ ਕਿ ਗੁਰੂ ਅੰਗਦ ਲਹਿਣੇ ਤੋਂ ਗੁਰੂ ਦੀ ਪਦਵੀ ਨੂੰ ਪ੍ਰਾਪਤ ਹੋਏ। ਗੁਰੂ ਅਮਰਦਾਸ ਜੀ ਸਭ ਤੋਂ ਵਡੇਰੀ ਉਮਰ ਵਿੱਚ ਸੇਵਾ ਕਮਾਈ ਕਰ ਕੇ ਗੁਰੂ ਪਦ ਨੂੰ ਗ੍ਰਹਿਣ ਕਰਨ ਦੇ ਯੋਗ ਹੋਏ। ਸਾਰੇ ਭਗਤ ਕਿਰਤੀ ਵਰਗ ਵਿੱਚੋਂ ਸਨ। ਭਗਤ ਕਬੀਰ ਜੁਲਾਹੇ ਦਾ ਕਰਮ ਕਰਦੇ ਸਨ ਅਤੇ ਭਗਤ ਰਵਿਦਾਸ ਜੀ ਚਮੜੇ ਦਾ। ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸੇਵਾ ਅਤੇ ਕਿਰਤ ਦੇ ਮਹੱਤਵ ਰਾਹੀਂ ਮਨੁੱਖ ਨੂੰ ਸਮਾਜਿਕ ਤੌਰ 'ਤੇ ਨਿਖੱਟੂ ਹੋਣ ਤੋਂ ਬਚਾਇਆ। ਇਸ ਦਾ ਵੱਡਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਨਵਵਾਦੀ ਵਿਚਾਰਧਾਰਾ ਹੈ। ਇਹ ਵਿਚਾਰਧਾਰਾ ਉਚੇਰੇ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਲਈ ਸੰਸਾਰ ਤਿਆਗਣ ਦੀ ਥਾਂ ਸੰਸਾਰ ਦੀਆਂ ਬੁਰਾਈਆਂ ਤਿਆਗਣ ਦਾ ਸੰਦੇਸ਼ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਇਹ ਸਹਿਜ-ਮਾਰਗ ਜਾਂ ਨਾਮ-ਮਾਰਗ ਹੀ, ਧਰਮ ਦੀ ਸਮਾਜਿਕ ਸਾਰਥਕਤਾ ਨੂੰ ਬਹਾਲ ਕਰਦਿਆਂ ਧਰਮ ਦੇ ਕ੍ਰਾਂਤੀਕਾਰੀ, ਲੋਕ-ਮੁਖੀ, ਸਮਾਜ-ਮੁਖੀ ਅਤੇ ਕਿਰਤੀ-ਮੁਖੀ ਦ੍ਰਿਸ਼ਟੀਕੋਣ ਰਾਹੀਂ ਮਨੁੱਖ ਨੂੰ ਮਾਇਆ ਅਤੇ ਸੰਸਾਰ ਵਿੱਚ ਰਹਿੰਦਿਆਂ ਇਸ ਤੋਂ ਨਿਰਲੇਪ ਰਹਿਣ ਦੀ ਸਿੱਖਿਆ ਦਿੰਦਾ ਹੈ।

ਸਿੱਖ ਧਰਮ ਵਿੱਚਲਾ ੴ ਦਾ ਨੁਕਤਾ ਇਸ ਦਰਸ਼ਨ ਨੂੰ ਮਾਨਵਵਾਦ ਦੇ ਮੂਲ ਨਾਲ ਜੋੜਦਾ ਹੈ। ਸਮੁੱਚੇ ਬ੍ਰਹਿਮੰਡ ਨੂੰ ਇੱਕੋ ਜੋਤ ਦਾ ਪ੍ਰਗਟਾਵਾ ਮੰਨਣਾ ਸਮੁੱਚੀ ਮਨੁੱਖਤਾ ਨੂੰ ਇੱਕ ਇਕਾਈ ਵਜੋਂ

ਲੈਣਾ ਹੈ। ਇਸ ਵਿੱਚ ਮਾਨਵਵਾਦ ਦੇ ਸਾਰੇ ਪੱਖ ਸਿਮਟ ਜਾਂਦੇ ਹਨ। ਮੂਲ ਮੰਤਰ ਸਮੁੱਚੀ ਮਾਨਵਤਾ ਦੇ ਸਰੂਪ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਗੁਰਮਤਿ ਦਾ ਇੱਕ ਰੱਬ ਦਾ ਸੰਕਲਪ ਇਸ ਤਰਕ ਨੂੰ ਬਲ ਬਖਸ਼ਦਾ ਹੈ ਕਿ ਸਮੁੱਚਾ ਬ੍ਰਹਿਮੰਡ ਇੱਕੋ ਸਰੋਤ ਵਿੱਚੋਂ ਉਪਜਿਆ ਹੈ। ਇਸ ਲਈ ਸਮਾਜਿਕ ਵਿਤਕਰੇ ਲਈ ਕੋਈ ਸਥਾਨ ਨਹੀਂ ਬਚਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਵਿੱਚ ਚਹੁੰ ਵਰਨਾਂ ਦੀ ਸਮਾਜਿਕ ਦਰਜੇਬੰਦੀ ਨੂੰ ਨਕਾਰਦੇ ਹੋਏ ਹਰ ਮਨੁੱਖ ਵਿੱਚ ਇੱਕ ਜੋਤਿ ਦੇ ਪ੍ਰਕਾਸ਼ ਨੂੰ ਅਨੁਭਵ ਕਰਨ ਉੱਤੇ ਬਲ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਹੀ ਖਿੱਤੇ, ਜਾਤ-ਬਰਾਦਰੀ, ਸਥਾਨਕ, ਇਲਾਕਾਈ ਤੇ ਕਬਾਇਲੀ ਸੱਭਿਆਚਾਰ, ਇਸਤਰੀ ਪ੍ਰਤੀ ਸੋਚ ਅਤੇ ਹਾਸ਼ੀਆਗਤ ਵਰਗ ਦੇ ਵਿਸ਼ੇ ਸਮੋ ਕੇ ਇੱਕ ਸਮਨਵੈ ਸੱਭਿਆਚਾਰ ਦੀ ਧਾਰਨਾ ਦਾ ਪ੍ਰਚਲਨ ਹੋ ਗਿਆ ਹੈ। ਗੁਰਬਾਣੀ ਦਾ ਆਸ਼ਾ ਜਨ-ਸਧਾਰਨ ਨੂੰ ਅਧਿਆਤਮਿਕ ਪੱਖ ਤੋਂ ਪ੍ਰੇਰਿਤ ਕਰਨ ਦੇ ਨਾਲ-ਨਾਲ ਕਿਸੇ ਕਿਸਮ ਦੀ ਅਣਮਨੁੱਖੀ ਵੰਡ ਨੂੰ ਅਸਵੀਕਾਰਨਾ ਵੀ ਹੈ।

ਸਮੁੱਚੇ ਤੌਰ ’ਤੇ ਆਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਦੀ ਚੇਤਨਾ ਬਾਰੇ ਕ੍ਰਾਂਤੀਕਾਰੀ ਪ੍ਰਵਚਨ ਬਣ ਕੇ ਉਜਾਗਰ ਹੁੰਦੇ ਹਨ ਅਤੇ ਉਦਾਰਵਾਦੀ ਮਾਨਵੀ ਕਦਰਾਂ-ਕੀਮਤਾਂ ਦਾ ਸੰਚਾਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਰਦੇ ਸਮੇਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਾਤ-ਪਾਤ ਦਾ ਖੰਡਨ ਕਰਦੇ ਹੋਏ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਕਰਦੇ ਸਮੇਂ ਚਾਹੇ ਲਹਿੰਦੇ ਪੰਜਾਬ ਦਾ ਸੂਫੀ ਦਰਵੇਸ਼ ਸ਼ੇਖ ਬਾਬਾ ਫਰੀਦ ਸੀ, ਚਾਹੇ ਉੱਤਰੀ ਭਾਰਤ ਦੇ ਸੰਤ ਰਾਮਾਨੰਦ, ਭੀਖਣ, ਭਗਤ ਕਬੀਰ, ਭਗਤ ਰਵਿਦਾਸ, ਰਾਜਸਥਾਨੀ ਸੰਤ ਧੰਨਾ ਭਗਤ, ਪੀਪਾ, ਭਗਤ ਸਧਨਾ, ਮਹਾਰਾਸ਼ਟਰੀ ਸੰਤ ਨਾਮਦੇਵ ਆਦਿ ਸਾਰੇ ਇੱਕ ਥਾਂ ਇੱਕ ਰੂਪ ਹੋ ਕੇ ਪ੍ਰਗਟ ਹੋਏ। ਇਹਨਾਂ ਵਿੱਚ ਨਾ ਕੋਈ ਵੱਡਾ ਸੀ ਤੇ ਨਾ ਕੋਈ ਛੋਟਾ।

ਜਾਤ-ਪਾਤੀ ਸਮਾਜ ਨੇ ਜੋ ਨੀਵਾਂ ਦਰਜਾ ਔਰਤ ਨੂੰ ਦਿੱਤਾ ਹੋਇਆ ਸੀ ਉਸ ਬਾਰੇ ਕੋਈ ਹੋਰ ਟਿੱਪਣੀ ਕਰਨ ਦੀ ਜ਼ਰੂਰਤ ਨਹੀਂ ਜਾਪਦੀ। ਗੁਰੂ ਸਾਹਿਬਾਨ ਨੇ ਔਰਤ ਨੂੰ ਜਗਤ ਜਨਨੀ ਦੇ ਰੂਪ ਵਿੱਚ ਸਤਿਕਾਰ ਦੀ ਪਾਤਰ ਬਣਾਇਆ।

ਇਸ ਖੋਜ-ਪ੍ਰਬੰਧ ਰਾਹੀਂ ਇਸੇ ਨੂੰ ਦ੍ਰਿੜ੍ਹਾਉਣ ਦਾ ਯਤਨ ਕੀਤਾ ਗਿਆ ਹੈ ਕਿ ਗੁਰੂ ਸਾਹਿਬਾਨ ਦਾ ਮੰਤਵ ਸੀ ਸਰਬੱਤ ਦਾ ਭਲਾ, ਸਾਂਝੇ ਵਿਚਾਰ, ਸਾਂਝਾਂ ਭਾਈਚਾਰਾ, ਸਾਂਝੀ ਲਗਨ, ਸਾਂਝੀ ਸਮਾਜਿਕ ਚੇਤਨਾ, ਸਾਂਝੀ ਸੰਸਕ੍ਰਿਤੀ ਦੀ ਸਥਾਪਨਾ ਤੇ ਮਨੁੱਖ ਨੂੰ ਅਧਿਆਤਮਕ ਤੌਰ ’ਤੇ ਉੱਚਾ ਚੁੱਕਣਾ। ਇਸ ਸਰਬ ਸਾਂਝ ਲਈ ਉਹਨਾਂ ਨੇ ਸੰਵਾਦ ਦੀ ਜੁਗਤ ਅਪਣਾਈ, ਲੋਕ ਸੰਪਰਕ ਕਾਇਮ ਕੀਤਾ ਤੇ ਸਾਂਝੀ ਬੋਲੀ ਦਾ ਸੰਕਲਪ ਦਿੱਤਾ ਜਿਸ ਵਿੱਚ ਫਾਰਸੀ ਜ਼ਬਾਨ ਦੇ ਲਫ਼ਜਾਂ ਦੀ ਵਰਤੋਂ ਇੱਕ ਸਹਿਜ ਅਮਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਾਤ-ਪਾਤ ’ਤੇ ਆਧਾਰਿਤ ਸਮਾਜਿਕ ਅਨਿਆਂ ਪ੍ਰਤੀ ਬੜਾ ਸਿੱਧਾ ਤੇ ਸਪਸ਼ਟ ਨਜਰੀਆ ਹੈ।

ਗੁਰੂ ਅਮਰਦਾਸ ਜੀ ਕਹਿੰਦੇ ਹਨ: “ਆਗੈ ਜਾਤਿ ਰੂਪੁ ਨ ਜਾਇ॥” ਤੇਹਾ ਹੋਵੈ ਜੈਹੈ ਕਰਮ ਕਮਾਇ॥ ਕਿਸੇ ਖਾਸ ਕੁਲ ਜਾਂ ਵਰਨ ਵਿੱਚ ਜਨਮ ਲੈਣ ਨਾਲ ਵਿਅਕਤੀ ਉਸ ਸਮਾਜ ਜਾਂ ਉਸ ਜਾਤ ਕੁਲ ਵਾਲਾ ਨਹੀਂ ਬਣ ਜਾਂਦਾ ਬਲਕਿ ਚੰਗੇ ਕਰਮ ਕਰ ਕੇ ਰਾਖਸ਼ਸ ਵੀ ਦੇਵਤੇ ਬਣ ਸਕਦੇ ਹਨ ਅਤੇ ਭੈੜੇ ਕਰਮਾਂ ਕਰਕੇ ਦੇਵਤੇ ਵੀ ਰਾਖਸ਼ਸ ਪੱਧਰ ’ਤੇ ਆ ਸਕਦੇ ਹਨ।

ਸਾਧ ਕਰਮ ਜੇ ਪੁਰਖ ਕਮਾਵੈ॥
ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀਂ॥
ਨਾਮ ਅਸੁਰ ਤਿਨ ਕੋ ਸਭ ਧਰਹੀਂ॥

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਵਿਗਿਆਨਕ ਵਿਧੀਆਂ ਜਾਂ ਲੋਕਧਾਰਾਈ ਮਾਡਲਾਂ ਦੇ ਅਧਿਐਨ ਨਾਲ ਗੁਰਬਾਣੀ ਦੇ ਅਥਾਹ ਸਮੁੰਦਰ ਵਿੱਚੋਂ ਹੋਰ ਵੀ ਅਨਮੋਲ ਮੋਤੀਆਂ ਦਾ ਖਜਾਨਾ ਢੂੰਡਿਆ ਜਾ ਸਕਦਾ ਹੈ ਅਤੇ ਗੁਰੂ ਆਸ਼ੇ ਦੀਆਂ ਅੰਤਰੀਵੀ ਜੁਗਤਾਂ ਨੂੰ ਪਛਾਣ ਕੇ ਉਹਨਾਂ ਤੋਂ

ਅਧਿਆਤਮਿਕ ਅਤੇ ਆਤਮਿਕ ਲਾਭ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗੁਰਬਾਣੀ ਹਰ ਸ਼ਰਧਾ ਵਾਲੇ ਵਿਅਕਤੀ ਲਈ "ਧੁਰ ਕੀ ਬਾਣੀ" ਅਤੇ ਰੂਹਾਨੀਅਤ ਦਾ ਅਮਰ ਸੋਮਾ ਹੈ।

ਗੁਰਬਾਣੀ ਰਚਨਾ ਦਾ ਮਾਧਿਅਮ ਲੋਕ ਭਾਸ਼ਾ ਹੈ। ਸ਼ਾਇਦ ਇਹ ਇੱਕੋ ਇੱਕ ਗ੍ਰੰਥ ਹੈ ਜੋ ਗਿਆਨ, ਤਰਕ ਅਤੇ ਇੱਕ ਫਲਸਫੇ ਦਾ ਧਾਰਨੀ ਹੁੰਦੇ ਹੋਇਆਂ ਵੀ ਜਨ ਸਧਾਰਨ ਨੂੰ ਸੰਬੋਧਿਤ ਹੈ। ਜਨ ਸਧਾਰਨ ਨੂੰ ਸੰਬੋਧਿਤ ਹੋਣ ਦਾ ਪਹਿਲਾ ਪ੍ਰਮਾਣ ਲੋਕ ਭਾਸ਼ਾ ਹੈ। ਇਸ ਪਾਵਨ ਗ੍ਰੰਥ ਵਿੱਚ ਬਿਨਾਂ ਕਿਸੇ ਭੇਦ-ਭਾਵ ਦੇ ਖੇਤਰੀ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ ਜੋ ਸਦੀਆਂ ਤੋਂ ਹਾਸ਼ੀਏ 'ਤੇ ਰਹੀਆਂ ਹਨ। ਸਾਡੇ ਸਮਾਜ ਵਿੱਚ ਅਨੇਕਾਂ ਪ੍ਰਕਾਰ ਦੀਆਂ ਸਮਾਜਿਕ ਵੰਡੀਆਂ ਹਨ ਜਿਵੇਂ:- ਖਿੱਤਾ, ਜਾਤ-ਬਰਾਦਰੀ, ਲਿੰਗ-ਭੇਦ, ਸਥਾਨਕ, ਇਲਾਕਾਈ ਤੇ ਕਬਾਇਲੀ ਸੱਭਿਆਚਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹਨਾਂ ਭੇਦਾਂ ਨੂੰ ਸਮੋ ਕੇ ਇੱਕ ਸਮਨਵੈ ਸੱਭਿਆਚਾਰ ਦੀ ਧਾਰਨਾ ਦਾ ਪ੍ਰਚਲਨ ਕੀਤਾ ਗਿਆ ਹੈ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲ ਵਿੱਚ ਸੰਕਲਿਤ ਇੱਕ ਅਜਿਹਾ ਪਾਵਨ ਗ੍ਰੰਥ ਹੈ ਜਿਸ ਰਾਹੀਂ ਪੁਰਾਤਨ ਸੰਸਕ੍ਰਿਤੀ, ਵਿਚਾਰਧਾਰਾਵਾਂ, ਵਿਭਿੰਨ ਫਲਸਫਿਆਂ ਅਤੇ ਸਮਕਾਲੀ ਵਿਚਾਰਧਾਰਾਵਾਂ ਨਾਲ ਇੱਕੋ ਸਮੇਂ ਕੀਤਾ ਗਿਆ ਸੰਵਾਦ ਪ੍ਰਸਤੁਤ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਦੀ ਚੇਤਨਾ ਬਾਰੇ ਕ੍ਰਾਂਤੀਕਾਰੀ ਪ੍ਰਵਚਨ ਬਣ ਕੇ ਉਜਾਗਰ ਹੁੰਦੇ ਹਨ ਅਤੇ ਉਦਾਰਵਾਦੀ ਮਾਨਵੀ ਕਦਰਾਂ-ਕੀਮਤਾਂ ਦਾ ਸੰਚਾਰ ਕਰਦੇ ਹਨ।

# ਪੁਸਤਕ-ਸੂਚੀ

## ਪੰਜਾਬੀ


ਅਮਰਜੀਤ ਸਿੰਘ ਕਾਂਗ, **ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ**, ਸਾਹਿਤ ਅਕਾਦਮੀ, ਨਵੀਂ ਦਿੱਲੀ, 2005

ਅੰਮ੍ਰਿਤਪਾਲ ਕੌਰ (ਸੰਪਾ.), **ਖੋਜ ਪੱਤ੍ਰਿਕਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਇਕਬਾਲ ਨਾਰਾਇਣ ਚੋਪੜਾ, **ਭਾਰਤੀ ਦਰਸ਼ਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

ਏ.ਆਰ. ਦੇਸਾਈ, ਅਮੋਲ, ਸ.ਸ., (ਅਨੁਵਾਦਕ), **ਭਾਰਤੀ ਰਾਸ਼ਟਰਵਾਦ ਦਾ ਸਮਾਜਿਕ ਪਿਛੋਕੜ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005

ਸੰਤੋਖ ਸਿੰਘ, ਭਾਈ, **ਗੁਰ ਪ੍ਰਤਾਪ ਸੂਰਜ ਗ੍ਰੰਥ**, (ਸੰਪਾ. ਤੇ ਪ੍ਰਕਾਸ਼ਕ ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, ਤੀਜੀ ਵਾਰ, 1954

ਸੰਤੋਖ ਸਿੰਘ (ਡਾ.), **ਭਾਰਤ ਵਿਚ ਜਾਤ ਅਤੇ ਜਮਾਤ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013

**ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** (ਚਾਰ ਪੋਥੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਚੌਥਾ ਸੰਸਕਣ, 1964

ਸ਼ਮਸ਼ੇਰ ਸਿੰਘ, **ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਸਰਦੂਲ ਸਿੰਘ ਕਵੀਸ਼ਰ, **ਸਿੱਖ ਧਰਮ ਦਰਸ਼ਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993

ਸਰਬਜਿੰਦਰ ਸਿੰਘ (ਡਾ.), **ਧੁਰ ਕੀ ਬਾਣੀ ਸੰਪਾਦਨ ਜੁਗਤ**, ਸਿੱਖ ਫਾਊਂਡੇਸ਼ਨ, ਦਿੱਲੀ, 2004

-ਉਹੀ- (ਸੰਪਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਕੀਵੀਂ ਸਦੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

-ਉਹੀ-, **ਮਰਣਿ ਕਬੂਲ**, ਸਿੱਖ ਫਾਊਂਡੇਸ਼ਨ, ਦਿੱਲੀ, 2006

-ਉਹੀ- (ਸੰਪਾ.), **ਵਿਸ਼ਵ ਧਰਮ ਬਾਣੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

-ਉਹੀ- (ਸੰਪਾ.), **ਨਾਨਕ ਪ੍ਰਕਾਸ਼ ਪੱਤ੍ਰਿਕਾ (ਭਗਤ ਕਬੀਰ ਵਿਸ਼ੇਸ਼ ਅੰਕ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

-ਉਹੀ- (ਸੰਪਾ.), **ਨਾਨਕ ਪ੍ਰਕਾਸ਼ ਪੱਤ੍ਰਿਕਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਸਾਹਿਬ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ**, (ਦਸ ਜਿਲਦਾਂ), ਰਾਜ ਪਬਲਿਸ਼ਰਜ਼, ਜਲੰਧਰ, 1977

-ਉਹੀ-, **ਸਲੋਕ ਕਬੀਰ ਜੀ ਸਟੀਕ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011

-ਉਹੀ-, **ਭੱਟਾਂ ਦੇ ਸਵੱਈਏ ਸਟੀਕ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014

ਸਾਧੂ ਰਾਮ ਸ਼ਾਰਦਾ, **ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ**, ਭਾਸ਼ਾ ਵਿਭਾਗ ਪੰਜਾਬ,ਪਟਿਆਲਾ, 1973

ਸੁਰਜੀਤ ਸਿੰਘ, **ਸਿੱਖ ਰਹਿਤ ਅਤੇ ਸਿੱਖ ਆਚਰਨ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1999

ਸੁਰਜੀਤ ਸਿੰਘ ਭਾਟੀਆ, **ਸਿੱਖੀ ਦੀ ਨਿਵੇਕਲੀ ਪਹਿਚਾਣ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1998

ਸੁਰਿੰਦਰ ਸਿੰਘ ਕੋਹਲੀ, **ਪੰਜਾਬੀ ਸਾਹਿਤ ਕੋਸ਼**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1976

ਸ਼ੇਰ ਸਿੰਘ, **ਗੁਰਮਤਿ ਦਰਸ਼ਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1986

**ਸ੍ਰੀ ਗੁਰੂ ਗ੍ਰੰਥ ਸਾਹਿਬ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1981

ਹਰਚੰਦ ਸਿੰਘ ਬੇਦੀ, **ਇੱਕੀਵੀਂ ਸਦੀ ਵਿਚ ਸਿੱਖਾਂ ਲਈ ਚੁਣੌਤੀਆਂ**, ਖਾਲਸਾ ਕਾਲਜ, ਅੰਮ੍ਰਿਤਸਰ 2001

ਹਰਬੰਸ ਸਿੰਘ (ਪ੍ਰੋਫੈਸਰ) ਅਤੇ ਜੋਸ਼ੀ, ਐਲ.ਐਮ. (ਡਾ.), **ਸੰਸਾਰ ਦੇ ਧਰਮ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖ਼ਾਲਸਾ**, ਗੜ੍ਹਦੀਵਾਲਾ, ਪ੍ਰਕਾਸ਼ਕ ਖ਼ੁਦ, 1988

ਹਰਿਭਜਨ ਸਿੰਘ (ਡਾ.), **ਸਾਹਿਤ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ, 1981

ਕਾਨ੍ਹ ਸਿੰਘ ਨਾਭਾ (ਭਾਈ), **ਗੁਰਮਤਿ ਸੁਧਾਕਰ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1979

-ਉਹੀ-, **ਗੁਰਮਤਿ ਮਾਰਤੰਡ** (ਭਾਗ ਪਹਿਲਾ ਤੇ ਦੂਜਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962

-ਉਹੀ-, **ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974

ਕਾਲਾ ਸਿੰਘ ਬੇਦੀ, (ਡਾ.), **ਬੁਲ੍ਹੇ ਸਾਹ ਆਲੋਚਨਾਤਮਕ ਅਧਿਐਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

-ਉਹੀ-, **ਗੁਰੂ ਨਾਨਕ ਸ਼ਬਦ ਰਤਨਾਕਰ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਦੂਜੀ ਵਾਰ, 1970

ਕੁੰਦਨ ਲਾਲ ਬੱਧਣ (ਬੁੱਧਿਸਟ), **ਫਰੀਦ ਦਰਪਨ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012

ਗਿਆਨ ਚੰਦ ਜੈਨ, (ਡਾ.), **ਭਗਤ ਬਾਣੀ ਦਾ ਸਮਾਜਿਕ ਅਧਿਐਨ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015

ਗੁੰਜਨਜੋਤ ਕੌਰ (ਡਾ.), **ਗੁਰੂ ਅਰਜਨ ਦੇਵ ਜੀ ਜੀਵਨ ਅਤੇ ਯੋਗਦਾਨ**, ਟਵੰਟੀ ਫਸਟ ਸੈਂਚੁਰੀ ਪਬਲੀਕੇਸ਼ਨ, ਪਟਿਆਲਾ, 2006

ਗੁਰਭਗਤ ਸਿੰਘ , **ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003

ਗੋਪਾਲ ਚੰਦ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ**, ਪੰਜਾਬੀ ਅਕਾਦਮੀ, ਦਿੱਲੀ, 1958

ਚਰਨਦੀਪ ਸਿੰਘ (ਡਾ.), **ਦਲਿਤ ਸਰੋਕਾਰ ਅਤੇ ਸਾਹਿਬ**, ਟਵੰਟੀ ਫਸਟ ਸੈਂਚੁਰੀ ਪਬਲੀਕੇਸ਼ਨ, ਪਟਿਆਲਾ, 2012

ਜਸਬੀਰ ਸਿੰਘ (ਡਾ.), **ਭਗਤ ਬਾਣੀ : ਇਕ ਅਧਿਐਨ**, ਟਵੰਟੀ ਫਸਟ ਸੈਂਚੂਰੀ ਪਬਲੀਕੇਸ਼ਨ, ਪਟਿਆਲਾ, 2014

ਜਸਬੀਰ ਕੌਰ (ਡਾ.)(ਸੰਪਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਸ਼ੇਸ਼ ਪ੍ਰਸੰਗ ਵਿਚ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

ਜਗਜੀਤ ਸਿੰਘ, **ਸਿੱਖ ਇਨਕਲਾਬ**, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2012

ਜਗਬੀਰ ਸਿੰਘ (ਡਾ.), **ਸ਼ਬਦ ਤੇ ਸੰਵਾਦ**, ਮਨਪ੍ਰੀਤ ਪ੍ਰਕਾਸ਼ਨ, ਜਲੰਧਰ, 2001

-ਉਹੀ-, **ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ ਗੁਰੂ ਗ੍ਰੰਥ ਸਾਹਿਬ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006

-ਉਹੀ-, **ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973

ਜਤਿੰਦਰਪਾਲ ਕੌਰ, **ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਨਵ-ਮੁਕਤੀ ਦਾ ਸੰਕਲਪ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014

ਜੀ.ਐਸ. ਗੁਰੀਏ., **ਭਾਰਤ ਵਿੱਚ ਜਾਤੀ ਅਤੇ ਨਸਲ** (ਅਨੁਵਾਦਕ ਐਨ.ਐਸ. ਸੋਢੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003

ਜੋਗਿੰਦਰ ਸਿੰਘ, **ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਾਰ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986

ਜੋਧ ਸਿੰਘ (ਭਾਈ), **ਗੁਰਬਾਣੀ ਅਤੇ ਭਾਰਤੀ ਧਰਮ ਦਰਸ਼ਨ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1982

-ਉਹੀ-, **ਗੁਰਮਤਿ ਨਿਰਣਯ**, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003

ਤਲਵਿੰਦਰ ਸਭਰਵਾਲ, (ਸੰਪਾ.), **ਜਾਤ ਪਾਤ ਦਾ ਫਸਤਾ ਵੱਢੋ**, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2014

ਤਾਰਨ ਸਿੰਘ, **ਆਨੰਦ ਜੋਤਿ ਤੇ ਜੁਗਤਿ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980

-ਉਹੀ-, **ਸਿੱਖ, ਸਿੱਖੀ ਅਤੇ ਸਿਧਾਂਤ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1991

ਦਰਸ਼ਨ ਸਿੰਘ, **ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

ਦਰਸ਼ਨ ਸਿੰਘ, **ਸ੍ਰੀ ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

ਦਲੀਪ ਸਿੰਘ ਦੀਪ, **ਗੁਰਬਾਣੀ ਚਿੰਤਨ (ਸਿਧਾਂਤ ਤੇ ਸਾਧਨਾ)**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੂਜੀ ਵਾਰ, 1995

-ਉਹੀ-, **ਜਪੁਜੀ ਇਕ ਤੁਲਨਾਤਮਕ ਅਧਿਐਨ**, ਪੰਜਾਬ ਬੁੱਕ ਸਟੋਰ, ਨਵੀਂ ਦਿੱਲੀ, 1969

ਦੀਵਾਨ ਸਿੰਘ, **ਗੁਰਮਤਿ ਵਿਚਾਰ**, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1988

ਧਰਮਪਾਲ ਸਿੰਗਲ (ਡਾ.)(ਸੰਪਾ.), **ਗੁਰੂ ਰਵਿਦਾਸ, ਜੀਵਨ ਤੇ ਬਾਣੀ**, ਪੰਜਾਬੀ ਅਕਾਦਮੀ ਦਿੱਲੀ, ਪਹਿਲੀ ਵਾਰ, 1986

ਧਰਮਪਾਲ ਮਿਗਲੇ (ਡਾ.), **ਸਦਗੁਰੂ ਕਬੀਰ ਸਾਹਿਬ ਜੀਵਨ ਅਤੇ ਬਾਣੀ**, ਆਧੁਨਿਕ ਕਿਤਾਬ ਘਰ, ਜਲੰਧਰ, 2008

ਧਰਮਾਨੰਤ ਸਿੰਘ, **ਵੈਦਿਕ ਗੁਰਮਤਿ**, ਆਰਯ ਪ੍ਰਦੇਸ਼ਕ ਪ੍ਰਤਿਨਿਧ ਸਭਾ, ਜਲੰਧਰ, 1965

ਨਰੈਣ ਸਿੰਘ, **ਜਪੁਜੀ ਸਾਹਿਬ,** ਭਗਤ ਪੂਰਨ ਸਿੰਘ ਪਿੰਗਲਵਾੜਾ, ਅੰਮ੍ਰਿਤਸਰ, 1974

-ਉਹੀ-, **ਨਾਨਕ ਨਿਰਮਲ ਪੰਥ ਚਲਾਇਆ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986

ਪਰਮਵੀਰ ਸਿੰਘ (ਡਾ.), **ਸਿੱਖ ਅਧਿਐਨ**, ਗਰੇਸੀਅਸ ਬੁਕਸ, ਪਟਿਆਲਾ, 2014

ਪਿਆਰ ਸਿੰਘ, **ਖੋਜ: ਸਿਧਾਂਤ ਤੇ ਵਿਵਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਪਿਆਰਾ ਸਿੰਘ ਪਦਮ, **ਸ੍ਰੀ ਗੁਰੂ ਗ੍ਰੰਥ ਵਿਚਾਰ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

-ਉਹੀ-, **ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

ਪੂਰਨ ਸਿੰਘ, **ਦਸ ਗੁਰੂ ਦਰਸ਼ਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972

ਪ੍ਰਤਾਪ ਸਿੰਘ, **ਗੁਰਮਤਿ ਫ਼ਿਲਾਸਫੀ**, ਖ਼ਾਲਸਾ ਬ੍ਰਦਰਜ, ਅੰਮ੍ਰਿਤਸਰ, 1991

ਪ੍ਰੀਤਮ ਸਿੰਘ, (ਸੰਪਾ.), **ਗੁਰੂ ਨਾਨਕ ਵਿਚਾਰ ਅਧਿਐਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969

-ਉਹੀ-, **ਸਿੱਖ ਫ਼ਸਲਫ਼ੇ ਦੀ ਰੂਪ-ਰੇਖਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975

-ਉਹੀ-, **ਸਿੱਖ ਵਿਚਾਰਧਾਰਾ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1997

ਪ੍ਰੇਮ ਪ੍ਰਕਾਸ ਸਿੰਘ (ਡਾ.), **ਗੁਰੂ ਨਾਨਕ ਅਤੇ ਨਿਰਗੁਣ ਧਾਰਾ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972

ਬਲਕਾਰ ਸਿੰਘ, **ਗੁਰਮਤਿ ਵਿਵੇਚਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

-ਉਹੀ-, **ਸਿੱਖ ਰਹੱਸਵਾਦ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

-ਉਹੀ-, **ਗੁਰੂ ਨਾਨਕ ਚਿੰਤਨ ਦੀ ਭੂਮਿਕਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

ਬਲਜੀਤ ਸਿੰਘ ਖਾਲਸਾ, **ਜਾਤ-ਪਾਤ ਅਤੇ ਸਿੱਖ ਲਹਿਰ**, ਅਜ਼ਾਦ ਖਾਲਸਾ ਪ੍ਰਕਾਸ਼ਨ, ਅੰਮ੍ਰਿਤਸਰ, 2012

ਬਲਜੀਤ ਕੌਰ, **ਸੁਹਜ ਸ਼ਾਸਤ੍ਰ ਦੀ ਰੂਪ-ਰੇਖਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987

ਬਲਦੇਵ ਸਿੰਘ ਚੀਮਾ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗਤ ਅਤੇ ਪਾਸਾਰ**, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2008

ਬਲਬੀਰ ਸਿੰਘ, **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ** (ਜਿਲਦ ਪਹਿਲੀ ਤੇ ਦੂਜੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972-1975

ਬਿਸ਼ਨ ਸਿੰਘ ਗਿਆਨੀ, **ਕਬਿੱਤ ਸਵੱਯੇ ਸਟੀਕ ਭਾਈ ਗੁਰਦਾਸ ਜੀ**, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰ., ਅੰਮ੍ਰਿਤਸਰ, ਪਹਿਲੀ ਵਾਰ, 1911

ਬ੍ਰਹਮਜਗਦੀਸ਼ ਸਿੰਘ (ਡਾ.), **ਸ਼ਬਦ ਤੇ ਸਲੋਕ ਬਾਬਾ ਸ਼ੇਖ ਫਰੀਦ ਵਿਚਾਰਧਾਰਾ ਤੇ ਪਾਠ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2011

ਭਗਤ ਸਿੰਘ ਹੀਰਾ, **ਗੁਰਮਤਿ ਵਿਚਾਰਧਾਰਾ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1975

ਭਗਤ ਸਿੰਘ ਵੇਦੀ, **ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

ਭਾਗ ਸਿੰਘ ਅਣਖੀ, **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਵਿਚਾਰਧਾਰਾ**, ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 2010

ਮਹਿੰਦਰ ਕੌਰ ਗਿੱਲ, (ਡਾ.), **ਗੁਰੂ ਨਾਰੀ ਜੀਵਨ ਵਿਹਾਰ (ਗੁਰੂ ਮਹਿਲ, ਗੁਰੂ ਬੇਟੀਆਂ ਤੇ ਨੂੰਹ)**, ਆਰਸੀ ਪਬਲਿਸ਼ਰਜ਼, ਦਿੱਲੀ, 2016

ਮਨਮੋਹਨ ਸਹਿਗਲ, **ਯੋਗਮਤ ਤੇ ਗੁਰਬਾਣੀ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1973

ਮਨਮੋਹਨ ਸਿੰਘ, **ਭਗਤੀ ਸਿਧਾਂਤ ਦੇ ਆਧਾਰ ਸ੍ਰੋਤ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991

ਮਨਮੋਹਨ ਸਿੰਘ ਜੰਮੂ, **ਦਲਿਤ ਅਜ਼ਾਦੀ ਦਾ ਇਕੋ ਇਕ ਰਾਹ ਗੁਰਮਤਿ ਇਨਕਲਾਬ**, ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ, 2015

ਮੁਹੰਮਦ ਹਬੀਬ (ਡਾ.), **ਭਾਰਤ ਵਿੱਚ ਸੂਫੀਵਾਦ ਚੋਣਵੇਂ ਸੰਦਰਭ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

ਰਘਬੀਰ ਸਿੰਘ ਬੀਰ, **ਸਾਡੀ ਵਰਤਮਾਨ ਦਸ਼ਾ**, ਆਤਮਾ ਸਾਇੰਸ ਟਰੱਸਟ, ਨਵੀਂ ਦਿੱਲੀ, 2002

ਰਜਿੰਦਰ ਸਿੰਘ ਅਤੇ ਰੰਧਾਵਾ ਹਰਸਿਮਰਨ ਸਿੰਘ, **ਸਿੱਖ ਧਰਮ, ਮਾਨਵਵਾਦੀ ਪਰਿਪੇਖ**, ਗਰੇਸੀਅਸ ਬੁਕਸ, ਪਟਿਆਲਾ, 2014

ਰਜਿੰਦਰਜੀਤ ਕੌਰ ਢੀਂਡਸਾ (ਡਾ.), **ਮਹਾਨ ਸਿੱਖ ਇਸਤਰੀਆਂ, ਬਾਤਾਂ ਸਿੱਖ ਇਤਿਹਾਸ ਦੀਆਂ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014

ਰਤਨ ਸਿੰਘ ਜੱਗੀ, (ਪ੍ਰੋਫੈਸਰ), **ਖੋਜ ਪੱਤ੍ਰਿਕਾ (ਕਿੱਸਾ-ਕਾਵਿ ਅੰਕ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

-ਉਹੀ-, **ਭਾਈ ਗੁਰਦਾਸ ਜੀਵਨ ਅਤੇ ਰਚਨਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000

-ਉਹੀ-, **ਸਾਹਿਤ ਕੋਸ਼ ਪਰਿਭਾਸ਼ਕ ਸਬਦਾਵਲੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001

ਰਵਿੰਦਰ ਸਿੰਘ ਸੋਢੀ, **ਸ੍ਰੀ ਗੁਰੂ ਗ੍ਰੰਥ ਸਾਹਿਬ ਮੁਢਲੀ ਜਾਣਕਾਰੀ**, ਰੂਪਮ ਪ੍ਰਕਾਸ਼ਨ, ਨਾਭਾ, 2014

ਰਵਿੰਦਰ ਕੁਮਾਰ (ਡਾ.), **ਔਰਤ ਤੇ ਦਲਿਤ ਹਾਸ਼ੀਆਗਤ ਪ੍ਰਵਚਨ: ਨਵ-ਇਤਿਹਾਸਵਾਦੀ ਪਰਿਪੇਖ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਰੌਣਕੀ ਰਾਮ, **ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਲੱਕੀ ਸਰਮਾ (ਡਾ.), **ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ**, ਸੁੰਦਰ ਬੁੱਕ ਡਿਪੂ, ਜਲੰਧਰ, 2015

ਵਜ਼ੀਰ ਸਿੰਘ, **ਧਰਮ ਦਾ ਦਾਰਸ਼ਨਿਕ ਪੱਖ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

-ਉਹੀ-, **ਨੈਤਿਕ ਨਿਯਮ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

-ਉਹੀ-, **ਸਿੱਖ ਦਰਸ਼ਨ ਧਾਰਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

-ਉਹੀ-, **ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਲੱਖਣ ਤੱਤ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਵੀਰ ਸਿੰਘ ਭਾਈ, **ਸਿੱਖਾਂ ਦੀ ਭਗਤ ਮਾਲਾ**, ਭਾਈ ਵੀਰ ਸਿੰਘ, ਸਾਹਿਤ ਸਦਨ, ਨਵੀਂ ਦਿੱਲੀ, 1996

**ਹਿੰਦੀ**

ਉਮੇਸ਼ ਮਿਸ਼੍ਰ, **ਭਾਰਤੀਯ ਦਰਸ਼ਨ**, ਹਿੰਦੀ ਸਮਿਤਿ ਸੂਚਨਾ ਵਿਭਾਗ, ਲਖਨਊ, ਦੂਜਾ ਸੰਸਕਰਣ, 1964

ਆਰੀਯ, ਦੇਵੇਂਦ੍ਰ, **ਹਿੰਦੀ ਸੰਘ ਕਾਵਯ ਮੇਂ ਪ੍ਰਤੀਕ ਯੋਜਨਾ**, ਵਿਧਾਨ ਹਿੰਦੂ ਪ੍ਰਕਾਸ਼ਨ, ਦਿੱਲੀ, 1971

ਸੰਤੇਂਯਦ੍ਰ, **ਮਧਯੁਗੀਨ ਹਿੰਦੀ ਸਾਹਿਤਯ ਕਾ ਲੋਕਤਾਤਵਿਕ ਅਧਿਯਨ**, ਸਤਵਾਂ ਐਡੀਸ਼ਨ, ਸੰਮਤ 2012

ਸਯਦ ਅਬੂਲ ਆਲਾ ਮੌਦੂਦੀ, **ਖ਼ੁਤਬਾਤ (ਤੀਸਰਾ ਭਾਗ) (ਰੋਜ਼ਾ-ਨਮਾਜ਼ ਕੀ ਹਕੀਕਤ)**, ਦਿੱਲੀ ਮਰਕਜ਼ੀ, ਮਕਤਬਾ ਇਸਲਾਮੀ, 1992

ਸਿਆਮ ਸੁੰਦਰ ਦਾਸ, **ਕਬੀਰ ਗ੍ਰੰਥਾਵਲੀ**, ਨਾਗਰੀ ਪ੍ਰਚਾਰਰਿਣੀ ਸਭਾ, ਕਾਸ਼ੀ, ਸੰਮਤ 2018

ਸੁਧਕਰ ਪਾਂਡੇ, **ਹਿੰਦੀ ਵਿਸ਼ਵਕੋਸ਼ (ਖੰਡ-2),** ਵਾਰਾਣਸੀ, ਨਾਗਰੀ ਪ੍ਰਚਾਰਿਣੀ ਸਭਾ, 1975

ਹਜ਼ਾਰੀ ਪ੍ਰਸਾਦ ਦ੍ਵਿਵੇਦੀ, **ਮਧਯਕਾਲੀਨ ਧਰਮ ਸਾਧਨਾ**, ਸਾਹਿਤਯ ਭਵਨ ਪ੍ਰਾ. ਲਿ. ਇਲਾਹਾਬਾਦ, 1962

ਹਰਦੇਵ ਬਾਹਰੀ (ਡਾ.), **ਪ੍ਰਾਚੀਨ ਭਾਰਤੀ ਸੰਸਕ੍ਰਿਤੀ ਕੋਸ਼**, ਨਵੀਂ ਦਿੱਲੀ, ਵਿਦਿਆ ਪ੍ਰਕਾਸ਼ਨ ਮੰਦਰ, 1988

ਹਰਬੰਸ ਲਾਲ ਸ਼ਰਮਾ, **ਮਧਕਾਲੀਨ ਨਿਰਗੁਣ ਭਗਤੀ ਸਾਧਨਾ**, ਮੰਗਲ ਪ੍ਰਕਾਸ਼ਨ, ਦਿੱਲੀ, ਪਹਿਲਾ ਸੰਸਕਰਣ, 1960

ਗੋਵਰਧਨ ਭੱਟ, **ਭਾਰਤੀਯ ਦਰਸ਼ਨ ਕੀ ਰੂਪ ਰੇਖਾ**, ਵਾਰਾਣਸੀ, 1970

ਗੋਵਿੰਦ ਤਿਗੁਣਾਯਤ, **ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮਿ**, ਭਾਰਤੀ ਸਾਹਿਤਯ ਨਿਕੇਤਨ, ਦਿੱਲੀ 1956

ਚਤੁਰਵੇਦੀ, ਪਰਸ਼ੂਰਾਮ, **ਕਬੀਰ, ਸਾਹਿਤਯ ਕੀ ਪਰਖ ਭਾਰਤੀ ਭੰਡਾਰ**, ਲੀਡਰ ਪ੍ਰੈਸ ਇਲਾਹਾਬਾਦ, ਤੀਜਾ ਸੰਸਕਰਣ, 1972

ਜੋਧ ਸਿੰਘ (ਡਾ.), **ਸਿੱਖ ਧਰਮ ਔਰ ਦਰਸ਼ਨ ਕੀ ਰੂਪ ਰੇਖਾ**, ਨੈਸ਼ਨਲ, ਬੁੱਕ ਸ਼ਾਪ, ਚਾਂਦਨੀ ਚੌਂਕ, ਦਿਲੀ, 1993

ਦਾਸ, ਸ਼ਯਾਮ ਸੁੰਦਰ (ਸੰਪਾ.), **ਹਿੰਦੂ ਕਾਵਯ ਕੀ ਨਿਰਗੁਣ ਧਾਰਾ ਮੇਂ ਭਕਤੀ,** ਕਾਸ਼ੀ ਹਿੰਦੂ ਵਿਸ਼ਵ ਵਿਦਿਆਲਯ, ਵਾਰਾਣਸੀ, 1964

ਦੀਕਸ਼ਕ, ਤ੍ਰਿਲੋਕੀ ਨਾਰਾਯਣ,**ਸੰਤ ਦਰਸ਼ਨ ਸਾਹਿਤਯ**, ਕਾਨਪੁਰ, 1953

ਦ੍ਰਿਵੇਦੀ, ਹਜਾਰੀ ਪ੍ਰਸ਼ਾਦ,**ਮਧਯ ਕਾਲੀਨ ਧਰਮ ਸਾਧਨਾ**, ਸਾਹਿਤਯ ਭਵਨ, ਇਲਾਹਾਬਾਦ, 1971

ਨਵਲ ਜੀ, **ਨਾਲੰਦਾ ਵਿਸ਼ਾਲ ਸ਼ਬਦ ਸਾਗਰ**, ਆਦਰਸ਼ ਬੁੱਕ ਡੀਪੂ, ਕਰੋਲ ਬਾਗ, ਨਵੀਂ ਦਿੱਲੀ, 1978

ਪੀਤਾਂਬਰ ਦੱਤ ਬੜਥਵਾਲ (ਸੰਪਾ. ਏਵੰਮ ਟੀਕਾਕਾਰ), **ਗੋਰਖ ਬਾਨੀ**, ਹਿੰਦੀ ਸਾਹਿਤਯ ਸਮੇਲਨ, ਪ੍ਰਯਾਗ ਸੰਮਤ 2003

ਬਲਦੇਵ ਉਪਾਧਿਯ, **ਭਾਰਤੀਯ ਦਰਸ਼ਨ**, ਸਾਰਦਾ ਮੰਦਰ, ਕਾਸ਼ੀ, 1966

ਭਰਤ ਸਿੰਘ ਉਪਾਧਯ, **ਧਿਆਨ ਔਰ ਨਾਮ**, ਲੋਹੀਆ ਨਗਰ, ਗਾਜੀਆਬਾਦ, 1986

ਮਨਮੋਹਨ ਸਹਿਗਲ, **ਪੰਜਾਬ ਕੇ ਨਿਰਗੁਣ ਕਾਵਯ ਕਾ ਦਾਰਸ਼ਨਿਕ ਅਧਿਅਨ**, ਸੂਰਯ ਪ੍ਰਕਾਸ਼ਨ, ਦਿੱਲੀ, 1973

ਮੁਨਸ਼ੀ ਰਾਮ ਸ਼ਰਮਾ, **ਭਗਤੀ ਕਾ ਵਿਕਾਸ**, ਚੌਖੰਭਾ, ਵਿਦਿਆ ਭਵਨ, ਵਾਰਾਣਸੀ, 1958

ਰਤਨ ਸਿੰਘ ਜੱਗੀ, **ਦਸਮ ਗ੍ਰੰਥ ਕੀ ਪੋਰਾਣਿਕ ਪ੍ਰਿਸ਼ਟ ਭੂਮਿ**, ਭਾਰਤੀ ਸਾਹਿਤਯ ਮੰਦਰ, ਦਿੱਲੀ, 1965

ਰਾਹੁਲ ਸੰਕਰਤਾਯਨ, **ਦਰਸ਼ਨ ਦਿਗ ਦਰਸ਼ਨ**, ਕਿਤਾਬ ਮਹਲ, ਇਲਾਹਾਬਾਦ 1960

ਰਾਜ ਬਾਲੀ ਪਾਂਡੇ, **ਹਿੰਦੂ ਧਰਮ ਕੋਸ਼,** ਮਹਾਂਵੀਰ ਪ੍ਰੈਸ, ਵਾਰਾਣਸੀ, 1962

ਰਾਜਦੇਵ ਸਿੰਘ, **ਸ਼ਬਦ ਔਰ ਅਰਥ ਸੰਤ ਸਾਹਿਤਯ ਕੇ ਸੰਦਰਭ ਮੇਂ,** ਨਾਦ ਕਿਸ਼ੋਰ, ਵਾਰਾਣਸੀ, 1968

ਰਾਧਾ ਕ੍ਰਿਸ਼ਨ, **ਭਾਰਤੀਯ ਦਰਸ਼ਨ (ਭਾਗ-2),** ਦਿੱਲੀ, ਰਾਜਪਾਲ ਐਂਡ ਸੰਨਜ਼, 1969

ਰਾਧਾ ਕ੍ਰਿਸ਼ਨਨ (ਡਾ.), **ਉਪਨਿਸ਼ਦੋਂ ਕੀ ਭੂਮਿਕਾ (ਅ)** ਰਾਮਨਾਥ ਸ਼ਾਸਤਰੀ ਦਿੱਲੀ, ਰਾਜਪਾਲ ਐਂਡ ਸੰਨਜ਼, ਕਸ਼ਮੀਰੀ ਗੇਟ, 1981

ਰਾਮ ਜੀ ਲਾਲ ਸਹਾਯਕ, **ਕਬੀਰ ਦਰਸ਼ਨ**, ਵਿਸ਼ਵ ਵਿਦਿਯਾਲਯ, ਲਖਨਊ, 1962

ਵਿਲਖੂ, ਸੁਰੈਣ ਸਿੰਘ, **ਆਦਿ ਗ੍ਰੰਥ ਕੇ ਪਰੰਪਰਾਗਤ ਤਤਵੋਂ ਕਾ ਅਧਿਐਨ**, ਪਟਿਆਲਾ

### ਅੰਗਰੇਜ਼ੀ ਪੁਸਤਕਾਂ:

Avtar Singh (Dr.), **Ethics of the Sikhs**, Punjabi University, Patiala, 1983

Darshan Singh (Dr.), **The Indian Bhakti**, Tradition and Sikh Gurus, Paras Publishers, Chandigarh, 1968

Ishwar Prasad, **The Medieval India**, Chugh, Allahabad, 1973

Macauliffe, Max Arthur, **The Sikh Religion**, Delhi, S.Chand and Co. 1963.

Mcleod, W.H., **Guru Nanak and the Sikh Religion**, Oxford Clarendon Press, 1969

Mohan Singh (Dr.), **Kabir & Bhakti Movement**, Atma Ram & Sons, Lahore, 1934

Puran Singh (Prof.), **Spirit of the Sikh**, Vol. II, Part II, Patiala. Punjabi University, 1981

Sahu, K.P., **Some Aspects of North Indian Social Life**, Calcutta, 1973

Sharma, K.L., **Caste, Class, Social Movement**, Rawat Publications, Jaipur, 1986

Teja Singh (Principal), **Essays in Sikhi**, Ed. Dr. Rattan Singh Jaggi, Punjabi Language Department, 1988

## Journals (ਰਸਾਲੇ)

**Journal of Religion Studies**, Punjabi University, Patiala.

**ਖੋਜ ਪੱਤ੍ਰਿਕਾ**, "ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ", ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1969.

**ਖੋਜ ਪੱਤ੍ਰਿਕਾ**, "ਬਾਣੀਕਾਰ ਵਿਸ਼ੇਸ਼ ਅੰਕ", ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 2003.

**ਗੁਰਮਤਿ ਪ੍ਰਕਾਸ਼**, "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ - 4 (ਭਗਤ ਬਾਣੀਕਾਰ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਈ, 2008

**ਨਾਨਕ ਪ੍ਰਕਾਸ਼ ਪੱਤ੍ਰਿਕਾ**, ਸਿੱਖ ਅਧਿਐਨ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1987 ਅੰਕ

**ਨਾਨਕ ਪ੍ਰਕਾਸ਼ ਪੱਤ੍ਰਿਕਾ**, ਧਰਮ ਦੀ ਮੀਮਾਂਸਾ ਅਤੇ ਸੇਵਾ ਪੰਥੀ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 1989, ਅੰਕ

**ਨਾਨਕ ਪ੍ਰਕਾਸ਼ ਪੱਤ੍ਰਿਕਾ**, "ਭਗਤ ਬਾਣੀ ਵਿਸ਼ੇਸ਼ ਅੰਕ", ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ, 2003.

**ਨਾਨਕ ਪ੍ਰਕਾਸ਼ ਪੱਤ੍ਰਿਕਾ**, ਗੁਰੂ ਮਾਨਿਓ ਗ੍ਰੰਥ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

**ਪੰਜਾਬੀ ਦੁਨੀਆਂ**, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਨਵੰਬਰ 2003, ਫਰਵਰੀ 2004

**ਵਿਸਮਾਦ ਨਾਦ**, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, ਜਨਵਰੀ, 1994

## ਕੋਸ਼/ਵਿਸ਼ਵਕੋਸ਼

**Encylopaedia of Sikhism**, Vol. I, II, III, and IV, Ed. in chief Harbans Singh, Patiala, Punjabi University, 1992.

**Oxford Dictionary** (Compact Edition), Ed. Burchfield, R.W. Oxford, The Clarendon Press, 1987.

Teja Singh, **Anglo, Punjabi Dictionary**, Lahore Book Shop, Ludhiana.

ਸੁਰਿੰਦਰ ਸਿੰਘ ਕੋਹਲੀ, **ਪੰਜਾਬੀ ਸਾਹਿਤ ਕੋਸ਼** (ਭਾਗ ਪਹਿਲਾ ਤੇ ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਗੁਰਦੇਵ ਸਿੰਘ (ਸੰਪਾ.) **ਪੰਜਾਬੀ ਸੂਫ਼ੀ ਸਾਹਿਤ ਸੰਦਰਭ ਗ੍ਰੰਥ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਬਲਦੇਵ ਸਿੰਘ ਚੀਮਾ, (ਡਾ.), **ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ** (ਤਕਨੀਕੀ ਸ਼ਬਦਾਵਲੀ ਦਾ ਵਿਸ਼ਾ-ਕੋਸ਼), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਰਤਨ ਸਿੰਘ ਜੱਗੀ, **ਸਾਹਿਤ ਕੋਸ਼ (ਪਰਿਭਾਸ਼ਿਕ ਸ਼ਬਦਾਵਲੀ)**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

— ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ —

# ਸੁਰੀਧੀਆਂ

(ਪੰਜਾਬ ਭਵਨ ਕੈਨੇਡਾ ਦਾ ਸਾਹਿਤਕ ਮੈਗਜ਼ੀਨ)

ਅਪ੍ਰੈਲ—ਜੂਨ, 2019 ₹ 25/- | $ 5.00

ਪੰਜਾਬ ਭਵਨ

SUKH BATH FOUNDATION

- ਸਰਪ੍ਰਸਤ -
ਸੁੱਖੀ ਬਾਠ
+1604-580-1000
sbath@sukhibathmotors.com

ਪਦਮ ਸ੍ਰੀ ਸੁਰਜੀਤ ਪਾਤਰ

- ਮੁੱਖ ਸਲਾਹਕਾਰ -
ਅਮਰੀਕ ਪਲਾਹੀ
+1604-671-9875

- ਮੁੱਖ ਸੰਪਾਦਕ -
ਕਵਿੰਦਰ ਚਾਂਦ
+1604-761-4504
kavinder@sukhibathmotors.com

- ਸਰਵਰਕ -
ਸ. ਜਰਨੈਲ ਸਿੰਘ ਆਰਟਿਸਟ

- ਕੈਨੇਡੀਅਨ ਪਤਾ -
15427 Fraser Highway
Surrey, BC, Canada V3R 3P6

- ਕੰਪੋਜ਼ਿੰਗ -
ਐਚ.ਐਸ. ਕੰਪਿਊਟਰਜ਼, ਨਾਭਾ
+91-98760-57400
hsnabha@gmail.com

- ਪ੍ਰਕਾਸ਼ਕ -
ਪ੍ਰੀਤ ਪਬਲੀਕੇਸ਼ਨ, ਨਾਭਾ
+91 98551-00712, 98141-01312
preetpublication16@gmail.com

ਕਿਸੇ ਵੀ ਕਿਸਮ ਦੀ ਕਾਨੂੰਨੀ ਚਾਰਾਜੋਈ ਸਰੀ, ਕੈਨੇਡਾ ਦੀ ਅਦਾਲਤ ਵਿਚ ਹੋਵੇਗੀ।

-ਇਸ ਵਿਸ਼ੇਸ਼ ਅੰਕ ਲਈ ਪ੍ਰੋ. ਬੀ.ਐੱਸ. ਘੁੰਮਣ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਡਮੁੱਲੇ ਸੁਝਾਅ ਲਈ ਧੰਨਵਾਦ-

# ਹਾਸ਼ੀਆਗਤ ਵਰਗ ਅਤੇ ਸ੍ਰੀ ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ : ਇੱਕ ਪਰਿਪੇਖ

— ਕਿਰਨਜੀਤ ਕੌਰ *

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਮਨੁੱਖ ਦੇ ਹਰੇਕ ਪਹਿਲੂ ਨੂੰ ਸੰਬੋਧਿਤ ਕਰਦੀਆਂ ਹਨ ਅਤੇ ਉਸਨੂੰ ਸਹੀ ਰਸਤੇ ਤੇ ਚੱਲਣ ਵਿੱਚ ਸਹਾਈ ਹੁੰਦੀਆਂ ਹਨ। ਇਨ੍ਹਾਂ ਸਿੱਖਿਆਵਾਂ ਦੀ ਗਿਣਤੀ ਕਰਨੀ ਨਾ ਮੁਮਕਿੰਨ ਹੈ ਅਤੇ ਨਾ ਹੀ ਕੋਈ ਕਰ ਸਕੇਗਾ। ਗੁਰੂ ਸਾਹਿਬ ਦੁਆਰਾ ਦਿੱਤੀਆਂ ਸਿੱਖਿਆ "ਸਭੈ ਸਾਂਝੀਵਾਲ ਸਦਾਇਣ, ਕੋਈ ਨਾ ਦਿਸੈ ਬਾਹਰਾ ਜਿਓ" ਨੂੰ ਮੁੱਖ ਰੱਖਦੇ ਹੋਏ ਵਿਚਾਰ ਕੀਤੀ ਜਾ ਰਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਹੋਈ ਸਿੱਖ ਧਰਮ ਦੀ ਬਖਸ਼ਿਸ਼ ਨੇ ਜਾਤ ਪਾਤੀ ਪ੍ਰਬੰਧ ਨੂੰ ਸੁਚੇਤ ਤੌਰ 'ਤੇ ਰੱਦ ਹੀ ਨਹੀਂ ਕੀਤਾ ਸਗੋਂ ਇੱਕ ਅਜਿਹੀ ਪਰੰਪਰਾ ਦੀ ਸ਼ੁਰੂਆਤ ਵੀ ਕੀਤੀ ਜਿਹੜੀ ਲਗਭਗ ਸਵਾ ਦੋ ਸੌ ਸਾਲ ਵਿਚ ਮਨੁੱਖੀ ਇਨਕਲਾਬ ਦੇ ਰੂਪ ਵਿਚ ਵਿਕਸਿਤ ਹੋ ਕੇ ਸਾਹਮਣੇ ਆਈ, ਜਿਸ ਨੇ ਹਿੰਦੋਸਤਾਨ ਵਿਚ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜ ਜਾਤ ਪਾਤੀ ਪ੍ਰਬੰਧ ਦੀਆਂ ਚੂਲਾ ਹਿਲਾ ਦਿੱਤੀਆਂ। ਸਿੱਖ ਧਰਮ ਬੁਨਿਆਦੀ ਤੌਰ 'ਤੇ ਹੀ ਜਾਤੀ ਪਾਤੀ ਸਿਸਟਮ ਦਾ ਵਿਰੋਧੀ ਰਿਹਾ ਹੈ। ਇਹ ਵਿਰੋਧ ਸਿਧਾਂਤਿਕ ਅਤੇ ਵਿਹਾਰਿਕ ਦੋਵਾਂ ਪੱਧਰੀ 'ਤੇ ਹੀ ਕਾਰਜਸ਼ੀਲ ਰਿਹਾ ਹੈ। ਪੰਜਾਬੀ ਸਮਾਜ ਅੰਦਰ ਜਾਤ ਪਾਤੀ ਜਕੜ ਦੀ ਸਥਿਤੀ ਹੋਰਨਾਂ ਭਾਰਤੀ ਸੂਬਿਆਂ ਜਿੰਨੀ ਖ਼ਤਰਨਾਕ ਨਾ ਹੋਣ ਦਾ ਬਹੁਤ ਵੱਡਾ ਕਾਰਨ ਸਿੱਖ ਧਰਮ ਦੇ ਸਿਧਾਂਤ ਅਤੇ ਸਿੱਖ ਗੁਰੂਆਂ ਵੱਲੋਂ ਵਿਹਾਰਿਕ ਰੂਪ ਵਿਚ ਜੀਵਿਆ ਅਤੇ ਸੁਝਾਇਆ ਗਿਆ ਜੀਵਨ ਮਾਰਗ (ਗ੍ਰਹਿਸਥ ਮਾਰਗ) ਹੀ ਹੈ।[1] ਸਿੱਖ ਪੰਥ ਦੇ ਮੂਲ ਆਧਾਰ ਵਿਚ ਪਹਿਲਾ ਨਿਸ਼ਾਨਾ ਹੀ ਮਨੁੱਖ ਜਾਤੀ ਦੀ ਮੁਕੰਮਲ ਆਜ਼ਾਦੀ ਤੇ ਬਰਾਬਰੀ ਦੇ ਆਦਰਸ਼ ਦਾ ਪ੍ਰਚਾਰ ਕਰਨਾ ਹੈ। ਦੂਸਰਾ ਨਿਸ਼ਾਨਾ ਇਸ ਆਦਰਸ਼ ਦੀਆਂ ਨੀਹਾਂ ਉੱਤੇ ਇੱਕ ਨਵਾਂ ਸਮਾਜ (ਸਿੱਖ ਪੰਥ) ਉਸਾਰਨਾ। ਤੀਸਰਾ ਨਿਸ਼ਾਨਾ ਪੰਥ ਨੂੰ ਰਾਜਸੀ ਇਨਕਲਾਸ ਲਿਆਉਣ ਦਾ ਵਸੀਲਾ ਬਨਾਉਣਾ ਤਾਂ ਜੋ ਜਨਸਮੂਹ ਵਿਚ ਬਰਾਬਰੀ ਦੇ ਅਹਿਸਾਸ ਅਤੇ ਚੇਤਨਾ ਦਾ ਪ੍ਰਕਾਸ਼ ਕਰ ਦੱਬੀ ਕੁਚਲੀ ਲੋਕਾਈ ਨੂੰ ਪੁਨਰ ਉਰਜਿਤ ਕੀਤਾ ਜਾ ਸਕੇ। ਜਿਸ ਦ੍ਰਿੜਤਾ ਤੇ ਵਿਸ਼ਵਾਸ ਨਾਲ ਬੜੇ ਲੰਮੇ ਅਰਸੇ ਤੱਕ ਇਸ ਉੱਤਮ ਪਰ ਕਠਿਨ ਮਿਸ਼ਨ ਨੂੰ ਪੂਰਾ ਕਰਨ ਲਈ ਯਤਨ ਕੀਤਾ ਗਿਆ ਉਸ ਦੇ ਨਤੀਜੇ ਵਜੋਂ ਸਿੱਖ ਲਹਿਰ ਦਾ ਆਪਣਾ ਨਿਰਾਲਾ ਰੂਪ ਬਣ ਗਿਆ।

ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਸੱਤਾ ਵਿਹੂਣੇ ਵਰਗਾਂ, ਸਧਾਰਨ ਲੋਕਾਂ ਅਤੇ ਹਾਸ਼ੀਆਗਤ ਦੀ ਵਿਚਾਰਧਾਰਾ ਹੈ। ਆਮ ਲੋਕਾਈ ਦਾ ਪੱਖ ਪੂਰਨ ਵਾਲੀ ਇਹ ਵਿਚਾਰਧਾਰਾ ਹਰ ਕਿਸਮ ਦੇ ਦਮਨ ਅਤੇ ਸੋਸ਼ਣ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੀ ਹੈ। ਇੱਕ ਪਾਸੇ ਇਹ ਮੁਗਲ ਸਾਮੰਤਵਾਦ ਦੀ ਕੱਟੜ ਮਜ਼ਹਬੀ ਨੀਤੀ ਅਤੇ ਆਰਥਿਕ ਲੁੱਟ ਖਸੁੱਟ ਦਾ ਵਿਰੋਧ ਕਰਦੀ ਹੈ ਅਤੇ ਦੂਸਰੇ ਪਾਸੇ ਇਹ ਬ੍ਰਾਹਮਣਵਾਦੀ ਕਰਮਕਾਂਡ ਅਤੇ

* ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਮਨੂਵਾਦੀ ਜਾਤੀ ਪ੍ਰਥਾ ਦਾ ਵੀ ਖੰਡਨ ਕਰਦੀ ਹੈ, ਜੋ ਸਮਾਜ ਦੇ ਹਾਸ਼ੀਆਗਤ ਵਰਗ ਦੇ ਸਵੈਮਾਣ ਨੂੰ ਕੁਚਲਣ ਦਾ ਯਤਨ ਕਰਦਾ ਹੈ। ਇਸਤੋਂ ਇਲਾਵਾ ਇਹ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ ਕਰਨ ਦੀ ਪ੍ਰੇਰਨਾ ਵੀ ਜਗਾਉਂਦੀ ਹੈ। ਇਹ ਮਨੁੱਖ ਦੀ ਬੁਨਿਆਦੀ ਏਕਤਾ ਅਤੇ ਸਮਾਨਤਾ ਦਾ ਅਜਿਹਾ ਧਰਾਤਲ ਤਲਾਸ਼ ਕਰਦੀ ਹੈ, ਜਿੱਥੇ ਕੁਲੀਨ ਅਤੇ ਹਾਸ਼ੀਆਗਤ ਵਰਗ ਵਿਚਲਾ ਵਿਤਕਰਾ ਮਿਟ ਜਾਂਦਾ ਹੈ।

ਗੁਰੂ ਨਾਨਕ ਬਾਣੀ ਵਿਚ ਥਾਂ ਪਰ ਥਾਂ ਹਾਕਮ ਸ਼੍ਰੇਣੀ ਦੇ ਲੋਟੂ ਕਿਰਦਾਰ ਅਤੇ ਸੋਸ਼ਣ ਦੀ ਤਿੱਖੀ ਆਲੋਚਨਾ ਕੀਤੀ ਗਈ ਹੈ। ਵੇਲੇ ਦੀ ਰਾਜਨੀਤਿਕ ਵਿਵਸਥਾ ਬਾਰੇ ਸ੍ਰੀ ਗੁਰੂ ਨਾਨਕ ਜੀ ਦੀ ਬਾਣੀ ਦੀਆਂ ਇਹ ਪੰਗਤੀਆਂ ਇਸੇ ਹੀ ਤੱਕ ਨੂੰ ਮੂਰਤੀਮਾਨ ਕਰਦੀਆਂ ਹਨ:

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਹਿ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨ੍ਹਿ ਘਾਉ ।ਰਤੁ ਪਿਤੁ ਕੁਤਿਹੋ ਚਟਿ ਜਾਹੁ ।**[2]

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**[3]

ਇਹਨਾਂ ਪੰਗਤੀਆਂ ਵਿੱਚ ਵਿੱਚ ਰਾਜਿਆਂ ਨੂੰ ਸ਼ੀਹ ਅਤੇ ਕਸਾਈ ਆਖ ਕੇ ਉਹਨਾਂ ਦੇ ਜ਼ਾਲਮਾਨਾਂ ਵਿਵਹਾਰ ਵੱਲ ਸੰਕੇਤ ਕੀਤਾ ਗਿਆ ਹੈ। ਇਉਂ ਗੁਰੂ ਨਾਨਕ ਬਾਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦਾ ਪੱਖ ਪੂਰਣ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਹ ਮੁਗਲ ਸਾਮੰਤਵਾਦ ਅਤੇ ਜਗੀਰਦਾਰੀ ਅਰਥ ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿੱਚ ਇਸ ਅੱਤਿਆਚਾਰੀ ਸਾਸ਼ਨ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਵੀ ਪੈਦਾ ਕਰਦਾ ਹੈ। ਇਹ ਦੁਨਿਆਵੀ ਬਾਦਸ਼ਾਹਤ ਦੀ ਥੋੜ੍ਹਚਿਰੀ ਹਕੂਮਤ ਦੇ ਮੁਕਾਬਲੇ ਉੱਤੇ ਸੱਚੇ ਪਾਤਸ਼ਾਹ (ਅਕਾਲ ਪੁਰਖ) ਦੀ ਸਦੀਵੀ ਹਕੂਮਤ ਦਾ ਮਿਥਿਕ ਬਿੰਬ ਉਸਾਰਦਾ ਹੈ। ਇਸ ਸੱਤਾਧਾਰੀ ਵਰਗ ਅਤੇ ਇਸ ਦੀਆਂ ਸਮੂਹ ਪ੍ਰਾਪਤੀਆਂ ਨੂੰ ਨਾਸ਼ਮਾਨਤਾ ਦੇ ਸੰਦਰਭ ਨਾਲ ਜੋੜ ਕੇ ਪੇਸ਼ ਕਰਨਾ ਅਸਲ ਵਿਚ ਗੁਰੂ ਨਾਨਕ ਬਾਣੀ ਦੇ ਰਾਜਨੀਤਿਕ ਅਵਚੇਤਨ ਦਾ ਹੀ ਪ੍ਰਗਟਾਵਾ ਹੈ।

ਗੁਰੂ ਨਾਨਕ ਬਾਣੀ ਦੀਆਂ ਨਿਮਨ ਅੰਕਿਤ ਪੰਗਤੀਆਂ ਇਸੇ ਕਿਸਮ ਦੇ ਆਰਥਿਕ ਸੋਸ਼ਣ ਵੱਲ ਸੰਕੇਤ ਕਰਦੀਆਂ ਹਨ।

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥**
**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥**[4]

**ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥**
**ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥**

ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨ ॥
ਇਸੁ ਜਰਕ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥[5]

ਅਜਿਹੀ ਸਥਿਤੀ ਵਿੱਚ ਸਮੁੱਚੇ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਦੀ ਵਿਚਾਰਧਾਰਾ ਆਪਣੇ ਸਮਕਾਲੀਨ ਸੰਦਰਭ ਵਿੱਚ ਕ੍ਰਾਂਤੀਕਾਰੀ ਵਿਚਾਰਧਾਰਾ ਬਣ ਕੇ ਉਭਰਦੀ ਹੈ। ਇਸ ਦਾ ਸਿਰਜਿਤ ਪ੍ਰਵਚਨ ਹਕੂਮਤੀ ਤਸ਼ੱਦਦ ਅਤੇ ਸਮਾਜਿਕ ਅਨਿਆਂ ਭੋਗਣ ਵਾਲੇ ਹਾਸ਼ੀਆਗਤ ਵਰਗ ਨੂੰ ਸਵੈ ਚੇਤਨਾ ਅਤੇ ਮੁਕਤੀ ਦਾ ਸੰਦੇਸ਼ ਦਿੰਦਾ ਹੈ।

ਗੁਰੂ ਨਾਨਕ ਦੇਵ ਜੀ ਅਤੇ ਦੂਸਰੇ ਗੁਰੂ ਵਿਅਕਤੀ ਖੱਤਰੀ ਜਾਤੀ ਨਾਲ ਸੰਬੰਧਤ ਹੋਣ ਕਾਰਨ ਭਾਵੇਂ ਖ਼ੁਦ ਦਲਿਤ ਨਹੀਂ ਸਨ, ਪਰ ਉਹਨਾਂ ਦੀ ਪੂਰੀ ਹਮਦਰਦੀ ਅਤੇ ਵਿਚਾਰਧਾਰਕ ਪ੍ਰਤੀਬੱਧਤਾ ਇਸੇ ਵਰਗ ਨਾਲ ਰਹੀ ਹੈ। ਉਹ ਹੱਕ, ਸੱਚ ਅਤੇ ਨਿਆਂ ਦੀ ਖ਼ਾਤਿਰ ਦਲਿਤ ਦਾ ਹੀ ਪੱਖ ਪੂਰਦੇ ਦਿਖਾਈ ਦਿੰਦੇ ਹਨ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ:

ਨੀਚਾ ਅੰਦਰਿ ਨੀਚ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪ ॥੩ ॥

ਗੁਰੂ ਨਾਨਕ ਬਾਣੀ ਵਿਚ ਸਮਾਜ ਵਿਚ ਪ੍ਰਚਲਿਤ ਹਰ ਤਰ੍ਹਾਂ ਦੇ ਭਿੰਨ ਭੇਦ ਨੂੰ ਅਪ੍ਰਵਾਨ ਕਰਦਿਆਂ, ਸਮੁੱਚੀ ਮਾਨਵ ਜਾਤੀ ਨੂੰ ਇੱਕ ਹੀ ਮੰਨਿਆ ਗਿਆ ਹੈ। ਗੁਰੂ ਨਾਨਕ ਜੀ ਅਨੁਸਾਰ ਜਾਤ, ਧਰਮ, ਖੇਤਰ, ਲਿੰਗ, ਨਸਲ, ਰੰਗ ਆਦਿ ਕਾਰਕ ਮਨੁੱਖ ਨੂੰ ਭਿੰਨ ਨਹੀਂ ਕਰ ਸਕਦੇ। ਉਨ੍ਹਾਂ ਅਨੁਸਾਰ ਸਮੁੱਚੀ ਮਨੁੱਖਤਾ ਦੀ ਏਕਤਾ ਦਾ ਆਧਾਰ ਮਨੁੱਖ ਵਿਚਲੀ ਪਰਮਾਤਮਾ ਦੀ ਜੋਤ ਹੈ। ਇਸ ਲਈ ਸਾਰੇ ਮਨੁੱਖ ਭਾਈ ਭਾਈ ਹਨ। ਪਰਮਾਤਮਾ ਦਾ ਹੁਕਮ ਸਾਰੇ ਮਨੁੱਖਾਂ ਲਈ ਸਮਾਨ ਕਾਰਜ ਕਰਦਾ, ਦਰਸਾਇਆ ਗਿਆ ਹੈ। ਕੁਦਰਤ ਆਪਣੇ ਸੁਭਾਅ ਅਨੁਸਾਰ ਹਰੇਕ ਮਨੁੱਖ ਨਾਲ ਸਮਾਨ ਵਿਵਹਾਰ ਕਰਦੀ ਹੈ। ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਕੋਈ ਅੰਤਰ ਨਹੀਂ ਹੈ। ਇੱਕ ਥਾਂ ਜਦੋਂ ਗੁਰੂ ਜੀ ਇਹ ਕਹਿੰਦੇ ਹਨ ਕਿ "ਕੀੜੀ ਜਿਹਾ ਨਿਮਾਣਾ ਮਨੁੱਖ ਵੀ ਫੌਜਾਂ ਨੂੰ ਹਰਾ ਕੇ ਰਾਜ ਸਿੰਘਾਸਨ ਉਪਰ ਬੈਠ ਸਕਦਾ ਹੈ।"[7] ਤਾਂ ਉਹ ਇਹ ਦਰਸਾਉਣਾ ਚਾਹੁੰਦੇ ਹਨ ਕਿ ਕੋਈ ਵੀ ਕੁਦਰਤੀ ਕਮਜ਼ੋਰ ਜਾਂ ਨੀਵਾਂ ਨਹੀਂ ਹੁੰਦਾ। ਇਸ ਕਰਕੇ ਕਿਸੇ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੀ ਹੋਂਦ ਦੀਆਂ ਸਾਂਝੀਆਂ ਕੜੀਆਂ ਦਸਦਿਆਂ ਫੁਰਮਾਇਆ ਹੈ ਕਿ 'ਪਵਨ ਗੁਰੂ ਹੈ, ਪਾਣੀ ਪਿਤਾ ਹੈ, ਧਰਤੀ ਮਾਤਾ ਹੈ।'[8] ਇਹ ਪੰਕਤੀਆਂ ਬ੍ਰਹਿਮੰਡੀ ਪੱਧਰ ਉੱਪਰ ਮਨੁੱਖਤਾ ਦਾ ਸੰਬੰਧ ਨਿਰਧਾਰਤ ਕਰਨ ਦੇ ਨਾਲ ਨਾਲ ਇਹ ਵੀ ਸੰਕੇਤ ਕਰਦੀਆਂ ਹਨ ਕਿ ਮਨੁੱਖਤਾ ਸਾਂਝੇ ਵਾਤਾਵਰਨ ਵਿਚ ਰਹਿ ਰਹੀ ਹੈ।

ਸਮਾਜਿਕ ਬਰਾਬਰੀ ਤੋਂ ਵੀ ਭਰਾਤ੍ਰੀਭਾਵ ਦਾ ਹੋਣਾ ਵਧੇਰੇ ਮਹੱਤਵਪੂਰਨ ਹੈ। ਗੁਰੂ ਨਾਨਕ ਸਾਹਿਬ ਦਾ ਸਾਂਝੀਵਾਲਤਾ ਤੇ ਫਿਰਕੂ ਸਦਭਾਵਨਾ ਦਾ ਉਪਦੇਸ਼ ਆਪਣੇ ਆਪ ਵਿਚ ਸਿੱਖ ਮਿਸ਼ਨ ਨੂੰ ਪੁਰਾਣੇ ਮੱਤਾਂ

ਨਾਲੋਂ ਨਿਖੇੜਨ ਵੱਲ ਪਹਿਲਾ ਕਦਮ ਸੀ।[9]

ਗੁਰੂ ਨਾਨਕ ਦੇਵ ਜੀ ਦੇ ਸਮੇਂ ਦੌਰਾਨ ਸੰਨਿਆਸੀਆਂ, ਬ੍ਰਹਮਚਾਰੀਆਂ, ਤਿਆਗੀਆਂ ਅਤੇ ਜੋਗੀਆਂ ਦਾ ਬਹੁਤ ਬੋਲ ਬਾਲਾ ਰਿਹਾ ਸੀ। ਜੇ ਇਹ ਕਹਿ ਲਿਆ ਜਾਵੇ ਕਿ ਜੋਗੀ, ਇਨ੍ਹਾਂ ਸਭ ਵਿਚੋਂ ਪ੍ਰਭਾਵਸ਼ਾਲੀ ਸਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਤਰੀ ਭਾਰਤ ਵਿਚ ਜੋਗੀ ਬ੍ਰਾਹਮਣਵਾਦ ਉਪਰ ਵੀ ਭਾਰੂ ਪੈ ਰਹੇ ਸਨ। ਜੋਗੀਆਂ ਨੂੰ ਪਰਾ ਕੁਦਰਤੀ ਸ਼ਕਤੀਆਂ ਦੇ ਮਾਲਕ, ਜਾਦੂਗਰ, ਸਿਆਣੇ, ਜ਼ਹਿਰਪੀਣੇ ਸਮਝਿਆ ਜਾਂਦਾ ਸੀ। ਇਹ ਜੰਗਲਾਂ ਪਹਾੜਾਂ ਵਿਚ ਵਿਚਰਦੇ ਅਤੇ ਮੰਗ ਕੇ ਗੁਜ਼ਾਰਾ ਕਰਦੇ ਸਨ। ਸਿੱਖ ਮਤ ਦੇ ਬਾਨੀ ਦਾ ਵਾਸਤਾ ਸਭ ਤੋਂ ਵਧੇਰੇ ਇਨ੍ਹਾਂ ਜੋਗੀਆਂ ਨਾਲ ਹੀ ਪਿਆ ਸੀ। ਇਹੀ ਕਾਰਣ ਹੈ ਕਿ ਗੁਰੂ ਨਾਨਕ ਬਾਣੀ ਵਿਚ ਜੋਗ ਮਤ ਦੇ ਹਵਾਲਿਆਂ ਅਤੇ ਰੂਪਕਾਂ ਦੀ ਬਹੁਤਾਂਤ ਹੈ। ਗੁਰੂ ਨਾਨਕ ਦੇਵ ਜੀ ਨੇ ਕੋਈ ਇੱਕ ਰਚਨਾ ਸਿਰਫ਼ ਇੱਕ ਮਤ ਨੂੰ ਸੰਬੋਧਨ ਕਰਕੇ ਲਿਖੀ ਹੈ ਤਾਂ ਉਹਵੀ ਇਨ੍ਹਾਂ ਨੂੰ ਸੰਬੋਧਨ ਕਰਕੇ ਲਿਖੀ ਸੀ, ਸਿੱਧ ਗੋਸ਼ਟਿ। ਗੁਰੂ ਨਾਨਕ ਦੇਵ ਜੀ ਨੂੰ ਸਿੱਧ ਜੋਗੀਆਂ ਨਾਲ ਇਹ ਗੁੱਸਾ ਸੀ ਕਿ ਉਹ ਸੰਸਾਰ ਛੱਡ ਕੇ, ਜੰਗਲਾਂ ਪਹਾੜਾ ਵਿਚ ਕਿਉਂ ਛਿਪੇ ਹੋਏ ਹਨ। ਉਨ੍ਹਾਂ ਨੂੰ ਜਗਤ ਦੀ ਰਹਿਨੁਮਾਈ ਕਰਨੀ ਚਾਹੀਦੀ ਹੈ।[10] ਉਹ ਧਰਮ ਨੂੰ ਸਮਾਜ ਤੋਂ ਵੱਖ ਕਰਕੇ ਨਹੀਂ ਦੇਖਦੇ ਸਨ। ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਸਮਾਜ, ਧਰਮ ਦਾ ਇੱਕ ਹਿੱਸਾ ਹੈ। ਧਾਰਮਿਕ ਆਗੂ ਜਾਂ ਵਿਅਕਤੀ ਨੂੰ ਸਮਾਜਿਕ ਸਮੱਸਿਆਵਾਂ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ, ਸਗੋਂ ਸਮਾਜ ਦੇ ਸਰਗਰਮ ਮੈਂਬਰ ਬਣ ਕੇ ਵਿਚਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਇਸ ਧਰਤੀ ਨੂੰ 'ਕਰਮਭੂਮੀ' ਕਹਿ ਕੇ ਸਮਾਜਿਕ ਜੀਵਨ ਜਿਊਣ ਲਈ ਪ੍ਰੇਰਨਾ ਦਿੰਦੇ ਹਨ।[11]

ਗੁਰੂ ਨਾਨਕ ਸਾਹਿਬ ਦਾ ਗ੍ਰਿਹਸਤ ਬਾਰੇ ਦ੍ਰਿਸ਼ਟੀਕੋਣ ਇਹ ਸੀ ਕਿ ਸੰਸਾਰ ਵਿਚ ਰਹਿਣ ਦੀ ਜੁਗਤ ਸਮਝਾਈ ਹੈ ਕਿ ਜਿਵੇਂ ਕੰਵਲ ਦਾ ਫੁੱਲ ਅਤੇ ਮੁਰਗਾਬੀ ਪਾਣੀ ਵਿਚ ਰਹਿ ਕੇ ਵੀ ਅਭਿੱਜ ਰਹਿੰਦੇ ਹਨ, ਉਸੇ ਤਰ੍ਹਾਂ ਗੁਰਮੁੱਖ ਨੂੰ ਸੰਸਾਰ ਵਿਚ ਵਰਤਾਓ ਕਰਨਾ ਚਾਹੀਦਾ ਹੈ।[12]

ਗੁਰੂ ਨਾਨਕ ਸਾਹਿਬ ਨੇ ਸੰਗਤ ਦੇ ਮਾਧਿਅਮ ਨਾਲ ਮਾਨਸਿਕ ਪਰਿਵਰਤਨ ਕਰਕੇ, ਇੱਕ ਵਿਸੇਸ਼ ਤਰ੍ਹਾਂ ਦਾ ਭਾਈਚਾਰਾ ਉਸਾਰਿਆ। ਇਸ ਸੰਗਤ ਵਿਚ ਕੋਈ ਭਿੰਨ ਭੇਦ ਨਹੀਂ ਸੀ ਕੀਤਾ ਜਾਂਦਾ ਅਤੇ ਸੇਵਾ ਤੇ ਵੰਡ ਤੇ ਛੱਕਣ ਦੀ ਵਿਹਾਰਕ ਜਾਂਚ ਸਿਖਾਈ ਜਾਂਦੀ ਸੀ। ਸੰਗਤ ਦੇ ਨਾਲ ਲੰਗਰ ਦੀ ਸੰਸਥਾ ਨੇ ਇਹ ਭਾਵਨਾ ਦਿੱਤੀ ਕਿ ਸਾਰੇ ਪਦਾਰਥ ਸਾਂਝੇ ਹਨ ਅਤੇ ਇਨ੍ਹਾਂ ਉਪਰਸਭ ਦੇ ਬਰਾਬਰ ਅਧਿਕਾਰ ਹਨ। ਗੁਰੂ ਨਾਨਕ ਬਾਣੀ ਵਿਚ ਜਿਸ ਬਰਾਬਰੀ ਦੀ ਗੱਲ ਕੀਤੀ ਗਈ ਹੈ, ਉਸ ਦਾ ਕ੍ਰਿਆਤਮਕ ਰੂਪ ਸੰਗਤ ਸੀ। ਗੁਰੂ ਨਾਨਕ ਬਾਣੀ ਵਿਚ ਸੰਗਤ ਦੀ ਮਹਾਨਤਾ ਦਾ ਕਾਰਣ ਦੂਜਿਆਂ ਤੋਂ ਪ੍ਰਾਪਤ ਹੋਣ ਵਾਲੇ ਗੁਣਾਂ ਕਰਕੇ ਹੈ। ਉਨ੍ਹਾਂ ਦਾ ਕਥਨ ਹੈ ਕਿ ਚੰਗੇ ਇਨਸਾਨਾਂ ਦੀ ਸੰਗਤ, ਮਨੁੱਖ ਨੂੰ ਉੱਤਮ ਇਨਸਾਨ ਬਣਾਉਂਦੀ ਹੈ ਤੇ ਉਹ ਅਵਗੁਣ ਛੱਡ ਕੇ ਗੁਣ ਧਾਰਨ ਕਰਦਾ ਹੈ।[13] ਗੁਣਾਂ ਦੀ ਪ੍ਰਾਪਤੀ ਗੁਣੀ ਵਿਅਕਤੀਆਂ ਦੀ ਸੰਗਤ ਵਿਚੋਂ ਹੀ ਹੋਣੀ ਦੱਸੀ ਗਈ ਹੈ।[14] ਸਤਸੰਗਤ ਨੂੰ ਅਜਿਹੀ ਥਾਂ ਦੱਸਿਆ ਹੈ, ਜਿੱਥੇ ਗੁਰਮੁੱਖਾਂ ਦੀ ਸੰਗਤ ਨਾਲ, ਮਨਮੁੱਖ ਦਾ ਜੀਵਨ ਵੀ ਬਦਲ ਜਾਂਦਾ ਹੈ ਅਤੇ ਉਥੇ ਹੀ ਪਰਮਾਤਮਾ ਮਿਲ ਸਕਦਾ ਹੈ।[15] ਮਨੁੱਖ ਜਿਸ ਕਾਰਜ ਨੂੰ ਦੂਜਿਆਂ ਦੇ ਸਹਿਯੋਗ ਨਾਲ ਕਰਦਾ ਹੈ, ਉਹ ਸਹਿਜੇ ਹੀ ਸੰਪੂਰਨ ਹੋ ਜਾਂਦਾ ਹੈ। ਇਸੇ ਨੁਕਤੇ ਨੂੰ ਗੁਰੂ ਨਾਨਕ ਸਾਹਿਬ ਨੇ ਸਮਝਾਇਆ ਹੈ ਕਿ

ਜੇਕਰ ਕੋਈ ਲੱਖਾਂ ਯਤਨ ਵੀ ਕਰ ਲਵੇ, ਬਿਨਾਂ ਸੰਗਤ ਦੇ ਉਸ ਨੂੰ ਆਪਣੇ ਮਿਸ਼ਨ ਵਿਚ ਸਫ਼ਲਤਾ ਨਹੀਂ ਮਿਲ ਸਕਦੀ।[16]

ਜਦੋਂ ਇਸਤਰੀ ਨੂੰ ਬਹੁਤ ਘਟੀਆ, ਮਰਦ ਉੱਤੇ ਇੱਕ ਭਾਰ ਅਤੇ ਅਪਵਿੱਤਰ ਕਹਿ ਕੇ ਛੁਟਿਆਇਆ ਜਾਂਦਾ ਹੋਵੇ, ਉਸ ਸਮੇਂ ਇਸਤਰੀ ਨੂੰ ਸਾਰੇ ਜਗਤ ਦੀ ਰਚਨਹਾਰੀ ਕਹਿ ਕੇ ਉਚਿਆਉਣਾ, ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇਕ ਹੈ। ਗੁਰੂ ਸਾਹਿਬ ਨੇ ਨਾ ਕੇਵਲ ਇਸਤਰੀ ਦੀ ਕਰੁਣਾਮਈ ਪੁਕਾਰ ਹੀ ਸੁਣੀ ਸਗੋਂ ਉਸ ਨਾਲ ਕੀਤੇ ਜਾਂਦੇ ਅਨਿਆਂ ਵਿਰੁੱਧ ਸਮਾਜ ਨੂੰ ਸੁਚੇਤ ਕੀਤਾ। ਉਨ੍ਹਾਂ ਨੇ ਪੁਰਖ ਅਤੇ ਨਾਰੀ ਦੋਹਾਂ ਵਿਚ ਹੀ ਉਸ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ। ਪੂਰਨ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਬਿਨਾਂ ਰੋਕ ਟੋਕ ਅਤੇ ਪਰਦੇ ਤੋਂ ਸਾਧ ਸੰਗਤ ਵਿਚ ਸੇਵਾ ਕਰ ਸਕਦੀ ਹੈ। ਜੰਗ ਵਿਚ ਜਾ ਸਕਦੀ ਹੈ ਅਤੇ ਅੰਮ੍ਰਿਤ ਛਕ ਕੇ ਸਾਰੇ ਧਾਰਮਿਕ ਕਰਮ ਕਰਦੀ ਹੋਈ ਗੁਰ ਮਰਿਯਾਦਾ ਅਨੁਸਾਰ ਪਵਿੱਤਰ ਜੀਵਨ ਬਤੀਤ ਕਰ ਸਕਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਇੱਕ ਇਨਸਾਨ ਸਮਝਦੇ ਹੋਏ ਉਸ ਦੀ ਸਮਾਜ ਵਿਚ ਗਿਰੀ ਹੋਈ ਅਵਸਥਾ ਨੂੰ ਚੁੱਕ ਕੇ ਪੁਰਸ਼ ਦੇ ਬਰਾਬਰ ਖੜ੍ਹਾ ਕੀਤਾ ਹੈ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**[17]

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਸੁਲੱਖਣੀ ਕਹਿ ਕੇ ਨਿਵਾਜਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿਧਾਂਤਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿੱਚ ਸਰਬੱਤ ਦਾ ਭਲਾ, ਕਿਰਤ ਕਰੋ ਅਤੇ ਵੰਡ ਛਕੋ, 'ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ' ਦੇ ਸਿਧਾਂਤ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦੀ ਕਿਰਤ ਦੇ ਨਾਲ ਨਾਲ ਵੰਡ ਦੀ ਗੱਲ ਵੀ ਕਰਦੇ ਹਨ ਜੋ ਕਿ ਬ੍ਰਾਹਮਣਵਾਦੀ ਆਰਥਿਕ ਤੇ ਸਮਾਜਿਕ ਵਿਵਸਥਾ ਨੂੰ ਸਿੱਧੀ ਲਲਕਾਰ ਹੈ।

ਸਿੱਖ ਧਰਮ ਵਿਚਲਾ ੧ੴ ਦਾ ਨੁਕਤਾ ਇਸ ਦਰਸ਼ਨ ਨੂੰ ਮਾਨਵਵਾਦ ਦੇ ਮੂਲ ਨਾਲ ਜੋੜਦਾ ਹੈ। ਸਮੁੱਚੇ ਬ੍ਰਹਿਮੰਡ ਨੂੰ ਇੱਕੋ ਜੋਤ ਦਾ ਪ੍ਰਗਟਾਵਾ ਮੰਨਣਾ ਸਮੁੱਚੀ ਮਨੁੱਖਤਾ ਨੂੰ ਇੱਕ ਇਕਾਈ ਵਜੋਂ ਲੈਂਦਾ ਹੈ। ਇਸ ਵਿਚ ਮਾਨਵਵਾਦ ਦੇ ਸਾਰੇ ਪੱਖ ਸਿਮਟ ਜਾਂਦੇ ਹਨ। ਮੂਲ ਮੰਤਰ ਸਮੁੱਚੀ ਮਾਨਵਤਾ ਦਾ ਸਰੂਪ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਗੁਰਮਤਿ ਦਾ ਇੱਕ ਰੱਬ ਦਾ ਸੰਕਲਪ ਇਸ ਤਰਕ ਨੂੰ ਬਲ ਬਖਸ਼ਦਾ ਹੈ ਕਿ ਸਮੁੱਚਾ ਬ੍ਰਹਿਮੰਡ ਇੱਕੋ ਸਰੋਤ ਵਿਚੋਂ ਉਪਜਿਆ ਹੈ। ਇਸ ਲਈ ਸਮਾਜਿਕ ਵਿਤਕਰੇ ਲਈ ਕੋਈ ਸਥਾਨ ਨਹੀਂ ਬਚਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਵਿਚ ਚਹੁੰ ਵਰਨਾਂ ਦੀ ਸਮਾਜਿਕ ਦਰਜੇਬੰਦੀ ਨੂੰ ਨਕਾਰਦੇ ਹੋਏ ਹਰ ਮਨੁੱਖ ਵਿਚ ਇੱਕ ਜੋਤਿ ਦੇ ਪ੍ਰਕਾਸ਼ ਨੂੰ ਅਨੁਭਵ ਕਰਨ ਉੱਤੇ ਬਲ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੀ ਖਿੱਤੇ, ਜਾਤ ਬਰਾਦਰੀ, ਸਥਾਨਕ, ਇਲਾਕਾਈ ਤੇ ਕਬਾਇਲੀ ਸੱਭਿਆਚਾਰ, ਇਸਤਰੀ ਪ੍ਰਤੀ ਸੋਚ ਅਤੇ ਹਾਸ਼ੀਆਗਤ ਵਰਗ ਦੇ ਵਿਸ਼ੇ ਸਮੋ ਕੇ ਇੱਕ ਸਮਨਵੈ ਸੱਭਿਆਚਾਰ ਦੀ ਧਾਰਨਾ ਦਾ ਪ੍ਰਚਲਨ ਹੋ ਗਿਆ ਹੈ। ਗੁਰਬਾਣੀ ਦਾ ਆਸ਼ਾ ਜਨ ਸਧਾਰਨ ਨੂੰ ਅਧਿਆਤਮਿਕ ਪੱਖ ਤੋਂ ਪ੍ਰੇਰਿਤ ਕਰਨ ਦੇ

ਨਾਲ ਨਾਲ ਕਿਸੇ ਕਿਸਮ ਦੀ ਅਣਮਨੁੱਖੀ ਵੰਡ ਨੂੰ ਅਸਵੀਕਾਰਨਾ ਵੀ ਹੈ।

## ਹਵਾਲੇ ਤੇ ਟਿੱਪਣੀਆਂ

1. ਚਰਨਜੀਤ ਸਿੰਘ, ਦਲਿਤ ਸਰੋਕਾਰ ਅਤੇ ਸਾਹਿਤ, ਪੰਨਾ 42.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1288
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 145
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 140
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 417
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15
7 ਕੀਤਾ ਥਾਪਿ ਦੇਇ ਪਾਤਿਸ਼ਾਹੀ ਲਸ਼ਕਰ ਕਰੇ ਸੁਆਹੁ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 144)
8. ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾੲੀ ਦਾਇਆ ਖੇਲੈ ਸਗਲ ਜਗਤੁ ॥(ਉਹੀ, ਪੰਨਾ 8)
9. ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 117
10. ਸਿੱਧ ਧਪਿ ਬੈਠੇ ਪਰਬਤੀ ਕਉਣ ਜਗਤਿ ਕਉ ਪਾਰਿ ਉਤਾਰਾ ॥(ਭਾਈ ਗੁਰਦਾਸ 1:29)
11. ਕੇਤੀਆ ਕਰਮ ਭੂਮੀ...(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7)
12. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
    ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ ॥
    ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 398)
13. ਊਤਮ ਸੰਗਤਿ ਊਤਮੁ ਹੋਵੈ। ਗੁਣ ਕਉ ਧਾਵੈ ਅਵਗਣ ਧੋਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 414)
14. ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥(ਉਹੀ, ਪੰਨਾ 1127)
15. ਸਤਸੰਗਿਤ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥ ਗੁਰ ਪਰਸਾਦੀ ਘਟ ਚਾਨਣਾ ਅਨੇਰੁ ਗਵਾਇਆ॥
    ਲੋਹਾ ਪਾਰਸਿ ਭੇਟੀਐ ਕੰਚਨ ਹੋਇ ਆਇਆ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1244)
16. ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ ਬਿਨ ਸੰਗਤਿ ਸਾਧ ਨ ਧ੍ਰਾਪੀਆ ਬਿਨ ਨਾਵੈ ਦੂਖ ਸੰਤਾਪੁ ॥(ਉਹੀ, ਪੰਨਾ 20)
17 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473

# FOOTPRINTS OF ANCIENT INDIAN LEGAL HISTORY


*Edited by*

**Dr. Bhupinder Singh Virk**

*Associate Professor*

Department of Law

Punjabi University, Patiala



TWENTYFIRST CENTURY PUBLICATIONS

PATIALA



First Edition Published in 2015 by

**TWENTYFIRST CENTURY PUBLICATIONS, PATIALA**

# 79, Sheikhpura, P.O. Punjabi University, Patiala (PB) - 147002

Ph. 0175-3202003, 92167-53888

e-mail : rinku_randhawa77@yahoo.com



COPYRIGHT NOTICE

All Rights are Reserved by the author. No part of this book can be reproduced in any form without the prior permission of author/copyright owner.

© Author



**FOOTPRINTS OF ANCIENT INDIAN LEGAL HISTORY**

*by*

Dr. Bhupinder Singh Virk

**ISBN :** 978-93-85447-72-3

**Price : 200/-**



**ADVISORY BOARD**

Prof. Baldev Singh Cheema

Prof. Sarabjinder Singh

Prof. Pushpinder Kaur Dhillon

Prof. Davinder Kumar Singla



*Laser Type Setting*

Ravi Kant Handa

*Printed in India at*

Twentyfirst Century Printing Press

Patiala

# ਸਿੱਖ ਧਰਮ ਵਿਚ ਔਰਤ ਦਾ ਰੁਤਬਾ: ਇਕ ਅਧਿਐਨ

*ਕਿਰਨਜੀਤ ਕੌਰ**

ਇਸਤਰੀ ਸ਼ਬਦ "ਸਤਯੈ" ਧਾਤੂ ਤੋਂ ਬਣਿਆ ਹੈ ਅਤੇ ਪ੍ਰਾਚੀਨ ਕਾਲ ਤੋਂ ਹੀ ਇਸ ਸ਼ਬਦ ਦਾ ਪ੍ਰਯੋਗ ਹੁੰਦਾ ਆ ਰਿਹਾ ਹੈ। ਸਮੇਂ ਸਮੇਂ ਤੇ ਵਿਦਵਾਨਾਂ, ਸਿਖਿਆ ਸ਼ਾਸਤਰੀਆਂ, ਵਿਆਕਰਨ ਵੇਤਾਵਾਂ ਅਤੇ ਗ੍ਰੰਥਕਾਰਾਂ ਨੇ ਇਸਤਰੀ ਨੂੰ ਵੱਖ ਵੱਖ ਸ਼ਬਦਾਂ ਨਾਲ ਸੰਬੋਧਿਤ ਕੀਤਾ ਹੈ। ਇਹ ਸ਼ਬਦ ਇਕ ਦੂਜੇ ਨਾਲ ਅਰਥ-ਭੇਦ ਰੱਖਦੇ ਹੋਏ ਇਸਤਰੀ ਦੇ ਸਰਬ-ਪੱਖੀ ਗੁੱਣਾਂ ਅਤੇ ਔਗੁਣਾਂ ਨੂੰ ਪ੍ਰਤਿਬਿੰਬਿਤ ਕਰਦੇ ਹਨ। ਵੇਦਾਂ, ਸ਼ਾਸਤਰਾਂ, ਧਰਮ-ਗ੍ਰੰਥਾਂ, ਪਵਿੱਤਰ ਪੋਥੀਆਂ, ਅਧਿਆਤਮਕ ਸ਼ਬਦਾਵਲੀ ਅਤੇ ਗਿਆਨ ਪੁਸਤਕਾਂ ਵਿਚ ਇਸਤਰੀ ਦੇ ਅਨੇਕਾਂ ਗੁਣ, ਔਗੁਣ, ਸ਼ਕਤੀਆਂ ਉਸਾਰੂ ਰੁੱਚੀਆਂ, ਚੰਚਲਤਾ, ਈਰਖਾ ਅਤੇ ਮਾਰੂ-ਭਾਵਨਾਵਾਂ ਨੂੰ ਰੂਪਮਾਨ ਕੀਤਾ ਗਿਆ ਹੈ ਆਮ ਤੌਰ ਤੇ ਇਸਤਰੀ ਦੇ ਬਾਹਰ -ਮੁੱਖੀ ਰੂਪ ਨੂੰ ਅਬਲਾ, ਅਹਲਿਯਹੂ, ਔਰਤ, ਅਰਧ-ਸਰੀਰੀ, ਅਰਧਾਂਗੀ, ਇਸਤਰੀ, ਸੁੰਦਰੀ, ਕੰਨਿਆਂ, ਕਾਮਨੀ, ਕਿਸ਼ੋਰੀ, ਖਾਤੂਨ, ਚੰਚਲਾ, ਚਪਲਾ, ਜੋਰੂ, ਜ਼ੋਜਹ, ਜਨ, ਜਾਯਾ, ਜਨਨੀ, ਤ੍ਰੀਮਤ, ਤ੍ਰਿਯਾ, ਦੋਹਿਤਾ, ਧਰਮ-ਪਤਨੀ, ਧਨ, ਨਾਰੀ, ਪ੍ਰਮਦਾ, ਪ੍ਰਿਯਾ, ਪ੍ਰੋਯਸੀ, ਪ੍ਰੇਮਿਕਾ, ਪਤਨੀ, ਪੁਤਰੀ, ਬਹੂ ਬੀਵੀ, ਭਾਰਯਾ, ਮਹਿਲਾ, ਮਸੂਤਰਤ, ਮਾਤਾ, ਮੁੰਧ, ਮਾਨਨੀਯ, ਮੇਨਾ, ਯੋਸ਼ਾ, ਲਲਨਾ, ਵਹੁਟੀ, ਵੋਮੈਨ ਅਤੇ ਵਾਈਫ ਸ਼ਬਦਾਂ ਰਾਹੀਂ ਚਿਤ੍ਰਿਤ ਕੀਤਾ ਜਾਂਦਾ ਹੈ। ਇਨ੍ਹਾਂ ਤੋਂ ਉਸਦੇ ਵੱਖ-ਵੱਖ ਸੰਸਾਰੀ ਸੰਬੰਧਾਂ ਦਾ ਗਿਆਨ ਹੁੰਦਾ ਹੈ।

ਇਸ ਤੋਂ ਬਿਨਾਂ ਉਸਦੀਆਂ ਅੰਤਰਮੁਖੀ ਸ਼ਕਤੀਆਂ ਅਤੇ ਗੁਣਾਂ ਦੇ ਪ੍ਰਗਟਾਵੇ ਲਈ ਅਧਿਆਤਮਕ ਸ਼ਬਦਾਵਲੀ ਵਿਚ ਅਨੰਤ ਸੰਬੋਧਨ ਹਨ, ਜੋ ਗੁਣਾਂ ਦਾ ਹੀ ਵਿਅਕਤੀਕਰਨ ਹੋ ਜਾਂਦੇ ਹਨ। ਇਸ ਪੱਖੋਂ ਉਹ ਸ੍ਰੀ ਹੈ, ਸ਼ਕਤੀ ਹੈ, ਚਿਤਿ ਹੈ। ਇਕ ਇਕ ਸ਼ਬਦ ਇਸਤਰੀ ਅੰਦਰਲੀ ਅਸੀਮ ਸ਼ਕਤੀ ਦਾ ਬੋਧ ਕਰਾਉਂਦਾ ਹੈ।ਉਸਦੇ ਮੋਹ ਵਿਚ ਸਨੇਹ ਹੈ, ਬੰਧਨ ਵਿਚ ਦਾਨ ਅਤੇ ਜੀਵਨ ਵਿਚ ਉਤੱਸਰਗ ਹੈ। ਉਹ ਭਗਤੀ ਹੈ, ਸ਼ਰਧਾ ਹੈ ਪੂਜਣ ਯੋਗ ਹੈ। ਉਹ ਦੇਵੀ ਹੈ, ਅਪੂਰਨ ਵਿਚ ਪੂਰਨ ਹੈ। ਦੇਵੀ ਅਤੇ ਸ਼ਕਤੀ ਰੂਪ ਵਿਚ ਉਸਨੂੰ ਸਮਰੱਥ, ਸੰਪੂਰਨ, ਸ਼ਕਤੀਸ਼ਾਲੀ ਤੋਂ ਇਲਾਵਾ ਪ੍ਰੇਰਨਾ, ਸ੍ਰੋਤ, ਭਗਤੀ, ਸ਼ਰਧਾ ਅਤੇ ਸੇਵਾ ਦਾ ਅਮੁੱਕ ਸੋਮਾ ਮੰਨਿਆ ਗਿਆ ਹੈ। ਔਰਤ ਦੇ ਇਹ ਗੁਣ ਉਜਾਗਰ ਕਰਨ ਲਈ ਬੜੇ ਪ੍ਰਭਾਵਸ਼ਾਲੀ ਅਤੇ ਜ਼ੋਰਦਾਰ ਸ਼ਬਦ ਵਰਤੇ ਗਹੇ ਹਨ। ਜਿਵੇਂ ਮਹਾਂਸ਼ਕਤੀ, ਮਹਾਂਮਾਯਾ ਅਤੇ ਮਹਾਮੋਹਾ। ਅਜਿਹੇ ਸ਼ਬਦ ਆਦਿ ਕਾਲ ਤੋਂ ਵਰਤੇ ਗਏ ਹਨ।

---

* ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕਿਸੇ ਸਮਾਜ ਦੀ ਤਰੱਕੀ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉਸ ਸਮਾਜ ਵਿਚ ਔਰਤ ਦਾ ਕੀ ਰੁਤਬਾ ਹੈ ਉਸ ਤੋਂ ਪਤਾ ਲਗ ਜਾਂਦਾ ਹੈ। ਇੱਕ ਔਰਤ ਪਰਿਵਾਰ, ਸਮਾਜ ਅਤੇ ਸਮਾਜਿਕ ਬਣਤਰ ਵਿਚ ਬਹੁਤ ਤਰ੍ਹਾਂ ਦਾ ਕਿਰਦਾਰ ਨਿਭਾਉਂਦੀ ਹੈ। ਇਕ ਔਰਤ ਦਾ ਸਮਾਜ਼ ਵਿਚ ਕੀ ਰੁਤਬਾ ਹੈ ਇਹ ਉਸਦੇ ਖੁਦ ਦੀ ਜ਼ਿੰਦਗੀ ਉਪਰ ਨਿਰੰਤਰ, ਗਿਆਨ, ਆਰਥਿਕ ਸੋਮੇ, ਰਾਜਨਿਤਕ ਚੇਤਨਾ, ਮਾਨਸਿਕ ਆਜ਼ਾਦੀ ਅਤੇ ਖੁਦ ਨਿਰਣਾ ਲੈਣ ਦੀ ਸਮਰੱਥਾ ਉੱਤੇ ਨਿਰਭਰ ਕਰਦਾ ਹੈ।[1]

## ਹਿੰਦੂ ਧਰਮ ਵਿਚ ਔਰਤ ਦਾ ਸਥਾਨ

ਹਿੰਦੂ ਧਰਮ ਵਿਚ ਔਰਤ ਦੀ ਅਜ਼ਾਦੀ ਅਤੇ ਖੁਦ ਨੂੰ ਵਿਕਸਤ ਕਰਨ ਦੇ ਮੋਕਿਆਂ ਉੱਤੇ ਪੂਰਨ ਪਾਬੰਦੀ ਹੈ। ਉਸਨੂੰ ਸਮਾਜ ਵਿਚ ਆਪਣਾ ਬਣਦਾ ਯੋਗਦਾਨ ਪਾਉਣ ਤੋਂ ਰੋਕਣ ਲਈ ਕਈ ਤਰ੍ਹਾਂ ਦੀਆਂ ਬੰਦਸ਼ਾਂ ਹਨ। ਹਿੰਦੂ ਧਰਮ ਗ੍ਰੰਥਾਂ ਦੇ ਅਨੁਸਾਰ ਔਰਤ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ। ਜੈਨ ਧਰਮ ਦੇ ਦਿਗਾਂਬਰ ਮੱਤ ਅਨੁਸਾਰ ਔਰਤ ਲਈ ਸਵਰਗ ਦੇ ਦਰਵਾਜ਼ੇ ਬੰਦ ਹਨ। ਉਹ ਕਦੇ ਸਿੱਧੀ ਪ੍ਰਾਪਤ ਨਹੀਂ ਕਰ ਸਕਦੀ। ਔਰਤ ਰੱਬ ਦਾ ਦਿੱਤਾ ਹੋਇਆ ਸਰਾਪ ਹੈ ਅਤੇ ਉਸਨੂੰ ਇਸੇ ਲਈ ਬਣਾਇਆ ਗਿਆ ਹੈ ਕਿ ਉਹ ਸਵਰਗ ਪ੍ਰਾਪਤ ਨਾ ਕਰ ਸਕੇ ਅਤੇ ਮੁਕਤੀ ਪ੍ਰਾਪਤ ਨਾ ਕਰ ਸਕੇ। ਮੌਤ ਅਤੇ ਜਨਮ ਦੇ ਗੇੜ ਵਿਚੋਂ ਨਿਕਲਣ ਲਈ ਉਸ ਨੂੰ ਮਰਦ ਦੇ ਜਾਮੇ ਵਿਚ ਜਨਮ ਲੈਣਾ ਪਵੇਗਾ। ਇਸ ਤਰੀਕੇ ਨਾਲ ਇਸ ਮੱਤ ਦੇ ਅਨੁਸਾਰ ਪ੍ਰਮਾਤਮਾ ਵੀ ਔਰਤ ਨਾਲ ਨਾ ਬਰਾਬਰੀ ਕਰਦਾ ਦਰਸਾਇਆ ਗਿਆ ਹੈ। ਹਿੰਦੂ ਮਤ ਕਦੇ ਉਸਨੂੰ ਦੁਰਗਾ ਮਾਤਾ ਅਤੇ ਕਦੇ ਦੇਵ ਦਾਸੀ ਦੇ ਰੂਪ ਵਿਚ ਦੇਖਦਾ ਹੈ। ਪਰ ਜ਼ਿਆਦਾ ਤੌਰ ਤੇ ਤੇ ਔਰਤ ਨੂੰ ਦੇਵਦਾਸੀ ਦੇ ਰੂਪ ਵਿਚ ਰੱਖਦਾ ਹੈ। ਸੰਤ ਤੁਲਸੀਦਾਸ ਜੀ ਦੇ ਸ਼ਲੋਕ[2], 'ਢੋਲ, ਗਵਾਰ, ਸੂਦਰ, ਪਸ਼ੂ, ਨਾਰੀ, ਤਿਨੋ ਤਾੜਣ ਕੇ ਅਧਿਕਾਰੀ' ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਔਰਤ ਸਮਾਜ ਦੇ ਸਭ ਤੋਂ ਹੇਠਲੇ ਵਰਗ ਬਰਾਬਰ ਦਾ ਸਥਾਨ ਰੱਖਦੀ ਹੈ।ਯੋਗ ਮਤ, ਸੰਸਾਰ ਅਤੇ ਔਰਤ ਦੇ ਤਿਆਗ ਨੂੰ ਹੀ ਰੱਬ ਦੀ ਪ੍ਰਾਪਤੀ ਦਾ ਮਾਰਗ ਮੰਨਦਾ ਹੈ। ਯੋਗੀ ਗੋਰਖ ਨਾਥ ਔਰਤ ਨੂੰ ਬਗਿਆੜੀ ਕਹਿੰਦਾ ਹੈ ਜੋ ਉਸ ਅਨੁਸਾਰ ਨੌਜ਼ਵਾਨਾ ਦੇ ਜੋਸ਼ ਨੂੰ ਖਾਂ ਜਾਂਦੀ ਹੈ। ਮਹਾਤਮਾ ਬੁੱਧ ਨੇ ਆਪਣੇ ਪਰਿਵਾਰ ਦਾ ਤਿਆਗ ਕਰਕੇ ਹੀ ਨਿਰਵਾਨ ਪ੍ਰਾਪਤ ਕੀਤਾ ਸੀ। ਬੋਧੀ (Monk) ਲਈ ਅਖੰਡ ਬ੍ਰਹਮਚਾਰੀ ਹੋਣਾ ਜ਼ਰੂਰੀ ਹੈ ਸੰਤ ਰਾਮਾਨੁਜ਼ ਜੋ ਵੇਸ਼ਨਵ ਮਤ ਦੇ ਕਰਤਾ ਆਗੂ ਹਨ ਅਤੇ ਇਸੇ ਮਤ ਦੇ ਦੂਸਰੇ ਮਹਾਨ ਸੰਤ ਸ਼ੰਕਰਦੇਵ ਦੇ ਕਥਨ ਅਨੁਸਾਰ ਔਰਤ ਰੱਬ ਦੀ ਸਭ ਤੋਂ ਕਰੂਪ ਰਚਨਾ ਹੈ।[3]

ਮੰਨੂ ਨੇ ਇਸਤਰੀਆਂ ਨੂੰ ਆਦਮੀਆਂ ਦਾ ਤਕਰੀਬਨ ਗ਼ੁਲਾਮ ਬਣਾ ਦਿੱਤਾ। ਉਸ ਨੇ ਨੀਯਤ ਕੀਤਾ ਕਿ ਪਤੀ ਦਾ ਆਪਣੀ ਪਤਨੀ ਉੱਤੇ ਪੂਰਾ ਅਧਿਕਾਰ ਹੈ। ਉਹ ਉਸ ਨੂੰ ਮਾਰ-ਕੁੱਟ ਸਕਦਾ ਹੈ। ਜੇ ਪਤਨੀ ਜ਼ਰਾ ਵੀ ਕੌੜੀ ਗੱਲ ਕਰੇ ਤਾਂ ਉਸ ਨੂੰ ਇਕਦਮ ਤਿਆਗ ਸਕਦਾ ਹੈ ਅਤੇ ਪਤਨੀ ਲਈ ਉਚਿਤ ਹੈ ਕਿ ਉਹ ਆਪਣੇ ਪਤੀ ਦੀ ਦੇਵਤਾ ਸਮਝ ਕੇ ਪੂਜਾ ਕਰੇ, ਭਾਵੇਂ ਉਸ ਵਿੱਚ ਕੋਈ ਗੁਣ ਨਾ ਵੀ ਹੋਵੇ ਅਤੇ ਭਾਵੇਂ ਉਹ ਬੇਗਾਨੀਆਂ ਇਸਤਰੀਆਂ



ਨਾਲ ਐਸ਼ ਮਾਣਦਾ ਹੋਵੇ।

ਕੁਝ ਹੋਰ ਸਮਾਂ ਲੰਘਣ ਪਿੱਛੋਂ ਇਸਤਰੀਆਂ ਨੂੰ ਜ਼ੰਝੂ ਪਾਉਣ ਦੀ ਰਸਮ ਕਰਨ ਅਤੇ ਵੇਦਿਕ ਸਾਹਿਤ ਪੜ੍ਹਨ ਤੋਂ ਵਾਜਿਆਂ ਕਰ ਦਿੱਤਾ ਗਿਆ। ਇਸ ਤਰ੍ਹਾਂ ਇਸਤਰੀ ਨੂੰ ਸਮਾਜ ਦੇ ਹੇਠਲੇ ਵਰਗ ਬਰਾਬਰ ਖੜ੍ਹਾ ਕਰ ਦਿੱਤਾ ਗਿਆ। ਇਸ ਦੀ ਤਸਦੀਕ ਭਗਵਤ ਗੀਤਾ ਕਰਦੀ ਹੈ। **ਡੂਬਾਇਸ** ਸਤਾਰ੍ਹਵੀ ਸਦੀ ਬਾਰੇ ਪੁਸ਼ਟੀ ਕਰਦਾ ਹੈ ਕਿ ਇਸਤਰੀ ਨੂੰ ਘਰੇਲੂ ਜ਼ਿੰਦਗੀ ਵਿੱਚ ਘਟੀਆ ਦਰਜਾ ਦਿੱਤਾ ਜਾਂਦਾ ਹੈ।

ਵਿਧੰਵਾ-ਵਿਆਹ ਦੀ ਮਨਾਹੀ **ਮਨੂੰ** ਅਤੇ **ਯਜਨਾਵਾ ਲਕਯਾ** ਨੇ ਕੀਤੀ।[4] ਅਮਲੀ ਵਰਤੋਂ ਵਿਚ ਵਿਧਵਾ-ਵਿਆਹ ਨਾ ਕਰਨਾ, ਜਾਤਾਂ ਦੇ ਭਾਈਚਾਰਕ ਰੁਤਬੇ ਦੀ ਕਸੱਵਟੀ ਬਣ ਗਈ ਹੈ। ਜਿਹੜੀਆਂ ਜਾਤਾਂ ਵਿਧਵਾ-ਵਿਆਹ ਨਹੀਂ ਕਰਦੀਆਂ, ਸਿਰਫ਼ ਉਹੋ ਮਾਣ ਪ੍ਰਾਪਤ ਕਰਦੀਆਂ ਹਨ। ਜਿਹੜੀਆਂ ਉੱਚੀਆਂ ਜਾਤਾਂ ਵਿਧਵਾ-ਵਿਆਹ ਕਰਨ ਲੱਗ ਪੈਣ, ਉਨ੍ਹਾਂ ਦਾ ਸਮਾਜਕ ਰੁਤਬਾ ਨੀਵਾਂ ਹੋ ਜਾਂਦਾ ਹੈ ਅਤੇ ਵਿਧਵਾ ਵਿਆਹ ਦੀ ਮਨਾਹੀ (ਨੀਵੀਆਂ ਜਾਤਾਂ ਲਈ), ਬ੍ਰਾਹਮਣਾਂ ਦੀ ਸੁਸਾਇਟੀ ਦੀ ਵਿਉਂਤ ਵਿੱਚ ਆਪਣਾ ਦਰਜਾ ਉੱਚਾ ਕਰਨ ਦਾ ਸਾਧਨ ਬਣ ਜਾਂਦੀ ਹੈ।

ਉੱਚੀਆਂ ਜਾਤਾਂ ਵਿੱਚ 'ਜਵਾਨ ਹੋਣ ਤੋਂ ਪਹਿਲੋਂ ਲੜਕੀ ਦੀ ਸ਼ਾਦੀ ਨਾ ਕਰਨ ਨੂੰ ਪਾਪ ਸਮਝਿਆ ਜਾਂਦਾ ਹੈ ਅਤੇ ਲੜਕੀਆਂ ਦੇ ਬਾਲ-ਵਿਆਹ ਦਾ ਰਿਵਾਜ ਭਾਈਚਾਰਕ ਰੁਤਬੇ ਦੇ ਉੱਚੇ ਹੋਣ ਦੀ ਨਿਸ਼ਾਨੀ ਸਮਝੀ ਗਈ। ਇਸ ਕੰਮ ਵਿਚ ਵੀ ਜਾਤ-ਪਾਤੀ ਦੀ ਪਰੰਪਰਾ ਬਹੁਤ ਦਬਾਓ ਪਾਉਂਦੀ ਹੈ। ਲੜਕੀਆਂ ਦੇ ਬਾਲਪਨ ਦੀ ਸ਼ਾਦੀ ਦੇ ਰਿਵਾਜ ਨੂੰ ਵੀ ਧਾਰਮਿਕ ਪ੍ਰਵਾਨਗੀ ਮਿਲੀ ਹੋਈ ਹੈ। **ਮਨੂੰ** ਇਹ ਨੀਯਤ ਕਰਦਾ ਹੈ ਕਿ ਤੀਹ ਸਾਲ ਦੀ ਉਮਰ ਦਾ ਆਦਮੀ ਬਾਰਾਂ ਸਾਲ ਦੀ ਕੰਵਾਰੀ ਲੜਕੀ ਨਾਲ ਅਤੇ ਚੌਵੀ ਸਾਲ ਦੀ ਉਮਰ ਦਾ ਆਦਮੀ ਅੱਠ ਸਾਲ ਦੀ ਲੜਕੀ ਨਾਲ ਸ਼ਾਦੀ ਕਰੇ। **ਯਜਨਾਵਾਲਕਯਾ**[5] ਇਸ ਉੱਤੇ ਜ਼ੋਰ ਦੇਂਦਾ ਹੈ ਕਿ ਲੜਕੀਆਂ ਦੀ ਜਵਾਨ ਹੋਣ ਤੋਂ ਪਹਿਲਾਂ ਸ਼ਾਦੀ ਕੀਤੀ ਜਾਏ।

ਬਾਲ ਕੰਨਿਆ-ਹੱਤਿਆ ਦਾ ਘੋਰ ਤੇ ਭੈੜਾ ਰਿਵਾਜ ਕੇਵਲ ਹਿੰਦੂ ਵਿਚ ਹੀ ਨਹੀਂ, ਦੂਸਰੇ ਮੁਲਕਾਂ ਵਿਚ ਵੀ ਸੀ ਪਰ ਏਥੇ ਇਸਤਰੀ ਜਾਤੀ ਵਿਰੁੱਧ ਧਾਰਨ ਕੀਤੇ ਗਏ ਧਾਰਮਕ ਰਵੱਈਏ ਨੇ ਇਸ ਰਿਵਾਜ ਨੂੰ ਵਧਾਉਣ ਵਿਚ ਹਵਾ ਦਿੱਤੀ। ਧਾਰਮਕ ਗ੍ਰੰਥ ਲੜਕੀਆਂ ਦੀ ਪੈਦਾਇਸ਼ ਬਾਰੇ ਅਫ਼ਸੋਸ ਜ਼ਾਹਰ ਕਰਦੇ ਹਨ, ਅਤੇ ਲੜਕੀਆਂ ਨੂੰ ਬਿਪਤਾ ਦਾ ਵਸੀਲਾ ਸਮਝਦੇ ਹਨ, ਜਾਤ-ਪਾਤੀ ਪ੍ਰਬੰਧ ਨੇ ਜ਼ੋ ਰੁਤਬੇ ਦੀ ਲਾਲਸਾ ਨੂੰ ਚਮਕਾਇਆ, ਉਸ ਨਾਲ ਇਹ ਬੁਰਾਈ ਹੋਰ ਤਿੱਖੀ ਹੋ ਗਈ। ਹੋਰਨਾਂ ਮੁਲਕਾਂ ਵਿਚ ਬਾਲ ਹੱਤਿਆ ਦਾ ਮੂਲ ਕਾਰਨ ਗਰੀਬੀ ਸੀ, ਪਰ ਹਿੰਦ ਵਿਚ ਬਾਲ-ਹੱਤਿਆ ਵਧੇਰੇ ਕਰ ਕੇ ਰਾਜਪੂਤਾਂ ਵਰਗੀਆਂ ਜਾਤਾਂ ਕਰਦੀਆਂ ਸਨ।

## ਸਿੱਖ ਧਰਮ ਅਤੇ ਔਰਤ ਦਾ ਰੁਤਬਾ

ਔਰਤ ਪ੍ਰਤੀ ਸਿੱਖ ਧਰਮ ਨੇ ਹਿੰਦੂ ਧਰਮ ਦੀਆਂ ਬੰਦਸ਼ਾ ਨੂੰ ਰੱਦ ਕੀਤਾ ਹੈ। ਸਿੱਖ

ਮੱਤ ਨੇ ਉਹ ਹਿੰਦੂ ਰੀਤਾਂ ਜਿਹੜੀਆਂ ਮਰਦ-ਮਰਦ ਮਰਦ-ਔਰਤ ਦੇ ਰਿਸ਼ਤਿਆਂ ਵਿਚ ਫ਼ਰਕ ਪਾਉਂਦੀਆਂ ਸਨ ਨੂੰ ਤੋੜਿਆ ਹੈ। ਸਿੱਖ ਗੁਰੂਆਂ ਨੇ ਇਕ ਉਸਾਰੂ ਅਤੇ ਅਗਾਂਹਵਧੂ ਸਮਾਜ ਦੀ ਕਲਪਨਾ ਅਤੇ ਰਚਨਾ ਕੀਤੀ ਹੈ। ਉਨ੍ਹਾਂ ਨੇ ਜਾਤ-ਪਾਤ, ਲਿੰਗ-ਭੇਦ, ਰੰਗ-ਭੇਦ ਦੀ ਲਾਹਨਤ ਨੂੰ ਦੁਰਕਾਰਿਆ ਹੈ। ਉਹਨਾਂ ਨੇ ਹਮੇਸ਼ਾ ਔਰਤ ਅਤੇ ਮਰਦ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ ਹੈ। ਗੁਰੂ ਸਾਹਿਬਾਨ ਨੇ ਔਰਤ ਨੂੰ ਉਸਦੇ ਸਾਰੇ ਬਣਦੇ ਹੱਕ ਅਤੇ ਅਧਿਕਾਰ ਦਿੱਤੇ ਜਿਹੜੇ ਹਿੰਦੂ ਸਮਾਜ ਨੇ ਰੋਕੇ ਹੋਏ ਸਨ। ਔਰਤ ਨੂੰ ਸਿੱਖ ਮੱਤ ਅੰਦਰ ਪੂਰਨ ਧਾਰਮਿਕ ਆਜ਼ਾਦੀ ਹੈ। ਉਹ ਸਿਰਮਨ, ਪੂਜਾ ਪਾਠ ਅਤੇ ਗੁਰੂ ਘਰ ਦੀ ਸੇਵਾ ਸੰਭਾਲ ਕਰ ਸਕਦੀ ਹੈ। ਉਹ ਹਰ ਧਾਰਮਿਕ ਗਤੀਵਿਧੀ ਵਿਚ ਵੱਧ ਚੜ ਕੇ ਹਿੱਸਾ ਲੈ ਸਕਦੀ ਹੈ। ਗੁਰੂ ਅਮਰਦਾਸ ਜੀ ਨੇ ਔਰਤ ਨੂੰ ਕਈ ਧਾਰਮਿਕ ਅਤੇ ਸਮਾਜਿਕ ਖੇਤਰਾਂ ਦੀ ਅਗਵਾਈ ਦਿੱਤੀ ਸੀ। ਗੁਰੂ ਜੀ ਨੇ ਔਰਤਾਂ ਨੂੰ ਧਰਮ ਪ੍ਰਚਾਰਕਾਂ ਦੇ ਤੌਰ ਤੇਵੀ ਨਿਯੁਕਤ ਕੀਤਾ ਸੀ। ਗੁਰੂ ਸਾਹਿਬਾਨ ਨੇ ਔਰਤ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨਿਤਕ ਆਜ਼ਾਦੀ ਦਿੱਤੀ ਅਤੇ ਉਹਨਾਂ ਦੇ ਸਮਿਆਂ ਦੌਰਾਨ ਔਰਤਾਂ ਨੇ ਵੱਧ ਚੜ ਕੇ ਰਾਜਨਿਤਕ ਖੇਤਰ ਦੀ ਪ੍ਰਤੀਨਿਧਤਾ ਵੀ ਕੀਤੀ। ਮਾਤਾ ਖੀਵੀ ਜੀ, ਮਾਤਾ ਗੁਜ਼ਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਤਾ ਭਾਗੋ ਜੀ, ਮਾਈ ਸਦਾ ਕੌਰ, ਮਹਾਰਾਣੀ ਜਿੰਦ ਕੌਰ ਨੇ ਰਾਜਨੀਤੀ ਅਤੇ ਯੁੱਧਾਂ ਵਿਚ ਹਿੱਸਾ ਲਿਆ ਸੀ।

ਔਰਤ ਦੇ ਰੁਤਬੇ ਵਿਚ ਗੁਰੂ ਸਾਹਿਬਾਨਾਂ ਨੇ ਕ੍ਰਾਂਤੀਕਾਰੀ ਬਦਲਾਅ ਲਿਆਂਦਾ ਹੈ। ਔਰਤ ਦੀ ਆਜ਼ਾਦੀ ਅਤੇ ਬਰਾਬਰਤਾ ਦੇ ਸੰਕਲਪ ਨੂੰ ਨਾ ਸਿਰਫ ਅਮਲੀ ਰੂਪ ਦਿੱਤਾ ਸਗੋਂ ਉਸਨੂੰ ਉਹਨਾਂ ਬੇੜੀਆਂ ਤੋਂ ਵੀ ਆਜ਼ਾਦੀ ਦਿੱਤੀ ਜਿਹੜੀਆਂ ਹਿੰਦੂ ਸਮਾਜ ਨੇ ਪਹਿਨਾਈਆਂ ਸਨ।

ਔਰਤ, ਸਿੱਖ ਸਮਾਜ ਅੰਦਰ ਗੁਲਾਮੀ, ਨੀਵੇਂ ਦਰਜ਼ੇ, ਦੱਬੀ ਸਮਾਜਿਕ ਨਾਬਰਾਬਰੀ ਤੋਂ ਹੁਣ ਉਸਾਰੂ ਸੋਚ ਦੀ ਪ੍ਰਤੀਨਿਧ ਬਣ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਆਜ਼ਾਦੀ ਦੀ ਨੀਂਹ ਰੱਖੀ ਸੀ ਜਿਸਨੂੰ ਬਾਕੀ ਧਾਰਮਿਕ ਗ੍ਰੰਥਾਂ ਵਿਚ ਨਕਾਰਿਆ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ ਉਸ ਬੂਟੇ ਨੂੰ ਅਸੀਂ ਸਿੱਖ ਔਰਤ ਦੇ ਰੂਪ ਵਿਚ ਵਿਕਸਤ ਹੋਇਆ ਦੇਖ ਸਕਦੇ ਹਾਂ। ਗੁਰੂ ਸਾਹਿਬਾਨ ਨੇ ਦਲੀਲਾਂ ਅਤੇ ਵਿਗਿਆਨਕ ਤੱਥਾਂ ਨਾਲ ਸਤੀ ਪ੍ਰਥਾ, ਪਰਦਾ, ਔਰਤ ਦਾ ਕੁੱਖ ਵਿਚ ਕਤਲ ਦਾ ਵਿਰੋਧ ਕੀਤਾ ਅਤੇ ਸਿੱਖ ਧਰਮ ਵਿਚ ਪੂਰਨ ਮਨਾਹੀ ਕੀਤੀ। ਗੁਰੂ ਸਾਹਿਬਾਨ ਫਰਮਾਉਂਦੇ ਹਨ:

> ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣਿ ਵੀਆਹੁ
> ਭੰਡਹੁ ਹੋਵੈ ਦੋਸਤੀ ਭੰਡਿ ਚਲੈ ਰਾਹੁ॥
> ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ॥
> ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[6]

ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਸਭ ਤੋਂ ਸਤਿਕਾਰਤ ਜੀਵ ਮੰਨਿਆ ਹੈ ਅਤੇ ਆਪਣੇ ਤਰਕ ਨਾਲ ਸਮਝਾਇਆ ਹੈ ਕਿ ਮਨੁੱਖ ਜਾਤੀ ਦੀ ਹੋਂਦ ਦਾ ਇਕੋਂ ਇਕ ਸੋਮਾ ਔਰਤ ਹੈ। ਗੁਰੂ ਸਾਹਿਬਾਨ ਨੇ ਉਹ ਸਾਰੀਆਂ ਰੀਤਾਂ, ਪ੍ਰਥਾਵਾਂ ਬੰਦ ਕਰਨ ਦੇ ਹੁਕਮ ਦਿੱਤੇ ਜਿਹੜੀਆਂ



ਔਰਤ ਦੇ ਦਰਜ਼ੇ ਨੂੰ ਨੀਵਾਂ ਦਰਸਾਉਂਦੀਆਂ ਹਨ।

ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਅਤੇ ਬਾਲ ਵਿਆਹ ਦੇ ਵਿਰੁੱਧ ਇਕ ਵੱਡੀ ਮੁਹਿੰਮ ਚਲਾਈ ਸੀ ਉਹ ਫਰਮਾਉਂਦੇ ਹਨ:

> "ਸਤੀਆ ਏਹਿ ਨ ਆਖਅਨਿ ਜੋ ਮੜਿਆ ਲਗਿ ਜਲਨਿ॥
> ਨਾਨਕ ਸਤੀਆ ਜਾਣਅਨਿ ਜਿ ਬਿਹਰੇ ਚੋਟ ਮਰੰਨਿ॥
> ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ।
> ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥"[7]

ਸਿੱਖ ਮੱਤ ਅੰਦਰ ਔਰਤ ਨੂੰ ਬੁਰਾਈ ਨਹੀਂ ਸਮਝਿਆ ਜਾਂਦਾ ਅਤੇ ਨਾ ਹੀ ਉਸਨੂੰ ਰੂਹਾਨੀਅਤ ਹਾਸਲ ਕਰਨ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਹੈ। ਅਸਲ ਵਿਚ ਸਿੱਖ ਧਰਮ ਗ੍ਰਹਿਸਥੀ ਲੋਕਾਂ ਦਾ ਧਰਮ ਹੈ ਜਿਸ ਵਿਚ ਮਰਦ ਅਤੇ ਔਰਤ ਇਕ ਦੂਜੇ ਉੱਤੇ ਨਿਰਭਰ ਕਰਦੇ ਹਨ। ਸਿੱਖ ਵਿਆਹ ਅਤੇ ਗ੍ਰਹਿਸਥੀ ਜੀਵਨ ਨੂੰ ਮਾਨਤਾ ਦਿੰਦੇ ਹਨ ਅਤੇ ਸੰਨਿਆਸੀ ਜੀਵਨ ਨੂੰ ਨਕਾਰਦੇ ਹਨ। ਉਹ ਉਹਨਾਂ ਯੋਗੀਆਂ ਦਾ ਖੰਡਣ ਕਰਦੇ ਹਨ ਜੋ ਗ੍ਰਹਿਸਥੀ ਜੀਵਨ ਤਿਆਗ ਕੇ ਜੰਗਲਾਂ ਵਿਚ ਰਹਿੰਦੇ ਹਨ ਪਰ ਨਿੱਤ ਦੀਆਂ ਲੋੜਾਂ ਲਈ ਗ੍ਰਹਿਸਥੀਆਂ ਦੇ ਘਰਾਂ ਤੋਂ ਮੰਗ ਕੇ ਖਾਂਦੇ ਹਨ।

ਗੁਰੂ ਸਾਹਿਬਾਂ ਨੇ ਇਸਤਰੀ ਨੂੰ ਜਨਨੀ ਰੂਪ ਵਿਚ ਸਭ ਤੋਂ ਵੱਧ ਮਹੱਤਤਾ ਅਤੇ ਆਦਰ ਦੇਣ ਲਈ ਉਸਨੂੰ ਮਹਾਂਪੁਰਖ ਅਤੇ ਪੈਗੰਬਰਾਂ ਦੀ ਜਨਮਦਾਤੀ ਕਹਿ ਕੇ ਸਨਮਾਨਿਆ ਹੈ। ਇਸਤਰੀ ਜਨਨੀ ਰੂਪ ਵਿਚ ਪਿਆਰ ਦੇ ਸੋਮੇਂ ਵਿਚ ਸਿਖਰ ਹੈ, ਉਦਾਰਤਾ ਦੀ ਪੁੰਜ ਹੈ ਅਤੇ ਤਿਆਗ ਦੀ ਮੂਰਤ ਹੈ।

> "ਸੁਤ ਅਪਰਾਧ ਕਰਤ ਹੈ ਜੇਤੇ॥
> ਜਨਨੀ ਚੀਤਿ ਨ ਰਾਖਸਿ ਤੇਤੇ॥
> ਰਾਮਈਆ ਹਉ ਬਾਰਿਕ ਤੇਰਾ॥
> ਕਾਹੇ ਨ ਖੰਡਸਿ ਅਵਗੁਨ ਮੇਰਾ॥[8]

ਸੇਖ ਫ਼ਰੀਦ ਜੀ ਵੀ ਇਸਤਰੀ ਰੂਪੀ ਪਤਨੀ ਨੂੰ ਪਤੀ ਰੂਪੀ ਪ੍ਰੇਮਸਵਰ ਨੂੰ ਪ੍ਰਾਪਤ ਕਰਨ ਲਈ ਫਰਮਾਉਂਦੇ ਹਨ।

> ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤ
> ਏ ਤ੍ਰੈ ਭੈਣੇ ਵੇਸ ਕਰ ਤਾਂ ਵਸਿ ਆਈ ਕੰਤੁ॥[9]

ਇੱਕ ਆਦਰਸ਼ ਇਸਤਰੀ ਦੀ ਮਹਿਮਾ ਦਾ ਵਰਣਨ ਸ਼ਬਦਾਂ ਵਿਚ ਨਹੀਂ ਕੀਤਾ ਜਾ ਸਕਦਾ। ਹਰ ਔਰਤ ਵਿਚ ਤਿਆਗ, ਸੇਵਾ ਭਾਵ ਅਤੇ ਬਲੀਦਾਨ ਦੀ ਕੁਝ ਮਾਤਰਾ ਅਵੱਸ਼ ਹੀ ਕੁਦਰਤ ਵੱਲੋਂ ਦਿੱਤੀ ਹੁੰਦੀ ਹੈ। ਲੋੜ ਹੈ ਇਨ੍ਹਾਂ ਗੁਣਾਂ ਨੂੰ ਪਹਿਚਾਣ ਕੇ ਉਜਾਗਰ ਕਰਨ ਦੀ, ਸਰੀਰ ਅਤੇ ਮਨੋਬਿਰਤੀਆਂ ਨੂੰ ਚੰਗੇ ਪਾਸੇ ਲਾਉਣ ਦੀ, ਤਾਂ ਜੋ ਉਨ੍ਹਾਂ ਦੀ ਸ਼ਕਤੀ ਅਜਾਈ ਨਾਂ ਜਾਏ। ਇੱਕ ਆਦਰਸ਼ ਇਸਤਰੀ ਕੁਲਵੰਤੀ, ਰੂਪਵੰਤੀ, ਗੁਣਵੰਤੀ, ਪੁੱਤਰਵੰਤੀ,

ਆਚਾਰਵੰਤੀ, ਆਗਿਆਵੰਤੀ, ਸਿੰਗਾਰਵੰਤੀ, ਸ਼ੀਲਵੰਤੀ, ਸੁਲੱਖਣੀ, ਸੁਘੜ ਸਰੂਪ, ਸੰਤੋਖੀ ਅਤੇ ਸੇਵਿਕਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਜਿਹੀ ਆਦਰਸ਼ ਨਾਰੀ ਨੂੰ ਇਸ ਤਰ੍ਹਾਂ ਬਿਆਨਦੇ ਹਨ।

"ਬਤੀਹ ਸੁਲਖਨੀ ਸਚੁ ਸੰਤਤਿ ਪੂਤਿ॥
ਆਗਿਆਕਾਰੀ ਸੁਘੜ ਸਰੂਪ॥
ਇਛ ਪੁਰੇ ਮਨ ਕੰਤ ਸੁਆਮੀ॥
ਸਗਲ ਸੰਤੋਖੀ ਦੇਰ ਜੇਠਾਨੀ॥
ਸਭ ਪਰਵਾਰੇ ਮਾਹਿ ਸਰੇਸ਼ਟ॥
ਮਤੀ ਦੇਵੀ ਦੇਵਰ ਜੇਸਟ॥
ਧੰਨ ਗ੍ਰਿਹ ਜਿਤੁ ਪ੍ਰਗਟੀ ਆਦਿ॥
ਜਨ ਨਾਨਕ ਸੁਖੇ ਸੁਖਿ ਵਿਹਾਇ॥[10]

ਸਾਡੇ ਸਿੱਖ ਇਤਿਹਾਸ ਵਿਚ ਮਹਾਨ ਇਸਤਰੀਆਂ ਦਾ ਇੱਕ ਵਿਲੱਖਣ ਥਾਂ ਹੈ ਜਿੰਨਾਂ ਵਿਚ ਦਾਈ ਦੌਲਤਾਂ ਜੀ, ਮਾਤਾ ਤ੍ਰਿਪਤਾ ਜੀ, ਬੇਬੇ ਨਾਨਕੀ ਜੀ, ਮਾਤਾ ਸੁਲੱਖਣੀ ਜੀ, ਬੀਬੀ ਵਿਰਾਈ ਜੀ, ਮਾਤਾ ਖੀਵੀ ਜੀ, ਬੀਬੀ ਅਮਰੋ ਜੀ ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਦਮੋਦਰੀ ਜੀ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਈ ਭਾਗੋ ਜੀ ਦਾ ਵਿਸ਼ੇਸ਼ ਸਥਾਨ ਹੈ।

ਜਦੋਂ ਇਸਤਰੀ ਨੂੰ ਬਹੁਤ ਘਟੀਆ, ਮਰਦ ਉਤੇ ਇਕ ਭਾਰ ਅਤੇ ਅਪਵਿੱਤਰ ਕਹਿ ਕੇ ਛੁਟਿਆਇਆਂ ਜਾਂਦਾ ਸੀ। ਉਸ ਸਮੇਂ ਇਸਤਰੀ ਨੂੰ ਸਾਰੇ ਜਗਤ ਦੀ ਰਚਨਾਹਾਰੀ ਕਹਿ ਕੇ ਉਚਿਆਉਣਾ, ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇਕ ਹੈ। ਗੁਰੂ ਸਾਹਿਬ ਨੇ ਨਾ ਕੇਵਲ ਇਸਤਰੀ ਦੀ ਕਰੁਣਾਮਈ ਪੁਕਾਰ ਹੀ ਸੁਣੀ ਸਗੋਂ ਉਸ ਨਾਲ ਕੀਤੇ ਜਾਂਦੇ ਅਨਿਆਂ ਵਿਰੁੱਧ ਸਮਾਜ ਨੂੰ ਸੁਚੇਤ ਕੀਤਾ। ਉਨ੍ਹਾਂ ਨੇ ਪੁਰਖ ਅਤੇ ਨਾਰੀ ਦੋਹਾਂ ਵਿਚ ਹੀ ਉਸ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ। ਦੋਹਾਂ ਨੇ ਹੀ ਜਨਮ ਕਰਕੇ ਨਹੀਂ ਸਗੋਂ ਕਰਮਾਂ ਦਾ ਲੇਖਾ ਦੇਣਾ ਹੈ। ਦੋਵੇਂ ਹੀ ਨਾਸ਼ਵਾਨ ਹਨ। ਗੁਰੂ ਜੀ ਨੇ ਆਪਣੀ ਬਾਣੀ ਵਿਚ ਦੋਹਾਂ ਨੂੰ ਹੀ ਪੂਰਨ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਬਿਨਾਂ ਰੋਕ ਟੋਕ ਅਤੇ ਪਰਦੇ ਤੋਂ ਸਾਧ-ਸੰਗਤ ਵਿਚ ਸੇਵਾ ਕਰ ਸਕਦੀ ਹੈ। ਜੰਗ ਵਿਚ ਜਾ ਸਕਦੀ ਹੈ ਅਤੇ ਅੰਮ੍ਰਿਤ ਛੱਕ ਕੇ ਸਾਰੇ ਧਾਰਮਿਕ ਕਰਮ ਕਰਦੀ ਹੋਈ ਗੁਰਮਰਿਯਾਦਾ ਅਨੁਸਾਰ ਪਵਿੱਤਰ ਜੀਵਨ ਬਤੀਤ ਕਰ ਸਕਦੀ ਹੈ।

ਸਿੱਖ ਮਤ ਅਨੁਸਾਰ ਔਰਤ ਬੁਰਾਈ ਨਹੀਂ ਹੈ ਸਗੋਂ ਮਨੁੱਖਤਾ ਦੀ ਜਨਨੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਪੈਗੰਬਰ ਹੋਏ ਹਨ ਜਿੰਨਾਂ ਨੇ ਔਰਤ ਤੇ ਹੋ ਰਹੇ ਸ਼ੋਸ਼ਣ ਖਿਲਾਫ ਆਵਾਜ਼ ਉਠਾਈ। ਸਿੱਖ ਮੱਤ ਨੇ ਔਰਤ ਦੇ ਅਸਲ ਰੁਤਬੇ ਅਤੇ ਉਸਦੀ ਸਮਾਜਿਕ ਮਹੱਤਤਾ ਨੂੰ ਪਹਿਚਾਣਿਆ ਹੈ। ਸਿੱਖੀ ਵਿਚ ਰੂਹਾਨੀਅਤ ਦੀ ਗੱਲ ਕਰੀਏ ਤਾਂ ਔਰਤ ਨੂੰ ਹਰ ਤਰ੍ਹਾਂ ਦੀ ਧਾਰਮਿਕ ਆਜ਼ਾਦੀ ਦਿੱਤੀ ਹੈ। ਇਸੇ ਤਰ੍ਹਾਂ ਉਸਨੂੰ ਹਰ ਤਰ੍ਹਾਂ ਦੀ ਰਾਜਨਤਿਕ ਅਤੇ



ਸਮਾਜਿਕ ਸੁਤੰਤਰਤਾ ਹੈ। ਉਹ ਧਾਰਮਿਕ ਗ੍ਰੰਥਾਂ ਨੂੰ ਪੜ੍ਹ ਅਤੇ ਵਿਚਾਰ ਸਕਦੀ ਹੈ ਜੋ ਕਿ ਅੱਜ ਵੀ ਹਿੰਦੂ ਧਰਮ ਵਿਚ ਮਨਾਹੀ ਹੈ। ਉਹ ਹਰ ਤਰ੍ਹਾਂ ਦਾ ਕੰਮ, ਚਾਹੇ ਸਮਾਜਿਕ ਹੋਵੇ ਜਾਂ ਰਾਜਨਿਤਕ ਵਿਚ ਹਿੱਸਾ ਲੈ ਸਕਦੀ ਹੈ। ਸਿੱਖ ਧਰਮ ਵਿਚ ਸਿੱਖਿਆ ਇਕ ਮਹੱਤਵਪੂਰਨ ਗਤੀਵਿਧੀ ਹੈ। ਸਿੱਖ ਮੱਤ ਸਿੱਖ ਕੁੜੀਆਂ ਨੂੰ ਸਿੱਖਿਅਤ ਕਰਨ ਉਤ ਜ਼ੋਰ ਦਿੰਦਾ ਹੈ ਜੋ ਉਹ ਸਮਾਜ ਅਤੇ ਪਰਿਵਾਰ ਦੀ ਉੱਨਤੀ ਵਿਚ ਬਰਾਬਰ ਦਾ ਹਿੱਸਾ ਪਾ ਸਕਣ। ਸਿੱਖ ਮਤ ਔਰਤ ਦੀ ਸ਼ਕਤੀ ਨੂੰ ਸਮਾਜ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਵਰਤੋਂ ਵਿਚ ਲਿਆਉਣ ਉੱਤੇ ਜ਼ੋਰ ਦਿੰਦਾ ਹੈ।

ਇਹ ਗੱਲ ਸਹੀ ਹੈ ਕਿ ਸਿੱਖ ਗੁਰੂ ਸਾਹਿਬਾਨਾਂ ਨੇ ਔਰਤ ਦੀ ਮਹੱਤਤਾ ਨੂੰ ਪਹਚਾਣਿਆ ਅਤੇ ਉਸਦੀ ਆਜ਼ਾਦੀ ਅਤੇ ਸੁੰਤਤਰ ਜੀਵਨ ਦੀ ਵਕਾਲਤ ਕੀਤੀ ਹੈ। ਸਿੱਖ ਮਤ ਨੇ ਔਰਤ ਦੇ ਸ਼ੋਸ਼ਣ ਉੱਤੇ ਪੂਰਨ ਮਨਾਹੀ ਕੀਤੀ ਹੈ, ਪਰ ਫਿਰ ਵੀ ਕੁਝ ਹੱਦ ਤੱਕ ਹਿੰਦੂ ਧਰਮ ਦੇ ਪ੍ਰਭਾਵ ਕਾਰਣ ਅੱਜ ਵੀ ਔਰਤ ਨੂੰ ਪੂਰਨ ਆਜ਼ਾਦੀ ਨਹੀਂ ਹੈ।

ਬਾਲ ਵਿਆਹ, ਸਤੀ ਪ੍ਰਥਾ ਵਰਗੀਆਂ ਬੁਰਾਈਆਂ ਸਿੱਖ ਧਰਮ ਵਿਚੋਂ ਖਤਮ ਹੋ ਚੁੱਕੀਆਂ ਹਨ। ਇਸੇ ਤਰ੍ਹਾਂ ਇਕ ਤੋਂ ਵੱਧ ਪਤਨੀਆਂ ਰੱਖਣ ਦਾ ਰਿਵਾਜ਼ ਖਤਮ ਹੋ ਗਿਆ ਹੈ। ਵਿਧਵਾ ਵਿਆਹ ਨੂੰ ਮਾਨਤਾ ਮਿਲ ਚੁੱਕੀ ਹੈ। ਪਰ ਫਿਰ ਵੀ ਦਹੇਜ਼ ਪ੍ਰਥਾ, ਕੁੱਖ ਵਿਚ ਔਰਤ ਦਾ ਕਤਲ ਆਦਿ ਵਰਗੀਆਂ ਬੁਰਾਇਆ ਅੱਜ ਵੀ ਸਿੱਖ ਸਮਾਜ ਵਿਚ ਚਲ ਰਹੀਆਂ ਹਨ।

ਸ੍ਰੀ ਗੁਰੂ ਆਦਿ ਗ੍ਰੰਥ ਵਿਚ ਇਸ ਦੇ ਉਤਮ ਅਤੇ ਨੀਚ ਦੋਹਾਂ ਰੂਪਾਂ ਦਾ ਉਲੇਖ ਮਿਲਦਾ ਹੈ। ਪਰ ਇਸ ਗ੍ਰੰਥ ਦਾ ਉਦੇਸ਼ ਅਧਿਆਤਮਕ ਹੋਣ ਕਾਰਨ ਇਸ ਵਿਚਲੇ ਪਤੀ-ਪਤਨੀ ਦੇ ਵਰਣਨ ਰਾਹੀਂ ਪ੍ਰਤੱਖ ਜਾਂ ਪਰੋਖ ਰੂਪ ਵਿਚ ਪਰਮਾਤਮਾ-ਆਤਮਾ ਦੇ ਸਬੰਧ ਨੂੰ ਪ੍ਰਗਟ ਕੀਤਾ ਹੈ।

ਉਸ ਸਮੇਂ ਦੇ ਪੁਰਸ਼ ਪ੍ਰਧਾਨ ਸਮਾਜ ਵਿਚ ਕੇਵਲ ਇਸਤਰੀ ਲਈ ਹੀ ਹਰ ਪ੍ਰਕਾਰ ਦੇ ਨਿਯਮ ਬਣਾਉਣ ਦਾ ਰਿਵਾਜ਼ ਸੀ ਤੇ ਪੁਰਸ਼ ਲਈ ਹਰ ਪ੍ਰਕਾਰ ਦੀ ਸੁਤੰਤਰਤਾ ਉਪਲਬਧ ਸੀ। ਪਰ ਆਦਿ ਗ੍ਰੰਥਕਾਰਾਂ ਨੇ ਇਸਤਰੀ-ਪੁਰਸ਼ ਦੋਹਾਂ ਨੂੰ ਹੀ ਨਿਯਮਤ ਜੀਵਨ ਦੀ ਪ੍ਰੇਰਨਾ ਦਿੱਤੀ। ਸਭ ਪਾਸੇ ਭ੍ਰਿਸ਼ਟਾਚਾਰ ਦਾ ਨੰਗਾ ਨਾਚ ਹੋ ਰਿਹਾ ਸੀ। ਅਜਿਹੀ ਸਥਿਤੀ ਵਿਚ ਅਧਿਆਤਮਕ ਆਦਰਸ਼ ਹੀ ਚਾਨਣ ਮੁਨਾਰੇ ਦਾਂ ਕੰਮ ਕਰ ਸਕਦਾ ਸੀ। ਮਹਾਂ-ਪੁਰਸ਼ਾਂ ਨੇ ਅਧਿਆਤਮਕ ਕਰਮ ਖੇਤਰ ਦੁਆਰਾ ਸਮਾਜ ਲਈ ਸਹੀ ਰਾਹ ਲਭਿਆ, ਜਿਸ ਵਿਚ ਲਿੰਗ-ਭੇਦ ਨੂੰ ਬਹੁਤ ਮਹੱਤਤਾ ਨਹੀਂ ਦਿੱਤੀ।

ਗੁਰੂ ਜੀ ਦੀ ਵਿਚਾਰਧਾਰਾ ਸੁਧਾਰਵਾਦੀ ਸੀ। ਉਹ ਹੌਲੀ-ਹੌਲੀ ਤਰਕ ਅਤੇ ਦਲੀਲ ਰਾਹੀਂ ਲੋਕ ਵਿਚਾਰਧਾਰਾ ਦਾ ਰੁੱਖ ਮੋੜਣਾ ਚਾਹੁੰਦੇ ਹਨ। ਉਨ੍ਹਾਂ ਨੇ ਸਮਾਜ ਰੂਪੀ ਧਰਤੀ ਵਿਚ ਪ੍ਰਗਤੀਸ਼ੀਲ ਸੁਧਾਰਵਾਦੀ ਵਿਚਾਰਧਾਰਾ ਦਾ ਬੀਜ਼ ਬੋ ਦਿੱਤਾ, ਪ੍ਰਚਾਰ ਦੇ ਜਲ ਨਾਲ ਉਸਨੂੰ ਸਿੰਜਿਆ, ਤਰਕ-ਵਿਤਰਕ ਦੀ ਖਾਦ ਪਾਈ ਅਤੇ ਆਦਿ ਗ੍ਰੰਥ ਦੇ ਸੰਕਲਨ ਦੁਆਰਾ ਉਸਦੀ ਪਰਵਰਿਸ਼ ਅਤੇ ਰਖਿਆ ਕੀਤੀ। ਸਮਾਂ ਪਾ ਕੇ ਉਹ ਬੀਜ਼ ਅੰਕੁਰਿਤ ਹੋਇਆ ਅਤੇ ਅੱਜ ਉਹਾ

ਪੂਰੇ ਜ਼ੋਬਨ ਤੇ ਹੈ। ਉਸ ਨੇ ਸਮੇਂ ਤੇ ਭਿੰਨ-ਭਿੰਨ ਲਹਿਰਾਂ ਅਤੇ ਅੰਦੋਲਨਾ ਨੂੰ ਪ੍ਰਭਾਵਿਤ ਕੀਤਾ ਹੈ। ਅੱਜ ਬਹੁਤ ਸਾਰਾ ਸਾਹਿਤ ਇਸਤਰੀ ਦੀ ਵਕਾਲਤ ਲਈ ਲਿਖਿਆ ਜਾ ਰਿਹਾ ਹੈ। ਉਸਨੂੰ ਵੱਧ ਤੋਂ ਵੱਧ ਸਮਾਨਤਾ ਦੇਣ ਲਈ ਪ੍ਰਯਤਨ ਕੀਤੇ ਜਾ ਰਹੇ ਹਨ ਇਸ ਸਭ ਦਾ ਮੁੱਢ ਆਦਿ ਗ੍ਰੰਥ ਦੀ ਵਿਚਾਰਧਾਰਾ ਹੀ ਹੈ। ਇਸ ਪਾਵਨ ਗ੍ਰੰਥ ਵਿਚ ਇਸਰਤੀ ਪ੍ਰਤੀ ਘਿਰਨਾ ਅਤੇ ਅਣ-ਮਨੁੱਖੀ ਵਤੀਰੇ ਵਿਰੁਧ ਜ਼ੋਰਦਾਰ ਸ਼ਬਦਾਂ ਵਿਚ ਆਵਾਜ਼ ਉਠਾਈ ਗਈ। ਉਸਨੂੰ ਸਮਾਜ ਦਾ ਸਭ ਤੋਂ ਵੱਧ ਮਹੱਤਵ ਪੂਰਨ ਅੰਗ ਕਿਹਾ ਗਿਆ ਜਿਸ ਸਦਕਾ ਮਨੁੱਖ ਅਤੇ ਸਮਾਜ ਦੀ ਹੋਂਦ ਹੈ। ਕੇਵਲ ਜਨਨੀ ਹੀ ਨਹੀਂ, ਪੁਤਰੀ ਅਤੇ ਪਤਨੀ ਰੂਪ ਵਿਚ ਵੀ ਉਸਨੂੰ ਸਨਮਾਨਿਤ ਸਥਾਨ ਦੁਆਇਆ।[11]

ਉਸ ਕਾਲ ਵਿਚ ਪਰਦਾ ਜ਼ਰੂਰੀ ਸੀ। ਗੁਰੂ ਜੀ ਨੇ ਬਾਣੀ ਦੁਆਰਾ ਵਖਾਵੇ ਦੇ ਪਰਦੇ ਦੀ ਥਾਂ ਸ਼ਰਮ ਦਾ ਪਰਦਾ ਧਾਰਨ ਕਰਨ ਤੇ ਜ਼ੋਰ ਦਿੱਤਾ। ਸੰਗਤ ਵਿਚ ਪਰਦਾ ਕਰਕੇ ਆਉਣ ਦੀ ਮਨਾਹੀ ਕੀਤੀ। ਸਾਫ਼-ਸੁਥਰੇ ਵਸਤਰ ਪਾ ਕੇ ਸ਼ਾਂਤ ਚਿਤ ਹੋ ਸੰਗਤ ਵਿਚ ਬੈਠ ਉਸ ਮਾਲਕ ਨਾਲ ਮਨੋਵਿਰਤੀ ਜ਼ੋੜਨ ਦਾ ਅਧਿਕਾਰ ਇਸਤਰੀ ਨੂੰ ਵੀ ਹੈ। ਮਨ ਵਿਚ ਸੁੱਚ ਅਤੇ ਜ਼ਬਾਨ ਉਤੇ ਸੱਚ ਦਾ ਪ੍ਰਤਾਪ ਹੀ ਮਨੁੱਖ ਦੇ ਪਰਦੇ ਹਨ। ਇਸਤਰੀ ਇਨ੍ਹਾਂ ਨੂੰ ਗ੍ਰਹਿਣ ਕਰੇ। ਉਹ ਹਰ ਪ੍ਰਕਾਰ ਦੇ ਧਾਰਮਿਕ ਫਰਜ਼ ਪੂਰੇ ਕਰਨ ਦੇ ਸਮਰੱਥ ਹੈ ਉਹ ਗ੍ਰੰਥੀ ਬਣ ਸਕਦੀ, ਕੀਰਤਨ ਕਰ ਸਕਦੀ ਅਤੇ ਬਾਣੀ ਦਾ ਪ੍ਰਚਾਰ ਕਰ ਸਕਦੀ ਹੈ। ਇਸ ਤਰ੍ਹਾਂ ਗੁਰੂ ਜੀ ਨੇ ਧਾਰਮਿਕ ਖੇਤਰ ਵਿਚ ਆਦਮੀ ਦੇ ਏਕਾਧਿਕਾਰ ਨੂੰ ਪ੍ਰਵਾਨਗੀ ਨਾ ਦੇ ਕੇ ਇਸਤਰੀ ਨੂੰ ਉਸਦੇ ਸਮਾਨ ਅਧਿਕਾਰੀ ਦਸਿਆ।

ਜਨਨੀ ਰੂਪ ਵਿਰ ਤਾਂ ਗੁਰੂ ਜੀ ਨੇ ਇਸਤਰੀ ਨੂੰ ਉਚਾਈਆਂ ਦੀਆਂ ਸਿਖਰਾਂ ਤੇ ਪਹੁੰਚਾ ਦਿੱਤਾ ਹੈ। ਉਹ ਸਾਰੇ ਸੰਸਾਰ ਦੀ ਜੀਵਨਦਾਤੀ ਹੈ। ਉਸ ਦੁਆਰਾ ਹੀ ਰਾਜੇ-ਮਹਾਰਾਜੇ, ਤਪੀ, ਮੁਨੀ, ਰਿਸ਼ੀ ਤੇ ਮਹਾਨ ਵਿਅਕਤੀ ਪੈਦਾ ਹੋਏ ਹਨ।

> ਜੰਮਿਆ ਪੂਤੁ ਭਗਤੁ ਗੋਬਿੰਦ ਕਾ॥
> ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥[12]

ਸਾਰਾ ਜੀਵਨ ਮਰਦ ਦਾ ਇਸਤਰੀ ਨਾਲ ਹੀ ਵਾਹ ਰਹਿੰਦਾ ਹੈ। ਪੁੱਤਰੀ, ਪਤਨੀ, ਭੈਣ, ਮਾਤਾ ਅਤੇ ਪ੍ਰੇਮਿਕਾ ਰੂਪ ਵਿਚ ਉਹ ਹਰ ਕਦਮ ਤੇ ਮਰਦ ਨੂੰ ਸਹਾਰਾ ਦੇਂਦੀ ਹੈ, ਉਤਸ਼ਾਹ ਦੇਂਦੀ ਹੈ। ਉਸ ਬਿਨਾਂ ਸੰਸਾਰ ਦੀ ਹੋਂਦ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਉਹ ਬੁਰੀ ਨਹੀਂ ਹੈ ਉਹ ਤਾ ਮਹਾਨ ਹੈ ਸਭ ਮਹਾਨ ਹਸਤੀਆਂ ਉੱਤੇ ਮਹਾਨ ਮਾਵਾਂ ਦੀ ਅਮਿੱਟ ਛਾਪ ਪ੍ਰਤੱਖ ਦਿਸ ਪੈਂਦੀ ਹੈ। ਅੱਜ ਵੀ ਇਸ ਤੱਥ ਨੂੰ ਅਸੀਂ ਸਾਰੇ ਮੰਨਦੇ ਹਾਂ। ਮਹਾਨ ਮਾਵਾਂ ਹੀ ਮਹਾਨ ਵਿਅਕਤੀਆਂ ਨੂੰ ਜਨਮ ਦੇਂਦੀਆਂ ਹਨ। ਗੁਰੂ ਜੀ ਨੇ ਅਜਿਹੀ ਕ੍ਰਾਂਤੀਕਾਰੀ ਵਿਚਾਰਧਾਰਾ ਨੇ ਸਮਾਜਿਕ ਢਾਂਚੇ ਵਿਚ ਹੌਲੀ-ਹੌਲੀ ਤਬਦੀਲੀ ਲਿਆਂਦੀ। ਜੋ ਇਸਤਰੀ ਵੈਦਿਕ ਕਾਲ ਵਿਚ ਪੁਰਸ਼ ਦੇ ਦਿਲ ਦੀ ਦੇਵੀ ਸੀ, ਉਹ ਕਦੇ ਉਸਦੇ ਚਰਨਾਂ ਦੀ ਦਾਸੀ ਵੀ ਬਣੀ, ਕਦੇ ਉਸਨੂੰ ਘਰ ਦੀ ਚਾਰਦੀਵਾਰੀ ਵਿਚ ਕੈਦ ਰੱਖਿਆ ਗਿਆ ਤਾਂ ਕਦੇ ਰਾਜਿਆਂ ਉਤੇ ਵੀ ਰਾਜ ਕਰਨ ਯੋਗ ਹੋਈ। ਕਦੇ ਪਤੀ ਨਾਲ ਸਤੀ ਹੋਈ ਤਾਂ ਕਦੇ ਵੇਸਵਾ ਬਣੀ ਪਰ



ਗੁਰੂ ਜੀ ਨੇ ਉਸਨੂੰ ਕੇਵਲ ਇਕ ਇਸਤਰੀ ਹੀ ਬਣਾਇਆ। ਉਸਨੂੰ ਘਰ ਵਿਚ, ਪਰਿਵਾਰ ਵਿਚ, ਸਮਾਜ ਵਿਚ, ਸਮੁੱਚੇ ਜੀਵਨ ਵਿਚ ਉਸਦਾ ਯੋਗ ਸਥਾਨ ਦੁਆਇਆ ਅਤੇ ਜਗਤ ਜਨਨੀ ਦੇ ਰੂਪ ਵਿਚ ਸਤਿਕਾਰ ਦੀ ਪਾਤਰ ਬਣਾਇਆ।

### ਹਵਾਲੇ ਅਤੇ ਟਿੱਪਣੀਆਂ


1. Status of women and family planning, quoted in UN. Population in India (New York, ESCAP, Population p. 35)
2. ਰਾਮਚਰਿਤ ਮਾਨਸ, ਸੁੰਦਰਕਾਂਡ, ਚੌਪਾਈ 6 ਦੋਹਾ 59.
3. H.V.S. Murthy, Vaisnavism of Sankara Deva & Ramaniya, p. 212.
4. ਸੰਭੂ ਨਾਥ ਪਾਂਡੇ: ਭਾਰਤੀਯ ਜੀਵਨ ਅਤੇ ਸੰਸਕ੍ਰਿਤੀ, ਪੰਨਾ 26-27
5. ਸੰਭੂ ਨਾਥ ਪਾਂਡੇ: ਭਾਰਤੀ ਜੀਵਨ ਅਤੇ ਸੰਸਕ੍ਰਿਤੀ, ਪੰਨਾ 7
6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 473
7. ਉਹੀ ਪੰਨਾ-787
8. ਆਸਾ ਸ੍ਰੀ ਕਬੀਰ ਜੀਓ ਕੇ ਪੰਨਾ-478
9. ਸਲੋਕ ਸੇਖ ਫ਼ਰੀਦ ਕੇ ਪੰਨਾ-1384
10. ਆਸਾ ਮਹਲਾ ਪੰਜਵਾਂ, ਪੰਨਾ 371
11. ਤ੍ਰਿਪਤ ਕੌਰ, "ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ" ਪੰਨਾ-221
12. ਆਸਾ ਮਹਲਾ ਪੰਜਵਾਂ, ਪੰਨਾ-396

# 15

# RIGHTS OF DALIT WOMEN IN INDIA : AN ANALYSIS

*Mrs. Kiranjit Kaur Virk**

In India the practice of caste discrimination is existed from centuries despite the existence of so many legislations. There are 160 million of dalit population in India of which 49.96% are women who are continue to suffer discrimination. The discrimination that Dalit women are subjected to is similar to racial discrimination, where the former is discriminated and treated as untouchable due to descent, for being born into a particular community, while, the latter face discrimination due to colour. The caste system declare dalit women as "impure" and therefore untouchable and socially excluded. This is a complete negation and violence of women's human rights.

Dalit women in hindu caste system are three times discriminated, first treated as untouchable and as outcastes, due to their caste. Secondly face gender discrimination[1] being women and lastly economic discrimination due to unequal wage disparity, with low or underpaid labour. Root cause of suffering for women in India are these so called hindu religious books.[2] Books like the *Manusmriti* divide people into a stratified caste system and promotes inequality between men and women.[3] According to the Manusmriti, women have no right to education, independence or wealth.[4] It not only justified the treatment of dalit women as a sex object and promotes child marriage.[5]

In a male dominant society, dalit women suffered unimaginable oppression, not only through caste, but gender too, from which there was no escape. The laws in the *Manusmriti* and other vedic scriptures

* Research Scholar, Guru Granth Sahib Department, Punjabi University, Patiala.





close all economic, political, social, educational and personal channels through which dalit women could be uplifted.

The most deprived section of the society comprises of dalit women who are the poorest, illiterate and easy targets for sexual harassment. The women face not just caste violence inflicted on them by the dominant castes, but also state violence.

Of the total population of female, dalit women constitute 16.3. The traditional taboos are the same for dalit man and women but dalit women have to deal them more often. Dalit women are discriminated not only by the people of upper classes, but also within their own community. Men are dominant in both communities. The women perform hard domestic labour which is unpaid and as agricultural labourers or casual labourers they continue to toil under the burning sun, with no protection or benefits that labour laws should provide, since majority of these women are in the unorganised sector. They do not even get the minimum wages that the state / country has specify, since they are unable to organise and demand for decent wages. What is horrifying is that dalit women work more than bullocks and men. Bullocks and men work in a hectare in year for 1064 hours and 1202 respectively, while women work for more than 3485 hours.

In our country, people have been systematically discriminated against on the basis of their work and descent for centuries. They experience violence, discrimination and social exclusion on a daily basis. The situation of Dalit women in India needs special attention. They are one of the largest socially segregated group anywhere in the world. Dalit women are discriminated against three time over : they are poor, they are women and they are Dalit. Dalit women constitute 16.3% of the total Indian female population. The 1992-1993 annual report from ministry of welfare shows 1,236 reported case of rape of Dalit women and National Commission for SC/ST show that approximately 10,000 cases of human rights of violation of dalit women are reported every month. But what is even more disturbing, that only 1 out of 10 of case are reported annually while nine go unreported. After 65 years of Indian independence and despite excellent laws in place to protect dalit women, they are still suffering unimaginable atrocities from higher caste communities.

There are twelve form of violence or abuses and discrimination which mostly prevailing against the dalit women. These are, physical violence / assault, verbal abuse, sexual harassment and assault, rape,

sexual exploitation, forced prostitution, kidnapping and abduction, forced incarceration and medical negligence, female foeticide, infanticide, child sexual abuse and domestic violence from natal and marital family members.

**Instances of Discrimination**

Three dalit women from *Mukatsar* district in Punjab have accused the police of torturing them, including administering electric shock to their "private parts" and confining them illegally. Amarjit Kaur, Virpal Kaur and Rani alleged they were picked up by the police after they rejected the overtures of two drug traffickers to join the flesh trade. Amarjit alleged she and Virpal were detained for five days at the police station. We were tortured in the presence of the SHO. "We were stripped and electric shock administered to our private parts, "she said, adding that she suffered a miscarriage due to this Virpal said their families were silenced with threats. Rani's claims were similar.[6]

Keerthana an 18 year old Dalit women from Coimbatore district, Tamil Nadu was married to *Shiva* on 5th of November 2008 and settled in his village. Two weeks later dominant caste Rakkamuthu came to her house and laid his hand on her in front of her in-laws. She bit him to escape, locked the door and he then shouted to her ("Hey, how many Chakkliar boys have you slept with? Don't play with me ! If you don't like this, should I leave you alone?) I tell you, in this village who has not slept with me! As her husband professed his inability to stand up to this dominant caste man who claims the "right to rape" all Dalit women villages. She decided to leave the village for her own Safety. Her husband joined her soon thereafter.[7]

Dominant caste perpetrators raped 15 years old Kiran Rani from Kanpur district, Uttar Pradesh in 2001, after the girl's family approached the police to file a compliant. They said to Kiran Rani and her family, "The police station is an extension of our home. The police are our brother-in-law. Do you think you can harm us by going to the police"? When the Dalit girls family approached the police, The SHO said the Thakurs of Tilkapur have made all this (gang rape) their business and habit. They will not be stopped.

This is an another example of Dalit women Ms Girija Devi of Bihar who was scheduled to attend a UN Seminar in the U.S. failed to get her passport. Opposition parties in the state have threatened to take up the issue in the assembly, Girija Devi, a 59 year old mother of four from the Musahar community, was scheduled to address a seminar on 'Women Environment and Development Organisation' in Bhojpuri. "It was the state government's fault. This was done to stop her from attending the UN convention to present her views" said RJD leader Shayam Rajak. Musahar Vikas Manch leader Amar Kumar Majhi said red-tapism was to blame. "The old Dalit woman was forced to run from one office to another. She would had done Bihar proud by speaking at an international convention" he said. Chief Minister Nitish Kumar said, "I will take action. Let me collect the facts".[8]



A 50 year old Dalit woman in a Jharkhand village was beaten up and paraded naked for allegedly "selling" a 12 year old boy in Uttar Pradesh two years ago. Balchand has been traceless ever since Sukri took him to UP with the assurance of a job. After the family of Balchand Oraon failed to trace the boy, they approached Sukri, a resident of Saram village. When Balchand's father Mangra Oraon inquired about his son, Sukri said he had run away at Mugalsarai station and she has no clue about his whereabouts. Some people who had accompained Mangra Oraon started beating up Sukri. Her husband Indru Nayak was also beaten up when he tried to intervene. Sukri was then forcefully taken to Balchan's village and stripped. She was forced to roam around the village and was later tied to a tree. The villagers then started beating her with sticks. The boy's family believes Sukri sold Balchand and that he was still in the captivity of the owner of a brick kiln. After seven hours of trauma, the village elders decided that the Dalit woman should be burnt alive so that no other person would dare to so such a thing. Just when kerosene was being poured on her, some local journalists and the Chanho police reached and rescued her. Mangra has been arrested.[9]

There is another incident of cruelty and degradation which has a tendency to shake our consciousness. One Ms. Uma Kumari a 24 year old women (Dalit) from Jammui district, Bihar was raped by a dominant caste man in 2003. The police assured her mother that they would arrest the accused that day itself. However they did not take any action. Instead, hearing of the police case, the perpetrator and ten other men of his caste dragged Uma and her mother to a nearby ravine that night and then took turns to gang-rape both women for 18 hours. They were left with the threat if death of Uma Kumari took the matter further.[10]

### Rights of Dalit women international perspective

The countries including India where caste discrimination persists are party to most of the relevant human rights instruments. The Universal Declaration on Human Rights and treaties such as International Covenant on Civil and Political Rights (ICCPR). The International Covenant on Economic, Social and Cultural Rights (ICESCR) and the International Convention on the Elimination of all Form of Racial Discrimination (ICERD). These treaties provide equal rights for men and women.

As India is party to the convention on the Elimination of All forms of Discrimination Against Women (CEDAW), Indian government has a specific obligation to make sure that women can realize their human rights. It is generally accepted in International legal standards that government has to do more than just pass laws to protect human rights. Government has an obligation to take all measures including policy and budgetary measures, to make sure that women can fulfil and enjoy their fundamental rights. Equally importantly, that government must implement these laws, policy measures and programme to fully discharge their obligation under international law. This includes an obligation to exercise due diligence in punishing those who engaged in caste-based discrimination and violence.

### Efforts to fulfill Commitment to Human Rights

To overcome historical discrimination of Dalit, India has taken several steps to prohibit the practice of untouchability. These steps include contitutional guarantees, legislative enactments and policy measures.

### Constitutional Provisions

The situation of caste discrimination particularly the atrocities and discrimination against Dalit woman still existed despite existence of the various ornamental provisions of our Constitutional and other special laws. Our constitution provide a constitutional guarantees under article 15(1) and (2) for non-discrimination on the basis of caste and gender. Clause(1) of Article 15 mandates the state not to discriminate against citizens of India on grounds only of religion, race caste sex, place of birth or any of them. Clause (1) of Article 15 in directed against the state and it does not include private persons.



But clause (2) of this Article prohibits both the state and private persons from making discrimination in regard to access to shop, public restaurants, hotels and place of entertainment or use of wells, tanks, bathing ghats, roads and place of public resort maintained wholly or partly out of state funds or dedicated to the use of the general public. So clause 2 of Article 15 prohibits State and private individual to discriminate only on the grounds of religion, race, caste sex, place of birth or any of them.

### Article 17 of our Constitution abolished the Practice of untouchability

Untouchability has been a bane of Hindu society. It was a historical practice which treated a sizable section of society inhumanely. Even the shadow of person belonging to certain castes or communities was treated as pollution of caste Hindus. The people of such castes were known as untouchables. They were denied the use of common public facilities such as drawing water from the common well, taking bath in general bathing ghats which were used by persons belonging to higher castes. Untouchables lived away from the localities of higher castes albeit were bound to serve the society for menial work.

When the Constitution of Independent India was framed, untouchability was declared as abolished. Article 17 of the Constitution accordingly provides : "'Untouchability' is abolished and its practice in any form is forbidden. The enforcement of any disability arising out of 'untouchability' shall be an offence punishable in accordance with law."

Rights given in Part-III of the Constitution are generally enforceable against the State. But the State cannot practice untouchability. Therefore, Article 17 is enforceable against individuals. It is the duty of the State to ensure that Article 17 is enforced against the individuals.[11] Article 15(2) also supports the abolition of untouchability. Under Clause (2) of Article 15, no citizen on the basis of caste can be prevented from access to shops, public restaurants, hotels and places of public entertainment or use of wells, tanks, bathing ghats, etc. which are maintained out of State funds or which have been dedicated to the use of general public.

Article 17 makes two declarations. First, it says that "untouchability" is abolished and its practice in any form is forbidden.

Second, enforcement of any disability arising out of "untouchability" has been made an offence punishable in accordance with law made by Parliament. Article 35 (a) (ii) gives exclusive power to Parliament to make law for prescribing punishment for practicing untouchability.

The word "untouchability" has not been defined in the Constitution. It refers to a caste or class in India whose touch was regarded by members of higher castes as a contamination.[12] Thus, "untouchability" refers to a social practice which discriminated between persons on the basis of caste.

The constitutional declaration of abolition of untouchability did not remove *de facto* the practice. This was contemplated by the framers of the Constitution. They had, therefore, provided for legislation to prevent this practice of "untouchability". Parliament enacted the Untouchability (offences) Act, 1955, prescribing punishment for Practising untouchability. This Act was renamed in 1976 as the Protection of Civil Rights, Act, 1955 and given more teeth.

The Supreme Court in *Kailash Sonkar v. Smt. Maya Devi*[13] and *N. Adithayan v. Travancore Devaswom Board*[14], taking support from Shrimad Bhagwat Gita and Mahatma Gandhi's views has observed that all distortions based on caste and creed must be abolished and man must be known and recognized by his actions irrespective of the caste to which he may on account of his birth belong. The Court referred to Article 17 as reflecting the vision of the founding fathers of the Constitution to liberate the society from blind and ritualistic adherence to more traditional superstitious beliefs.

Article 21 of our Indian Constitution provide protection of life and personal liberty. Article 21 of the Constitution reads, "No person shall be deprived of his life or personal liberty except according to procedure established by law". This article has become most fertile and frequently used source of seeking relief and getting it. Some of the rights recognised by the Courts under Article 21 are as under :

1. Right to education upto the age of 14 years.
2. Rights to live with human dignity free from exploitation.
3. Right against sexual harassment and rape.

The positive change in the judicial attitude has been a succour to the citizens and Article 21 has played a pivotal role in providing varied legal protection to the people.

Unfortunately a women in our country, belongs to a class or



groups of society who are in a disadvantaged position on account of several social barriers and impediments and have, therefore, been the victim of tyranny at the hands of men with whom they fortunately, under the constitution enjoy equal status.[15] This was a case against a private person and the fundamental rights are generally and primarily available against the state. But the Court has extended the protection of Article 21 to such cases also.

**The learned judge also held that**:

"Women also have the right to life and liberty, they also have the right to be respected and treated as equal citizens. Their honour and dignity cannot be touched and violated."[16]

Besides the scheduled castes and scheduled tribes, the Constitution also includes the weaker-sections of the people for promotion of their educational and economic interests. So it caste a duty on the government of promote the educational and economic interest of weaker sections of the society, so that the wealth &means should not confined into few hands. Reading Articles 38, 39 and 46 together, the Court has held that these articles are aimed at to promote socio-economic justice for the weaker sections of society.[17]

Articles 330 and 333 permit Union and State legislatures to reserve seats for members of the Scheduled Castes and Scheduled Tribes (Indigenous people or *Adivasis*) based on their population in each constituency. Article 338 mandate the creation of a National Commission for Scheduled Castes and Scheduled Tribes to monitor safeguards promoted to them. Finally, Article 341 makes possible the governmental identification of different subcategories of scheduled castes in relation to each state. The list of scheduled castes or subgroups within the scheduled castes published by president through public notification, is deemed final.

**Legislative Enactments**

To fulfill the constitutional provisions pertaining to Scheduled Castes, India has passed various laws to protect their rights. These include the Protection of Civil Rights (Anti-Untouchability) Act 1955; the Bonded Labour (Abolition) Act 1976; The Scheduled Castes Scheduled Tribes (Prevention of Atrocities) Act, 1989; the Employment of Manual Scavenger and Construction of Dry Latrines (Prohibition) Act, 1993 and various land reform laws to redistribute

community land to the landless.

Despite various measures to improve the socio-economic conditions of the Scheduled Castes and the Scheduled Tribes, they remain vulnerable. They are denied number of civil rights. They are subjected to various offences, indignities, humiliations and harassment. They have, in several brutal incidents, been deprived of their like and property. Serious crimes are committed against them for various historical social and economic reasons.

Because of the awareness created amongst the Scheduled Castes and the Scheduled Tribes through spread of education, etc., they are trying to assert their rights and this is not being taken very kindly by the others. When they assert their rights and resist practices of untouchability against them or demand statutory minimum wages or refuse to do any bonded and forced labour, the vested interests try to cow them down and terrorize them. When the Scheduled Castes and the Scheduled Tribes try to preserve their self-respect or honour of their women, they become irritants for the dominant and the mighty. Occupation and cultivation of even the Government allotted land by the Scheduled Castes and the Scheduled Tribes is resented and more often these people become victims of attacks by the vested interests. Of late, there has been an increase in the disturbing trend of commission of certain atrocities like making the Scheduled Caste persons eat inedible substances like human excreta and attacks on and mass killings of helpless Scheduled Castes and the Scheduled Tribes and rape of women belonging to the Scheduled Castes and the Scheduled Tribes. Under the circumstances, the existing laws like the Protection of Civil Rights Act, 1955 and the normal provisions of the Indian Penal Code have been found to be inadequate to check these crimes. A special Legislation to check and deter crimes against them committed by non-Scheduled Castes and non-Scheduled Tribes has, therefore, become necessary.

The term 'atrocity' has not been defined o far. It is considered necessary that not only the term 'atrocity' should be defined but stringent measures should be introduced to provide for higher punishments for committing such atrocities. It is also proposed to enjoining on the States and the Union Territories to take specific preventive and punitive measures to protect the Scheduled Castes and the Scheduled Tribes from being victimised and where atrocities are committed, to provide adequate relief and assistance to rehabilitate them. Taking into consideration these reason the Scheduled Castes and the Scheduled Tribes (Prevention of Atrocities) Act 1989 is passed. It is our ardent belief that this Act achieved the above objectives.



### Action by Dalit Women

Dalit women have been active throughout history, thought often this has not been recorded. They were actively involved in the anti-caste and anti-untouchability movements in the 1920s. Today they are the strongholds of the Dalit movements in thousands of Indian villages. They continue to play a critical role in the movements for land rights. They are making their mark as independent thinkers and writers in the literary world and visionary leaders in the Panchayati Raj institutions. However, they are unable to put an end to the structural discrimination and exclusion. Violence and impunity are used to keep them in their place.

### Getting organised as Dalit Women

Since the late 1980s, therefore, dalit women have increasingly felt and articulated the need for separate platform - created, developed and controlled by themselves - through which they could forge their own identity, fight for their rights and find solutions to their particular problems as dalits and as women. Conscious that the call for separate platform could be interpreted as a divisive move by both dalit men and non-dalit women, the proponents of such a special forum emphasise that their initiative must not be mistaken for a separatist movement. Rather they assert that there is need for strong alliances between the dalit movement, the women's movement and the dalit women's movement if their common vision of social, economic and political equality and justice for all is to be realised.

The National Federation of Dalit Women (NFDW) was launched by dalit women themselves and committed itself to undertake several tasks to bring about positive changes in the lives of dalit women, such as legal action against caste based atrocities, political empowerment of dalit women, economic empowerment against growing pauperization, building self-confidence and leadership.

### Conclusion

Our commitment to international obligations and ornamental provisions of our constitution which safeguards the rights of dalit

women and special enactments for this unprivileged class drastically change the mindset of upper class toward dalit women.

Many dalit Non-Government Organizations (NGO's), both in India and abroad, have been involved in raising the plight of India's 250 million untouchables. One of the most important tasks of these Dalit NGO's is to bring the plight of dalit people to the attention of the International community and to document and publicize human right violations. As the poorest of the poor, dalit women lack the means and the opportunity to defend themselves at home or to make their problems known outside of rural India. Many dalit women have formed NGO's through which they collectively fight against abuse from the upper classes. Such dalit women abandon tears and embrace the shield of confidence in the hope of equality. The courage, struggle, and persistence of today's dalit women against suppression, exploitation and torture has the power to ensure that the future generations will not have to face the bleak reality dalits have faced for the past two thousand years. The caste system is truly a crippling disease to approximately 250 million dalits in India today. Since its roots are embedded in the Hindu religious scriptures, it seems this disease has no cure, but every voice raised against caste-based discrimination and suppression through Dalit Organizations will turn this from a losing battle to one of victory in which every dalit will have equal rights, access to education, and a chance to succeed and prosper.

Many of the dalit NGO's are involved in establishing schools, scholarships, and basic supplements to dalits in the rural parts of India. NGO's and the National Campaign on Dalit Human Rights are involved in bringing the plight of the dalit people to the attention of the international community and to document and publicize human rights abuse. The long-term objectives are to enfranchise dalits are full citizens of their society and eliminate caste-based discriminations.

**References**

1. Manusmriti, p. 147, by a girl, by a young women or even by an aged one, nothing must be done independently, even in her own house.
2. Manusmriti, IX. 94, "A man aged thirty year, shall marry a maiden of twelve who please him. Or a man of twenty-four a girl of eight years of age. If (the performance of) his duties would otherwise be imeded, he must marry sooner.
3. Manusmriti, IX 3. Her father protect her in childhood, her husband protects her in youth & her sons protect (her) in old age : a women in never fit for independence.
4. Manusmriti, IX. 18, A women have no right to study that is why their Sanskaras are performed without Veda Mantras.
5. Manusmriti IX, 25, A Brahamin, Kshatriya or Vaishya Man can sexually exploit any Sudra Women.
6. Hindustan Times, 18-02-2006.
7. Aloysius Lrudayam S.J., *Dalit women Speak out* 11 (2006).
8. Hindustan Times, 28-02-2006.
9. Asian Age, 24-06-2006.
10. Aloysius Irudayam S.J., *Dalit Women Speak Out* 5 (2006).
11. *Peoples Union for Democratic Rights v. Union of India*, AIR 1982 SC 1473 (The Asiad case).
12. *See*, Chambers 21st Century Dictionary, p. 1559 (1996 edn. reprint 1999).
13. AIR 1984 SC 600.
14. AIR 2002 SC 3538.
15. *Bodhisattava Gautam v. Subhra Chakraborty* (1996), SCC 490.
16. *Bodhisattava Gautam v. Subhra Chakraborty* (1996) 1 SCC 490 at 500.
17. *Ahmedabad Municipal Corpn. v. Nawab Khan Gulab Khan*, AIR 1997 SC 152.

# ਸ੍ਰੀ ਗੁਰੂ ਗ੍ਰੰਥ ਸਾਹਿਬ : ਹਾਸ਼ੀਆਗਤ ਵਰਗ ਦੇ ਪ੍ਰਵਚਨ ਵਜੋਂ

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਦੀ**

**ਫ਼ੈਕਲਟੀ ਆਫ ਸੋਸ਼ਲ ਸਾਇੰਸਿਜ਼**

**ਅਧੀਨ**

**ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ**

**ਖੋਜ-ਪ੍ਰਬੰਧ**

**2018**


ਨਿਗਰਾਨ:

(ਡਾ.) ਸਰਬਜਿੰਦਰ ਸਿੰਘ

ਪ੍ਰੋਫ਼ੈਸਰ ਅਤੇ ਮੁਖੀ

ਖੋਜਾਰਥਣ:

ਕਿਰਨਜੀਤ ਕੌਰ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਨਿਸ਼ਕਰਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਵਿਰਸੇ ਦੇ ਅਦੁਤੀ ਧਰਮ ਗ੍ਰੰਥ ਹੋਣ ਦੇ ਨਾਲ-ਨਾਲ ਮੱਧਕਾਲੀਨ ਭਾਰਤ ਦੀ ਮੁੱਲਵਾਨ ਸਮਾਜਿਕ ਅਤੇ ਸੱਭਿਆਚਾਰਕ ਧਰੋਹਰ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਿਤ ਇਸ ਪਾਵਨ ਗ੍ਰੰਥ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਸੂਫੀਆਂ, ਭੱਟਾਂ ਦੀ ਬਾਣੀ ਵੀ ਸ਼ਾਮਲ ਹੈ ਜੋ ਇਸ ਪਾਵਨ ਗ੍ਰੰਥ ਨੂੰ ਸਰਬ-ਸਾਞਾਂ ਹੋਣ ਦਾ ਮਹੱਤਵ ਪ੍ਰਦਾਨ ਕਰਦੀ ਹੋਈ ਸਾਨੂੰ ਸਹੀ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲ ਵਿੱਚ ਸੰਕਲਿਤ ਇੱਕ ਅਜਿਹਾ ਪਾਵਨ ਗ੍ਰੰਥ ਹੈ ਜਿਸ ਰਾਹੀਂ ਪੁਰਾਤਨ ਸੰਸਕ੍ਰਿਤੀ, ਵਿਚਾਰਧਾਰਾਵਾਂ ਅਤੇ ਵਿਭਿੰਨ ਫਲਸਫਿਆਂ ਦੇ ਨਾਲ-ਨਾਲ ਸਮਕਾਲੀ ਵਿਚਾਰਧਾਰਾਵਾਂ ਨਾਲ ਇੱਕੋ ਸਮੇਂ ਕੀਤਾ ਗਿਆ ਸੰਵਾਦ ਪ੍ਰਸਤੁਤ ਹੁੰਦਾ ਹੈ। ਇਹ ਸੰਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲ ਜੁੜਦਾ ਹੈ। ਗੁਰਬਾਣੀ ਰਚਨਾ ਦਾ ਮਾਧਿਅਮ ਲੋਕ ਭਾਸ਼ਾ ਹੈ। ਸ਼ਾਇਦ ਇਹੋ ਇੱਕ ਗ੍ਰੰਥ ਹੈ ਜੋ ਗਿਆਨ, ਤਰਕ ਅਤੇ ਫਲਸਫੇ ਦਾ ਧਾਰਨੀ ਹੁੰਦਾ ਹੋਇਆ ਵੀ ਜਨ ਸਧਾਰਨ ਨੂੰ ਸੰਬੋਧਿਤ ਹੈ। ਗੁਰਬਾਣੀ ਦੀ ਵਿਚਾਰਧਾਰਾ ਸੱਤਾ ਵਿਹੂਣੇ ਵਰਗਾਂ, ਸਧਾਰਨ ਲੋਕਾਂ ਦੀ ਵਿਚਾਰਧਾਰਾ ਹੈ। ਆਮ ਲੋਕਾਈ ਦਾ ਪੱਖ ਪੂਰਨ ਵਾਲੀ ਇਹ ਵਿਚਾਰਧਾਰਾ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਅਵਾਜ਼ ਬੁਲੰਦ ਕਰਦੀ ਹੈ। ਸਾਮੰਤਵਾਦ ਦੀ ਕੱਟੜ ਮਜ਼ਹਬੀ ਨੀਤੀ ਅਤੇ ਆਰਥਿਕ ਲੁੱਟ-ਖਸੁੱਟ ਦਾ ਵਿਰੋਧ ਕਰਦੀ ਹੈ ਅਤੇ ਬ੍ਰਾਹਮਣਵਾਦੀ ਕਰਮਕਾਂਡ ਦਾ ਖੰਡਨ ਕਰਦੀ ਹੈ। ਗੁਰਬਾਣੀ ਦੀ ਵਿਚਾਰਧਾਰਾ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਸੰਘਰਸ਼ ਕਰਨ ਦੀ ਪ੍ਰੇਰਨਾ ਨੂੰ ਵੀ ਜਗਾਉਂਦੀ ਹੈ।

ਭਾਰਤੀ ਸਮਾਜਿਕ ਸੰਰਚਨਾ ਅਨੁਸਾਰ, ਇੱਥੋਂ ਦੇ ਦਲਿਤ ਦੀ ਪਛਾਣ, ਪਰਿਭਾਸ਼ਾ ਅਤੇ ਸਰੂਪ ਨੂੰ ਸਮਝਣਾ ਜ਼ਰੂਰੀ ਹੈ। ਜੇਕਰ ਮਾਰਕਸੀ ਸਮਾਜ-ਸ਼ਾਸਤਰੀ ਦ੍ਰਿਸ਼ਟੀ ਤੋਂ ਬਾਹਰਮੁਖੀ ਰੂਪ ਵਿੱਚ ਦਲਿਤ ਦੀ ਪਛਾਣ, ਪਰਿਭਾਸ਼ਾ ਅਤੇ ਸਰੂਪ ਦੀ ਚਰਚਾ ਕਰਨੀ ਹੈ ਤਾਂ ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਉਹ ਵਰਗ ਹੈ ਜਿਹੜਾ ਸਦੀਆਂ ਤੋਂ ਪੈਦਾਵਰੀ ਸਾਧਨਾਂ, ਸਮਾਜਿਕ ਰੁਤਬੇ, ਸੱਭਿਆਚਾਰਕ ਗੌਰਵ, ਧਾਰਮਿਕ ਆਧਾਰਾਂ, ਰਾਜਨੀਤਿਕ ਆਧਾਰਾਂ ਅਤੇ ਕਲਾਵਾਂ ਤੋਂ ਵਿਛੁੰਨਿਆਂ ਹੋਇਆ ਹੈ। ਭਾਰਤੀ

ਦਲਿਤ ਦੀ ਵਿਭਿੰਨ ਸੱਭਿਆਚਾਰਾਂ ਅਤੇ ਸਮਾਜੀ-ਆਰਥਿਕ ਬਣਤਰਾਂ ਤੋਂ ਗੁਣਾਤਮਕ ਰੂਪ ਵਿੱਚ ਇਹ ਭਿੰਨਤਾ ਹੈ ਕਿ ਇਸ ਨੂੰ ਤਾਂ ਸਦੀਆਂ ਭਰ ਮਨੁੱਖ ਹੋਣ ਦਾ ਰੁਤਬਾ ਵੀ ਹਾਸਲ ਨਹੀਂ ਰਿਹਾ। ਇਹ ਵਰਗ ਅਧਿਕਾਰਾਂ ਤੋਂ ਵਿਛੁੰਨਿਆਂ ਹੋਇਆ ਹਮੇਸ਼ਾਂ ਹਾਸ਼ੀਆਗਤ ਰਿਹਾ ਹੈ। ਸਾਡੇ ਦੇਸ਼ ਵਿੱਚ ਜਮਾਤੀ ਤੇ ਜਾਤੀ ਵੰਡ ਸਮਾਜੀ ਹਕੀਕਤ ਦੇ ਦੋ ਪਹਿਲੂ ਹਨ। ਹਥਲੇ ਖੋਜ-ਪ੍ਰਬੰਧ ਵਿੱਚ ਹਾਸ਼ੀਆਗਤ ਵਰਗ ਵਿੱਚ ਜਿਸ ਦੂਜੀ ਧਿਰ ਸੰਬੰਧੀ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਉਹ ਔਰਤ ਹੈ। ਔਰਤ ਮਨੁੱਖੀ ਜੀਵਨ ਦਾ ਬੁਨਿਆਦੀ ਅੰਗ ਹੈ। ਆਦਿ ਯੁੱਗ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸਕ ਵਿਕਾਸ ਦੇ ਬਿਰਤਾਂਤ ਵਿੱਚ ਇਹ ਹਮੇਸ਼ਾਂ ਹੀ ਲਤਾੜੀ ਜਾਂਦੀ ਰਹੀ ਹੈ। ਜਿੱਥੇ ਇਸ ਨੂੰ ਆਰਥਿਕ ਵਸੀਲਿਆਂ ਤੋਂ ਵਾਂਝੇ ਕੀਤਾ ਗਿਆ ਉੱਥੇ ਸਮਾਜਿਕ ਤੇ ਸੱਭਿਆਚਾਰਕ ਤੌਰ ’ਤੇ ਮਰਦ ਦੇ ਅਧੀਨ ਕਰਦਿਆਂ ਇਸ ਨੂੰ ਰਾਜਸੀ ਪਿੜ ਤੋਂ ਲਗਭਗ ਬਾਹਰ ਹੀ ਰੱਖਿਆ ਜਾਂਦਾ ਰਿਹਾ। ਔਰਤ ਨੂੰ ਹੁਣ ਤੱਕ ਜੀਵਨ ਦੇ ਹਰ ਇੱਕ ਪੜਾਅ ’ਤੇ ਸਰੀਰਿਕ ਤੇ ਮਾਨਸਿਕ ਤਸੀਹੇ ਸਹਿਣੇ ਪਏ ਹਨ। ਵੇਦਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਗ੍ਰੰਥਾਂ ਵਿੱਚ ਵੀ ਇਸ ਨੂੰ ਕੋਈ ਸਨਮਾਨਯੋਗ ਥਾਂ ਨਹੀਂ ਦਿੱਤੀ ਗਈ। ਪਰ ਇਹ ਇਕ ਅਜਿਹਾ ਪੱਖ ਹੈ ਜਿਸ ਨੂੰ ਅਣਗੌਲਿਆ ਕਰਨਾ ਕਦਾਚਿਤ ਵਾਜਬ ਨਹੀਂ। ਇਸ ਖੋਜ ਵਿਸ਼ੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਧੀਨ ਇਹਨਾਂ ਦੋਨਾਂ ਮੁੱਖ ਮੁੱਦਿਆਂ ਉੱਪਰ ਕੰਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਬਾਣੀ ਦੀ ਵਿਚਾਰਧਾਰਾ ਅਧੀਨ ਉਸ ਸਮੇਂ ਫੈਲੇ ਧਾਰਮਿਕ ਪਖੰਡਾਂ, ਕਰਮਕਾਂਡਾਂ, ਤੀਰਥਾਂ, ਵਰਤਾਂ ਵਹਿਮਾਂ-ਭਰਮਾਂ ਬਾਰੇ ਸਚੇਤ ਕੀਤਾ ਗਿਆ ਹੈ। ਮੱਧਕਾਲੀਨ ਸਮੇਂ ਦੇ ਆਮ ਲੋਕ ਜਿਵੇਂ-ਜਿਵੇਂ ਗੁਰਬਾਣੀ ਨਾਲ ਜੁੜਦੇ ਗਏ ਉਵੇਂ-ਉਵੇਂ ਉਹਨਾਂ ਵਿੱਚ ਜਾਗਰੂਕਤਾ ਵਧਦੀ ਗਈ, ਕੁਰੀਤੀਆਂ ਜੇ ਪੂਰੀ ਤਰ੍ਹਾਂ ਦੂਰ ਨਹੀਂ ਹੋਈਆਂ ਤਾਂ ਬਹੁਤ ਹੱਦ ਤੱਕ ਘੱਟ ਜ਼ਰੂਰ ਗਈਆਂ। ਇਹ ਸੰਦੇਸ਼ ਮਿਲਿਆ ਕਿ ਜਾਤ-ਪਾਤ ਵਰਗੀ ਲਾਹਨਤ ਤੋਂ ਛੁਟਕਾਰਾ ਪਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੁੜਿਆ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਪਾਵਨ ਗ੍ਰੰਥ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਇੱਕ ਸਰਬ ਸਾਂਝਾ ਗ੍ਰੰਥ ਹੈ। ਦੁਨੀਆਂ ਦੇ ਸਾਰੇ ਪਵਿੱਤਰ ਗ੍ਰੰਥਾਂ ਵਿੱਚੋਂ ਇਹ ਸਭ ਤੋਂ ਆਧੁਨਿਕ ਗ੍ਰੰਥ ਹੈ।

ਨੋਬਲ ਇਨਾਮ ਜੇਤੂ ਸ੍ਰੀਮਤੀ ਪਰਲ ਐਸ ਬੱਕ ਨੇ ਲਿਖਿਆ ਹੈ ਕਿ ਉਸਨੇ ਦੁਨੀਆਂ ਦੇ ਕਈ ਮਹਾਨ ਧਰਮਾਂ ਦੇ ਗ੍ਰੰਥ ਪੜ੍ਹੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਜਿਸ ਤਰ੍ਹਾਂ ਦਿਲ ਅਤੇ ਦਿਮਾਗ ਨੂੰ ਪ੍ਰਭਾਵਿਤ ਕਰਦੀ ਹੈ ਉਸਦਾ ਕੋਈ ਮੁਕਾਬਲਾ ਨਹੀਂ।1 ਇਸੇ ਤਰ੍ਹਾਂ ਡੰਕਨ ਗਰੀਨਲੀਜ਼ (Duncan Greenlees) ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਆਉਣ ਵਾਲੇ ਸਮਿਆਂ ਵਿੱਚ ਵੀ ਪੀੜ੍ਹੀ ਦਰ ਪੀੜ੍ਹੀ ਰਾਹ ਦਸੇਰਾ ਮੰਨਿਆ ਹੈ।2 ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਪ੍ਰਸਿੱਧ ਫਿਲਾਸਫਰ ਡਾ. ਰਾਧਾ ਕ੍ਰਿਸ਼ਨਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮਨੁੱਖ ਦੀ ਸਦੀਵੀ ਅੰਦਰਲੀ ਸਚਾਈ ਦੀ ਅਵਾਜ਼ ਕਿਹਾ ਹੈ। ਦੁਨੀਆਂ ਦੇ ਜਿੰਨੇ ਵੀ ਧਾਰਮਿਕ ਗ੍ਰੰਥ ਹਨ ਜੇਕਰ ਉਹਨਾਂ ਦੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇੱਕ ਗੱਲ ਮੁੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਇਹ ਸਾਰੇ ਗ੍ਰੰਥ ਸੰਬੰਧਿਤ ਧਰਮ ਦੇ ਮੋਢੀਆਂ ਵੱਲੋਂ ਆਪ ਨਹੀਂ ਲਿਖੇ ਗਏ ਬਲਕਿ ਉਹਨਾਂ ਦੇ ਜੀਵਨ ਕਾਲ ਤੋਂ ਬਹੁਤ ਬਾਅਦ ਸ਼ਰਧਾਲੂਆਂ ਨੇ ਉਹਨਾਂ ਦੇ ਕਥਨਾਂ ਅਤੇ ਉਹਨਾਂ ਦੁਆਰਾ ਨਿਰਧਾਰਿਤ ਅਸੂਲਾਂ ਨੂੰ ਕਲਮਬੱਧ ਕੀਤਾ। ਇਸਦੇ ਉਲਟ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਲ ਕਰਦੇ ਹਾਂ ਤਾਂ ਇਸ ਪਾਵਨ ਗ੍ਰੰਥ ਦੀ ਪ੍ਰਮਾਣਿਕਤਾ ’ਤੇ ਕੋਈ ਕਿੰਤੂ-ਪ੍ਰੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਇਹ ਪ੍ਰਮਾਣਿਕ ਤੱਥ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨ, ਸੰਤਾਂ, ਭਗਤਾਂ, ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਨੂੰ ਇਕੱਤਰ ਕਰਨ ਦਾ ਉਪਰਾਲਾ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਜਾਤ-ਪਾਤ ਦਾ ਖੰਡਨ ਕਰਨ ਵਾਲੀ ਹੈ। ਇਸਦਾ ਸਭ ਤੋਂ ਵੱਡਾ ਉਦਾਹਰਨ ਇਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਹੋਰ ਭਗਤਾਂ ਦੀ ਬਾਣੀ ਦੀ ਚੋਣ ਕਰਨ ਵੇਲੇ ਭਗਤਾਂ ਦੀ ਜਾਤ-ਪਾਤ ਦਾ ਧਿਆਨ ਨਹੀਂ ਰੱਖਿਆ ਸਗੋਂ ਇਹ ਦੇਖਿਆ ਕਿ ਉਹਨਾਂ ਦੀ ਰਚਨਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ ਹੈ। ਗੁਰਬਾਣੀ ਇਕ ਪਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ ਦੀ ਧਾਰਨੀ ਹੈ ਅਤੇ ਸਮੂਹ ਮਾਨਵ ਜਾਤੀ

---

[1] www.sikhiwiki.org

[2] www.scribd.com "Duncan Greenlees, Gospal of Guru Granth Sahib Ji

ਉਸਦੀ ਇੱਕ ਸੰਤਾਨ ਹੈ। ਗੁਰਬਾਣੀ ਅਨੁਸਾਰ ਦਰਗਾਹੇ ਮੁੱਲ ਪੈਣਾ ਹੈ, ਕੀਤੇ ਚੰਗੇ ਕੰਮਾਂ ਦਾ। ਉੱਥੇ ਜਾਤ-ਪਾਤ ਦੀ ਕੋਈ ਪੁੱਛ ਪਰਤੀਤ ਨਹੀਂ ਹੋਣੀ।

ਜਾਤਿ ਜਨਮ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

(ਗੁਰੂ ਗ੍ਰੰਥ ਪੰਨਾ 1330)

ਮੱਧਕਾਲੀਨ ਮਾਨਵ-ਇਤਿਹਾਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਤੇ ਸੰਪਾਦਨ ਮਨੁੱਖਤਾ ਲਈ ਇਤਿਹਾਸਕ ਦੇਣ ਹੈ ਜਿਸ ਦਾ ਮਾਣ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੈ। ਬਾਰਵੀਂ ਤੋਂ ਸਤਾਰ੍ਹਵੀਂ ਸਦੀ ਤੱਕ ਦੇ ਸਮੇਂ ਵਿੱਚ ਵੱਖ-ਵੱਖ ਪ੍ਰਾਂਤਾਂ ਦੀ ਜਨਮ-ਭੂਮੀ ਨੂੰ ਭਾਗ ਲਾਉਂਦਿਆਂ, ਇਹ ਧਰਤ ਨੂੰ ਸੁਹਾਵੀ ਤੇ ਹਰਿਆਵਲੀ ਬਣਾਉਣ ਵਾਲੇ ਛੇ ਸਿੱਖ ਗੁਰੂਆਂ ਤੇ ਤੀਹ ਮਹਾਂਪੁਰਖਾਂ ਦੀ 'ਧੁਰ ਕੀ ਬਾਣੀ' ਇਸ ਪਾਵਨ ਗ੍ਰੰਥ ਵਿੱਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਇਲਾਹੀ ਬਾਣੀ ਦਾ ਵੱਡਾ ਹਿੱਸਾ ਤਾਂ ਲੋਕ ਮਾਨਸ ਦੀ ਚੇਤਨਾ ਵਿੱਚ ਇਸ ਤਰ੍ਹਾਂ ਘਰ ਕਰ ਗਿਆ ਹੈ ਕਿ ਇਸ ਨੂੰ ਪੜ੍ਹਨ, ਸੁਣਨ ਅਤੇ ਵਿਚਾਰਨ ਇਸਦੇ ਗਾਇਨ ਅਤੇ ਲਈ ਕੰਨ, ਨੇਤਰ ਅਤੇ ਮਨ ਅਤੇ ਕੰਠ ਵਾਰ-ਵਾਰ ਲੋਚਦੇ ਹਨ। ਇਸ ਪਾਵਨ ਗ੍ਰੰਥ ਦੇ ਸ਼ਬਦ ਹਰ ਪਲ ਹਰ ਘੜੀ ਤਰੋਤਾਜ਼ਾ ਰੱਖਦੇ ਹਨ ਅਤੇ ਖਿੜੇ ਗੁਲਾਬ ਵਰਗੀ ਖੁਸ਼ਬੋ ਨਿਰੰਤਰ ਆਉਂਦੀ ਰਹਿੰਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਪਾਵਨ ਗ੍ਰੰਥ ਦੇ ਬਾਣੀਕਾਰਾਂ ਨੇ ਜਨ ਸਾਧਾਰਨ ਦੇ ਦੁਖ-ਦਰਦ ਨੂੰ ਸਮਝਿਆ, ਫਿਰ ਵਿਸ਼ਲੇਸ਼ਣ ਕੀਤਾ ਅਤੇ ਇਸ ਉਪਰੰਤ ਇਸ ਦਾ ਹੱਲ ਪ੍ਰਸਤੁਤ ਕੀਤਾ। ਇੱਥੋਂ ਤੱਕ ਕਿ ਭਗਤ ਨਾਮਦੇਵ, ਕਬੀਰ ਅਤੇ ਰਵਿਦਾਸ ਜੀ ਵਰਗੇ ਮਹਾਂਪੁਰਸ਼ਾਂ ਨੇ ਤਾਂ ਆਪਣੇ ਵਰਗ ਦਾ ਦਰਦ ਆਪ ਹੰਢਾਇਆ ਅਤੇ ਇਸ ਨੂੰ ਮਿਟਾਉਣ ਦਾ ਮਾਰਗ ਦਰਸਾਇਆ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਵੱਲੋਂ ਸਿਰਜੇ ਮਾਨਵ ਹਿਤੂ ਸਿਧਾਂਤ ਅਮਲੀ ਜੀਵਨ ਵਿੱਚੋਂ ਉਪਜੇ ਹਨ, ਜੋ ਅੱਜ ਵੀ ਅਨੁਕਰਣ ਯੋਗ ਹਨ। ਇਹ ਸਿਧਾਂਤ ਕੇਵਲ ਬੌਧਿਕ ਸੰਵਾਦ ਰਚਾਉਣ ਦੀ ਜੁਗਤ ਨਹੀਂ ਹਨ ਸਗੋਂ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਲਈ ਸਿੱਖਿਆ ਦਿੰਦੇ ਹਨ। ਮਨੁੱਖ ਦੀ ਪਹਿਚਾਣ ਉਸ ਦੇ ਕਰਮ ਤੋਂ ਹੁੰਦੀ ਹੈ। ਜਿਹੜਾ

ਵੀ ਸਿਧਾਂਤ ਮਾਨਵ-ਜੀਵਨ ਵਿੱਚ ਅਮਲੀ ਰੂਪ ਧਾਰਨ ਨਹੀਂ ਕਰ ਸਕਦਾ ਉਹ ਸਿਧਾਂਤ ਨਹੀਂ ਕੇਵਲ ਦਿਖਾਵਾ ਅਤੇ ਭੇਖ ਹੁੰਦਾ ਹੈ। ਜਿਸ ਸਮੇਂ ਕਥਨੀ ਅਤੇ ਕਰਨੀ ਵਿੱਚ ਇਕਸੁਰਤਾ ਤੇ ਇਕਸਾਰਤਾ ਦੀ ਸਾਂਝ ਟੁੱਟ ਜਾਵੇ ਉਸ ਸਮੇਂ ਮਾਨਵ-ਮਨ ਆਪਹੁਦਰਾ ਬਣ ਜਾਂਦਾ ਹੈ। ਉਸ ਦੀ ਰੁਚੀ ਸਵਾਰਥ ਪ੍ਰਧਾਨ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਮਾਨਵ ਸੋਚ ਸੱਚ, ਨੇਕੀ, ਸੇਵਾ, ਪਰਉਪਕਾਰ ਆਦਿ ਦੇ ਗੁਣਾਂ ਦੀ ਡੋਰ ਢਿੱਲੀ ਛੱਡ ਦਿੰਦੀ ਹੈ ਅਤੇ ਉਸ ਵਿਚਲੀ ਸਰਬ-ਸਾਂਝੀਵਾਲਤਾ ਵਾਲੀ ਭਾਵਨਾ ਦਬ ਜਾਂਦੀ ਹੈ। ਇਸ ਪੱਖੋਂ ਸ੍ਰੀ ਗੁਰੂ ਸਾਹਿਬ ਜੀ ਦੇ ਬਾਣੀਕਾਰਾਂ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਹੀ ਇਹ ਹੈ ਕਿ ਉਹਨਾਂ ਨੇ ਅਜਿਹੇ ਸਿਧਾਂਤਾਂ ਦੀ ਸਿਰਜਣਾ ਕੀਤੀ ਜੋ ਵਿਵਹਾਰਕ ਪੱਧਰ ’ਤੇ ਮਾਨਵ ਜੀਵਨ ਵਿੱਚ ਕਾਰਜਸ਼ੀਲ ਹੋ ਕੇ ਆਦਰਸ਼ ਮਨੁੱਖ ਬਣਾਉਣ ਦੇ ਸਮਰੱਥ ਹਨ। ਉਹਨਾਂ ਦਾ ਮਤ ਬੜਾ ਸਪੱਸ਼ਟ ਹੈ ਕਿ ਸਿਧਾਂਤ ਅਮਲ ਵਿੱਚੋਂ ਹੀ ਉਪਜਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਰੂਹਾਨੀਅਤ ਦੇ ਇਲਾਵਾ ਸਾਨੂੰ ਭਾਸ਼ਾਈ ਸੰਸਕ੍ਰਿਤੀ ਵੀ ਦਿੱਤੀ ਹੈ। ਇਸ ਪਾਵਨ ਬਾਣੀ ਵਿੱਚ ਲੋੜ ਅਨੁਸਾਰ ਕਈ ਜ਼ਬਾਨਾਂ ਦੇ ਸ਼ਬਦ ਹਨ। ਆਪਣੀ ਗੱਲ ਕਹਿ ਸਕਣਾ ਇੱਕ ਕਲਾ ਹੈ ਤੇ ਗੱਲ ਇਸ ਤਰ੍ਹਾਂ ਕਹਿਣਾ ਕਿ ਦੂਜਿਆਂ ਨੂੰ ਬਰਾਬਰ ਸਮਝ ਆ ਜਾਏ ਇੱਕ ਵੱਡੀ ਕਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਇਸ ਕਲਾ ਦੇ ਭਰਪੂਰ ਦਰਸ਼ਨ ਹੁੰਦੇ ਹਨ ਅਤੇ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਉਹਨਾਂ ਦੀ ਵਰਤੋਂ ਵਿੱਚ ਸਪੱਸ਼ਟਤਾ ਦਾ ਪਹਿਲੂ ਪੂਰਨ ਤੌਰ ’ਤੇ ਉਜਾਗਰ ਹੈ। ਮੂਲ ਮੰਤਰ ਦੀ ਨਵੇਕਲੀ ਬੁਨਿਆਦੀ ਅਹਿਮੀਅਤ ਹੈ।

ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਨ-ਵਿਵਸਥਾ ਦੀ ਮਿਥ ਨੂੰ ਰੁਹਾਨੀ ਧਰਾਤਲ ਉੱਤੇ ਰੱਦ ਕਰ ਦਿੰਦਾ ਹੈ। ਇਹ ਪਾਰਗਾਮੀ ਹਸਤੀ (ਬ੍ਰਹਮ) ਦੇ ਸਾਹਮਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਸਥਾਪਿਤ ਕਰਦਾ ਹੈ ਅਤੇ ਜਾਤਿ ਦੀ ਥਾਂਵੇਂ ਜੋਤਿ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।

ਹੱਥ ਦੀਆਂ ਪੰਜ ਉਂਗਲਾਂ ਬਰਾਬਰ ਤਾਂ ਨਹੀਂ ਹੁੰਦੀਆਂ ਪਰ ਪੰਜਾਂ ਦੀ ਸਾਂਝੀਵਾਲਤਾ ਵਿੱਚ ਸ਼ਕਤੀ ਹੁੰਦੀ ਹੈ। ਇਸੇ ਤਰ੍ਹਾਂ ਸਾਰੇ ਮਨੁੱਖ ਇੱਕ ਦੂਜੇ ਦੇ ਬਰਾਬਰ ਤਾਂ ਨਹੀਂ ਹੁੰਦੇ ਪਰ 'ਸਭੈ ਸਾਂਝੀਵਾਲ ਸਦਾਇਣ' ਅਤੇ 'ਏਕ ਪਿਤਾ ਏਕਸ ਕੇ ਹਮ-ਬਾਰਿਕ' ਦੇ ਅਸੂਲ ਮੁਤਾਬਕ ਇੱਕ ਸੁੰਦਰ ਸਮਾਜ ਸਿਰਜ

ਸਕਦੇ ਹਨ। ਉੱਤਮ-ਨੀਚ ਦੇ ਰੱਬੀ ਵਰਤਾਰੇ ਨੂੰ ਸਮਝਣ ਲਈ ਜਪੁਜੀ ਸਾਹਿਬ ਦੀ ਦੂਸਰੀ ਪਉੜੀ ਵਿੱਚ 'ਹੁਕਮੀ ਉਤਮ ਨੀਚ' ਨੂੰ ਤੇਤੀਵੀਂ ਪਉੜੀ ਦੀ ਅਖਰੀਲੀ ਪੰਕਤੀ 'ਨਾਨਕ ਉਤਮ ਨੀਚ ਨਾ ਕੋਇ' ਦੇ ਨਾਲ ਪੜ੍ਹਿਆ ਜਾ ਸਕਦਾ ਹੈ। ਗੁਰਬਾਣੀ ਤੋਂ ਨਰੋਏ ਸਮਾਜ ਦੀ ਉਸਾਰੀ ਲਈ ਸਾਂਝੀਵਾਲਤਾ, ਬਰਾਬਰੀ ਤੇ ਅਜ਼ਾਦੀ ਦੀ ਸੇਧ ਮਿਲਦੀ ਹੈ। ਭਗਤ ਰਵੀਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 345 'ਤੇ ਇਲਾਹੀ ਸ਼ਹਿਰ ਬੇਗਮਪੁਰਾ ਦਾ ਵੇਰਵਾ ਇਸ ਤਰ੍ਹਾਂ ਦਿੰਦੀ ਹੈ।

ਬੇਗਮਪੁਰਾ ਸਹਰ ਕੋ ਨਾਉ

ਦੂਖੁ ਅੰਦੋਹੁ ਨਹੀਂ ਤਿਹਿ ਠਾਉ।

ਨਾ ਤਸਵੀਸ ਖਿਰਾਜ ਨ ਮਾਲੁ

ਖਉਫੁ ਨ ਖਤਾ ਨ ਤਰਸ ਜਵਾਲ

ਅਬ ਮੋਹਿ ਖੂਬ ਵਤਨਗਹ ਪਾਈ

ਉਹਾਂ ਖੈਰਿ ਸਦਾ ਮੇਰੇ ਭਾਈ। ਰਹਾਉ॥

----

ਕਹਿ ਰਵਿਦਾਸ ਖਲਾਸ ਚਮਾਰਾ

ਜੋ ਹਮ ਸਹਰੀ ਸੁ ਮੀਤ ਹਮਾਰਾ।

(ਗੁਰੂ ਗ੍ਰੰਥ ਪੰਨਾ, 345)

ਰੱਬ ਨਾਲ ਮੇਲ ਵਾਲੀ ਆਤਮਿਕ ਦਸ਼ਾ, ਜੋ ਉਪਰੋਕਤ ਬਾਣੀ ਵਿੱਚ ਅੰਕਿਤ ਹੈ, ਰੱਬੀ ਘਰ ਵਿੱਚ ਹੀ ਹੋ ਸਕਦੀ ਹੈ। ਇਸ ਰੱਬੀ ਘਰ ਵਿਚ ਸਦੀਵੀ ਸੁਖ, ਸ਼ਾਂਤੀ ਅਜ਼ਾਦੀ ਤੇ ਆਨੰਦ ਹੈ। ਇਸ ਰੱਬੀ ਘਰ ਨੂੰ ਭਗਤ ਜੀ ਨੇ ਇੱਕ ਆਦਰਸ਼ਕ ਲੋਕ-ਰਾਜ ਨਾਲ ਤੁਲਨਾਇਆ ਹੈ ਜਿੱਥੇ ਕਿਸੇ ਨਿਵਾਸੀ ਨੂੰ ਕੋਈ ਡਰ, ਗਮ, ਵਿਤਕਰੇ, ਬੰਦਸ਼ ਜਾਂ ਪਾਬੰਦੀ ਨਹੀਂ। ਐਸੀ ਸਾਂਝੀਵਾਲਤਾ ਦਾ ਸਤਿਯੁਗੀ ਸੁਪਨਾ ਕਲਜੁਗ ਵਿੱਚ ਗੁਰਬਾਣੀ ਰਾਹੀਂ ਸਾਡੇ ਸਾਹਮਣੇ ਆਉਂਦਾ ਹੈ। ਸਿੱਖ ਸ਼ਬਦ-ਮਾਡਲ ਦੀ ਭੂਮਿਕਾ ਨੂੰ ਸਿੱਖ ਧਰਮ ਚਿੰਤਨ ਦਾ ਵਿਲੱਖਣ ਯੋਗਦਾਨ ਪਰਵਾਨ ਕੀਤਾ ਜਾ ਸਕਦਾ ਹੈ। ਸਿੱਖ ਧਰਮ ਚਿੰਤਨ ਵਿੱਚ ਪੂਰਬ ਨਿਸ਼ਚਿਤ ਕੁਝ ਵੀ ਨਹੀਂ ਹੈ। ਜੇ ਅਜਿਹਾ ਭਰਮ ਕਿਸੇ ਅਵੇਚਤਨ ਦਾ ਹਿੱਸਾ ਹੈ ਤਾਂ ਵੀ ਉਸ ਨੂੰ 'ਨਾਮ

ਜਪਣ, ਕਿਰਤ ਕਰਨ ਅਤੇ ਵੰਡ ਛਕਣਾ ਦੀ ਜੁਗਤ ਰਾਹੀਂ ਸਚੇਤ ਅਤੇ ਅਚੇਤ ਵਿੱਚ ਸਤੁੰਲਨ ਸਥਾਪਿਤ ਕਰਨ ਦੀ ਹਦਾਇਤ ਦੇਣਾ ਸ਼ਬਦ-ਮਾਡਲ ਦਾ ਮੁੱਢਲਾ ਸਰੋਕਾਰ ਹੈ। ਸਹਿਜ ਇਸ ਦੀ ਸੰਗਯਾ ਹੈ ਅਤੇ ਰਹਿਤ ਮਰਯਾਦਾ ਇਸ ਦਾ ਮਾਧਿਅਮ ਹੈ। ਪਰ ਆਗਾਜ਼ ਨੂੰ ਅੰਤ ਅਤੇ ਮਾਧਿਅਮ ਨੂੰ ਮੰਜ਼ਲ ਸਮਝ ਲੈਣ ਦੇ ਭਰਮ ਤੋਂ ਮੁਕਤ ਹੋ ਕੇ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਇਸ ਦਾ ਇੱਕੋ ਇੱਕ ਰਾਹ ਹੈ ਕਿ ਸ਼ਬਦ ਗੁਰੂ ਦਾ ਪ੍ਰਸੰਗ ਸਮਝਿਆ ਜਾਵੇ। ਇਸ ਸਫਰ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਪਰ ਇਸ ਦਾ ਪ੍ਰਮਾਣਿਕ ਬਾਣੀ ਸ੍ਰੋਤ ਸ੍ਰੀ ਗੁਰੂ ਅਰਜਨ ਦੇਵ ਹੱਥੋਂ 1604 ਈ. ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਹੋਣ ਨਾਲ ਹੋਇਆ। ਇਸ ਨਾਲ ਇਹ ਸਥਾਪਿਤ ਹੋਇਆ ਸੀ ਕਿ ਸਿੱਖ ਗੁਰੂ ਦਾ ਹੈ ਪਰ ਸਿੱਖਾਂ ਦੀਆਂ ਕਮਜ਼ੋਰੀਆਂ ਗੁਰੂ ਦੀਆਂ ਕਮਜ਼ੋਰੀ ਨਹੀਂ ਹਨ।[3]

ਦਲਿਤ ਅਤੇ ਔਰਤ ਅਜਿਹੇ ਵਿਸ਼ੇ ਹਨ ਜੋ ਹਾਸ਼ੀਆਗਤ ਸ਼੍ਰੇਣੀ ਵਿੱਚ ਰੱਖੇ ਜਾ ਸਕਦੇ ਹਨ। ਹਾਸ਼ੀਆਗਤ ਸਮੂਹ ਪ੍ਰਭਾਵੀ ਸਮੂਹਾਂ ਨਾਲ ਆਪਣੇ ਸੰਬੰਧਾਂ ਵਿੱਚੋਂ ਹੀ ਆਪਣੀ ਪਛਾਣ ਦਰਸਾਉਂਦੇ ਨਜ਼ਰ ਆਉਂਦੇ ਹਨ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਹਨਾਂ ਨੀਵੇਂ ਨਿਤਾਣੇ ਅਤੇ ਦਬੇ-ਕੁਚਲੇ ਲੋਕਾਂ ਦਾ ਪੱਖ ਪੂਰਦੇ ਹਨ ਜੋ ਤਤਕਾਲੀਨ ਵਿਵਸਥਾ ਵਿੱਚ ਧਾਰਮਿਕ ਵਿਤਕਰੇ, ਆਰਥਿਕ ਸ਼ੋਸ਼ਣ ਅਤੇ ਸਮਾਜਿਕ ਅਨਿਆਂ ਦਾ ਸ਼ਿਕਾਰ ਹਨ।

ਹਾਸ਼ੀਆਗਤ ਸ਼ਬਦ ਸੱਬਾਲਟਰਨ ਅੰਗਰੇਜ਼ੀ ਸ਼ਬਦ (Subaltern) ਦਾ ਪੰਜਾਬੀ ਰੂਪ ਹੈ। ਇਸ ਸ਼ਬਦ ਦਾ ਇੱਕ ਲੰਬਾ ਇਤਿਹਾਸ ਹੈ। ਮੱਧਕਾਲੀ ਇੰਗਲੈਂਡ ਵਿੱਚ ਇਹ ਸ਼ਬਦ ਗੁਲਾਮਾਂ ਅਤੇ ਕਿਸਾਨਾਂ ਲਈ ਵਰਤਿਆ ਜਾਂਦਾ ਸੀ। 1770 ਤੱਕ ਇਸ ਨੂੰ ਮਿਲਟਰੀ ਦੇ ਛੋਟੇ ਰੈਂਕਾਂ ਲਈ ਵਰਤਿਆ ਜਾਣ ਲੱਗਾ। ਹਾਸ਼ੀਆਗਤ ਸ਼੍ਰੇਣੀਆਂ ਦਾ ਸ਼ੋਸ਼ਿਤ ਸ਼੍ਰੇਣੀਆਂ ਵਜੋਂ ਅਧਿਐਨ ਅਸਲ ਵਿੱਚ 1966 ਵਿੱਚ **ਗ੍ਰਾਮਸੀ** ਦੀ ਰਚਨਾ "**ਮਾਡਰਨ ਪ੍ਰਿੰਸ**" ਸਾਹਮਣੇ ਆਉਣ ਨਾਲ ਵਿਕਸਿਤ ਹੋਇਆ। ਹਰੀਜਨ, ਦਲਿਤ, ਨਿਮਨ ਵਰਗ, ਹਾਸ਼ੀਆਗਤ ਵਰਗ ਇਹ ਸਭ ਜਾਤ-ਪਾਤ ਦੇ ਹੀ ਅੰਗ ਹਨ। ਗੁਰੂ

---

[3] ਡਾ. ਸਰਬਜਿੰਦਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨ ਜੁਗਤਿ, ਪੰਨਾ-32.

ਸਾਹਿਬਾਨ ਨੇ ਜਾਤ-ਪਾਤ ਵਿੱਚ ਗ੍ਰਸਿਤ ਇਸ ਸਮਾਜ ਵਿੱਚ ਇੱਕ ਚਾਨਣ ਦੀ ਕਿਰਨ ਜਗਾਈ ਅਤੇ ਮਨੁੱਖਾਂ ਨੂੰ ਇਹਨਾਂ ਤੰਗ ਵਲਗਣਾਂ ਵਿੱਚੋਂ ਕੱਢ ਕੇ ਇੱਕ ਸੰਤੁਲਿਤ ਅਤੇ ਰਿਸ਼ਟ-ਪੁਸ਼ਟ ਸਮਾਜ ਦੀ ਸਿਰਜਣਾ ਕੀਤੀ, ਜਿਸ ਵਿੱਚ ਸਾਰੇ ਵਰਗਾਂ ਦੇ ਲੋਕ ਜਾਤ-ਪਾਤ ਜਿਹੀ ਬੁਰਾਈ ਤੋਂ ਦੂਰ ਰਹਿ ਕੇ ਸਮਾਜ ਦੀ ਤਰੱਕੀ ਅਤੇ ਅਗਵਾਈ ਲਈ ਕੰਮ ਕਰਨ ਲੱਗੇ।

"ਦਲਿਤ" ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ-ਦਬਿਆ, ਕੁਚਲਿਆ ਜਾਂ ਲਿਤਾੜਿਆ ਹੋਇਆ। ਅਜੋਕੇ ਸੰਦਰਭ ਵਿੱਚ ਇਸਦੀ ਵਰਤੋਂ ਅਤਿਆਚਾਰ ਦੇ ਸ਼ਿਕਾਰ ਲੋਕਾਂ ਜਾ ਦਮਿਤ ਵਰਗਾਂ ਲਈ ਕੀਤੀ ਜਾਂਦੀ ਹੈ ਜਿਸਦਾ ਸਮਾਨਾਂਤਰ ਅੰਗਰੇਜ਼ੀ ਸ਼ਬਦ 'the oppressed' ਹੈ। ਇਸ ਸ਼ਬਦ ਦੀ ਵਰਤੋਂ ਪਹਿਲੀ ਵਾਰ ਮਹਾਰਾਸ਼ਟਰ ਦੇ ਕ੍ਰਾਂਤੀਕਾਰੀ ਸਮਾਜ ਸੁਧਾਰਕ ਆਗੂ ਅਤੇ ਗ਼ੈਰ-ਬ੍ਰਾਹਮਣ ਲਹਿਰ (ਸੱਤਿਆਸ਼ੋਧਕ ਸਮਾਜ) ਦੇ ਬਾਨੀ **ਜੋਤੀਬਾ ਫੂਲੇ** ਨੇ ਕੀਤੀ। ਉਸ ਨੇ ਭਾਰਤੀ ਸਮਾਜ ਦੀ ਜਾਤੀ-ਪ੍ਰਥਾ ਹੱਥੋਂ ਪੀੜਤ ਅਤੇ ਦਮਿਤ ਅਛੂਤ ਜਾਤੀਆਂ ਨੂੰ ਦਲਿਤ ਦਾ ਨਾਮ ਦਿੱਤਾ।

ਗੁਰਬਾਣੀ ਇੱਕ ਅਜਿਹੇ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਉਪਰਾਲਾ ਕਰਦੀ ਹੈ ਜੋ ਨਿੱਜ ਕੇਂਦਰਿਤ ਜਾਂ ਹਉਮੈਂਪਾਰੀ ਜੀਵਨ-ਜਾਚ ਦੀ ਤੰਗ ਵਲਗਣ ਵਿੱਚੋਂ ਨਿਕਲ ਕੇ ਆਪੇ ਅਤੇ ਬ੍ਰਹਿਮੰਡ ਨਾਲ ਇੱਕਸੁਰ ਹੋ ਕੇ ਜਿਉਂ ਸਕੇ ਅਤੇ ਹਰ ਕਿਸਮ ਦੇ ਮਸਨੂਈ ਵਿਤਕਰਿਆਂ ਤੋਂ ਨਿਰਲੇਪ ਹੋ ਕੇ ਵਿੱਚਰ ਸਕੇ। ਇਸ ਮੰਤਵ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ-ਪ੍ਰਬੰਧ ਨੂੰ ਨਿਰੋਲ ਰੁਹਾਨੀਅਤ ਦੇ ਪਰਮਾਰਥਿਕ, ਸਮਾਜਿਕ ਅਤੇ ਰਾਜਨੀਤਿਕ ਯਥਾਰਥ ਨਾਲ ਜੋੜ ਕੇ ਸਮਝਣਾ ਚਾਹੀਦਾ ਹੈ। ਹਾਸ਼ੀਆਗਤ ਵਰਗ ਨਾਲ ਸੰਬੰਧਿਤ ਦਲਿਤ ਸ਼ਬਦ ਦਾ ਕੋਸ਼ੀ ਅਰਥ ਹੈ- ਦਬਿਆ-ਕੁਚਲਿਆ ਜਾਂ ਲਿਤਾੜਿਆ ਹੋਇਆ ਮਨੁੱਖ। ਪਰ ਅਜੋਕੇ ਸਮੇਂ ਵਿੱਚ ਇਸ ਦੀ ਵਰਤੋਂ ਸਨਾਤਨੀ ਵਰਨ-ਵਿਵਸਥਾ ਜਾਂ ਜਾਤੀ ਪ੍ਰਥਾ ਅਨੁਸਾਰ ਪਛੜੀਆਂ ਸ਼੍ਰੇਣੀਆਂ, ਪਛੜੇ ਕਬੀਲਿਆਂ ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਸਮੁੱਚੇ ਭਾਰਤ ਵਿੱਚ ਦਲਿਤ ਚੇਤਨਾ ਨਾਲ ਸੰਬੰਧਿਤ ਇਹ ਪਹਿਲਾ ਮਹੱਤਵਪੂਰਨ ਪਾਵਨ ਗ੍ਰੰਥ ਹੈ।

ਸੱਚ ਤਾਂ ਇਹ ਹੈ ਕਿ ਸਭ ਤੋਂ ਪਹਿਲਾਂ ਮੱਧਕਾਲੀਨ ਭਾਰਤ ਵਿੱਚ ਸੰਤਾਂ, ਭਗਤਾਂ ਅਤੇ ਗੁਰੂ-ਸਾਹਿਬਾਨ ਨੇ ਜਾਤੀ-ਪ੍ਰਥਾ ਹੱਥੋਂ ਪੀੜਤ ਵਰਗਾਂ ਦੇ ਪੱਖ ਵਿੱਚ ਅਵਾਜ਼ ਬੁਲੰਦ ਕੀਤੀ।

ਪ੍ਰਾਚੀਨ ਭਾਰਤੀ ਸਮਾਜ ਵਿੱਚ ਵਰਨ-ਵੰਡ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਧਸ ਚੁੱਕੀਆਂ ਸਨ ਕਿ ਇੱਥੇ ਕੋਈ ਵੀ ਵਿਚਾਰਧਾਰਾ ਇਸਦੇ ਪਰਛਾਵੇਂ ਤੋਂ ਅਛੂਤੀ ਨਹੀਂ ਰਹਿ ਸਕਦੀ ਸੀ। ਦੂਜੇ ਅਧਿਆਇ ਵਿੱਚ ਵਰਨ-ਵੰਡ ਨਾਲ ਸੰਬੰਧਿਤ ਸਾਹਿਤ ਦਾ ਅਸੀਂ ਪ੍ਰਾਚੀਨ ਕਾਲ ਦੇ ਅਤੇ ਮੱਧਵਰਤੀ ਕਾਲ ਦੇ ਸਾਹਿਤ ਅਧੀਨ ਅਧਿਐਨ ਕੀਤਾ ਹੈ ਅਤੇ ਭਾਰਤੀ ਸਮਾਜ ਵਿਚਲੀ ਵਰਨ-ਵੰਡ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਪੁਰਾਤਨ ਗ੍ਰੰਥ ਰਿਗਵੇਦ ਵਿੱਚ ਵਰਨ-ਵੰਡ ਵਿਵਸਥਾ ਦਰਸਾਈ ਹੈ। ਰਿਗਵੇਦ ਦਾ ‘ਪੁਰਸਸੂਤਕ’ ਸਲੋਕ ਇਸ ਗੱਲ ਦੀ ਗਵਾਹੀ ਭਰਦਾ ਹੈ। ‘ਪੁਰਸਸੂਤਕ’ ਤੋਂ ਭਾਰਤੀ ਸਮਾਜ ਦੇ ਚਤੁਰਵਰਨ ਦਾ ਅਰੰਭ ਮੰਨਿਆ ਜਾਂਦਾ ਹੈ। ਇਹ ਸਿਰਫ ਚਾਰ ਵਰਨਾਂ ਦੀ ਗਿਣਤੀ ਹੀ ਨਹੀਂ ਕਰਦਾ ਸਗੋਂ ਉਹਨਾਂ ਦੇ ਹਿੱਸੇ ਦੇ ਕਾਰਜ ਵੀ ਦਰਸਾਉਂਦਾ ਹੈ। ਸੋ ਜ਼ਾਹਰਾ ਤੌਰ ’ਤੇ ਅਸੀਂ ਆਖ ਸਕਦੇ ਹਾਂ ਕਿ ਰਿਗਵੇਦ ਵਿੱਚ ਸ਼ੂਦਰ ਵਰਨ ਦੀ ਵਿਵਸਥਾ ਸੀ ਜੋ ਨਿਮਨ ਵਰਗ ਦੇ ਤੌਰ ’ਤੇ ਜਾਣਿਆ ਜਾਂਦਾ ਸੀ ਅਤੇ ਇਸ ਨੂੰ ਉਪਰਲੇ ਵਰਨਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਸਿਮ੍ਰਿਤੀ ਸਾਹਿਤ ਇਸ ਪ੍ਰਥਾ (ਵਰਨ-ਵੰਡ) ਨੂੰ ਧਾਰਮਿਕ ਰੂਪ ਦਿੰਦਾ ਹੈ। ਇਸ ਅਨੁਸਾਰ ਕਿੱਤੇ ਆਧਾਰਿਤ ਵਰਨ-ਵੰਡ ਪਿਛਲੇ ਜਨਮ ਵਿੱਚ ਕੀਤੇ ਕਰਮਾਂ ਦਾ ਫਲ ਹੈ। ਇਸ ਜਨਮ ਵਿੱਚ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣ ਨਾਲ ਹੀ ਅਗਲੇ ਜਨਮ ਵਿੱਚ ਉੱਚ ਜਾਤੀ ਪ੍ਰਾਪਤ ਹੋ ਸਕਦੀ ਹੈ। ਬ੍ਰਾਹਮਣ ਭਾਵੇਂ ਇਖਲਾਕਹੀਣ ਹੀ ਹੋਵੇ ਪੂਜਣਯੋਗ ਹੈ ਅਤੇ ਸ਼ੂਦਰ ਚਾਹੇ ਸਦਾਚਾਰੀ ਹੋਵੇ ਆਦਰ ਯੋਗ ਨਹੀਂ ਹੈ। ਚਾਣਕਿਆ ਦਾ ਅਰਥਸ਼ਾਸਤਰ ਇੱਕ ਪ੍ਰਾਚੀਨ ਰਚਨਾ ਮੰਨੀ ਗਈ ਹੈ। ਚਾਣਕਿਆ ਨੇ ਆਪਣੀ ਇਸ ਪੁਸਤਕ ਵਿੱਚ ਰਾਜ, ਰਾਜੇ ਦੀਆਂ ਜ਼ਿੰਮੇਵਾਰੀਆਂ, ਪਰਜਾ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ਾਂ, ਸਮਾਜ ਵਿਚਲੀ ਵਰਨ-ਵੰਡ ਅਤੇ ਉਸ ਵੰਡ ਅਨੁਸਾਰ ਨਿਸ਼ਚਿਤ ਕੀਤੇ ਕੰਮਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ।

ਚਾਣਕਿਆ ਨੇ ਸ਼ੂਦਰ ਲਈ ਬਹੁਤ ਨੀਵੇਂ ਪੱਧਰ ਦੇ ਕੰਮ ਦਰਸਾਏ ਹਨ ਅਤੇ ਉਹਨਾਂ ਪ੍ਰਤੀ ਜ਼ਾਲਮ ਰਵੱਈਆ ਰੱਖਿਆ ਹੈ। ਅਰਥਸ਼ਾਸਤਰ ਵਿੱਚ ਆਇਆ ਹੈ ਕਿ ਜੇ ਸ਼ੂਦਰ ਕਿਸੇ ਉੱਚ ਜਾਤੀ ਦੇ ਵਿਅਕਤੀ ਨੂੰ ਛੂਹ ਵੀ ਲੈਂਦਾ ਹੈ ਤਾਂ ਉਸਦੀ ਸਜ਼ਾ 50 ਪੰਨ ਹੈ। ਅਗਲੇ ਅਧਿਆਇ ਵਿੱਚ ਗੁਰਬਾਣੀ ਅਧੀਨ ਗੁਰੂ ਸਹਿਬਾਨ ਨੇ ਜਾਤ-ਪਾਤ ਨੂੰ ਨਾ ਸਿਰਫ ਨਕਾਰਿਆ ਬਲਕਿ ਸਮਾਜ ਨੂੰ ਸਨੇਹਾ ਦਿੱਤਾ ਕਿ ਚੰਗੇ ਗੁਣ ਅਤੇ ਆਚਰਨ ਵਾਲਾ ਵਿਅਕਤੀ ਹੀ ਉੱਤਮ ਵਿਅਕਤੀ ਹੁੰਦਾ ਹੈ, ਅਖੌਤੀ ਉੱਚ ਜਾਤੀ ਵਿੱਚ ਜਨਮ ਲੈਣ ਨਾਲ ਕੋਈ ਉੱਤਮ ਨਹੀਂ ਹੋ ਸਕਦਾ।

ਗੁਰੂ ਕਾਲ ਦੌਰਾਨ ਔਰਤ ਅਤਿਆਚਾਰ ਦੀ ਸ਼ਿਕਾਰ ਸੀ। ਉਸ ਨੂੰ ਇੱਕ ਵਸਤੂ ਦੀ ਤਰ੍ਹਾਂ ਸਮਝਿਆ ਜਾਂਦਾ ਸੀ। ਮਨੂਵਾਦੀ ਸੋਚ ਨੇ ਉਸ ਨੂੰ ਮਨੁੱਖ ਹੋਣ ਦੇ ਅਧਿਕਾਰ ਤੋਂ ਵੀ ਵਾਂਝਾ ਕੀਤਾ ਹੋਇਆ ਸੀ। ਅਜਿਹੇ ਸਮੇਂ ਗੁਰੂ ਨਾਨਕ ਦੇਵ ਜੀ ਉਸਦੇ ਹੱਕ ਵਿੱਚ ਨਿੱਤਰਦੇ ਹੋਏ ਉਸ ਦੇ ਸਰਬ ਸ੍ਰੇਸ਼ਠ ਹੋਣ ਦਾ ਪ੍ਰਮਾਣ ਤੱਥਾਂ ਸਹਿਤ ਦਿੰਦੇ ਹਨ। ਇਹਨਾਂ ਧਰਮ-ਪ੍ਰਵਰਤਕਾਂ ਦੇ ਕ੍ਰਾਂਤੀਕਾਰੀ ਪ੍ਰਵਚਨ ਦੀ ਪ੍ਰਤੀਨਿਧ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿੱਚ ਪ੍ਰਾਪਤ ਹੈ। ਜਿਵੇਂ ਪਹਿਲਾਂ ਦੱਸਿਆ ਹੈ, ਬਹੁਤ ਸਾਰੇ ਭਗਤ ਬਾਣੀਕਾਰ ਖੁਦ ਦਲਿਤ ਜਾਤੀਆਂ ਵਿੱਚੋਂ ਹਨ ਅਤੇ ਆਪਣੀ ਦਲਿਤ ਸਥਿਤੀ ਬਾਰੇ ਨਾ ਸਿਰਫ ਪੂਰੀ ਤਰ੍ਹਾਂ ਚੇਤਨ ਹਨ ਸਗੋਂ ਅਜਿਹੀ ਭੇਦ-ਭਾਵ ਵਾਲੀ ਨੀਤੀ ਉਪਰ ਪੂਰੀ ਤਰ੍ਹਾਂ ਕਟਾਖਸ਼ ਕਰਦੇ ਹਨ। ਭਗਤ ਕਬੀਰ ਜੀ ਅਜਿਹੀ ਭੇਦ-ਭਾਵ ਵਾਲੀ ਨੀਤੀ ਵਿਰੁੱਧ ਬਹੁਤ ਤਿੱਖੇ ਕਟਾਖਸ਼ ਨਾਲ ਕ੍ਰਾਂਤੀਕਾਰੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੇ ਹਨ।

ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਨਾਮਦੇਵ ਜੀ ਨੇ ਅਨੇਕਾਂ ਮਿਸਾਲਾਂ ਦੇ ਕੇ ਜਾਤੀ-ਪ੍ਰਥਾ ਦੇ ਮਸਨੂਈ ਪਰ ਦਮਨਕਾਰੀ ਤੰਤਰ ਨੂੰ ਵਿਸਥਾਪਿਤ ਕਰਨ ਦਾ ਜ਼ੋਰਦਾਰ ਉਪਰਾਲਾ ਕੀਤਾ ਹੈ। ਭਗਤ ਬਾਣੀ ਰਾਹੀਂ ਉਹਨਾਂ ਨੇ ਕਿਤੇ ਰੂਹਾਨੀ ਵਿਵੇਕ ਰਾਹੀਂ, ਕਿਧਰੇ ਵਿਅੰਗ ਰਾਹੀਂ ਅਤੇ ਕਿਧਰੇ ਕਟਾਖਸ਼ ਰਾਹੀਂ ਜਾਤ-ਪਾਤ ਦਾ ਖੰਡਨ ਕੀਤਾ ਹੈ। ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦਾ ਪ੍ਰਵਚਨ ਇਸੇ ਲਈ ਸਮਾਜਿਕ ਅਤੇ ਸੱਭਿਆਚਾਰਕ ਧਰਾਤਲ ਉੱਤੇ ਕ੍ਰਾਂਤੀ ਦਾ ਸਰਚਸ਼ਮਾ ਬਣ ਕੇ ਉੱਭਰਦਾ ਹੈ। ਇਹ ਗੁਰਬਾਣੀ ਰਾਹੀਂ ਮੁਗਲ-ਸਾਮੰਤਵਾਦ ਦੀ ਕੱਟੜ ਮਜ਼ਹਬੀ ਨੀਤੀ ਅਤੇ ਹਕੂਮਤੀ

ਤੱਸ਼ਦਦ ਦਾ ਮੁਕਾਬਲਾ ਕਰਨ ਲਈ ਨੈਤਿਕ ਮਨੋਬਲ ਪੈਦਾ ਕਰਦਾ ਹੈ ਅਤੇ ਦੂਸਰੇ ਪਾਸੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਦੇ ਮਾਨਵ-ਦੋਖੀ ਕਿਰਦਾਰ ਨੂੰ ਵੀ ਉਘਾੜਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਹਾਸ਼ੀਆਗਤ ਵਰਗ ਨੂੰ ਸੋਝੀ ਦੇ ਕੇ ਅਜਿਹਾ ਸੰਕਲਪ ਪੇਸ਼ ਕਰਦੀ ਹੈ ਜੋ ਪਾਰਲੌਕਿਕ ਨਹੀਂ ਸਗੋਂ ਇਹਲੌਕਿਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿਧਾਂਤਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿੱਚ ਸਰਬੱਤ ਦਾ ਭਲਾ, ਕਿਰਤ ਕਰੋ ਅਤੇ ਵੰਡ ਛਕੋ, 'ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ' ਦੇ ਸਿਧਾਂਤ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਸਨ। ਗੁਰੂ ਨਾਨਕ ਦੇਵ ਜੀ ਕਿਰਤ ਦੇ ਨਾਲ-ਨਾਲ ਵੰਡ ਦੀ ਗੱਲ ਵੀ ਕਰਦੇ ਹਨ ਜੋ ਕਿ ਬ੍ਰਾਹਮਣਵਾਦੀ ਆਰਥਿਕ ਤੇ ਸਮਾਜਿਕ ਵਿਵਸਥਾ ਨੂੰ ਸਿੱਧੀ ਲਲਕਾਰ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਉੱਚੀਆਂ ਤੇ ਨੀਵੀਂਆਂ ਜਾਤਾਂ ਦਾ ਭੁਲੇਖਾ ਪਾਉਣ ਵਾਸਤੇ ਵੇਦਾਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਮੰਨਦੇ ਹਨ।

ਤੀਜੇ ਗੁਰੂ ਅਮਰਦਾਸ ਜੀ ਇਸ ਤੋਂ ਵੀ ਇੱਕ ਕਦਮ ਅੱਗੇ ਗਏ। ਜੋ ਲੰਗਰ ਵਿੱਚ ਭੋਜਨ ਕਰ ਕੇ ਨਹੀਂ ਸੀ ਆਉਂਦਾ ਉਹ ਉਹਨਾਂ ਦੇ ਦਰਸ਼ਨ ਨਹੀਂ ਸੀ ਕਰ ਸਕਦਾ। ਉਹਨਾਂ ਦੇ ਲੰਗਰ ਵਿੱਚ ਕੋਈ ਭੇਦ-ਭਾਵ ਨਹੀਂ ਸੀ। ਹਿੰਦੂਆਂ ਨੇ ਬਾਦਸ਼ਾਹ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਜੀ ਨੇ ਚਾਰੇ ਜਾਤਾਂ ਦਾ ਭੇਦ-ਭਾਵ ਮਿਟਾ ਦਿੱਤਾ ਹੈ। ਕਸੂਰ ਦੇ ਹਿੰਦੂ ਗਵਰਨਰ ਨੇ ਆਪਣੇ ਬਾਗ ਵਿੱਚ ਗੁਰੂ ਅਮਰਦਾਸ ਜੀ ਨੂੰ ਤੰਬੂ ਲਾਉਣ ਦੀ ਸਹੂਲਤ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ: "ਉਸ (ਗੁਰੂ ਜੀ) ਨੇ ਉੱਚੀਆਂ ਤੇ ਨੀਵੀਂਆਂ ਸਭ ਜਾਤਾਂ ਦੇ ਬੰਦੇ ਆਪਣੇ ਨਾਲ ਰਲਾ ਲਏ ਹਨ। ਇਹ ਬੰਦੇ ਇੱਕ ਪੰਗਤ ਵਿੱਚ ਬੈਠ ਕੇ ਉਸ (ਗੁਰੂ ਜੀ) ਨਾਲ ਤੇ ਹੋਰਨਾ ਨਾਲ ਭੋਜਨ ਖਾਂਦੇ ਹਨ। ਜੇ ਉਸ (ਗੁਰੂ ਜੀ) ਨੇ ਅਛੂਤਾਂ ਦਾ ਗੁਰੂ ਹੋਣਾ ਪ੍ਰਵਾਨ ਕਰ ਲਿਆ ਹੈ ਤਾਂ ਉਸ ਦੀ ਮਰਜ਼ੀ ਪਰ ਮੈਂ ਆਪਣੇ ਨਿਵਾਸ ਥਾਂ ਦੇ ਲਾਗੇ ਉਸ (ਗੁਰੂ ਜੀ) ਨੂੰ ਨਹੀਂ ਆਉਣ ਦੇਵਾਂਗਾ।" ਗੁਰੂ ਅਰਜਨ ਦੇਵ ਜੀ ਨੇ ਸਦੂ (ਬੁਧੂ) ਘੁਮਾਰ ਨੂੰ ਦੱਸਿਆ ਕਿ ਗੁਰੂ ਨਾਨਕ ਜੀ ਨੇ ਚਾਰੇ ਜਾਤਾਂ ਦੇ ਇੱਕ ਸਾਂਝੀ ਥਾਂ ਰੋਟੀ ਖਾਣ ਦੀ ਰੀਤ ਸ਼ੁਰੂ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਚਾਰੇ ਜਾਤਾਂ ਨੂੰ ਇੱਕ ਥਾਂ ਮਿਲਾ ਦਿੱਤਾ। ਇਸੇ ਗੁਰੂ ਜੀ ਨੇ ਭਾਈ ਬਿਧੀਆ ਨੂੰ ਦੱਸਿਆ ਕਿ ਰੂਪਚੰਦ (ਜੋ ਤਰਖਾਣ ਸੀ) ਉਹਨਾਂ ਨੂੰ ਬਹੁਤ ਪਿਆਰਾ ਲਗਦਾ ਹੈ।

ਚਾਰ ਵਰਨ ਬਣਨ ਕਰਕੇ ਜਗਤ ਵਿੱਚ ਗਿਲਾਨ ਪੈਦਾ ਹੋ ਗਈ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਸ਼ੁਰੂ ਤੋਂ ਹੀ ਗੁਰੂ ਨਾਨਕ ਸਾਹਿਬ ਦਾ ਸਮਾਜੀ ਮਨੋਰਥ ਬਰਾਬਰੀ ਵਾਲਾ ਸਮਾਜ ਪੈਦਾ ਕਰਨ ਖ਼ਾਤਰ ਸਿੱਖ ਪੰਥ ਕਾਇਮ ਕਰਨਾ ਸੀ।

ਜਨਮ ਸਾਖੀਆਂ ਵੀ ਇਸ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ। ਗੁਰੂ ਨਾਨਕ ਸਾਹਿਬ ਦੀਆਂ ਸਾਰੀਆਂ ਪ੍ਰਚਾਰ ਉਦਾਸੀਆਂ ਵਿੱਚ ਭਾਈ ਮਰਦਾਨਾ ਸਭ ਤੋਂ ਪਹਿਲਾਂ ਦਾ ਤੇ ਹਮੇਸ਼ਾਂ ਨਾਲ ਰਹਿਣ ਵਾਲਾ ਸਾਥੀ ਰਿਹਾ। ਭਾਈ ਮਰਦਾਨਾ ਮੁਸਲਮਾਨ ਵੀ ਸੀ ਤੇ ਨੀਵੀਂ ਜਾਤ ਦਾ ਵੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਲਈ ਕੁਰਬਾਨੀ ਦਿੱਤੀ ਤਾਂ ਕਿ ਉਹਨਾਂ ਦਾ ਧਰਮ ਬਚ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਨੇਤਾਵਾਂ ਵਜੋਂ ਪੰਜ ਪਿਆਰੇ ਚੁਣੇ। ਉਹਨਾਂ ਵਿੱਚੋਂ ਇੱਕ ਜੱਟ, ਇੱਕ ਨਾਈ, ਇੱਕ ਛੀਂਬਾ ਤੇ ਇੱਕ ਝਿਊਰ ਸੀ। ਨਾਈ, ਛੀਂਬਾ ਤੇ ਝਿਊਰ ਸ਼ੂਦਰ ਸਨ। ਜੱਟ, ਵੈਸ਼ਯ ਤੇ ਸ਼ੂਦਰਾਂ ਨੂੰ ਨਿਖੇੜਨ ਵਾਲੀ ਹੱਦ ਉੱਤੇ ਹੁੰਦਾ ਹੈ। ਅੰਮ੍ਰਿਤ ਛਕਾਉਣ ਦੀ ਰਸਮ ਵੇਲੇ ਗੁਰੂ ਸਾਹਿਬ ਨੇ ਹਦਾਇਤ ਕੀਤੀ ਕਿ ਜਿਨ੍ਹਾਂ ਨੂੰ ਉਹਨਾਂ ਨੇ ਖਾਲਸਾ ਸਜਾਇਆ ਹੈ ਉਹ ਆਪਣੀਆਂ ਪਿਛਲੀਆਂ ਜਾਤਾਂ ਭੁੱਲ ਜਾਣ ਤੇ ਸਾਰੇ ਇੱਕ ਦੂਜੇ ਨੂੰ ਭਰਾ ਸਮਝਣ, ਅਰਥਾਤ ਇੱਕ ਟੱਬਰ ਦੇ ਜੀਅ। ਇਸ ਤੋਂ ਇਲਾਵਾ ਨਾਬਰਾਬਰੀ, ਵਰਗ-ਵੰਡ, ਸਮਾਜਿਕ ਅਸਮਾਨਤਾ, ਲਿੰਗ-ਭੇਦ, ਸਤੀ-ਪ੍ਰਥਾ, ਵੇਸਵਾਗਿਰੀ, ਵਿਧਵਾ ਪ੍ਰਤੀ ਮਾੜੇ ਵਤੀਰੇ ਅਤੇ ਦਹੇਜ ਪ੍ਰਥਾ ਆਦਿ ਦੀਆਂ ਬੁਰਾਈਆਂ ਵਿਰੁੱਧ ਅਵਾਜ਼ ਉਠਾਈ।

ਕਿਸੇ ਵੀ ਦੇਸ਼ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਉਸ ਸਮੇਂ ਇਸਤਰੀ ਨੂੰ ਕੀ ਦਰਜਾ ਦਿੱਤਾ ਗਿਆ ਹੈ। ਜਦੋਂ ਅਸੀਂ ਪੁਰਾਤਨ ਇਤਿਹਾਸ ਨੂੰ ਵਾਚਦੇ ਹਾਂ ਤਾਂ ਇਹ ਤੱਥ ਸਾਡੇ ਸਾਹਮਣੇ ਆਉਂਦਾ ਹੈ ਕਿ ਵੈਦਿਕ ਕਾਲ ਵਿੱਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਸੀ।

ਚੌਥੇ ਅਧਿਆਇ ਵਿੱਚ ਔਰਤ ਦੀ ਸਥਿਤੀ ਦਾ ਪ੍ਰਗਟਾਵਾ ਕੀਤਾ ਹੈ। ਚੰਗੇ ਸਮਾਜ ਵਿੱਚ ਇਸਤਰੀ ਦੀ ਮਹਾਨਤਾ ਕੇਵਲ ਇਸ ਗੱਲ ਵਿੱਚ ਨਹੀਂ ਕਿ ਉਹ ਗੁਰੂਆਂ, ਪੀਰਾਂ, ਫਕੀਰਾਂ ਦੀ

ਜਨਮਦਾਤੀ ਹੈ ਬਲਕਿ ਸਮਾਜ ਨੂੰ ਸ਼ਿਸ਼ਟਾਚਾਰ ਸਿਖਾਉਣ ਅਤੇ ਸਭਿਅਕ ਬਣਾਉਣ ਵਾਲੀ ਹੈ। ਸਮਾਜ ਦੀ ਰਚਨਾ ਔਰਤ ਦੀ ਹੋਂਦ ਤੋਂ ਬਿਨਾਂ ਸੰਭਵ ਹੀ ਨਹੀਂ। ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਹਮੇਸ਼ਾਂ ਉਸ ਦੇ ਹੱਕਾਂ ਤੋਂ ਵੰਚਿਤ ਰੱਖਿਆ ਹੈ। ਵੱਖ-ਵੱਖ ਧਰਮਾਂ ਵਿੱਚ ਇਸ ਨੂੰ ਮੁਕਤੀ ਦੇ ਰਾਹ ਵਿੱਚ ਰੁਕਾਵਟ ਮੰਨਦੇ ਹੋਏ ਤ੍ਰਿਸਕਾਰਿਆ ਗਿਆ ਹੈ। ਸਨਾਤਨ ਧਰਮ, ਜੈਨ ਧਰਮ ਸਭ ਨੇ ਔਰਤ ਦੀ ਘੋਰ ਨਿੰਦਾ ਕੀਤੀ। ਰਾਮਾਨੁਜ ਅਤੇ ਸ਼ੰਕਰਦੇਵ ਵੀ ਇਸਤਰੀ ਨੂੰ ਵੈਸ਼ਨਵ ਧਰਮ ਵਿੱਚ ਦਾਖਲ ਨਹੀਂ ਸਨ ਕਰਦੇ। ਬੇਸ਼ੱਕ ਬੁੱਧ ਧਰਮ ਨੇ ਇਸਤਰੀ ਨਾਲ ਹੋ ਰਹੇ ਅਤਿਆਚਾਰ ਵਿਰੁੱਧ ਅਵਾਜ਼ ਉੱਠਾਈ ਪਰ ਇਸਤਰੀ ਨੂੰ ਮੁਕਤੀ ਦੇ ਰਾਹ ਦਾ ਰੋੜਾ ਉਹ ਵੀ ਸਮਝਦੇ ਹਨ। ਇਸ ਵਿਚਾਰਧਾਰਾ ਦੇ ਉਲਟ ਸਿੱਖ ਧਰਮ ਦੇ ਮੋਢੀ ਸਮਾਜ ਸੁਧਾਰਕ ਮਹਾਨ ਕ੍ਰਾਂਤੀਕਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਚੰਗੇ, ਨਰੋਏ ਸਮਾਜ ਦੀ ਉਸਾਰੀ ਲਈ ਇਸਤਰੀ ਨੂੰ ਵਿਸ਼ੇਸ਼ ਸਥਾਨ ਦਿੱਤਾ। ਗੁਰੂ ਨਾਨਕ ਸਾਹਿਬ ਨੇ ਅਰੰਭ ਤੋਂ ਨਾਰੀ-ਜੁਗਤ ਨੂੰ ਆਦਰਯੋਗ ਸਥਾਨ ਦਿੱਤਾ। ਗੁਰੂ ਜੀ ਦੇ ਮਾਤਾ ਜੀ ਤ੍ਰਿਪਤਾ, ਭੈਣ ਨਾਨਕੀ, ਬੀਬੀ ਸੁਲਖੱਣੀ ਜੀ ਦਾ ਉਹਨਾਂ ਦੇ ਜੀਵਨ ਵਿੱਚ ਬਹੁਤ ਖਾਸ ਸਥਾਨ ਸੀ। ਬੇਬੇ ਨਾਨਕੀ ਜੀ ਦਾ ਗੁਰੂ ਨਾਨਕ ਸਾਹਿਬ ਦੇ ਪਰਿਵਾਰਿਕ ਜੀਵਨ ਵਿੱਚ ਯੋਗਦਾਨ ਸਰਬ ਵਿਖਿਆਤ ਹੈ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਨੇ ਲੰਗਰ ਦੀ ਸੇਵਾ ਇਤਨੀ ਨਿਪੁੰਨਤਾ ਨਾਲ ਕੀਤੀ ਕਿ ਸੱਤਾ ਬਲਵੰਡ ਰਾਮਕਲੀ ਦੀ ਵਾਰ ਵਿੱਚ ਉਹਨਾਂ ਦੀ ਸੇਵਾ ਬਾਰੇ ਲਿਖਣ ਤੋਂ ਰਹਿ ਨਾ ਸਕੇ।

ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪ੍ਰਤਾਲੀ।
ਲੰਗਿਰ ਦਉਲਤਿ ਵੰਡੀਪੈ ਰਸੁ ਲੰਗ ਅੰਮ੍ਰਿਤ ਖੀਰ ਘਿਆਲੀ।

ਲੰਗਰ ਦੀ ਸ਼ੁਰੂਆਤ ਮਾਤਾ ਸੁਲੱਖਣੀ ਜੀ ਨੇ ਕੀਤੀ ਤੇ ਮਾਤਾ ਖੀਵੀ ਜੀ ਨੇ ਉਸ ਨੂੰ ਖਾਸ ਤਰਤੀਬ ਦੇ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ 22 ਮੰਜੀਆਂ ਦੀ ਸਥਾਪਨਾ ਕੀਤੀ ਤਾਂ ਇਸਤਰੀ ਦੇ ਸਨਮਾਨ ਹਿੱਤ ਦੋ ਮੰਜੀਆਂ ਇਸਤਰੀ ਪ੍ਰਚਾਰਕਾਂ ਲਈ ਸਥਾਪਿਤ ਕੀਤੀਆਂ। ਬੀਬੀ ਭਾਨੀ ਜੀ ਸਪੁੱਤਰੀ ਸ੍ਰੀ ਗੁਰੂ ਅਮਰਦਾਸ ਜੀ ਸਿੱਖ ਇਤਹਾਸ ਵਿੱਚ ਸਰਬ ਵਿਖਿਆਤ ਹੈ। ਬੀਬੀ ਭਾਨੀ ਜੀ ਦੀ ਸੇਵਾ ਨੇ ਇਹ ਸਥਾਪਿਤ ਕਰ ਦਿੱਤਾ ਕਿ ਲੜਕੇ ਅਤੇ ਲੜਕੀ ਵਿੱਚ ਕੋਈ ਅੰਤਰ ਨਹੀਂ, ਸੇਵਾ ਦੋਵੇਂ ਹੀ

ਕਰ ਸਕਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚ ਉਹਨਾਂ ਦੀ ਸੁਪਤਨੀ ਮਨਸਾ ਦੇਵੀ ਦਾ ਅਹਿਮ ਸਥਾਨ ਹੈ। ਬੀਬੀ ਭਾਨੀ ਜੀ ਦੀ ਸ਼ਾਦੀ ਸ੍ਰੀ ਗੁਰੂ ਰਾਮਦਾਸ ਜੀ ਨਾਲ ਹੋਈ ਤਾਂ ਉਦੋਂ ਉਹ ਘੁੰਘਣੀਆਂ ਵੇਚਦੇ ਹੁੰਦੇ ਸਨ। ਬੀਬੀ ਭਾਨੀ ਜੀ ਨੇ ਸਹੁਰੇ ਘਰ ਦੀ ਗਰੀਬੀ ਨਹੀਂ ਦੇਖੀ ਸਗੋਂ ਪਿਤਾ ਦੇ ਹੁਕਮ ਅੱਗੇ ਸਿਰ ਨਿਵਾ ਦਿੱਤਾ ਸੀ। ਬੀਬੀ ਭਾਨੀ ਤੋਂ ਬਾਅਦ ਮਾਤਾ ਗੰਗਾ ਜੀ ਦਾ ਸਿੱਖ ਇਤਿਹਾਸ ਵਿਚ ਉੱਤਮ ਸਥਾਨ ਹੈ। ਮਾਤਾ ਗੰਗਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਖੁਦ ਬਾਬਾ ਬੁੱਢਾ ਜੀ ਪਾਸ ਪੁੱਤਰ ਦੀ ਦਾਤ ਦਾ ਵਰ ਲੈਣ ਲਈ ਗਏ। ਮਾਤਾ ਗੰਗਾ ਜੀ ਨੇ ਇਹ ਸਾਬਤ ਕਰ ਦਿੱਤਾ ਕਿ ਦਾਤ ਕੋਈ ਵੀ ਹੋਵੇ ਨਿਮ੍ਰਤਾ ਨਾਲ ਮੰਗਣ ਨਾਲ ਪ੍ਰਾਪਤ ਹੋ ਸਕਦੀ ਹੈ।

ਇਸੇ ਤਰ੍ਹਾਂ ਮਾਤਾ ਦਾਮੋਦਰੀ ਜੀ, ਮਾਤਾ ਮਹਾਂ ਦੇਵੀ ਜੀ ਅਤੇ ਮਾਤਾ ਨਾਨਕੀ ਜੀ ਦਾ ਸਿੱਖ ਇਤਿਹਾਸ ਵਿੱਚ ਅਹਿਮ ਯੋਗਦਾਨ ਹੈ। ਮਾਤਾ ਗੁਜਰੀ ਜੀ ਨੌਵੇਂ ਗੁਰੂ ਕੇ ਮਹਿਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਸਨ। ਮਾਤਾ ਗੁਜਰੀ ਜੀ ਨੇ ਸਿੱਖੀ ਆਦਰਸ਼ ਦੀ ਪਾਲਣਾ ਜਾਨ ਹੂਲ ਕੇ ਕੀਤੀ। ਅੰਤਾਂ ਦੇ ਦੁੱਖ ਵਿੱਚ ਵੀ ਨਾਮ ਬਾਣੀ ਦਾ ਓਟ ਆਸਰਾ ਲੈਣ, ਆਪਣੇ ਆਦਰਸ਼ ਲਈ ਜਾਨ ਕੁਰਬਾਨ ਕਰ ਦੇਣ, ਜ਼ੁਲਮ ਦਾ ਟਾਕਰਾ ਅਣਖ ਨਾਲ ਕਰਨ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਵੱਡੇ ਸ਼ਾਹਿਬਜ਼ਾਦਿਆਂ ਦੀ ਸ਼ਹਾਦਤ ਕਾਰਨ ਹੀ ਸਿੱਖ ਕੌਮ ਦੇ ਸਰਬੰਸਦਾਨੀ ਦਸਮੇਸ਼ ਪਿਤਾ ਦੀ ਕੌਮ ਸਦਾ ਅਮਰ ਹੋ ਗਈ। ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ ਅਤੇ ਮਾਤਾ ਸਾਹਿਬ ਦੇਵਾ ਜੀ ਦਾ ਸਿੱਖ ਇਤਿਹਾਸ ਵਿੱਚ ਅਨਮੋਲ ਸਥਾਨ ਹੈ। 1699 ਈ. ਵਿਚ ਖਾਲਸਾ ਪੰਥ ਦੀ ਸਿਰਜਣਾ ਉਪਰੰਤ ਸਿੱਖ ਨਾਰੀ ਦੀ ਹਾਲਤ ਵਿੱਚ ਬਹੁਤ ਸੁਧਾਰ ਆਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਸਮੇਂ ਜੇ ਮਰਦ ਨੂੰ ਸਿੰਘ ਭਾਵ ਸ਼ੇਰ ਬਣਾਇਆ ਤਾਂ ਔਰਤ ਨੂੰ ਕੌਰ ਭਾਵ ਰਾਜ ਕੁਮਾਰ ਦਾ ਦਰਜ਼ਾ ਦਿੱਤਾ। ਮਰਦਾਂ ਵਾਂਗ ਇਸਤਰੀਆਂ ਨੂੰ ਵੀ ਬਿਨਾਂ ਕਿਸੇ ਭੇਦ-ਭਾਵ ਦੇ ਅੰਮ੍ਰਿਤਪਾਨ ਕਰਵਾਇਆ। ਮਾਤਾ ਸਾਹਿਬ ਕੌਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਤਕਰੀਬਨ 40 ਸਾਲ ਸਿੱਖ ਪੰਥ ਦੀ ਰਹਿਨੁਮਾਈ ਕੀਤੀ। ਮਾਈ ਭਾਗੋ ਨੇ ਤਾਂ ਇਹ ਸਿੱਧ ਕਰ ਦਿੱਤਾ ਕਿ ਜਿੱਥੇ ਔਰਤ ਵਿੱਚ ਤਿਆਗ ਹੈ ਅਤੇ ਉਹ ਸੇਵਾ-ਸਿਮਰਨ ਦੀ ਪੁੰਜ ਤੇ ਪ੍ਰਚਾਰਕ ਹੋ ਸਕਦੀ ਹੈ ਉੱਥੇ ਉਹ ਜ਼ਰੂਰਤ ਪੈਣ 'ਤੇ

ਆਪਣੇ ਗੁਰੂ ਲਈ ਮਰ ਮਿਟਣ ਨੂੰ ਵੀ ਤਿਆਰ ਹੋ ਸਕਦੀ ਹੈ, ਯੁੱਧ ਵਿੱਚ ਭਾਗ ਲੈ ਸਕਦੀ ਹੈ। ਉਸ ਅੰਦਰ ਅਥਾਹ ਵਿਸ਼ਵਾਸ ਸੀ ਜਿਸ ਸਦਕਾ ਉਸ ਨੇ ਡੋਲਦੇ ਹੋਏ ਸਿੱਖਾਂ ਨੂੰ ਸਾਵਧਾਨ ਕਰ ਕੇ ਗੁਰੂ ਨਾਲ ਮੇਲ ਦਿੱਤਾ ਤੇ ਟੁੱਟੀ ਗੰਢਵਾ ਦਿੱਤੀ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਇਸਤਰੀ ਨੂੰ ਬਹੁਤ ਆਦਰਯੋਗ ਸਥਾਨ ਹਾਸਲ ਹੈ ਜਿਸ ਦਾ ਕੁਝ ਵੇਰਵਾ ਇਸ ਖੋਜ-ਪ੍ਰਬੰਧ ਵਿਚ ਵੀ ਦਿੱਤਾ ਗਿਆ ਹੈ। ਇਸ ਖੋਜ-ਪ੍ਰਬੰਧ ਵਿੱਚ ਇਸਤਰੀ ਦੇ ਵੱਖ-ਵੱਖ ਰੂਪਾਂ ਦਾ ਜ਼ਿਕਰ ਕੀਤਾ ਹੈ। ਕੰਨਿਆ ਰੂਪ ਵਿੱਚ, ਪਤਨੀ ਰੂਪ ਵਿੱਚ, ਜਨਨੀ ਰੂਪ ਵਿੱਚ ਗੁਰੂ ਸਾਹਿਬਾਨ ਨੇ ਅਨੇਕਾਂ ਉਦਾਹਰਨਾਂ ਰਾਹੀਂ ਇਸਤਰੀ ਨੂੰ ਉੱਚਾ ਦਰਜਾ ਦਿੱਤਾ ਹੈ। ਮਾਂ ਯਾਨਿ ਜਨਨੀ ਰੂਪ ਵਿੱਚ ਤਾਂ ਗੁਰੂ ਜੀ ਨੇ ਉਸ ਨੂੰ ਉਚਾਈ ਦੀਆਂ ਸਿਖਰਾਂ 'ਤੇ ਪਹੁੰਚਾ ਦਿੱਤਾ। ਮਮਤਾ ਦੀ ਮੂਰਤ, ਖਿਮਾ ਦੀ ਮੂਰਤ, ਮਾਰਗਦਰਸ਼ਕ, ਸਿੱਖਿਆਦਾਤੀ ਅਤੇ ਰਹਿਨੁਮਾ ਦੇ ਰੂਪ ਵਿੱਚ ਉਸ ਦੀ ਉਪਮਾ ਕੀਤੀ ਹੈ। ਇਸ ਖੋਜ-ਪ੍ਰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਦਰਸ਼ ਇਸਤਰੀ ਦੇ ਰੂਪ ਦਾ ਵਰਣਨ ਕਰਨ ਦੀ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਹੈ। ਗੁਰਬਾਣੀ ਅਨੁਸਾਰ ਇਸਤਰੀ ਪਤੀਵਰਤਾ, ਸੁਘੜ ਸਿਆਣੀ, ਗੁਣਵੰਤੀ, ਸੱਤ-ਸੰਤੋਖ ਵਾਲੀ, ਸੋਭਾਵੰਤੀ, ਸਚਿਆਰੀ, ਨਿਮਰਤਾ ਨਾਲ ਭਰਪੂਰ, ਨਿਸ਼ਕਾਮ ਸੇਵਾ ਕਰਨ ਵਾਲੀ, ਨਿਤਨੇਮੀ ਆਦਿ ਗੁਣਾਂ ਨਾਲ ਭਰਪੂਰ ਹੈ। ਖੋਜ-ਪ੍ਰਬੰਧ ਦੇ ਚੌਥੇ ਅਧਿਆਇ ਵਿੱਚ ਇਹਨਾਂ ਗੁਣਾਂ 'ਤੇ ਚਾਨਣਾ ਪਾਉਣਾ ਦੀ ਕੋਸ਼ਿਸ਼ ਕੀਤੀ ਗਈ ਹੈ।

ਵੈਦਿਕ ਕਾਲ ਤੋਂ ਬਾਅਦ ਹੌਲੀ-ਹੌਲੀ ਸਥਿਤੀ ਬਦਲਣੀ ਸ਼ੁਰੂ ਹੋ ਗਈ। ਜਦੋਂ ਤੱਕ ਇਸਲਾਮ ਧਰਮ ਨੇ ਭਾਰਤ ਵਿੱਚ ਪ੍ਰਵੇਸ਼ ਨਹੀਂ ਸੀ ਕੀਤਾ ਉਦੋਂ ਤੱਕ ਹਾਲਤ ਏਨੀ ਬੁਰੀ ਨਹੀਂ ਸੀ। ਤੁਰਕਾਂ ਦੇ ਭਾਰਤ ਵਿੱਚ ਆਉਣ ਨਾਲ ਰਾਜਨੀਤਿਕ, ਆਰਥਿਕ, ਧਾਰਮਿਕ ਜੀਵਨ ਅਤੇ ਭਾਸ਼ਾ ਤੇ ਸਮਾਜ ਦੇ ਪ੍ਰਚਲਿਤ ਨਿਯਮਾਂ ਵਿੱਚ ਵੀ ਅਨੇਕ ਪਰਿਵਰਤਨ ਆਏ ਜਿਨ੍ਹਾਂ ਦਾ ਸਭ ਤੋਂ ਮਾੜਾ ਅਸਰ ਇਸਤਰੀ ਉਪਰ ਪਿਆ। ਅਨੇਕਾਂ ਤਰੀਕਿਆਂ ਰਾਹੀਂ ਔਰਤ ਦਾ ਸ਼ੋਸ਼ਣ ਹੋ ਰਿਹਾ ਸੀ, ਚਾਹੇ ਉਹ ਹਿੰਦੂ ਔਰਤ ਸੀ ਚਾਹੇ ਮੁਸਲਮਾਨ ਔਰਤ। ਔਰਤ ਦੀ ਦਸ਼ਾ ਤਰਸਯੋਗ ਸੀ। ਬਾਲ ਵਿਆਹ, ਬੇਜੋੜ ਵਿਆਹ, ਬਹੁ-ਵਿਆਹ, ਭਰੂਣ ਹੱਤਿਆ, ਸਤੀ ਦੀ ਰਸਮ, ਬੇਔਲਾਦ ਇਸਤਰੀ ਜੀਵਨ, ਦਾਜ ਪ੍ਰਥਾ, ਕੁੱਖ ਵਿੱਚ

ਕਤਲ ਅਜਿਹੀਆਂ ਪ੍ਰਥਾਵਾਂ ਸਨ ਜਿਨ੍ਹਾਂ ਰਾਹੀਂ ਔਰਤ ਦਾ ਮਾਨਸਿਕ ਅਤੇ ਸਰੀਰਿਕ ਸ਼ੋਸ਼ਣ ਹੁੰਦਾ ਰਹਿੰਦਾ ਸੀ। ਸਮਾਜ ਵਿੱਚ ਇਸਤਰੀ ਦੀ ਤਰਸਯੋਗ ਹਾਲਤ ਲਈ ਜ਼ਿੰਮੇਵਾਰ ਸਥਿਤੀਆਂ ਨੂੰ ਬਦਲਣ ਅਤੇ ਇਸਤਰੀ ਨੂੰ ਨਵੇਂ ਰੂਪ ਵਿੱਚ ਪੇਸ਼ ਕਰਨ ਲਈ ਸਿੱਖ ਗੁਰੂ ਸਾਹਿਬਾਨ ਨੇ ਮਹੱਤਵਪੂਰਨ ਕਾਰਜ ਕੀਤੇ। ਸੰਗਤ ਵਿੱਚ ਬਿਨਾਂ ਪਰਦੇ ਇਸਤਰੀ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਕੇਵਲ ਪੁਰਸ਼ਾਂ ਨੂੰ ਹੀ ਸਿੱਖਿਅਤ ਕਰਨ ਦੇ ਉਪਰਾਲੇ ਨਹੀਂ ਕੀਤੇ ਬਲਕਿ ਇਸਤਰੀ ਸਿੱਖਿਆ ਦੇ ਪ੍ਰਸਾਰ ਲਈ ਵੀ ਯਤਨ ਕੀਤੇ।

ਜਦ ਇਸਤਰੀ ਨੂੰ ਬਹੁਤ ਘਟੀਆ, ਮਰਦ ਉੱਤੇ ਇੱਕ ਭਾਰ ਅਤੇ ਅਪਵਿੱਤਰ ਕਹਿ ਕੇ ਛੁਟਿਆਇਆ ਜਾਂਦਾ ਹੋਵੇ ਤਦ ਉਸ ਨੂੰ ਸਾਰੇ ਜਗਤ ਦੀ ਰਚਨਹਾਰੀ ਕਹਿ ਕੇ ਉਚਿਆਉਣਾ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇਕ ਹੈ। ਗੁਰੂ ਸਾਹਿਬ ਨੇ ਨਾ ਕੇਵਲ ਇਸਤਰੀ ਦੀ ਕਰੁਣਾਮਈ ਪੁਕਾਰ ਹੀ ਸੁਣੀ ਸਗੋਂ ਉਸ ਨਾਲ ਹੁੰਦੇ ਅਨਿਆਂ ਵਿਰੁੱਧ ਸਮਾਜ ਨੂੰ ਸਚੇਤ ਕੀਤਾ। ਉਹਨਾਂ ਨੇ ਪੁਰਖ ਅਤੇ ਨਾਰੀ ਦੋਵਾਂ ਵਿੱਚ ਹੀ ਉਸ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ ਹੈ। ਦੋਵਾਂ ਨੂੰ ਪੂਰਨ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਬਿਨਾਂ ਰੋਕ-ਟੋਕ ਅਤੇ ਪਰਦੇ ਤੋਂ ਸਾਧ-ਸੰਗਤ ਵਿੱਚ ਸੇਵਾ ਕਰ ਸਕਦੀ ਹੈ, ਜੰਗ ਵਿੱਚ ਜਾ ਸਕਦੀ ਹੈ ਅਤੇ ਅੰਮ੍ਰਿਤ ਛਕ ਕੇ ਸਾਰੇ ਧਾਰਮਿਕ ਕਰਮ ਕਰਦੀ ਹੋਈ ਗੁਰ ਮਰਯਾਦਾ ਅਨੁਸਾਰ ਪਵਿੱਤਰ ਜੀਵਨ ਬਤੀਤ ਕਰ ਸਕਦੀ ਹੈ।

ਇਸੇ ਤਰ੍ਹਾਂ ਚੌਥੇ ਅਧਿਆਇ ਵਿੱਚ ਔਰਤ ਦੇ ਤਿੰਨ ਵਿਲੱਖਣ ਰੂਪ ਕੰਨਿਆ ਦਾ ਰੂਪ, ਪਤਨੀ ਦਾ ਰੂਪ, ਅਤੇ ਮਾਂ ਦਾ ਰੂਪ ਦਰਸਾਏ ਹਨ। ਗੁਰੂ ਸਾਹਿਬਾਨ ਨੇ ਮਾਂ ਵਜੋਂ ਔਰਤ ਨੂੰ ਸਭ ਤੋਂ ਉੱਚਤਮ ਰੂਪ ਪ੍ਰਦਾਨ ਕੀਤਾ ਹੈ। ਜਗਤ ਜਨਣੀ ਕਹਿ ਕੇ ਸੰਬੋਧਿਤ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਦੇ ਪ੍ਰਵਚਨ ਵਜੋਂ ਦਬੇ-ਕੁਚਲੇ, ਨੀਵੇਂ ਨਿਤਾਣੇ ਵਰਗਾਂ ਅਤੇ ਔਰਤਾਂ ਨੂੰ ਆਤਾਮ-ਸਨਮਾਨ ਨਾਲ ਜਿਊਣ ਦਾ ਰਾਹ ਦਰਸਾਉਂਦੇ ਹਨ। ਗੁਰਬਾਣੀ ਦੀ ਵਿਚਾਰਧਾਰਾ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਦੇ ਖਿਲਾਫ ਸੰਘਰਸ਼ ਕਰਨ ਦੀ ਪ੍ਰੇਰਨਾ ਜਗਾਉਂਦੀ ਹੈ।

ਇਹ ਮਨੁੱਖ-ਮਾਤਰ ਦੀ ਬੁਨਿਆਦੀ ਏਕਤਾ ਅਤੇ ਸਮਾਨਤਾ ਦਾ ਅਜਿਹਾ ਧਰਾਤਲ ਤਲਾਸ਼ ਕਰਦੀ ਹੈ ਜਿੱਥੇ ਕੁਲੀਨ ਵਰਗ ਅਤੇ ਹਾਸ਼ੀਆਗਤ ਵਰਗ ਦਾ ਵਿਤਕਰਾ ਮਿਟ ਜਾਂਦਾ ਹੈ।

ਉੱਤਰੀ ਭਾਰਤ ਵਿਚਲੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਗਤੀਵਿਧੀਆਂ ਵਿੱਚ ਪੰਜਾਬ ਦਾ, (ਪੰਜਾਬ ਜਿਹੜਾ ਕਿ ਹਰ ਹਮਲਾਵਰ ਲਈ ਪ੍ਰਵੇਸ਼ ਦੁਆਰਾ ਬਣਿਆ) ਵਿਸ਼ੇਸ਼ ਯੋਗਦਾਨ ਰਿਹਾ ਹੈ, ਵਿਭਿੰਨ ਜਾਤੀਆਂ, ਸੱਭਿਆਚਾਰਾਂ ਨਾਲ ਸਿੰਚੀ ਇਹ ਪਾਵਨ ਧਰਤੀ ਗੁਰੂਆਂ, ਪੀਰਾਂ, ਭਗਤਾਂ ਦੀ ਧਰਤੀ ਹੈ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿਧਾਂਤ ਸਿਰਜੇ। ਸਰਬੱਤ ਦਾ ਭਲਾ, ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ ਲਿਆਂਦੇ। ਜਿਹੜੇ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਕਿਰਤ ਦੇ ਨਾਲ-ਨਾਲ ਵੰਡ ਦੀ ਗੱਲ ਕਰਦੇ ਹਨ, ਜੋ ਬ੍ਰਾਹਮਣਵਾਦੀ ਆਰਥਿਕ ਤੇ ਸਮਾਜਿਕ ਵਿਵਸਥਾ ਨੂੰ ਖੁੱਲ੍ਹੇ ਤੌਰ 'ਤੇ ਲਲਕਾਰਦੀ ਹੈ। ਗੁਰੂ ਸਾਹਿਬਾਨ ਦੀ ਲੰਬੀ ਪਰੰਪਰਾ ਵਿੱਚ ਉਹਨਾਂ ਦੇ ਬਹੁਤੇ ਸ਼ਰਧਾਲੂ ਨਿਮਨ ਜਾਤੀਆਂ ਵਿੱਚੋਂ ਆਏ। ਲੰਗਰ ਤੇ ਪੰਗਤ ਦੇ ਸਿਧਾਤਾਂ ਨੇ ਜਾਤੀ ਪ੍ਰਥਾ ਨੂੰ ਕਮਜ਼ੋਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸਿੱਖ ਕੌਮ ਦਾ ਬੀਜ ਬਾਬੇ ਨਾਨਕ ਨੇ ਬੀਜਿਆ ਉਸ ਨੂੰ ਪੂਰੀ ਤਰ੍ਹਾਂ ਸਿੰਚ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਖਾਲਸਾ ਪੰਥ ਦੇ ਨੇਤਾਵਾਂ ਵਜੋਂ ਪੰਜ ਪਿਆਰੇ ਚੁਣੇ। ਉਹਨਾਂ ਵਿੱਚੋਂ ਇੱਕ ਜੱਟ, ਇੱਕ ਨਾਈ, ਇੱਕ ਛੀਂਬਾ, ਇੱਕ ਝਿਊਰ ਅਤੇ ਇੱਕ ਖੱਤਰੀ ਵੀ ਸੀ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਚਾਰ ਵਰਨਾਂ ਨੂੰ ਇੱਕ ਕਰਨ ਦੀ ਕੋਸ਼ਿਸ਼ ਕੀਤੀ।

ਚਤੁਰ ਰਨ ਮੈਂ ਕੋਊ ਅੰਮ੍ਰਿਤ ਛਕੈ
ਉਹ ਮੇਰਾ ਸਰੂ ਪਹੈ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜਾਂ ਦੇ ਦੋ ਸਦੀਆਂ ਪਹਿਲਾਂ ਉਲੀਕੇ ਬਰਾਬਰਤਾ ਦੇ ਸੰਕਲਪ ਨੂੰ ਪੂਰਾ ਕੀਤਾ। ਉਹਨਾਂ ਨੇ ਖਾਲਸੇ ਦੀ ਵਾਗਡੋਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਸੌਂਪੀ ਜਿਹੜੇ ਖੁਦ ਨੀਵੀਂ ਸਮਝੀ ਜਾਂਦੀ ਜਾਤੀ ਦੇ ਸਨ। ਇਸ ਪ੍ਰਕਾਰ ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ

ਦਸਵੇਂ ਗੁਰੂ ਸਾਹਿਬਾਨ ਤੱਕ ਸਭ ਨੇ ਜਾਤ-ਪਾਤ ਦੀ ਕਰੜੀ ਆਲੋਚਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਦੀ ਮਹੱਤਤਾ ਦੱਸੀ ਅਤੇ ਘਰ ਘਰ ਹੋਵੇ ਧਰਮਸਾਲ ਦਾ ਜ਼ਿਕਰ ਕੀਤਾ ਤਾਂ ਕਿ ਊਚ-ਨੀਚ ਦਾ ਭੇਦ-ਭਾਵ ਮਿਟਾ ਕੇ ਸੰਗਤਾਂ ਜੁੜਨ ਤੇ ਪਰਮਾਤਮਾ ਦਾ ਨਾਮ ਲੈਣ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਸਤੇ 'ਤੇ ਚਲਦਿਆਂ ਹੋਇਆਂ ਪੰਗਤ ਦੀ ਸਥਾਪਨਾ ਕੀਤੀ। ਪੰਗਤ ਵਿੱਚ ਬੈਠ ਕੇ ਚਾਹੇ ਉਹ ਰਾਜਾ ਅਕਬਰ ਸੀ ਚਾਹੇ ਗਰੀਬ ਬੰਦਾ ਸਭ ਨੂੰ ਇੱਕ ਸਮਾਨ ਲੰਗਰ ਮਿਲਦਾ ਸੀ। ਬੂਟੇ ਸ਼ਾਹ ਲਿਖਦਾ ਹੈ ਕਿ ਗੁਰੂ ਘਰ ਵਿਚ ਵੀਹ ਹਜ਼ਾਰ ਸੰਗਤਾਂ ਲਈ ਹਰ ਰੋਜ਼ ਲੰਗਰ ਪੱਕਦਾ ਸੀ। ਕਾਫਲਿਆਂ ਦੇ ਕਾਫਲੇ ਹਰ ਰੋਜ਼ ਲੰਗਰ ਛਕਦੇ ਸਨ ਤੇ ਇਹ ਸਭ ਕੁਝ ਮਾਤਾ ਖੀਵੀ ਦੀ ਨਿਗਰਾਨੀ ਹੇਠ ਹੁੰਦਾ ਸੀ। ਮਾਤਾ ਖੀਵੀ ਨੇ ਆਪਣੀ ਮਿਹਨਤ, ਪਿਆਰ, ਸੇਵਾ, ਸਤਿਕਾਰ ਸਦਕਾ ਲੰਗਰ ਦੀ ਸੇਵਾ ਨੂੰ ਪੱਕੇ ਪੈਰੀ ਖੜ੍ਹਾ ਕੀਤਾ। ਅੱਜ ਵੀ ਲੰਗਰ ਦੀ ਸੇਵਾ ਕਿੰਨੇ ਪਿਆਰ, ਸਤਿਕਾਰ ਨਾਲ ਕੀਤੀ ਜਾਂਦੀ ਹੈ। ਅੱਜ ਵੀ ਗੁਰੂ ਘਰ ਦੇ ਦਰਵਾਜ਼ੇ ਚੌਵੀ ਘੰਟੇ ਸੰਗਤ ਲਈ ਖੁੱਲ੍ਹੇ ਰਹਿੰਦੇ ਹਨ। ਜਾਤ-ਮਜ਼ਹਬ ਆਦਿ ਦਾ ਕੋਈ ਭੇਦ-ਭਾਵ ਨਹੀਂ ਕੀਤਾ ਜਾਂਦਾ। ਇਸ ਪ੍ਰਕਾਰ ਦੂਜੇ ਪਾਤਸ਼ਾਹ ਨੇ ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ ਸੌਂਪ ਕੇ ਇਸਤਰੀਆਂ ਨੂੰ ਵੀ ਉੱਚਾ ਚੁੱਕਿਆ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਔਰਤਾਂ ਉੱਪਰ ਹੋ ਰਹੇ ਅਤਿਆਚਾਰਾਂ ਦੀ ਘੋਰ ਨਿੰਦਾ ਕੀਤੀ। ਸਤੀ ਅਤੇ ਪਰਦੇ ਦੀ ਰਸਮ ਦੀ ਨਿੰਦਾ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਕਾ ਚੱਕ (ਅਮ੍ਰਿਤਸਰ) ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰਬ-ਸਾਂਝੇ ਪਾਵਨ ਗ੍ਰੰਥ ਦੀ ਸੰਪਾਦਨਾ ਕਰ ਕੇ ਸਿੱਖ ਕੌਮੀਅਤ ਉੱਤੇ ਪੱਕੀ ਮੋਹਰ ਲਗਾ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਜਾਤਾਂ ਨੂੰ ਉੱਚਾ ਚੁੱਕਣ ਲਈ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਚਾਰ ਦਰਵਾਜ਼ਿਆਂ ਵਾਲੇ ਸ੍ਰੀ ਹਰਮਿੰਦਰ ਸਾਹਿਬ ਦੀ ਸਥਾਪਨਾ ਕੀਤੀ ਜਿੱਥੇ ਕੋਈ ਵੀ ਵਿਅਕਤੀ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੋ ਕੇ ਹਰਿ (ਰੱਬ) ਦੇ ਦਰਸ਼ਨ ਕਰ ਸਕਦਾ ਹੈ। ਦਸਵੰਧ ਦੀ ਪ੍ਰਥਾ ਦਾ ਅਰੰਭ ਕੀਤਾ। ਕਰਤਾਰਪੁਰ ਸਾਹਿਬ ਅਤੇ ਛੇਹਰਟਾ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਹਰਗੋਬਿੰਦ ਜੀ ਨੇ ਮੀਰੀ-ਪੀਰੀ ਨਾਂ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖ ਕੌਮ ਦੀ ਰੱਖਿਆ ਕੀਤੀ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਾਂ ਕਸ਼ਮੀਰੀ

ਪੰਡਤਾਂ ਦੀ ਪੁਕਾਰ ਸੁਣ ਕੇ ਧਰਮ ਦੀ ਰਾਖੀ ਲਈ ਅਦੁਤੀ ਸ਼ਹਾਦਤ ਦਿੱਤੀ। ਭਗਤੀ ਦੇ ਸ਼ਾਬਦਿਕ ਅਰਥ ਹਨ- ਸ਼ਰਧਾ, ਵਿਸ਼ਵਾਸ, ਸਿਮਰਨ, ਸੇਵਾ, ਪੂਜਾ, ਉਪਾਸਨਾ ਆਦਿ। ਮੱਧਕਲੀਨ ਭਗਤਾਂ ਨੇ ਵੇਦਾਂ, ਉਪਨਿਸ਼ਦਾਂ ਤੋਂ ਲੈ ਕੇ ਸ਼ੰਕਰਚਾਰੀਆ ਦੇ ਅਦਵੈਤਵਾਦ, ਗੀਤਾ ਦੇ ਕਰਮਯੋਗ, ਨਾਥ ਮਤ, ਜੈਨ-ਮਤ, ਬੁੱਧ ਮਤ, ਸੂਫ਼ੀ ਮਤ ਆਦਿ ਸਰੋਤਾਂ ਤੋਂ ਅਨੇਕ ਵਿਚਾਰ ਅਤੇ ਪ੍ਰਭਾਵ ਗ੍ਰਹਿਣ ਕੀਤੇ। ਵੇਦਾਂ ਵਿੱਚ ਭਗਤੀ ਦੇ ਸ਼ਰਣਾਗਤੀ ਭਾਵ ਕਰਮ, ਗਿਆਨ ਆਦਿ ਦੇ ਵੀ ਦਰਸ਼ਨ ਹੁੰਦੇ ਹਨ, ਜੋ ਭਗਤੀ ਦੇ ਬੀਜ ਰੂਪੀ ਤੱਤ ਮੰਨੇ ਜਾਂਦੇ ਹਨ। ਉਪਨਿਸ਼ਦਾਂ ਵਿੱਚ ਪ੍ਰਭੂ ਦਾ ਨਾਮ 'ਓਮ' ਕਰਕੇ ਅੰਕਿਤ ਹੈ। ਵੇਦਾਂ ਤੋਂ ਲੈ ਕੇ ਪੁਰਾਣਾਂ ਤੱਕ ਭਗਤੀ ਭਾਵਨਾ ਲੋਕਾਂ ਦੇ ਜੀਵਨ ਦਾ ਅਟੁੱਟ ਹਿੱਸਾ ਬਣ ਗਈ ਸੀ। ਭਗਤੀ ਲਹਿਰ ਦਾ ਅਰੰਭ ਦਸਵੀਂ ਸਦੀ ਦੇ ਸ਼ੁਰੂ ਵਿੱਚ ਦੱਖਣ ਤੋਂ ਹੋਇਆ ਮੰਨਿਆ ਜਾਂਦਾ ਹੈ। ਭਗਤੀ ਲਹਿਰ ਨੂੰ ਉੱਤਰੀ ਭਾਰਤ ਵਿੱਚ ਅਸਲ ਹੁਲਾਰਾ ਭਗਤ ਰਾਮਾਨੰਦ ਜੀ ਵੇਲੇ ਮਿਲਿਆ। ਉਹਨਾਂ ਨੇ ਅਸਲ ਵਿੱਚ ਇੱਕ ਰੱਬ ਦਾ ਸੰਦੇਸ਼ ਦਿੱਤਾ ਅਤੇ ਕਰਮ ਕਾਂਡ ਵਿਰੁੱਧ ਅਵਾਜ਼ ਉਠਾਈ। ਉਹਨਾਂ ਦੇ ਅੱਗੇ 12 ਚੇਲੇ ਸਨ ਜਿਨ੍ਹਾਂ ਵਿੱਚ ਪ੍ਰਮੁੱਖ ਭਗਤ ਕਬੀਰ, ਰਵਿਦਾਸ, ਧੰਨਾ, ਪੀਪਾ ਅਤੇ ਸੈਣ ਸਨ ਅਤੇ ਇਹਨਾਂ ਦੀ ਬਾਣੀ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਗਤ ਕਬੀਰ ਜੀ ਨੇ ਪੰਡਤਾਂ ਦੇ ਕਰਮ-ਕਾਂਡ ਅਤੇ ਮੂਰਤੀ ਪੂਜਾ ਦਾ ਵਿਰੋਧ ਕੀਤਾ। ਕਬੀਰ ਨੇ ਜਾਤ-ਪਾਤ ਦੀ ਨਿਖੇਧੀ ਕੀਤੀ। ਹੱਥੀ ਕੰਮ ਕਰਨ ਨੂੰ ਪ੍ਰਮੁੱਖਤਾ ਦਿੱਤੀ। ਉਹ ਸ਼ਿਰੋਮਣੀ ਭਗਤਾਂ ਵਿੱਚੋਂ ਇੱਕ ਹਨ। ਦੂਸਰੇ ਭਗਤ ਨਾਮਦੇਵ ਜੀ ਨੇ ਕਿਹਾ ਕਿ ਧਾਰਮਿਕ ਪੱਖ-ਪਾਤ ਨੂੰ ਛੱਡ ਕੇ ਰੱਬ ਦੀ ਇੱਕੋ ਹੋਂਦ ਨੂੰ ਸਵੀਕਾਰ ਕਰੋ। ਭਗਤ ਕਬੀਰ ਜੀ ਜੁਲਾਹੇ ਸਨ ਤਾਂ ਭਗਤ ਨਾਮਦੇਵ ਜੀ ਦੀ ਜਾਤ ਛੀਂਬਾ ਸੀ। ਭਗਤ ਕਬੀਰ ਜੀ ਨੇ ਜਾਤ-ਪਾਤ ਦੀਆਂ ਦੀਵਾਰਾਂ ਵਿੱਚ ਜਕੜੇ ਸਮਾਜ ਵਿੱਚ ਪੁਜਾਰੀ ਸ਼੍ਰੇਣੀ ਦੀ ਵਿਰੋਧਤਾ ਕਰਦੇ ਹੋਏ ਲਿਖਿਆ ਹੈ:

ਜੋ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀਂ ਆਇਆ॥

ਭਗਤ ਰਵਿਦਾਸ ਜੀ ਚਮਾਰ ਜਾਤ ਨਾਲ ਸੰਬੰਧਿਤ ਸਨ। ਪਰ ਉਹਨਾਂ ਨੇ ਆਪਣੇ ਭਗਤੀ ਮਾਧਿਅਮ ਰਾਹੀਂ ਦੱਸ ਦਿੱਤਾ ਕਿ ਜਾਤ-ਪਾਤ ਨਾਲ ਕੋਈ ਵੱਡਾ ਛੋਟਾ ਨਹੀਂ। ਉਹਨਾਂ ਨੇ ਮੂਰਤੀ ਪੂਜਾ

ਦਾ ਵਿਰੋਧ ਕੀਤਾ। ਭਗਤ ਰਾਮਾਨੰਦ ਜੀ ਜਾਤ ਦੇ ਬ੍ਰਾਹਮਣ ਸਨ। ਉਹ ਪਹਿਲੇ ਵੈਸ਼ਨਵ ਭਗਤ ਸਨ ਜਿਨ੍ਹਾਂ ਨੇ ਨੀਵੀਂ ਜਾਤ ਦੇ ਲੋਕਾਂ ਨੂੰ ਵੀ ਆਪਣਾ ਅਨੁਯਾਈ ਬਣਾਇਆ ਜਿਵੇਂ ਭਗਤ ਰਵਿਦਾਸ ਅਤੇ ਧੰਨਾ ਆਦਿ। ਭਗਤ ਜੈ ਦੇਵ ਜੀ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਗਤ ਤ੍ਰਿਲੋਚਨ ਜੀ ਨੇ ਵੀ ਸਰਗੁਣ ਭਗਤੀ ਦੀ ਥਾਂ ਨਿਰਗੁਣ ਭਗਤੀ ਉੱਪਰ ਜ਼ੋਰ ਦਿੱਤਾ। ਭਗਤ ਧੰਨਾ ਜੀ ਜੱਟ ਹੁੰਦੇ ਹੋਏ ਹੱਥੀਂ ਕਿਰਤ ਨੂੰ ਪ੍ਰਮੁੱਖਤਾ ਦਿੰਦੇ ਸਨ। ਉਹਨਾਂ ਦੇ ਪੂਜਾ ਦੇ ਵਿਲੱਖਣ ਸਿਧਾਂਤ ਸਨ। ਉਹ ਇੱਕ ਰੱਬ ਦੀ ਪੂਜਾ ਨੂੰ ਮੰਨਦੇ ਸਨ।

ਭਗਤ ਸੈਣ ਜੀ ਜਾਤ ਦੇ ਨਾਈ ਸਨ। ਉਹਨਾਂ ਦਾ ਪਵਿੱਤਰ ਸ਼ਬਦ ਧਨਾਸਰੀ ਰਾਗ ਵਿੱਚ ਦਰਜ ਹੈ। ਭਗਤ ਪੀਪਾ ਜੀ ਰਾਜਪੂਤ ਸਨ। ਉਹਨਾਂ ਨੇ ਗੁਰੂ ਮੰਤਰ ਰਾਮਾਨੰਦ ਜੀ ਪਾਸੋਂ ਲਿਆ। ਭਗਤ ਭੀਖਣ ਅਤੇ ਭਗਤ ਸਧਨਾ ਜੀ ਇਸਲਾਮ ਧਰਮ ਨਾਲ ਸੰਬੰਧਿਤ ਸਨ। ਭਗਤ ਪਰਮਾਨੰਦ, ਭਗਤ ਸੂਰਦਾਸ ਅਤੇ ਭਗਤ ਬੇਣੀ ਜੀ ਬ੍ਰਾਹਮਣ ਜਾਤ ਨਾਲ ਸੰਬੰਧਿਤ ਸਨ ਅਤੇ ਭਗਤ ਫ਼ਰੀਦ ਜੀ ਇਸਲਾਮ ਧਰਮ ਨਾਲ ਸੰਬੰਧਿਤ ਸਨ। ਇਸ ਪ੍ਰਕਾਰ 15 ਭਗਤ ਸਾਹਿਬਾਨ ਦੇ ਵੱਖ-ਵੱਖ ਧਰਮਾਂ, ਵੱਖ-ਵੱਖ ਜਾਤਾਂ ਨਾਲ ਸੰਬੰਧਿਤ ਹੋਣ 'ਤੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਯੋਗ ਥਾਂ ਦੇ ਕੇ ਸਨਮਾਨਿਆ। ਇਸ ਤਰ੍ਹਾਂ ਇਹ ਸੰਸਾਰ ਦਾ ਪਹਿਲਾ ਅਜਿਹਾ ਧਰਮ-ਗ੍ਰੰਥ ਹੈ ਜਿਸ ਵਿੱਚ ਵੱਖ-ਵੱਖ ਧਰਮਾਂ, ਵੱਖ-ਵੱਖ ਸੱਭਿਆਚਾਰਾਂ, ਬੋਲੀਆਂ ਅਤੇ ਜਾਤਾਂ ਦੇ ਮਨੁੱਖਾਂ ਨੂੰ ਥਾਂ ਦੇ ਕੇ ਮਾਨਵ ਸਨਮਾਨ ਨੂੰ ਸਿਖਰ 'ਤੇ ਪਹੁੰਚਾਇਆ ਗਿਆ ਹੈ। ਗੁਰੂ ਜੀ ਨੇ ਸਾਨੂੰ ਦੱਸ ਦਿੱਤਾ ਕਿ ਜਨਮ ਜਾਤ ਦੀ ਉੱਤਮਤਾ ਨੂੰ ਨਕਾਰਦਾ ਹੈ ਅਤੇ ਬੌਧਿਕ ਉੱਤਮਤਾ ਨੂੰ ਪ੍ਰਵਾਨ ਕਰਦਾ ਹੈ। ਭਗਤ ਬਾਣੀ ਤੋਂ ਬਾਅਦ ਭੱਟ ਬਾਣੀ ਸੰਕਲਿਤ ਹੈ। ਸੰਸਕ੍ਰਿਤ ਦੇ ਸ਼ਬਦ 'ਭ੍ਰਿਤਾ' ਦਾ ਪੰਜਾਬੀ ਰੁਪਾਂਤਰਣ 'ਭਟ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਬਾਣੀ ਪੰਨਾ 1389 ਤੋਂ ਸ਼ੁਰੂ ਹੁੰਦੀ ਹੈ। ਪੰਜਾਬ ਦੇ ਭੱਟ ਜਾਤ ਦੇ ਸਾਰਸ਼ਤ ਬ੍ਰਾਹਮਣ ਸਨ। ਉੱਚੀਆਂ ਜਾਤਾਂ ਦੇ ਬ੍ਰਾਹਮਣ, ਭੱਟਾਂ ਨੂੰ ਆਪਣੇ ਨਾਲੋਂ ਨੀਵੀਂ ਜਾਤ ਦੇ ਬ੍ਰਾਹਮਣ ਸਮਝਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਭਾ ਜਦੋਂ ਭੱਟਾਂ ਦੇ ਕੰਨੀ ਪਈ ਤਾਂ ਇਹ ਗੁਰੂ ਦਰਬਾਰ ਵਿੱਚ ਪੁੱਜੇ। ਭੱਟਾਂ ਨੇ ਗੁਰੂ ਸਾਹਿਬਾਨ ਦੀ ਉਸਤਤ ਵਿੱਚ ਸ਼ਬਦ ਰਚਨਾ ਵੀ

ਕੀਤੀ। ਭੱਟਾਂ ਅਤੇ 4 ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੇਵਾ ਦਾ ਸੰਕਲਪ ਇੱਕ ਹੋਰ ਮਹਾਨ ਇਨਕਲਾਬੀ ਧਾਰਮਿਕ ਸੰਕਲਪ ਹੈ। ਹਿੰਦੁਸਤਾਨ ਵਿੱਚ ਸੇਵਾ ਵੀ ਜਾਤ-ਪਾਤੀ ਸਮਾਜਿਕ ਦਰਜੇਬੰਦੀ ਨਾਲ ਸਦੀਆਂ ਤੋਂ ਜੁੜੀ ਰਹੀ ਹੈ। ਇਸੇ ਕਾਰਨ ਸੇਵਾ ਅਤੇ ਸੇਵਕ ਦੋਵਾਂ ਨੂੰ ਨੀਵੇਂ ਸਮਝਿਆ ਜਾਂਦਾ ਸੀ। ਸੇਵਾ ਕਰ ਕੇ ਮਨੁੱਖ ਸਮਾਜਿਕ ਨੀਵੇਂਪਨ ਦਾ ਸ਼ਿਕਾਰ ਹੁੰਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਸੇਵਾ ਨੂੰ ਜੋ ਕਦੇ ਸਮਾਜ ਵਿੱਚ ਲਾਹਨਤ ਸਮਝੀ ਜਾਂਦੀ ਸੀ, ਦਰਗਾਹ ਦੀ ਪਉੜੀ ਬਣਾ ਦਿੱਤਾ ਗਿਆ। ਦੂਸਰੇ ਸ਼ਬਦਾਂ ਵਿੱਚ ਗੁਰੂ ਗ੍ਰੰਥ ਦੀ ਬਾਣੀ ਨੇ 'ਸੇਵਾ' ਅਤੇ ਕਿਰਤ ਦੋਹਾਂ ਨੂੰ ਉਚਿਆ ਕੇ ਸਮਾਜ ਵਿੱਚ ਸੇਵਕ ਅਤੇ ਕਿਰਤੀ ਦਾ ਦਰਜਾ ਉੱਚਾ ਕੀਤਾ। ਇਹ ਸੇਵਾ ਦੀ ਬਦੌਲਤ ਹੀ ਹੈ ਕਿ ਗੁਰੂ ਅੰਗਦ ਲਹਿਣੇ ਤੋਂ ਗੁਰੂ ਦੀ ਪਦਵੀ ਨੂੰ ਪ੍ਰਾਪਤ ਹੋਏ। ਗੁਰੂ ਅਮਰਦਾਸ ਜੀ ਸਭ ਤੋਂ ਵਡੇਰੀ ਉਮਰ ਵਿੱਚ ਸੇਵਾ ਕਮਾਈ ਕਰ ਕੇ ਗੁਰੂ ਪਦ ਨੂੰ ਗ੍ਰਹਿਣ ਕਰਨ ਦੇ ਯੋਗ ਹੋਏ। ਸਾਰੇ ਭਗਤ ਕਿਰਤੀ ਵਰਗ ਵਿੱਚੋਂ ਸਨ। ਭਗਤ ਕਬੀਰ ਜੁਲਾਹੇ ਦਾ ਕਰਮ ਕਰਦੇ ਸਨ ਅਤੇ ਭਗਤ ਰਵਿਦਾਸ ਜੀ ਚਮੜੇ ਦਾ। ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸੇਵਾ ਅਤੇ ਕਿਰਤ ਦੇ ਮਹੱਤਵ ਰਾਹੀਂ ਮਨੁੱਖ ਨੂੰ ਸਮਾਜਿਕ ਤੌਰ 'ਤੇ ਨਿਖੱਟੂ ਹੋਣ ਤੋਂ ਬਚਾਇਆ। ਇਸ ਦਾ ਵੱਡਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਨਵਵਾਦੀ ਵਿਚਾਰਧਾਰਾ ਹੈ। ਇਹ ਵਿਚਾਰਧਾਰਾ ਉਚੇਰੇ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਲਈ ਸੰਸਾਰ ਤਿਆਗਣ ਦੀ ਥਾਂ ਸੰਸਾਰ ਦੀਆਂ ਬੁਰਾਈਆਂ ਤਿਆਗਣ ਦਾ ਸੰਦੇਸ਼ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਇਹ ਸਹਿਜ-ਮਾਰਗ ਜਾਂ ਨਾਮ-ਮਾਰਗ ਹੀ, ਧਰਮ ਦੀ ਸਮਾਜਿਕ ਸਾਰਥਕਤਾ ਨੂੰ ਬਹਾਲ ਕਰਦਿਆਂ ਧਰਮ ਦੇ ਕ੍ਰਾਂਤੀਕਾਰੀ, ਲੋਕ-ਮੁਖੀ, ਸਮਾਜ-ਮੁਖੀ ਅਤੇ ਕਿਰਤੀ-ਮੁਖੀ ਦ੍ਰਿਸ਼ਟੀਕੋਣ ਰਾਹੀਂ ਮਨੁੱਖ ਨੂੰ ਮਾਇਆ ਅਤੇ ਸੰਸਾਰ ਵਿੱਚ ਰਹਿੰਦਿਆਂ ਇਸ ਤੋਂ ਨਿਰਲੇਪ ਰਹਿਣ ਦੀ ਸਿੱਖਿਆ ਦਿੰਦਾ ਹੈ।

ਸਿੱਖ ਧਰਮ ਵਿੱਚਲਾ ੧ਓ ਦਾ ਨੁਕਤਾ ਇਸ ਦਰਸ਼ਨ ਨੂੰ ਮਾਨਵਵਾਦ ਦੇ ਮੂਲ ਨਾਲ ਜੋੜਦਾ ਹੈ। ਸਮੁੱਚੇ ਬ੍ਰਹਿਮੰਡ ਨੂੰ ਇੱਕੋ ਜੋਤ ਦਾ ਪ੍ਰਗਟਾਵਾ ਮੰਨਣਾ ਸਮੁੱਚੀ ਮਨੁੱਖਤਾ ਨੂੰ ਇੱਕ ਇਕਾਈ ਵਜੋਂ

ਲੈਣਾ ਹੈ। ਇਸ ਵਿੱਚ ਮਾਨਵਵਾਦ ਦੇ ਸਾਰੇ ਪੱਖ ਸਿਮਟ ਜਾਂਦੇ ਹਨ। ਮੂਲ ਮੰਤਰ ਸਮੁੱਚੀ ਮਾਨਵਤਾ ਦੇ ਸਰੂਪ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਗੁਰਮਤਿ ਦਾ ਇੱਕ ਰੱਬ ਦਾ ਸੰਕਲਪ ਇਸ ਤਰਕ ਨੂੰ ਬਲ ਬਖਸ਼ਦਾ ਹੈ ਕਿ ਸਮੁੱਚਾ ਬ੍ਰਹਿਮੰਡ ਇੱਕੋ ਸਰੋਤ ਵਿੱਚੋਂ ਉਪਜਿਆ ਹੈ। ਇਸ ਲਈ ਸਮਾਜਿਕ ਵਿਤਕਰੇ ਲਈ ਕੋਈ ਸਥਾਨ ਨਹੀਂ ਬਚਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਵਿੱਚ ਚਹੁੰ ਵਰਨਾਂ ਦੀ ਸਮਾਜਿਕ ਦਰਜੇਬੰਦੀ ਨੂੰ ਨਕਾਰਦੇ ਹੋਏ ਹਰ ਮਨੁੱਖ ਵਿੱਚ ਇੱਕ ਜੋਤਿ ਦੇ ਪ੍ਰਕਾਸ਼ ਨੂੰ ਅਨੁਭਵ ਕਰਨ ਉੱਤੇ ਬਲ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਹੀ ਖਿੱਤੇ, ਜਾਤ-ਬਰਾਦਰੀ, ਸਥਾਨਕ, ਇਲਾਕਾਈ ਤੇ ਕਬਾਇਲੀ ਸੱਭਿਆਚਾਰ, ਇਸਤਰੀ ਪ੍ਰਤੀ ਸੋਚ ਅਤੇ ਹਾਸ਼ੀਆਗਤ ਵਰਗ ਦੇ ਵਿਸ਼ੇ ਸਮੋ ਕੇ ਇੱਕ ਸਮਨਵੈ ਸੱਭਿਆਚਾਰ ਦੀ ਧਾਰਨਾ ਦਾ ਪ੍ਰਚਲਨ ਹੋ ਗਿਆ ਹੈ। ਗੁਰਬਾਣੀ ਦਾ ਆਸ਼ਾ ਜਨ-ਸਧਾਰਨ ਨੂੰ ਅਧਿਆਤਮਿਕ ਪੱਖ ਤੋਂ ਪ੍ਰੇਰਿਤ ਕਰਨ ਦੇ ਨਾਲ-ਨਾਲ ਕਿਸੇ ਕਿਸਮ ਦੀ ਅਣਮਨੁੱਖੀ ਵੰਡ ਨੂੰ ਅਸਵੀਕਾਰਨਾ ਵੀ ਹੈ।

ਸਮੁੱਚੇ ਤੌਰ ’ਤੇ ਆਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਦੀ ਚੇਤਨਾ ਬਾਰੇ ਕ੍ਰਾਂਤੀਕਾਰੀ ਪ੍ਰਵਚਨ ਬਣ ਕੇ ਉਜਾਗਰ ਹੁੰਦੇ ਹਨ ਅਤੇ ਉਦਾਰਵਾਦੀ ਮਾਨਵੀ ਕਦਰਾਂ-ਕੀਮਤਾਂ ਦਾ ਸੰਚਾਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਰਦੇ ਸਮੇਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਾਤ-ਪਾਤ ਦਾ ਖੰਡਨ ਕਰਦੇ ਹੋਏ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਕਰਦੇ ਸਮੇਂ ਚਾਹੇ ਲਹਿੰਦੇ ਪੰਜਾਬ ਦਾ ਸੂਫੀ ਦਰਵੇਸ਼ ਸ਼ੇਖ ਬਾਬਾ ਫਰੀਦ ਸੀ, ਚਾਹੇ ਉੱਤਰੀ ਭਾਰਤ ਦੇ ਸੰਤ ਰਾਮਾਨੰਦ, ਭੀਖਣ, ਭਗਤ ਕਬੀਰ, ਭਗਤ ਰਵਿਦਾਸ, ਰਾਜਸਥਾਨੀ ਸੰਤ ਧੰਨਾ ਭਗਤ, ਪੀਪਾ, ਭਗਤ ਸਧਨਾ, ਮਹਾਰਾਸ਼ਟਰੀ ਸੰਤ ਨਾਮਦੇਵ ਆਦਿ ਸਾਰੇ ਇੱਕ ਥਾਂ ਇੱਕ ਰੂਪ ਹੋ ਕੇ ਪ੍ਰਗਟ ਹੋਏ। ਇਹਨਾਂ ਵਿੱਚ ਨਾ ਕੋਈ ਵੱਡਾ ਸੀ ਤੇ ਨਾ ਕੋਈ ਛੋਟਾ।

ਜਾਤ-ਪਾਤੀ ਸਮਾਜ ਨੇ ਜੋ ਨੀਵਾਂ ਦਰਜਾ ਔਰਤ ਨੂੰ ਦਿੱਤਾ ਹੋਇਆ ਸੀ ਉਸ ਬਾਰੇ ਕੋਈ ਹੋਰ ਟਿੱਪਣੀ ਕਰਨ ਦੀ ਜ਼ਰੂਰਤ ਨਹੀਂ ਜਾਪਦੀ। ਗੁਰੂ ਸਾਹਿਬਾਨ ਨੇ ਔਰਤ ਨੂੰ ਜਗਤ ਜਨਨੀ ਦੇ ਰੂਪ ਵਿੱਚ ਸਤਿਕਾਰ ਦੀ ਪਾਤਰ ਬਣਾਇਆ।

ਇਸ ਖੋਜ-ਪ੍ਰਬੰਧ ਰਾਹੀਂ ਇਸੇ ਨੂੰ ਦ੍ਰਿੜ੍ਹਾਉਣ ਦਾ ਯਤਨ ਕੀਤਾ ਗਿਆ ਹੈ ਕਿ ਗੁਰੂ ਸਾਹਿਬਾਨ ਦਾ ਮੰਤਵ ਸੀ ਸਰਬੱਤ ਦਾ ਭਲਾ, ਸਾਂਝੇ ਵਿਚਾਰ, ਸਾਂਝਾਂ ਭਾਈਚਾਰਾ, ਸਾਂਝੀ ਲਗਨ, ਸਾਂਝੀ ਸਮਾਜਿਕ ਚੇਤਨਾ, ਸਾਂਝੀ ਸੰਸਕ੍ਰਿਤੀ ਦੀ ਸਥਾਪਨਾ ਤੇ ਮਨੁੱਖ ਨੂੰ ਅਧਿਆਤਮਕ ਤੌਰ ’ਤੇ ਉੱਚਾ ਚੁੱਕਣਾ। ਇਸ ਸਰਬ ਸਾਂਝ ਲਈ ਉਹਨਾਂ ਨੇ ਸੰਵਾਦ ਦੀ ਜੁਗਤ ਅਪਣਾਈ, ਲੋਕ ਸੰਪਰਕ ਕਾਇਮ ਕੀਤਾ ਤੇ ਸਾਂਝੀ ਬੋਲੀ ਦਾ ਸੰਕਲਪ ਦਿੱਤਾ ਜਿਸ ਵਿੱਚ ਫਾਰਸੀ ਜ਼ਬਾਨ ਦੇ ਲਫ਼ਜਾਂ ਦੀ ਵਰਤੋਂ ਇੱਕ ਸਹਿਜ ਅਮਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਾਤ-ਪਾਤ ’ਤੇ ਆਧਾਰਿਤ ਸਮਾਜਿਕ ਅਨਿਆਂ ਪ੍ਰਤੀ ਬੜਾ ਸਿੱਧਾ ਤੇ ਸਪਸ਼ਟ ਨਜਰੀਆ ਹੈ।

ਗੁਰੂ ਅਮਰਦਾਸ ਜੀ ਕਹਿੰਦੇ ਹਨ: “ਆਗੈ ਜਾਤਿ ਰੂਪੁ ਨ ਜਾਇ॥” ਤੇਹਾ ਹੋਵੈ ਜੈਹੈ ਕਰਮ ਕਮਾਇ॥ ਕਿਸੇ ਖਾਸ ਕੁਲ ਜਾਂ ਵਰਨ ਵਿੱਚ ਜਨਮ ਲੈਣ ਨਾਲ ਵਿਅਕਤੀ ਉਸ ਸਮਾਜ ਜਾਂ ਉਸ ਜਾਤ ਕੁਲ ਵਾਲਾ ਨਹੀਂ ਬਣ ਜਾਂਦਾ ਬਲਕਿ ਚੰਗੇ ਕਰਮ ਕਰ ਕੇ ਰਾਖਸ਼ਸ ਵੀ ਦੇਵਤੇ ਬਣ ਸਕਦੇ ਹਨ ਅਤੇ ਭੈੜੇ ਕਰਮਾਂ ਕਰਕੇ ਦੇਵਤੇ ਵੀ ਰਾਖਸ਼ਸ ਪੱਧਰ ’ਤੇ ਆ ਸਕਦੇ ਹਨ।

ਸਾਧ ਕਰਮ ਜੋ ਪੁਰਖ ਕਮਾਵੈ॥
ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀਂ॥
ਨਾਮ ਅਸੁਰ ਤਿਨ ਕੋ ਸਭ ਧਰਹੀਂ॥

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਵਿਗਿਆਨਕ ਵਿਧੀਆਂ ਜਾਂ ਲੋਕਧਾਰਾਈ ਮਾਡਲਾਂ ਦੇ ਅਧਿਐਨ ਨਾਲ ਗੁਰਬਾਣੀ ਦੇ ਅਥਾਹ ਸਮੁੰਦਰ ਵਿੱਚੋਂ ਹੋਰ ਵੀ ਅਨਮੋਲ ਮੋਤੀਆਂ ਦਾ ਖਜਾਨਾ ਢੂੰਡਿਆ ਜਾ ਸਕਦਾ ਹੈ ਅਤੇ ਗੁਰੂ ਆਸ਼ੇ ਦੀਆਂ ਅੰਤਰੀਵੀ ਜੁਗਤਾਂ ਨੂੰ ਪਛਾਣ ਕੇ ਉਹਨਾਂ ਤੋਂ

ਅਧਿਆਤਮਿਕ ਅਤੇ ਆਤਮਿਕ ਲਾਭ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗੁਰਬਾਣੀ ਹਰ ਸ਼ਰਧਾ ਵਾਲੇ ਵਿਅਕਤੀ ਲਈ "ਧੁਰ ਕੀ ਬਾਣੀ" ਅਤੇ ਰੁਹਾਨੀਅਤ ਦਾ ਅਮਰ ਸੋਮਾ ਹੈ।

ਗੁਰਬਾਣੀ ਰਚਨਾ ਦਾ ਮਾਧਿਅਮ ਲੋਕ ਭਾਸ਼ਾ ਹੈ। ਸ਼ਾਇਦ ਇਹ ਇੱਕੋ ਇੱਕ ਗ੍ਰੰਥ ਹੈ ਜੋ ਗਿਆਨ, ਤਰਕ ਅਤੇ ਇੱਕ ਫਲਸਫੇ ਦਾ ਧਾਰਨੀ ਹੁੰਦੇ ਹੋਇਆਂ ਵੀ ਜਨ ਸਧਾਰਨ ਨੂੰ ਸੰਬੋਧਿਤ ਹੈ। ਜਨ ਸਧਾਰਨ ਨੂੰ ਸੰਬੋਧਿਤ ਹੋਣ ਦਾ ਪਹਿਲਾ ਪ੍ਰਮਾਣ ਲੋਕ ਭਾਸ਼ਾ ਹੈ। ਇਸ ਪਾਵਨ ਗ੍ਰੰਥ ਵਿੱਚ ਬਿਨਾਂ ਕਿਸੇ ਭੇਦ-ਭਾਵ ਦੇ ਖੇਤਰੀ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ ਜੋ ਸਦੀਆਂ ਤੋਂ ਹਾਸ਼ੀਏ 'ਤੇ ਰਹੀਆਂ ਹਨ। ਸਾਡੇ ਸਮਾਜ ਵਿੱਚ ਅਨੇਕਾਂ ਪ੍ਰਕਾਰ ਦੀਆਂ ਸਮਾਜਿਕ ਵੰਡੀਆਂ ਹਨ ਜਿਵੇਂ:- ਖਿੱਤਾ, ਜਾਤ-ਬਰਾਦਰੀ, ਲਿੰਗ-ਭੇਦ, ਸਥਾਨਕ, ਇਲਾਕਾਈ ਤੇ ਕਬਾਇਲੀ ਸੱਭਿਆਚਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹਨਾਂ ਭੇਦਾਂ ਨੂੰ ਸਮੋ ਕੇ ਇੱਕ ਸਮਨਵੈ ਸੱਭਿਆਚਾਰ ਦੀ ਧਾਰਨਾ ਦਾ ਪ੍ਰਚਲਨ ਕੀਤਾ ਗਿਆ ਹੈ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲ ਵਿੱਚ ਸੰਕਲਿਤ ਇੱਕ ਅਜਿਹਾ ਪਾਵਨ ਗ੍ਰੰਥ ਹੈ ਜਿਸ ਰਾਹੀਂ ਪੁਰਾਤਨ ਸੰਸਕ੍ਰਿਤੀ, ਵਿਚਾਰਧਾਰਾਵਾਂ, ਵਿਭਿੰਨ ਫਲਸਫਿਆਂ ਅਤੇ ਸਮਕਾਲੀ ਵਿਚਾਰਧਾਰਾਵਾਂ ਨਾਲ ਇੱਕੋ ਸਮੇਂ ਕੀਤਾ ਗਿਆ ਸੰਵਾਦ ਪ੍ਰਸਤੁਤ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਦੀ ਚੇਤਨਾ ਬਾਰੇ ਕ੍ਰਾਂਤੀਕਾਰੀ ਪ੍ਰਵਚਨ ਬਣ ਕੇ ਉਜਾਗਰ ਹੁੰਦੇ ਹਨ ਅਤੇ ਉਦਾਰਵਾਦੀ ਮਾਨਵੀ ਕਦਰਾਂ-ਕੀਮਤਾਂ ਦਾ ਸੰਚਾਰ ਕਰਦੇ ਹਨ।

# SRI GURU GRANTH SAHIB : HASIAGAT VARG DE PARVACHAN VAJOH

**A**
**ABSTRACT**

Submitted to the faculty of Social Sciences of the
Punjabi University, Patiala
In Fulfillment of the Requirements
for the Degree of

**DOCTOR OF PHILOSOPHY**
**IN**
**RELIGIOUS STUDIES**


**Supervisor** **Researcher**

Dr. Sarabjinder Singh Kiranjit Kaur

Prof. & Head



**DEPARTMENT OF SRI GURU GRANTH SAHIB STUDIES**

**PUNJABI UNIVERSITY, PATIALA**

**ABSTRACT**

Punjab always played important role in political, social, religion activities of Northern India. Sikh religion is a religion who take guidance from Gurubani and present new thought and new way of living. Guru Nanak Dev Ji has developed new principles. Among them are doing the work, distributes among the fellowsmen, and recite the name of God (Akal Purukh). The teaching of Sri Guru Granth Sahib is for all ages, for all peoples and for the welfare of everyone. It creates the concept of freedom from exploitation.

Sri Guru Granth Sahib is edited by fifth Guru Arjan Dev Ji. Guruji has comphed in it the bani of Guru Sahiban, Bhagath, Bhagats and Sufi saints which make it pious Garanth for every people of the world. The language of Sri Guru Granth Sahib is in the language of common people. It is the only Garanth which provide knowledge, criticism and philosophy while addressing to the common people.

Indian sub altern class is a class which from centuries not have even a status of human being. This class always remains at marginal. Under subsaltern class we have discussed the status and position of Dalit and Women. In Ancient Indian literatures like Vedas, Samrities and other Garanths this class has not got respectable status. In this research work we try to study the condition and positions of this class with the help of teaching of Sri Guru Granth Sahib. Sri Guru Granth Sahib discarded the discrimination on the basis of sex, colour race, caste, and creed. It teach us about the equality of human being.

Sri Guru Granth Sahib's revolutionary teachings stands with susaltern class and provided them equal status.

**Keywords :**

Discrimination : ਵਿਤਕਰਾ

Social Justice : ਸਮਾਜਿਕ ਨਿਆ

Universalism : ਸਰਬਵਿਆਪਕਤਾ

Subaltern : ਹਾਸੀਆਗਤ

Revolutionary : ਕ੍ਰਾਂਤੀਕਾਰੀ

# ਸ੍ਰੀ ਗੁਰੂ ਗ੍ਰੰਥ ਸਾਹਿਬ: ਹਾਸੀਆਗਤ ਵਰਗ ਦੇ ਪ੍ਰਵਚਨ ਵਜੋਂ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਫ਼ੈਕਲਟੀ ਆਫ਼ ਸੋਸ਼ਲ ਸਾਇੰਸਜ਼

ਅਧੀਨ ਪੀਐੱਚ.ਡੀ. (ਧਰਮ ਅਧਿਐਨ) ਦੀ ਡਿਗਰੀ

ਲਈ ਨਿਯਮਾਂ ਦੀ ਪੂਰਤੀ ਹਿਤ ਪ੍ਰਸਤੁਤ

**ਰੂਪ-ਰੇਖਾ**

**2018**


**ਨਿਗਰਾਨ :** **ਖੋਜਾਰਥਣ:**

**ਪ੍ਰੋਫ਼ੈਸਰ (ਡਾ.) ਸਰਬਜਿੰਦਰ ਸਿੰਘ** **ਕਿਰਨਜੀਤ ਕੌਰ**

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਾਰ

"ਸਿੱਖ ਧਰਮ" ਅਜਿਹਾ ਧਰਮ ਹੈ ਜਿਹੜਾ ਗੁਰੂਬਾਣੀ ਤੋਂ ਆਪਣੀ ਸੇਧ ਲੈਂਦਾ ਹੋਇਆ ਇੱਕ ਨਵੀਂ ਵਿਚਾਰਧਾਰਾ ਅਤੇ ਵਿਹਾਰ ਲੈ ਕੇ ਪੇਸ਼ ਹੁੰਦਾ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿਧਾਂਤ ਸਿਰਜੇ, ਉਹਨਾਂ ਵਿੱਚ ਸਰਬਤ ਦਾ ਭਲਾ, ਕਿਰਤ ਕਰੋ ਤੇ ਵੰਡ ਛੱਕੋ ਦੇ ਸਕਲੰਪ ਸਾਹਮਣੇ ਲਿਆਂਦੇ, ਜਿਹੜੇ ਬ੍ਰਾਹਮਣੀ ਵਿਚਾਰਧਾਰਾ ਦਾ ਸਿੱਧਾ ਵਿਰੋਧ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜਿੱਥੇ ਸਰਬਕਾਲੀ, ਸਰਬਸਾਂਝੀ ਅਤੇ ਸਰਬਕਲਿਆਣਕਾਰੀ ਹੈ ਉੱਥੇ ਇਹ ਸੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜਣ ਵੀ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਿਤ ਇਸ ਪਾਵਨ ਗ੍ਰੰਥ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਸੂਫੀਆਂ, ਭੱਟਾਂ ਦੀ ਬਾਣੀ ਵੀ ਸ਼ਾਮਲ ਹੈ ਜੋ ਇਸ ਪਾਵਨ ਗ੍ਰੰਥ ਨੂੰ ਸਰਬ-ਸਾਝਾਂ ਹੋਣ ਦਾ ਮਹੱਤਵ ਪ੍ਰਦਾਨ ਕਰਦੀ ਹੋਈ ਸਾਨੂੰ ਸਹੀ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਗੁਰਬਾਣੀ ਰਚਨਾ ਦਾ ਮਾਧਿਅਮ ਲੋਕ ਭਾਸ਼ਾ ਹੈ। ਸ਼ਾਇਦ ਇਹੋ ਇੱਕ ਗ੍ਰੰਥ ਹੈ ਜੋ ਗਿਆਨ, ਤਰਕ ਅਤੇ ਫਲਸਫੇ ਦਾ ਧਾਰਨੀ ਹੁੰਦਾ ਹੋਇਆ ਵੀ ਜਨ ਸਧਾਰਨ ਨੂੰ ਸੰਬੋਧਿਤ ਹੈ। ਗੁਰਬਾਣੀ ਦੀ ਵਿਚਾਰਧਾਰਾ ਸੱਤਾ ਵਿਹੂਣੇ ਵਰਗਾਂ ਅਤੇ ਸਧਾਰਨ ਲੋਕਾਂ ਦੀ ਵਿਚਾਰਧਾਰਾ ਹੈ।

ਭਾਰਤੀ ਹਾਸੀਆਗਤ ਵਰਗ ਦੀ ਵਿਭਿੰਨ ਸਭਿਆਚਾਰਾਂ ਅਤੇ ਸਮਾਜੀ-ਆਰਥਿਕ ਬਣਤਰਾਂ ਤੋਂ ਇਹ ਗੁਣਾਤਮਕ ਰੂਪ ਵਿੱਚ ਭਿੰਨਤਾ ਹੈ ਕਿ ਇਸ ਕੋਲ ਤਾਂ ਸਦੀਆਂ ਭਰ ਮਨੁੱਖ ਹੋਣ ਦਾ ਰੁਤਬਾ ਵੀ ਨਹੀਂ ਰਿਹਾ। ਇਹ ਵਰਗ ਅਧਿਕਾਰਾਂ ਤੋਂ ਵਿਛੁੰਨਿਆਂ ਹੋਇਆ ਹਮੇਸ਼ਾ ਹਾਸ਼ੀਆਗਤ ਰਿਹਾ ਹੈ। ਹਾਸ਼ੀਆਗਤ ਵਰਗ ਦਾ ਦੂਸਰਾ ਮੁੱਖ ਵਿਸ਼ਾ ਜਿਸ ਉੱਪਰ ਅਸੀਂ ਆਪਣੇ ਇਸ ਖੋਜ ਵਿਸ਼ੇ ਤੇ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਉਹ ਔਰਤ ਹੈ। ਵੇਦਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵੱਖ-ਵੱਖ ਗ੍ਰੰਥ ਵਿੱਚ ਵੀ ਉਸ ਨੂੰ ਕੋਈ ਸਨਮਾਨਯੋਗ ਥਾਂ ਨਹੀਂ ਦਿੱਤੀ ਗਈ। ਅਸੀਂ ਆਪਣੇ ਇਸ ਖੋਜ ਵਿਸ਼ੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਅਧੀਨ ਇੰਨਾਂ ਦੋਨਾਂ ਮੁੱਖ ਮੁੱਦਿਆਂ ਉੱਪਰ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਜਾਤ-ਪਾਤ ਦਾ ਖੰਡਨ ਕਰਨ ਵਾਲੀ ਹੈ। ਇਸਦਾ ਸਭ ਤੋਂ ਵੱਡਾ ਉਦਾਹਰਣ ਇਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਸਮੇਂ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਹੋਰ ਭਗਤਾਂ ਦੀ ਬਾਣੀ ਦੀ ਚੋਣ ਕਰਨ ਵੇਲੇ ਭਗਤਾਂ ਦੀ ਜਾਤ-ਪਾਤ ਦਾ ਧਿਆਨ ਨਹੀਂ ਰੱਖਿਆ ਸਗੋਂ ਇਹ ਦੇਖਿਆ ਕਿ ਉਨ੍ਹਾਂ ਦੀ ਰਚਨਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ ਹੀ ਹੋਣੀ ਚਾਹੀਦੀ ਹੈ।

ਸਿੱਖ ਧਰਮ ਵਿੱਚਲਾ "ੴ" ਦਾ ਨੁਕਤਾ ਇਸ ਦਰਸ਼ਨ ਨੂੰ ਮਾਨਵਵਾਦ ਦੇ ਮੂਲ ਨਾਲ ਜੋੜਦਾ ਹੈ। ਮੂਲ ਮੰਤਰ ਸਮੁੱਚੀ ਮਾਨਵਤਾ ਦੇ ਸਰੂਪ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਵਿੱਚ ਚਹੁੰ ਵਰਨਾਂ ਦੀ ਸਮਾਜਿਕ ਦਰਜੇਬੰਦੀ ਨੂੰ ਨਕਾਰਦੇ ਹੋਏ ਹਰ ਮਨੁੱਖ ਵਿੱਚ ਇੱਕ ਜੋਤਿ ਦੇ ਪ੍ਰਕਾਸ਼ ਨੂੰ ਅਨੁਭਵ ਕਰਨ ਉੱਤੇ ਬਲ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਹੀ ਖਿੱਤੇ, ਜਾਤ-ਬਰਾਦਰੀ, ਸਥਾਨਕ, ਇਲਾਕਾਈ ਤੇ ਕਬਾਇਲੀ ਸਭਿਆਚਾਰ, ਇਸਤਰੀ ਪ੍ਰਤੀ ਸੋਚ ਹਾਸ਼ੀਆਗਤ ਵਰਗ ਦੇ ਵਿਸ਼ੇ ਸਮੋ ਕੇ ਇੱਕ ਸਮਨੇਵੈ ਸੱਭਿਆਚਾਰ ਦੀ ਧਾਰਨਾ ਦਾ ਪ੍ਰਚਲਨ ਹੋ ਗਿਆ ਹੈ।

ਸਮੁੱਚੇ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਵਰਗ ਦੀ ਚੇਤਨਾ ਬਾਰੇ ਕ੍ਰਾਂਤੀਕਾਰੀ ਪ੍ਰਵਚਨ ਬਣ ਕੇ ਉਜਾਗਰ ਹੁੰਦੇ ਹਨ ਅਤੇ ਉਦਾਰਵਾਦੀ ਮਾਨਵੀ ਕਦਰਾਂ-ਕੀਮਤਾਂ ਦਾ ਸੰਚਾਰ ਕਰਦੇ ਹਨ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਅਸੀਂ ਭਾਸ਼ਾ, ਵਿਗਿਆਨਕ ਵਿਧੀਆਂ ਨਾਲ ਜਾਂ ਲੋਕਧਾਰਾਈ ਮਾਡਲਾਂ ਦੇ ਅਧਿਐਨ ਨਾਲ ਗੁਰਬਾਣੀ ਦੇ ਅਥਾਹ ਸਮੁੰਦਰ ਵਿੱਚੋਂ ਹੋਰ ਵੀ ਅਨਮੋਲ ਮੋਤੀਆਂ ਦਾ ਖਜਾਨਾ ਢੂੰਡ ਸਕਦੇ ਹਾਂ ਅਤੇ ਗੁਰੂ ਆਸ਼ੇ ਦੀਆਂ ਅੰਤਰੀਵੀ ਯੁਗਤਾਂ ਨੂੰ ਪਛਾਣ ਕੇ ਉਹਨਾਂ ਤੋਂ ਅਧਿਆਤਮਕ ਅਤੇ ਆਤਮਕ ਲਾਭ ਦੀ ਪ੍ਰਾਪਤੀ ਕਰ ਸਕਦੇ ਹਾਂ। ਗੁਰਬਾਣੀ ਹਰ ਸਰਧਾਲੂ ਵਿਅਕਤੀ ਲਈ "ਧੁਰ ਕੀ ਬਾਣੀ" ਅਤੇ ਰੂਹਾਨੀਅਤ ਦਾ ਅਮਰ ਸੋਮਾ ਹੈ।

**ਕੀ-ਵਰਡਸ** : ਹਾਸੀਆਗਤ- ਇੱਕ ਪੱਛੜੀ ਸ਼੍ਰੇਣੀ, ਦਲਿਤ- ਦਬਿਆ, ਕੁਚਲਿਆ, ਲਤਾੜਿਆ ਹੋਇਆ, ਉਦਾਰਵਾਦੀ-ਅਗਾਂਹਵਧੂ, ਸੰਕਲਪ-ਦ੍ਰਿੜ ਨਿਸ਼ਚੇ, ਵਿਛੁੰਨਿਆ-ਅਲਗ ਹੋਇਆ, ਸੰਰਚਨਾ- ਰੂਪ-ਰੇਖਾ, ਮਾਰਕਸਵਾਦ-ਖੱਬੇ ਪੱਖੀ ਵਿਚਾਰਧਾਰਾ, ਸੰਦਰਭ-ਕਿਸੇ ਵਿਸ਼ੇ ਉੱਪਰ।

# ਘੋਸ਼ਣਾ ਪੱਤਰ

ਮੈਂ ਬਿਆਨ ਕਰਦੀ ਹਾਂ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ : ਹਾਸ਼ੀਆਗਤ ਵਰਗ ਦੇ ਪ੍ਰਵਚਨ ਵਜੋਂ** ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਕਿਰਨਜੀਤ ਕੌਰ

(ਖੋਜਾਰਥੀ)

ਪ੍ਰਤਿ-ਹਸਤਾਖਰ

ਸਰਬਜਿੰਦਰ ਸਿੰਘ (ਡਾ.)

(ਨਿਗਰਾਨ)

# ਧੰਨਵਾਦ

ਮੈਂ ਸਭ ਤੋਂ ਪਹਿਲਾਂ ਸ਼ੁਕਰੀਆ ਅਦਾ ਕਰਦੀ ਹਾਂ ਉਸ ਸੱਚੇ ਪਾਤਸ਼ਾਹ ਦਾ ਜਿਨ੍ਹਾਂ ਦੀ ਅਪਾਰ ਕਿਰਪਾ ਰਾਹੀਂ ਮੈਂ ਇਹ ਆਰੰਭਿਆ ਖੋਜ-ਕਾਰਜ ਸੰਪੂਰਨ ਕਰ ਪਾਈ। ਇਸ ਖੋਜ-ਪ੍ਰਬੰਧ ਦੀ ਤਿਆਰੀ ਵਿਚ ਜਿਨ੍ਹਾਂ ਸਰੋਤਾਂ ਨੂੰ ਵਰਤੋਂ ਵਿਚ ਲਿਆਂਦਾ ਗਿਆ, ਉਨ੍ਹਾਂ ਵਿਚੋਂ ਪ੍ਰਮੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਪ੍ਰਤੀ ਨਤਮਸਤਕ ਹੁੰਦਿਆਂ ਮੈਂ ਉਨ੍ਹਾਂ ਸਭਨਾਂ, ਖੋਜੀਆਂ, ਵਿਦਵਾਨਾਂ ਅਤੇ ਲੇਖਕਾਂ ਦੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਅਮੋਲਕ ਰਚਨਾਵਾਂ ਤੋਂ ਬਿਨਾਂ ਇਹ ਖੋਜ-ਪ੍ਰਬੰਧ ਸੰਪੂਰਨ ਹੋਣਾ ਮੁਸ਼ਕਿਲ ਸੀ। ਮੈਂ ਆਪਣੇ ਸਤਿਕਾਰਯੋਗ ਨਿਗਰਾਨ, ਰਹਿਬਰ ਪ੍ਰੋਫੈਸਰ (ਡਾ.) ਸਰਬਜਿੰਦਰ ਸਿੰਘ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਬਹੁਤ ਕੀਮਤੀ ਸਮੇਂ ਅਤੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਮੇਰੀ ਸੁਯੋਗ ਅਗਵਾਈ ਕੀਤੀ। ਮੈਂ ਉਨ੍ਹਾਂ ਵੱਲੋਂ ਦਿੱਤੇ ਕੀਮਤੀ ਸੁਝਾਵਾਂ ਲਈ ਦਿਲੋਂ ਧੰਨਵਾਦੀ ਅਤੇ ਰਿਣੀ ਹਾਂ।

ਡਾ. ਸਰਬਜਿੰਦਰ ਸਿੰਘ ਜੀ ਨੇ ਆਪਣੀ ਸੁਯੋਗ ਅਗਵਾਈ ਸਦਕਾ ਇਸ ਵਿਸ਼ੇ ਨਾਲ ਸਬੰਧਿਤ ਸਮੱਸਿਆਵਾਂ, ਬਰੀਕੀਆਂ ਅਤੇ ਹੋਰ ਪੱਖਾਂ ਤੇ ਆਰੰਭ ਤੋਂ ਲੈ ਕੇ ਅੰਤਿਮ ਚਰਨ ਤੱਕ ਹਰ ਕਦਮ ਤੇ ਮੇਰਾ ਮਾਰਗ ਦਰਸ਼ਨ ਕੀਤਾ। ਮੈਂ ਆਪਣੇ ਭੈਣ (ਦੀਦੀ) ਸ੍ਰੀਮਤੀ ਬਿਮਲਜੀਤ ਕੌਰ ਦੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਹਿੰਦੀ ਵਿਭਾਗ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲ ਆਉਣ ਲਈ ਪ੍ਰੇਰਿਆ, ਜਿਨ੍ਹਾਂ ਦੇ ਅਪਣੱਤ ਅਤੇ ਨਿੱਘੇ ਪਿਆਰ ਵਿਚੋਂ ਹੀ ਇਹ ਖੋਜ-ਪ੍ਰਬੰਧ ਸਾਕਾਰ ਹੋ ਸਕਿਆ।

ਮੈਂ ਆਪਣੀ ਮਾਤਾ ਜੀ ਸ੍ਰੀਮਤੀ ਪਰਮਜੀਤ ਕੌਰ ਦੀ ਪ੍ਰੇਰਨਾ ਅਤੇ ਪਿਆਰ ਸਦਕਾ ਹੀ ਇਹ ਕਾਰਜ ਕਰ ਪਾਈ। ਮੈਂ ਆਪਣੀ ਮਾਤਾ ਸ੍ਰੀਮਤੀ ਪਰਮਜੀਤ ਕੌਰ ਅਤੇ ਪਿਤਾ ਸਰਦਾਰ ਹਰਵਿੰਦਰ ਸਿੰਘ ਜੀ ਦਾ ਸ਼ਬਦਾਂ ਵਿਚ ਧੰਨਵਾਦ ਨਹੀਂ ਕਰ ਸਕਦੀ, ਜਿਨ੍ਹਾਂ ਦੀ ਉਸਾਰੂ ਸੋਚ ਬਦੌਲਤ ਮੈਂ ਇਹ

ਉਚ-ਸਿੱਖਿਆ ਹਾਸਲ ਕੀਤੀ। ਮੈਂ ਧੰਨਵਾਦੀ ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਸਮੂਹ ਅਧਿਆਪਕ ਸਾਹਿਬਾਨ ਦਾ ਜਿਨ੍ਹਾਂ ਨੇ ਅਧਿਆਪਨ ਕਾਰਜ ਵਿਚ ਮੇਰਾ ਮਾਰਗ ਦਰਸ਼ਨ ਕੀਤਾ। ਮੈਂ ਧੰਨਵਾਦੀ ਹਾਂ ਵਿਭਾਗ ਦੇ ਸਮੂਹ ਸਟਾਫ ਦਾ ਜਿਨ੍ਹਾਂ ਨੇ ਹਰ ਸਮੇਂ ਮੇਰੀ ਮੱਦਦ ਕੀਤੀ। ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਵਿਦਵਾਨਾਂ ਤੇ ਬੁੱਧੀ-ਜੀਵੀਆਂ ਦਾ ਜਿਨ੍ਹਾਂ ਦੀਆਂ ਪੁਸਤਕਾਂ ਤੇ ਖੋਜ-ਪੱਤਰਾਂ ਦੀ ਬਦੌਲਤ ਖੋਜ-ਪ੍ਰਬੰਧ ਸੰਪੂਰਨ ਕਰ ਸਕੀ ਹਾਂ। ਮੈਂ ਧੰਨਵਾਦੀ ਹਾਂ ਆਪਣੇ ਪਤੀ ਡਾ. ਭੁਪਿੰਦਰ ਸਿੰਘ ਵਿਰਕ ਦਾ ਜਿਨ੍ਹਾਂ ਮੇਰੇ ਹਿੱਸੇ ਦੀਆਂ ਜ਼ੁੰਮੇਵਾਰੀਆਂ ਆਪਣੇ ਸਿਰ ਲੈ ਕੇ ਪੜ੍ਹਨ ਲਿਖਣ ਲਈ ਮਾਹੌਲ ਬਣਾਇਆ। ਮੇਰੇ ਘਰ ਵਿਚ ਹੀ ਕਿਤਾਬਾਂ ਖਰੀਦ ਕੇ ਮੈਨੂੰ ਛੋਟੀ ਜਿਹੀ ਲਾਇਬਰੇਰੀ ਬਣਾ ਕੇ ਦਿੱਤੀ। ਮੈਂ ਆਪਣੇ ਬੱਚਿਆਂ ਬੇਟੀ ਗੁਣਤਾਸ ਕੌਰ ਅਤੇ ਬੇਟੇ ਗੁਣਨਿਧਾਨ ਸਿੰਘ ਦੀ ਬਹੁਤ ਧੰਨਵਾਦ ਰਿਣੀ ਹਾਂ ਜੋ ਮੈਨੂੰ ਵਾਰ-ਵਾਰ ਆਪਣੀਆਂ ਪਿਆਰੀਆਂ-ਪਿਆਰੀਆਂ ਗੱਲਾਂ ਰਾਹੀਂ ਕੰਮ ਕਰਨ ਲਈ ਪ੍ਰੇਰਦੇ ਰਹੇ।

ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਸੱਜਣਾਂ, ਮਿੱਤਰਾਂ ਤੇ ਸਨੇਹੀਆਂ ਦਾ ਜਿਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਇਸ ਖੋਜ ਕਾਰਜ ਨੂੰ ਸੰਪੰਨ ਕਰਨ ਵਿਚ ਮੱਦਦ ਕੀਤੀ।

ਮੈਂ ਧੰਨਵਾਦੀ ਹਾਂ ਕੰਪਿਊਟਰ ਟਾਈਪਿਸਟ ਮੋਹਿਤ ਜਿਨ੍ਹਾਂ ਨੇ ਮੇਰਾ ਕੰਮ ਬਹੁਤ ਹੀ ਵਧੀਆ ਢੰਗ ਨਾਲ ਟਾਈਪ ਕੀਤਾ।

ਇਕ ਵਾਰ ਫੇਰ ਮੈਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰੀਆ ਅਦਾ ਕਰਦੀ ਹਾਂ ਜਿਨ੍ਹਾਂ ਦੀ ਕਿਰਪਾ ਕਰਕੇ ਮੈਂ ਇਹ ਸਾਰਥਕ ਕੰਮ ਕਰ ਪਾਈ।

ਕਿਰਨਜੀਤ ਕੌਰ

**ਕਿਰਨਜੀਤ ਕੌਰ**

# ਤਤਕਰਾ


| | ਪੰਨਾ |
|---|---|
| **ਭੂਮਿਕਾ** | 1-8 |
| **ਅਧਿਆਇ ਪਹਿਲਾ** | 9-34 |
| ਪ੍ਰਾਪਤ ਸਾਹਿਤ ਦਾ ਸਰਵੇਖਣ ਤੇ ਮੁਲੰਕਣ | |
| **ਅਧਿਆਇ ਦੂਜਾ** | 35-93 |
| ਭਾਰਤੀ ਸਮਾਜ, ਵਰਣ ਵੰਡ ਅਤੇ ਭਾਰਤੀ ਸਾਹਿਤ | |
| **ਅਧਿਆਇ ਤੀਜਾ** | 94-127 |
| ਗੁਰਬਾਣੀ ਅਤੇ ਮਾਨਵ ਸਨਮਾਨ | |
| **ਅਧਿਆਇ ਚੌਥਾ** | 128-171 |
| ਗੁਰਬਾਣੀ ਅਤੇ ਔਰਤ ਦਾ ਸਥਾਨ | |
| **ਨਿਸ਼ਕਰਸ਼** | 172-195 |
| **ਪੁਸਤਕ-ਸੂਚੀ** | 196-209 |

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਗ੍ਰੰਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਵਿਚਾਰਧਾਰਾ ਮਨੁੱਖ, ਪਰਮਾਤਮਾ, ਕੁਦਰਤ, ਸੰਸਾਰ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਬਿਆਨ ਕਰਦੀ ਹੋਈ ਸਮੁੱਚੇ ਸੰਸਾਰ ਨੂੰ ਇਕ ਲੜੀ ਵਿਚ ਜੋੜਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮਾਜਿਕ ਤਬਦੀਲੀ ਦਾ ਗਤੀਸ਼ੀਲ ਮਾਡਲ ਪੇਸ਼ ਕਰਦੇ ਹਨ। ਨਿਤ ਬਦਲਦੀਆਂ ਪ੍ਰਸਥਿਤੀਆਂ ਮੁਤਾਬਕ ਨਵੇਂ ਖਤਰਿਆਂ, ਚਣੌਤੀਆਂ, ਵਿਚਾਰਧਾਰਕ ਸੰਕਟਾਂ ਆਦਿ ਦਾ ਮੁਕਾਬਲਾ ਕਰਨ ਲਈ ਲਗਾਤਾਰ ਗੀਤਸ਼ੀਲ ਰਹਿਣਾ ਪੈਂਦਾ ਹੈ। ਜਦੋਂ ਕੋਈ ਸਮਾਜ ਗੀਤਸ਼ੀਲਤਾ, ਲਚਕੀਲਾਪਨ ਅਤੇ ਨਿਰੰਤਰ ਤਬਦੀਲੀ ਦਾ ਰਸਤਾ ਤਿਆਗ ਕੇ ਸਭਿਆਚਾਰਕ ਖੜੋਤ ਦਾ ਸ਼ਿਕਾਰ ਹੋ ਜਾਵੇ ਤਾਂ ਇਹ ਉਸ ਸਮਾਜ ਵਿਚ ਸ਼ਬਦ ਦੇ ਘਟ ਰਹੇ ਮਹੱਤਵ ਦਾ ਪ੍ਰਤੀਕ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪੈਦਾ ਹੋ ਰਹੀ ਅੰਤਰਦ੍ਰਿਸ਼ਟੀ ਅਤੇ ਗੁਰੂ ਸਾਹਿਬ ਦੁਆਰਾ ਪ੍ਰਸਤੁਤ ਕੀਤੇ ਗਏ ਸਮਾਜਕ ਤਬਦੀਲੀ ਦੇ ਗਤੀਸ਼ੀਲ ਮਾਡਲ ਨੂੰ ਆਧਾਰ ਬਣਾ ਕੇ ਸਮੇਂ-ਸਥਾਨ ਦੀਆਂ ਲੋੜਾਂ ਮੁਤਾਬਕ ਹਰ ਵਾਰ ਨਵੀਂ ਸਟਰੈਟਿਜੀ ਵਿਕਸਤ ਕੀਤੇ ਜਾਣ ਦੀ ਜ਼ਰੂਰਤ ਰਹਿੰਦੀ ਹੈ। ਭਾਰਤੀ ਸਮਾਜ ਵਿਚ ਫੈਲੇ ਊਚ-ਨੀਚ, ਜਾਤ-ਪਾਤ, ਲਿੰਗ-ਭੇਦ, ਭੇਦ-ਭਾਵ ਵਰਗੇ ਕੋਹੜਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਵਿਗਿਆਨਕ ਦਲੀਲਾਂ ਨਾਲ ਨਕਾਰਿਆ ਹੈ ਅਤੇ ਸਭ ਵਿਚੋਂ ਇੱਕੋ ਜੋਤ ਦੇ ਸੰਕਲਪ ਵਿਚ ਭਰਾਤਰੀ ਭਾਵ ਨਾਲ ਰਹਿਣ ਦੀ ਤਾਕੀਦ ਕੀਤੀ ਹੈ। ਸਾਡੇ ਖੋਜ-ਪ੍ਰਬੰਧ ਦਾ ਮਕਸਦ ਵੀ ਹਾਸ਼ੀਆਗਤ ਵਰਗ ਬਾਰੇ ਪੜਚੋਲ ਕਰਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਰਕਪੂਰਨ ਦਲੀਲਾਂ ਨਾਲ ਮਨੁੱਖੀ ਬਰਾਬਰੀ ਦੇ ਸੰਦੇਸ਼ ਨੂੰ ਤਲਾਸ਼ਣਾ ਹੈ।

ਮੱਧਕਾਲੀ ਭਾਰਤੀ ਸਮਾਜ ਅੰਦਰ ਕੁੜੱਤਣ ਭਰਿਆ ਮਾਹੌਲ ਸੀ। ਭਾਰਤੀ ਸਮਾਜ਼ ਵਿਚ ਊਚ-ਨੀਚ, ਲਿੰਗ-ਭੇਦ, ਨਸਲ-ਭੇਦ ਅਤੇ ਨਾ ਬਰਾਬਰੀ ਆਦਿ ਭੈੜੀਆਂ ਪ੍ਰਥਾਵਾਂ ਨਾਲ ਗ੍ਰਸਥ ਸੀ। ਇਕ ਫਿਰਕੇ ਅਤੇ ਇਕ ਵਿਸ਼ੇਸ਼ ਲਿੰਗ ਦੇ ਲੋਕਾਂ (ਹਾਸ਼ੀਆਗਤ ਵਰਗ) ਨਾਲ ਘ੍ਰਿਣਾ ਕੀਤੀ ਜਾਂਦੀ ਸੀ।

ਇਹਨਾਂ ਪ੍ਰਥਾਵਾਂ ਨੂੰ ਅਖੌਤੀ ਉੱਚੀਆਂ ਜਾਤਾਂ ਨੇ ਧਾਰਮਿਕ ਰੰਗਤ ਦਿੱਤੀ ਹੋਈ ਸੀ। ਅਜਿਹੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਨੇ ਸਭ ਇਕ ਅਕਾਲ ਪੁਰਖ ਦੇ ਬੱਚੇ ਹਨ, ਦਾ ਸੰਕਲਪ ਦਿੱਤਾ। ਉਹਨਾਂ ਅਨੁਸਾਰ ਸਾਰਿਆਂ ਦਾ ਪਿਤਾ ਵਾਹਿਗੁਰੂ ਅਕਾਲ ਪੁਰਖ ਹੈ। ਧਰਤੀ ਦੇ ਸਾਰੇ ਜੀਵ ਉਸਦੇ ਬੱਚੇ ਹਨ। ਸਾਰੇ ਮਨੁੱਖ ਆਪਸ ਵਿਚ ਭਰਾ ਭਰਾ ਹਨ ਅਤੇ ਇਸ ਲਈ ਜਾਤ-ਪਾਤ ਵਿਅਰਥ ਹੈ। ਸਾਡੇ ਖੋਜ- ਪ੍ਰਬੰਧ ਵਿਚ ਇਸੇ ਸੰਕਲਪ ਕਿ ਸਭ ਵਿਚ ਇਕ ਅਕਾਲ ਪੁਰਖ ਦੀ ਜੋਤਿ ਹੈ ਸੋ ਊਚ-ਨੀਚ ਵਿਅਰਥ ਹੈ ਨੂੰ ਪਰਮੇਸ਼ਵਰ ਦੁਆਰਾ ਨਹੀਂ ਬਲਕਿ ਚਲਾਕ, ਪੁਜਾਰੀ ਅਤੇ ਉੱਚ-ਜਮਾਤ ਨੇ ਆਪਣੇ ਸਵਾਰਥੀ ਹਿਤਾਂ ਲਈ ਬਣਾਈ ਹੈ। ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣ ਵਾਦ ਦੁਆਰਾ ਪੈਦਾ ਕੀਤੀ ਜਾਤ-ਪਾਤ ਪ੍ਰਣਾਲੀ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਰੱਬ ਦੇ ਦਰਬਾਰ ਵਿਚ ਕਿਸੇ ਨੇ ਜਾਤ-ਪਾਤ ਨਹੀਂ ਪੁੱਛਣੀ, ਉਥੇ ਚੰਗੇ ਕੀਤੇ ਕਰਮਾਂ ਨਾਲ ਹੀ ਉਚਤਮਾ ਦਾ ਸਥਾਨ ਮਿਲਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਮਨੁੱਖੀ ਭਾਈਚਾਰੇ ਨੂੰ ਵੰਡਣ ਲਈ ਨਸਲ-ਭੇਦ ਦੀ ਦ੍ਰਿਸ਼ਟੀ ਨੂੰ ਰੱਦ ਕਰਦੀ ਹੈ।

ਇਸ ਵਿਸ਼ੇ ਤੇ ਖੋਜ ਦੌਰਾਨ ਸਭ ਤੋਂ ਪਹਿਲਾਂ ਅਸੀਂ "ਹਾਸ਼ੀਆਗਤ ਵਰਗ" ਦੀ ਪਰਿਭਾਸ਼ਾ ਨੂੰ ਜਾਣਿਆ ਹੈ। ਇਸ ਵਰਗ ਨੂੰ ਹਾਸ਼ੀਏ ਤੇ ਲਿਆਉਣ ਦੇ ਕਾਰਨਾਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਸਮਝਿਆ ਗਿਆ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਵਾਚਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਾਸ਼ੀਆਗਤ ਵਰਗ ਨਾਲ ਹੋਏ ਦਮਨ ਅਤੇ ਸੋਸ਼ਣ ਨੂੰ ਭਗਤਾਂ ਦੀ ਬਾਣੀ ਵਿਚੋਂ ਤਲਾਸ਼ਿਆ ਹੈ। ਭਗਤ-ਬਾਣੀ ਵਿਚ ਆਏ ਹਵਾਲੇ ਇਤਿਹਾਸਕ ਜਾਣਕਾਰੀ ਪ੍ਰਦਾਨ ਕਰਦੇ ਹਨ। ਭਗਤਾਂ ਨੇ ਇਹ ਅਤਿਆਚਾਰ ਖੁਦ ਆਪਣੇ ਉੱਤੇ ਸਹੇ ਹਨ। ਗੁਰੂ ਸਾਹਿਬਾਨ ਨੇ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਵਰਗ ਨਾਲ ਹੋਏ ਜੁਲਮਾਂ ਨੂੰ ਅੱਖੀ ਦੇਖਿਆ ਅਤੇ ਨਾ ਬਰਦਾਸ਼ਤ ਯੋਗ ਮੰਨਿਆ ਹੈ। ਗੁਰੂ ਸਾਹਿਬਾਨ ਨੇ ਸੋਸ਼ਿਤ ਅਤੇ ਜ਼ੁਲਮ ਰਹਿਤ ਸਮਾਜ ਬਣਾਉਣ ਲਈ ਉਦਮ ਕੀਤੇ ਹਨ। ਗੁਰੂ ਬਾਣੀ ਦੀ ਘੋਖ ਕਰਕੇ ਅਤੇ ਗੁਰੂ ਸਾਹਿਬਾਨ ਦੇ ਅਮਲੀ ਜੀਵਨ ਵਿਚ ਅਪਣਾਏ ਇਕ ਅਕਾਲਪੁਰਖ ਅਤੇ ਸਾਰੇ ਮਨੁੱਖ ਉਸਦੇ ਬੱਚੇ ਹਨ ਅਤੇ ਹੋਰ ਗੁਰੂ ਘਰ ਦੇ ਬਾਣੀਕਾਰਾਂ ਜਿਹੜੇ ਗੁਰੂ

ਸਾਹਿਬਾਨ ਦੇ ਨਾਲ ਰਹੇ ਉਹਨਾਂ ਦੀ ਬਾਣੀ ਨੂੰ ਘੋਖਿਆ ਗਿਆ ਹੈ। ਇਹ ਬਾਣੀਕਾਰ ਖੁਦ ਹੇਠਲੇ ਵਰਗਾਂ ਵਿਚੋਂ ਸਨ। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦੀ ਬਾਣੀ ਨੂੰ ਸਥਾਨ ਮਿਲਣਾ ਬਰਾਬਰੀ ਦਾ ਸੰਕੇਤ ਹੈ। ਇਸ ਮਨੁੱਖੀ ਬਰਾਬਰੀ ਨੂੰ ਭਗਤ-ਬਾਣੀ, ਭੱਟ –ਬਾਣੀ ਅਤੇ ਹੋਰ ਬਾਣੀਕਾਰਾਂ ਦੀ ਬਾਣੀ ਦੀ ਮਦਦ ਨਾਲ ਜਾਣਿਆ ਗਿਆ ਹੈ।

ਇਸ ਖੋਜ ਕਾਰਜ ਦੌਰਾਨ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪਿਆ। ਜਿਵੇਂ ਕਿ "ਹਾਸ਼ੀਆਗਤ ਵਰਗ" ਵਿਚ ਦਲਿਤ ਅਤੇ ਔਰਤ ਨਾਲ ਸਬੰਧਤ ਸੋਸ਼ਣ ਅਤੇ ਦਮਨ ਦੀ ਇਤਿਹਾਸਕ ਜਾਣਕਾਰੀ ਪ੍ਰਾਪਤ ਕਰਨਾ। ਇਤਿਹਾਸਕ ਦਸਤਾਵੇਜ਼ ਜਿਵੇਂ ਕਿ ਰਿਗਵੇਦ, ਮਨੂ ਸਿਮ੍ਰਤੀ, ਯਗਨਾਵਲਕਯਾ ਸਿਮ੍ਰਤੀ, ਚਾਣਕਿਆ ਨੀਤੀ ਦੇ ਮੂਲ ਸਰੋਤ ਮਿਲਣੇ ਅਸੰਭਵ ਸਨ। ਇਸਦੇ ਦੂਸਰੇ (secondary) ਸਰੋਤਾਂ ਵਿਚ ਆਪਸੀ ਇਕਸੁਰਤਾ ਦੀ ਕਮੀ ਪਾਈ ਗਈ ਹੈ। ਇਸ ਲਈ ਅੰਗਰੇਜ ਵਿਦਵਾਨਾਂ ਦੁਆਰਾ ਤਰਜਮੇ ਅਤੇ ਹਿੰਦੀ ਅਤੇ ਸੰਸਕ੍ਰਿਤੀ ਦੇ ਸਰੋਤਾਂ ਨੂੰ ਵਾਚ ਕੇ ਨਤੀਜੇ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹਨਾਂ ਦੀ ਮਦਦ ਨਾਲ ਸਮਾਜ ਦੇ ਹੇਠਲੇ ਵਰਗਾਂ ਉੱਤੇ ਹੋ ਰਹੇ ਅਤਿਆਚਾਰਾਂ ਅਤੇ ਸੋਸ਼ਣ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਭਗਤਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਬਾਣੀ ਵਿਚ ਬਹੁਤ ਮਿਲਾਵਟ ਪਾਈ ਗਈ ਹੈ। ਹਿੰਦੀ ਅਤੇ ਸੰਸਕ੍ਰਿਤ ਦਾ ਭਗਤਾਂ ਦੀ ਬਾਣੀ ਨਾਲ ਸਬੰਧੰਤ ਸਾਹਿਤ ਦਾ ਮਿਆਰ ਬਹੁਤ ਨੀਵੀ ਪੱਧਰ ਦਾ ਹੈ ਇਸ ਲਈ ਅਸੀਂ ਆਪਣੀ ਖੋਜ ਕਾਰਜ ਦਾ ਖੇਤਰ ਭਗਤਾਂ ਦੀ ਬਾਣੀ ਨਾਲ ਸਬੰਧਤ ਹਿੱਸਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦੀ ਬਾਣੀ ਤੱਕ ਸੀਮਤ ਕਰ ਦਿੱਤਾ ਹੈ।

ਇਸ ਖੋਜ ਪ੍ਰਬੰਧ ਨੂੰ ਵਿਧੀਵਤ ਢੰਗ ਨਾਲ ਪੰਜ ਅਧਿਆਇਆਂ ਵਿਚ ਪ੍ਰਸੁਤਤ ਕੀਤਾ ਗਿਆ ਹੈ। ਪਹਿਲਾ ਅਧਿਆਇ "ਪ੍ਰਾਪਤ ਸਾਹਿਤ ਦਾ ਸਰਵੇਖਣ ਤੇ ਮੁਲੰਕਣ" ਹੈ। ਇਸ ਅਧਿਆਇ ਨੂੰ ਅੱਗੇ ਪੰਜ ਹਿੱਸਿਆ ਵਿਚ ਵੰਡਿਆ ਗਿਆ ਹੈ। ਦਲਿਤ ਦੀ ਪਰਿਭਾਸ਼ਾ ਲਈ ਵਿਦਵਾਨਾਂ ਨੇ ਦੋ ਮੁੱਖ ਆਧਾਰ ਲਏ ਹਨ। ਪਹਿਲਾ ਆਧਾਰ ਸਮਾਜਕ ਹੈ ਅਤੇ ਦੂਸਰਾ ਆਧਾਰ ਆਰਥਿਕ ਹੈ। ਸੋ ਪਹਿਲੇ ਵਰਗ ਦੇ ਵਿਦਵਾਨ 'ਵਰਨ ਜਾਂ ਜਾਤ' ਨੂੰ ਕੇਂਦਰ ਵਿਚ ਰੱਖ ਕੇ ਇਸਨੂੰ ਪਰਿਭਾਸ਼ਤ ਕਰਦੇ ਹਨ ਅਤੇ ਦੂਸਰੇ

ਵਰਗ ਦੇ ਵਿਦਵਾਨਾਂ ਦਾ ਕੇਂਦਰ ਬਿੰਦੂ ਆਰਥਿਕ ਸਥਿਤੀ ਹੈ ਜਿਸ ਵਿਚ ਉਹ "ਵਰਗਾਂ" ਨੂੰ ਪ੍ਰਮੁੱਖਤਾ ਦਿੰਦੇ ਹਨ। ਦੂਸਰੇ ਹਿੱਸੇ ਵਿਚ ਭਾਰਤੀ ਸਮਾਜ ਵਿਚ ਜਾਤ ਅਤੇ ਜਮਾਤ ਦਾ ਅਧਿਐਨ ਕੀਤਾ ਗਿਆ ਹੈ। ਭਾਰਤੀ ਸੰਦਰਭ ਵਿਚ ਜਾਤ ਅਤੇ ਜਮਾਤ ਅੰਤਰ-ਸਬੰਧਿਤ ਵਰਤਾਰੇ ਦੇ ਤੌਰ ਤੇ ਕਾਰਜਸ਼ੀਲ ਹਨ। ਤੀਜੇ ਹਿੱਸੇ ਵਿਚ ਦਲਿਤ ਚੇਤਨਾ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਭਾਰਤੀ ਪ੍ਰਸੰਗ ਵਿਚ ਅਸੀਂ ਸੋਸ਼ਿਤ ਵਰਗ ਦੀ ਅਮਾਨਵੀ ਸਥਿਤੀ ਅਤੇ ਉਸ ਤੋਂ ਮੁਕਤੀ ਸਬੰਧੀ ਚੇਤਨਾਂ ਨੂੰ ਹੀ ਦਲਿਤ ਚੇਤਨਾਂ ਕਹਿ ਸਕਦੇ ਹਾਂ। ਆਪਣੇ ਇਸ ਅਧਿਆਇ ਦੇ ਚੌਥੇ ਹਿੱਸੇ ਵਿਚ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਹਾਸ਼ੀਆਗਤ ਵਰਗ ਦੀ ਸਥਿਤੀ ਦਾ ਅਧਿਐਨ ਕੀਤਾ ਹੈ। ਹਿੰਦੂ ਧਾਰਮਿਕ ਗ੍ਰੰਥਾਂ ਦੀ ਪੜਚੋਲ ਤੋਂ ਬਾਅਦ ਅਸੀਂ ਸਹਿਜੇ ਹੀ ਆਖ ਸਕਦੇ ਹਾਂ ਕਿ ਭਾਰਤ ਵਿਚ ਜਾਤੀ-ਪ੍ਰਥਾ ਜਾਂ ਵਰਣ-ਵਿਵਸਥਾ ਦਾ ਆਰੰਭ ਆਰੀਆ-ਵੈਦਿਕ ਕਾਲ ਵਿਚ ਹੋ ਚੁੱਕਿਆ ਸੀ। ਇਸਦਾ ਪ੍ਰਮਾਣ ਸਾਨੂੰ ਪਹਿਲੇ ਹਿੰਦੂ ਧਾਰਮਿਕ ਗ੍ਰੰਥ "ਰਿਗਵੇਦ" ਦੇ "ਪੁਰਸ਼ਸੂਕਤ" ਮੰਤਰ ਵਿਚੋਂ ਮਿਲਦਾ ਹੈ। ਅਸੀਂ ਆਪਣੇ ਇਸ ਅਧਿਆਇ ਦੇ ਪੰਜਵੇ ਹਿੱਸੇ ਵਿਚ ਸੀ ਗੁਰੂ ਗ੍ਰੰਥ ਸਾਹਿਬ ਦੇ ਹਾਸ਼ੀਆਗਤ ਵਰਗ ਦੇ ਸੋਸ਼ਣ ਅਤੇ ਦਮਨ ਵਿਰੁੱਧ ਕ੍ਰਾਂਤੀਕਾਰੀ ਪ੍ਰਵਚਨ ਦਾ ਅਧਿਐਨ ਕੀਤਾ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਦੇ "ਅਵਲ ਅਲਹਿ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ" ਇਕ ਅਕਾਲ ਪੁਰਖ ਦੀ ਔਲਾਦ ਹੋਣ ਕਰਕੇ ਸਾਰੇ ਮਨੁੱਖ ਹਨ ਕੋਈ ਉੱਚਾ ਨਹੀਂ ਕੋਈ ਨੀਵਾਂ ਨਹੀਂ ਸਭ ਬਰਾਬਰ ਹਨ, ਦੇ ਸੰਕਲਪ ਦਾ ਅਧਿਐਨ ਕੀਤਾ ਹੈ।

ਖੋਜ-ਪ੍ਰਬੰਧ ਦੇ ਦੂਜੇ ਅਧਿਆਇ "ਭਾਰਤੀ ਸਮਾਜ, ਵਰਣ-ਵੰਡ ਅਤੇ ਭਾਰਤੀ ਸਾਹਿਤ" ਦੇ ਅੰਤਰਗਤ ਭਾਰਤੀ ਸਮਾਜ ਅੰਦਰ ਪੂਰਵ ਵੈਦਿਕ ਕਾਲ ਤੋਂ ਲੈ ਕੇ ਮੱਧ ਕਾਲ ਤੱਕ ਹਾਸ਼ੀਆਗਤ ਵਰਗ ਦਾ ਇਤਿਹਾਸ ਵਰਨਣ ਕੀਤਾ ਹੈ। ਪੂਰਵ ਵੈਦਿਕ ਕਾਲ ਵਿਚ ਵਰਣ ਵਿਵਸਥਾ ਅੰਸ਼ਕ ਰੂਪ ਵਿਚ ਵਿਕਸਿਤ ਹੋ ਚੁੱਕੀ ਸੀ। ਪਰ ਇਸਦਾ ਚਿਹਰਾ ਅਜੇ ਕਰੂਪ ਨਹੀਂ ਹੋਇਆ ਸੀ। ਔਰਤ ਉੱਤੇ ਪਾਬੰਦੀਆਂ ਨਹੀਂ ਸਨ। ਉੱਤਰ ਵੈਦਿਕ ਕਾਲ ਤੱਕ ਪਹੁਚੰਦਿਆ ਜਾਤੀ ਵਿਵਸਥਾ ਗੰਭੀਰ ਰੂਪ ਅਖਤਿਆਰ ਕਰ ਗਈ ਸੀ ਸਮਾਜ ਵਿਚ ਜਾਤ ਦੇ ਆਧਾਰ ਤੇ ਕੰਮ ਨਿਰਧਾਰਤ ਕੀਤੇ ਗਏ ਹਨ। ਬੁੱਧ ਕਾਲ ਤੋਂ ਮੌਰਿਆ ਕਾਲ ਦੌਰਾਨ ਇਸਦੇ ਰੂਪ ਵਿਚ ਕੁਝ ਬਦਲਾਅ ਆਇਆ। ਮਹਾਤਮਾ ਬੁੱਧ ਨੇ

'ਪੁਜਾਰੀ' (ਬ੍ਰਾਹਮਣ) ਵਰਗ ਦੀਆਂ ਬੇ-ਹੁਰਮਤੀਆ ਵਿਰੁੱਧ ਆਵਾਜ਼ ਉਠਾਈ ਉਸਤੋਂ ਬਾਅਦ ਇਸਦੀ ਗੰਢ ਫੇਰ ਪੀਡੀ ਹੋ ਗਈ। ਮੱਧਕਾਲ ਵਿਚ ਇਹਨਾਂ ਅਤਿਆਚਾਰਾਂ ਅਤੇ ਸੋਸ਼ਣ ਖਿਲਾਫ ਇਕ ਲਹਿਰ ਚੱਲੀ ਜਿਸਨੂੰ ਭਗਤੀ ਲਹਿਰ ਕਿਹਾ ਗਿਆ ਹੈ। ਇਸਨੇ ਬ੍ਰਾਹਮਣਵਾਦ ਦੇ ਬਹੁਦੇਵਵਾਦ, ਕਰਮਕਾਂਡ, ਅਤੇ ਜਾਤੀਵਾਦ ਦੇ ਪੱਖਾਂ ਨੂੰ ਨਕਾਰਿਆ ਅਤੇ ਇਸਲਾਮ ਅੰਦਰਲੇ ਕੱਟੜਵਾਦ ਨੂੰ ਬੇਪਰਦਾ ਕੀਤਾ। ਹਾਸ਼ੀਆਗਤ ਵਰਗ ਦੇ ਲੋਕ ਧਾਰਮਿਕ ਗੁਰੂਆ ਦੀ ਮੌਲਿਕ ਸ਼ਕਤੀ ਬਣੇ, ਉਥੇ ਗੁਰੂ ਸਾਹਿਬਾਨ ਇਨ੍ਹਾਂ ਦੀ ਮਾਨਸਿਕ ਸ਼ਕਤੀ ਬਣੇ। ਭਗਤੀ ਲਹਿਰ ਨੇ ਜਾਤੀ ਵਿਵਸਥਾ ਨੂੰ ਬਹੁਤ ਕਮਜੋਰ ਕਰ ਦਿੱਤਾ। ਗੁਰੂ ਸਾਹਿਬਾਨ ਦੁਆਰਾ ਸਾਜੇ 'ਸਿੱਖ ਪੰਥ' ਨੇ ਇਸਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਵਰਣ-ਵੰਡ ਨਾਲ ਸਬੰਧਤ ਸਾਹਿਤ ਨੂੰ ਅਸੀਂ ਪ੍ਰਾਚੀਨ ਕਾਲ ਦਾ ਸਾਹਿਤ, ਮੱਧਵਰਤੀ ਕਾਲ ਦਾ ਸਹਿਤ ਅਧੀਨ ਵਰਨਣ ਕੀਤਾ ਹੈ। ਪ੍ਰਾਚੀਨ ਕਾਲ ਦੇ ਸਾਹਿਤ ਵਿਚ ਚਾਰ ਵੇਦ "ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਰਥਵੇਦ" ਆਉਂਦੇ ਹਨ। ਇਸ ਤੋਂ ਬਾਅਦ ਉਪਨਿਸਦ ਅਤੇ ਫਿਰ ਵੇਦਾਂਤ ਸਾਹਿਤ ਆਉਂਦਾ ਹੈ। ਫਿਰ ਸਮ੍ਰਿਤੀ ਸਾਹਿਤ ਆਉਂਦਾ ਹੈ ਉਪਰੋਕਤ ਸਾਹਿਤ ਵਿਚ ਵਰਣ ਵੰਡ ਨੂੰ ਪੂਰੀ ਤਰ੍ਹਾਂ ਦਰਸਾਇਆ ਗਿਆ ਹੈ ਅਤੇ ਨਿਮਨ ਜਾਤ ਅਤੇ ਔਰਤ ਉਪਰ ਉੱਚ ਜਾਤੀਆਂ ਵਲੋਂ ਸੋਸ਼ਣ ਕੀਤਾ ਸਾਬਿਤ ਹੁੰਦਾ ਹੈ। ਮੱਧਕਾਲੀਨ ਸਾਹਿਤ ਵਿਚ ਅਸੀਂ ਗੁਰੂ ਬਾਣੀ, ਭਗਤ ਬਾਣੀ ਆਦਿ ਦਾ ਅਧਿਐਨ ਕੀਤਾ ਹੈ। ਗੁਰੂ ਸਾਹਿਬਾਨ ਦੁਆਰਾ ਰਚਿਤ ਗੁਰੂ ਬਾਣੀ ਵਰਣ ਵੰਡ ਨੂੰ ਵਿਗਿਆਨਕ ਅਤੇ ਤਰਕਪੂਰਨ ਦਲੀਲਾਂ ਨਾਲ ਨਕਾਰਦੀ ਹੈ ਅਤ ਹਾਸ਼ੀਆਗਤ ਵਰਗ ਦੇ ਨਾਲ ਖੜਦੀ ਹੈ। ਬਹੁਤੇ ਭਗਤ ਖੁਦ ਸੋਸ਼ਤ ਵਰਗ ਵਿਚੋ ਸਨ। ਉਹਨਾਂ ਨੇ ਸੋਸ਼ਣ ਨੂੰ ਖੁਦ ਹੰਢਾਇਆ ਹੈ। ਉਹਨਾਂ ਨੇ ਬ੍ਰਾਹਮਣ ਦੁਆਰਾ ਕੀਤੀ ਵਰਣ ਵੰਡ ਨੂੰ ਰੱਦ ਕੀਤਾ ਹੈ ਅਤੇ ਆਪਣੇ ਕ੍ਰਾਂਤੀਕਾਰੀ ਪ੍ਰਵਚਨਾਂ ਨਾਲ ਮਨੁੱਖ ਨੂੰ ਇਕ ਜੋਤਿ ਪਰਮਾਤਮਾ ਦਾ ਅੰਸ਼ ਦਰਸਾਇਆ ਹੈ। ਇਸੇ ਤਰ੍ਹਾਂ ਸੂਫ਼ੀ ਕਾਵਿ ਵੀ ਵਿਤਕਰਿਆਂ ਨੂੰ ਮਨੁੱਖ ਦੁਆਰਾ ਆਪਣੇ ਨਿਜੀ ਹਿੱਤਾਂ ਲਈ ਪੈਦਾ ਕੀਤਾ ਮੰਨਦਾ ਹੈ। ਅਲਾਹ ਦੇ ਘਰ ਕੋਈ ਵਿਤਕਰਾ ਨਹੀਂ ਹੈ। ਕਿੱਸਾ ਕਾਵਿ ਬਹੁਤਾ ਇਸ਼ਕ ਮਜ਼ਾਜੀ ਨਾਲ

ਸਬੰਧਤ ਸਹਿਤ ਹੈ। ਇਸਨੇ ਹਾਸ਼ੀਆਗਤ ਵਰਗ ਭਾਵ ਉਹ ਦਲਿਤ ਅਤੇ ਭਾਵੇਂ ਉਹ ਔਰਤ ਹੈ ਦੇ ਲਈ ਅਪਮਾਨਤ ਸ਼ਬਦਾਵਲੀ ਹੀ ਵਰਤੀ ਹੈ।

ਅਸੀਂ ਆਪਣੇ ਤੀਜੇ ਅਧਿਆਇ “ਗੁਰਬਾਣੀ ਅਤੇ ਮਾਨਵ ਸਨਮਾਨ“ ਵਿਚ ਭਾਰਤ ਵਿਚ ਪਸਰੀਆਂ ਕੋਹੜ, ਰੂਪੀ ਬੁਰਾਈਆਂ, ਜਾਤ-ਪਾਤ, ਵਰਗ-ਵੰਡ, ਨਾ-ਬਰਾਬਰੀ, ਲਿੰਗ-ਭੇਦ, ਸਤੀ- ਪ੍ਰਥਾ, ਵੇਸਵਾਗਿਰੀ, ਵਿਧਵਾ, ਦਹੇਜ ਪ੍ਰਥਾ, ਸਮਾਜਕ ਅਸਮਾਨਤਾ ਨੂੰ ਵੇਖਿਆ ਹੈ। ਇਹਨਾਂ ਪ੍ਰਥਾਵਾਂ ਦੇ ਕਾਰਣ ਘੋਖਣ ਦਾ ਜਤਨ ਕੀਤਾ ਹੈ। ਇਸ ਦੇ ਨਾਲ-ਨਾਲ ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਅਧਿਐਨ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦਾ ਚੌਥਾ ਅਧਿਆਇ “ਗੁਰਬਾਣੀ ਅਤੇ ਔਰਤ ਦਾ ਸਥਾਨ“ ਹੈ। ਇਸ ਅਧਿਆਇ ਵਿਚ ਔਰਤ ਦੇ ਵੱਖ-ਵੱਖ ਰੂਪ ਅਤੇ ਕਿਰਦਾਰਾਂ ਦਾ ਅਧਿਐਨ ਕੀਤਾ ਗਿਆ ਹੈ। ਜੇ ਅਸੀਂ ਕਿਸੇ ਵੀ ਦੇਸ਼ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਪਤਾ ਕਰਨਾ ਹੋਵੇ ਤਾਂ ਸਿਰਫ ਉਸ ਦੇਸ਼ ਜਾਂ ਉਸ ਸਮੇਂ ਔਰਤ ਨੂੰ ਸਮਾਜ ਕੀ ਦਰਜਾ ਦਿੰਦਾ ਸੀ, ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਜਿਸ ਸਮੇਂ ਔਰਤ ਦਾ ਹਰ ਤਰ੍ਹਾਂ ਮਾਨਸਿਕ ਨੈਤਿਕ, ਅਧਿਆਤਮਿਕ, ਸਿੱਖਿਆਤਮਿਕ ਹਰ ਤਰੀਕੇ ਨਾਲ ਉੱਚਾ ਚੁੱਕਣ ਲਈ ਕਿਰਿਆਤਮਕ ਕਦਮ ਚੁੱਕੇ। ਸਿੱਖ ਕੌਮ ਵਿਚ ਨਾਰੀ ਦੀ ਮਹਾਨਤਾ ਨੂੰ ਸਵੀਕਾਰਨ ਕਰਕੇ ਉਹ ਇਹ ਹਰ ਕਾਰਜ ਵਿਚ ਮਰਦ ਨਾਲ ਖੜੀਆਂ ਹਨ।

ਸਿੱਖ ਧਰਮ ਦੇ ਜਨਮ ਸਮੇਂ ਭਾਰਤ ਦੀ ਧਰਤੀ ਤੇ ਦੋ ਪ੍ਰਮੁੱਖ ਧਰਮ ਸਨ- ਹਿੰਦੂ ਧਰਮ ਅਤੇ ਇਸਲਾਮ ਧਰਮ। ਦੋਵੇਂ ਧਰਮ ਇੱਕ ਦੂਸਰੇ ਨੂੰ ਨਫਰਤ ਕਰਦੇ ਸਨ। ਦੋਵੇਂ ਧਰਮਾਂ ਦੀ ਪੁਜਾਰੀ ਜਮਾਤ ਨੇ ਲੋਕਾਂ ਦੇ ਦਿਲਾਂ ਵਿਚ ਇਕ ਦੂਜੇ ਦੇ ਧਰਮ ਪ੍ਰਤੀ ਕੁੜੱਤਣ ਭਰ ਦਿੱਤੀ ਸੀ। ਸਮਾਜ ਦੀ ਅਜਿਹੀ ਅਨੈਤਿਕ ਵੰਡ ਕਰ ਦਿੱਤੀ ਸੀ ਕਿ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਹੀ ਖਤਮ ਕਰ ਦਿੱਤਾ ਸੀ ਮਨੁੱਖ ਨੂੰ ਧਰਮ ਦਾ ਨਾਮ ਤੇ ਜਾਤ ਬਰਾਦਰੀ ਦੇ ਨਾਮ ਤੇ ਵੰਡ ਦਿੱਤਾ ਸੀ। ਸਮਾਜ ਵੀ ਵਰਗ ਵੰਡ ਅਜਿਹੀ ਕਰ ਦਿੱਤੀ ਸੀ ਕਿ ਹੇਠਲਾ

ਵਰਗ (ਨਿਮਨ ਵਰਗ) ਗੁਲਾਮ ਹੀ ਬਣ ਗਿਆ ਸੀ। ਅਜਿਹੇ ਸਮੇਂ ਭਗਤਾਂ ਅਤੇ ਗੁਰੂ ਸਾਹਿਬਾਨ ਨੇ ਆਪਣੀਆਂ ਤਰਕਪੂਰਨ ਦਲੀਲਾਂ ਨਾਲ ਇਸ ਖੋਖਲੀ ਸਮਾਜਕ ਬਣਤਰ ਨੂੰ ਖਤਮ ਕੀਤਾ ਅਤੇ ਮਨੁੱਖ ਭਗਤੀ ਭਾਵ ਦੀ ਭਾਵਨਾ ਪੈਦਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਮਾਜਿਕ ਪਰਿਪੇਖ ਇੰਨਾ ਅਰਥ ਭਰਪੂਰ ਹੈ ਕਿ ਬਾਣੀਕਾਰਾਂ ਨੇ ਸੁਚੇਤ ਪੱਧਰ ਉਪਰ ਮਨੁੱਖ ਨੂੰ ਪਹਿਲਾਂ ਸਮਾਜਿਕ ਕਰਮ ਦੀ ਜਾਣਕਾਰੀ ਦਿੱਤੀ ਹੈ ਅਤੇ ਉਸ ਨੂੰ ਇਕ ਅਜਿਹੇ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਹੈ ਜਿਥੇ ਵੱਸਦਿਆਂ ਉਸਨੇ ਧਰਮ ਮੁਕਤੀ ਨੂੰ ਪ੍ਰਾਪਤ ਕਰਨਾ ਹੈ। ਬਾਣੀਕਾਰ ਜਾਣਦੇ ਹਨ ਕਿ ਜੇਕਰ ਮਨੁੱਖ ਆਪਣੇ ਚੁਗਿਰਦੇ ਦੇ ਬੰਧਨ ਤੋਂ ਹੀ ਮੁਕਤ ਨਹੀਂ ਤਾਂ ਉਹ ਧਰਮ ਮੁਕਤੀ ਦਾ ਭਾਗੀ ਨਹੀਂ ਬਣ ਸਕੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਜਿਨ੍ਹਾਂ ਮਨੁੱਖੀ ਸੰਕਲਪਾਂ ਦੇ ਦਰਸ਼ਨ ਹੁੰਦੇ ਹਨ ਉਹ ਸੰਕਲਪ ਜਨਮ, ਜਾਤ ਭੇਦ, ਜੋਨੀ ਆਦਿਕ ਬੰਧਨਾਂ ਤੋਂ ਅਜ਼ਾਦ ਹਨ। ਇਨ੍ਹਾਂ ਬੰਧਨਾਂ ਤੋਂ ਮੁਕਤ ਸੰਕਲਪਾਂ ਰਾਹੀ ਹੀ ਬਾਣੀਕਾਰਾਂ ਨੇ ਇਕ ਨਵੇਂ ਸਮਾਜ ਦੀ ਨੀਂਹ ਰੱਖੀ ਹੈ। ਇਨ੍ਹਾਂ ਨਵੇਂ ਮਾਨਵੀਂ ਸੰਕਲਪਾਂ ਨੇ ਹੀ ਮਨੁੱਖ ਦੀ ਮਾਨਸਿਕਤਾ ਨੂੰ ਹੀਣਤਾ ਭਾਵਾਂ ਤੋਂ ਮੁਕਤ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਇਕ ਅਜਿਹੇ ਸਮਾਜ ਦੀ ਸਿਰਜਣਾ ਕਰਦਾ ਹੈ। ਜਿਸ ਵਿਚ ਕੋਈ ਡਰ –ਭੈਅ ਨਾ ਹੋਵੇ ਉਸ ਸੰਕਲਪ ਨੂੰ ਸ਼ਬਦ "ਬੇਗਮ ਪੁਰਾ ਸਹਿਰ ਕੋ ਨਾਓ" ਵਜੋਂ ਚਿਤਵਿਆ ਹੈ। ਇਸ ਸ਼ਬਦ ਨੂੰ ਪੜਦਿਆਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੇ ਬੜੇ ਸਹਿਜ ਰੂਪ ਵਿਚ ਇਕ ਅਜਿਹੇ ਸਮਾਜ ਦਾ ਮਾਡਲ ਸਿਰਜ ਦਿੱਤਾ ਹੈ ਜਿਸ ਦੀ ਤਲਾਸ਼ ਹੀ ਹਰ ਮਨੁੱਖ ਦੀ ਮੂਲ ਪ੍ਰਾਪਤੀ ਬਣੀ ਹੋਈ ਹੈ।

ਉਪਰੋਕਤ ਅਧਿਐਨ ਤੋਂ ਬਾਅਦ "ਨਿਸ਼ਕਰਸ਼" ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸੰਪੂਰਨ ਖੋਜ ਕਾਰਜ ਦੇ ਸਾਰ-ਤੱਤ ਨੂੰ ਸੰਯੋਜਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹਾਸ਼ੀਆਗਤ ਵਰਗ ਅਤੇ ਉਸਦੀ ਚੇਤਨਾ ਵਿਸ਼ੇ 'ਤੇ ਜਨਤਕ ਅਤੇ ਅਕਾਦਮਿਕ ਵਿਚਾਰ-ਚਰਚਾ ਹਮੇਸ਼ਾ ਚਲਦੀ ਰਹੀ ਹੈ। ਇਸੇ ਵਿਚਾਰ-ਚਰਚਾ ਦੇ ਹਿੱਸੇ ਵਜੋਂ

ਇਸ ਖੋਜ-ਕਾਰਜ ਨੇ ਰੂਪ ਲਿਆ ਹੈ। ਮੈਨੂੰ ਪੂਰਨ ਆਸ ਹੈ ਕਿ ਸਾਡਾ ਇਹ ਖੋਜ ਕਾਰਜ ਇਸ ਦਿਸ਼ਾ ਵਿਚ ਆਪਣਾ ਯੋਗਦਾਨ ਜ਼ਰੂਰ ਪਾਏਗਾ। ਅਗਲੇਰੇ ਕਾਰਜਾਂ ਵਿਚ ਸਮਾਜ ਵਿਚ ਪਸਰੀਆਂ ਭੈੜੀਆਂ ਪ੍ਰਥਾਵਾਂ, ਮਨੌਤਾਂ, ਬੁਰਾਈਆਂ ਦੀ ਵੱਖਰੇ-ਵੱਖਰੇ ਤੌਰ ਤੇ ਇਤਿਹਾਸਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਪੜਚੋਲ ਕੀਤੀ ਜਾਵੇ ਅਤੇ ਇਸ ਸੰਬੰਧੀ ਗੁਰਬਾਣੀ ਦੇ ਸੰਕਲਪਾਂ ਨੂੰ ਸਾਹਮਣੇ ਰੱਖ ਕੇ ਨਤੀਜੇ ਕੱਢੇ ਜਾ ਸਕਦੇ ਹਨ। ਜੇਕਰ ਇਹ ਕਾਰਜ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹਿੰਦੀ ਭਾਸ਼ਾ ਵਿਚ ਵੀ ਕੀਤਾ ਜਾਵੇ ਤਾਂ ਬਹੁਤ ਸਲਾਹੁਣਯੋਗ ਹੋਵੇਗਾ। ਅੰਤ ਮੈਂ ਇਹ ਖੋਜ ਪ੍ਰਸਤਾਵਨਾ ਵਿਦਵਾਨਾਂ ਅੱਗੇ ਪੇਸ਼ ਕਰਦੀ ਹਾਂ। ਸਾਡੇ ਖੋਜ-ਪ੍ਰਬੰਧ ਨੂੰ ਸੁਧਾਰਨ ਅਤੇ ਸੰਵਾਰਨ ਲਈ ਦਿੱਤੇ ਜਾਣ ਵਾਲੇ ਸੁਝਾਵਾਂ ਦਾ ਸਵਾਗਤ ਕਰਦੀ ਹਾਂ।

**TO WHOM IT MAY BE CONCERN**

It is certifying that Kiranjeet Kaur is doing Ph.D. on the topic of "ਸ੍ਰੀ ਗੁਰੂ ਗ੍ਰੰਥ ਸਾਹਿਬ ਹਾਸ਼ੀਆਗਤ ਦੇ ਪ੍ਰਵਚਨ ਵਜੋਂ: ਇਕ ਅਧਿਐਨ" (Sri Guru Granth Sahib Hashiagat de Parvachan Vjo: Ik Adhian) under my supervision. She has submitted her thesis on 09/04/2019. During the research period her following article is being published in the following proceedings and journals.

**1.** "Rights of Dalit Women in India: An Analysis", in the Book Title "The Law and Society", Published by Twenty First Century Publication. (ISBN: 978-93-302-0296-9).

**2.** "ਸਿੱਖ ਧਰਮ ਵਿੱਚ ਇਨਸਾਫ ਦਾ ਸੰਕਲਪ", Published in book titled "Footprints of Ancient Indian Legal History" (ISBN: 978-93-85447-72-3).

3. "ਹਾਸ਼ੀਆਗਤ ਵਰਗ ਅਤੇ ਸ੍ਰੀ ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ: ਇਕ ਪਰਿਪੇਖ", published in Magzine, ਸੁਗੰਧੀਆਂ, ਪੰਜਾਬ ਭਵਨ, ਕੈਨੇਡਾ।

4. Book Title "भगतों का जीवन : परिचय और रचनायें", Published by Twenty First Century Publication. (ISBN: 978-93-86713-82-6).

**Prof. (Dr.) Sarabjinder Singh**
Head
Department of Sri Guru Granth Sahib Studies
Punjabi University, Patiala